ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Nawi Dunia

Free

ਸਾਲ: ਪਹਿਲਾ ਅੰਕ:ਪਹਿਲਾ Phone: 780 465 9118, 403 456 6864 Fax: 780 465 0661, e-mail: info@nawidunia.com ਜਨਵਰੀ 2010



23 ਜਨਵਰੀ- ਜਨਮ ਦਿਨ
ਨੇਤਾ ਜੀ ਸ਼ੁਭਾਸ ਚੰਦਰ ਬੋਸ



ਸ਼੍ਰੋਮਣੀ ਕਮੇਟੀ ਚੋਣਾਂ 'ਚ ਭਾਗ ਲੈਣ ਬਾਰੇ ਵਿਵਾਦ ਸ.ਫਾ 6 'ਤੇ



ਧਾਰਮਿਕ ਕੱਟੜਤਾ ਦੇ ਘਾਤਕ ਪ੍ਰਭਾਵ ਸ.ਫਾ 7 'ਤੇ



ਸੁਰਜੀਤ ਪਾਤਰ 'ਸ਼ਬਦਾਂ ਦੀ ਛਾਂਵੇਂ' ਸ.ਫਾ 8 'ਤੇ



ਸ਼ਖ਼ਸੀਅਤ ਤੇ ਸ਼ਾਇਰੀ ਲਾਲ ਸਿੰਘ ਦਿਲ ਸ.ਫਾ 17 'ਤੇ



ਵਿਨਾਸ਼ ਦਾ ਦੂਜਾ ਨਾਂ-ਕੁਦਰਤ ਦਾ ਵਿਰੋਧ ਸ.ਫਾ 27 'ਤੇ

## 'ਸ਼ਾਹੂਕਾਰਾਂ' ਅਧੀਨ ਹੋਵੇਗਾ ਸਭ ਤੋਂ ਵੱਡਾ ਅਖ਼ਬਾਰ ਸਮੂਹ

**ਐਡਮਿੰਟਨ-** ਦੇਸ਼ ਦੀਆਂ ਅਖ਼ਬਾਰਾਂ ਦਾ ਵੱਡਾ ਸਮੂਹ, ਜਿਸ ਵਿਚ 'ਦਿ ਜਰਨਲ' ਵੀ ਸ਼ਾਮਲ ਹੈ, ਹੁਣ 'ਸ਼ਾਹੂਕਾਰਾਂ' ਦੇ ਕੰਟਰੋਲ ਹੇਠ ਹੋਵੇਗਾ ਅਤੇ ਕੈਨੇਡਾ ਦੀਆਂ ਪੰਜ ਬੈਂਕਾਂ ਦੀ ਅਗਵਾਈ ਵਾਲੇ ਰਿਣਦਾਤਾਵਾਂ (ਲੈਂਡਰਜ਼) ਵੱਲੋਂ ਵਿਕਰੀ ਲਈ ਬੋਲੀ 'ਤੇ ਲਾ ਦਿੱਤਾ ਜਾਵੇਗਾ।
ਅਦਾਲਤੀ ਮਨਜ਼ੂਰੀ ਮਗਰੋਂ ਕੈਨਵੈਸਟ ਲਿਮਟਿਡ ਪਾਰਟਨਰਸ਼ਿੱਪ ਦੇ ਸੁਰੱਖਿਅਤ ਰਿਣਦਾਤਾ, ਜਿਨ੍ਹਾਂ ਨੇ 95.30 ਕਰੋੜ ਡਾਲਰਾਂ (953 ਮਿਲੀਅਨ ਡਾਲਰ) ਦੀ ਵਸੂਲੀ ਕਰਨੀ ਹੈ, ਇਸ ਅਖਬਾਰ ਸਮੂਹ ਦੀਆਂ ਜਿਨ੍ਹਾਂ ਪ੍ਰਕਾਸ਼ਨਾਵਾਂ ਲਈ ਸੰਭਾਵੀ ਗਾਹਕਾਂ ਤੋਂ ਪੇਸ਼ਕਸ਼ਾਂ ਮੰਗਣਗੇ, ਉਨ੍ਹਾਂ ਵਿਚ 'ਦਿ ਜਰਨਲ', 'ਕੈਲਗਰੀ ਹੈਰਲਡ', 'ਵਿਕਟੋਰੀਆਜ਼ ਟਾਈਮਜ਼ ਕਾਲੋਨਿਸਟ', 'ਵੈਨਕੂਵਰ ਸਨ', ਵੈਨਕੂਵਰ ਦਾ 'ਦਿ ਪ੍ਰੋਵਿੰਸ', 'ਸੈਸਕਾਟੂਨਜ਼ ਦਿ ਸਟਾਰ-ਫੀਨਿਕਸ', 'ਰੀਜਾਇਨਾਜ਼ ਲੀਡਰ ਪੋਸਟ', 'ਵਿੰਡਸਰ ਸਟਾਰ', 'ਔਟਾਵਾ ਸਿਟੀਜ਼ਨ', 'ਮਾਂਟਰੀਅਲ ਦਿ ਗਜ਼ਟ' ਅਤੇ 'ਦਿ ਨੈਸ਼ਨਲ ਪੋਸਟ' ਸ਼ਾਮਲ ਹਨ। ਜਿਸ ਯੂਨਿਟ ਨੂੰ ਬੋਲੀ 'ਤੇ ਲਾਇਆ ਜਾ ਰਿਹਾ ਹੈ, ਉਸ ਵਿਚ 26 ਹੋਰ ਕਮਿਊਨਿਟੀ ਅਖ਼ਬਾਰਾਂ ਅਤੇ ਇਨ੍ਹਾਂ ਨਾਲ ਸਬੰਧਤ ਆਨਲਾਈਨ ਤੇ ਮੋਬਾਈਲ ਸੇਵਾਵਾਂ ਵੀ ਸ਼ਾਮਲ ਹਨ।
ਕੰਪਨੀਜ਼ ਕਰੈਡਿਟਰਜ਼ ਅਰੇਂਜਮੈਂਟ ਐਕਟ (ਸੀ.ਸੀ.ਏ.ਏ.) ਦੇ ਤਹਿਤ ਹਾਸਲ ਸੁਰੱਖਿਆ ਯੋਜਨਾ ਵਿਚ ਇਹ ਵਿਵਸਥਾ ਹੈ ਕਿ ਐਲ.ਪੀ. ਵਜੋਂ ਜਾਣਿਆ ਜਾਂਦਾ ਪ੍ਰਕਾਸ਼ਨ ਸਮੂਹ ਆਮ ਵਾਂਗ ਕੰਮ ਕਰੇਗਾ ਪਰ ਜਦੋਂ ਤੱਕ ਇਸ ਵਿਚ ਨਵੇਂ ਸਿਰਿਓਂ ਨਿਵੇਸ਼ ਦੀ ਯੋਜਨਾ ਸਿਰੇ ਨਹੀਂ ਚੜ੍ਹ ਜਾਂਦੀ, ਉਦੋਂ ਤੱਕ ਇਸ ਨੂੰ ਲੈਂਡਰਜ਼ ਤੋਂ ਰਾਹਤ ਬਰਕਰਾਰ ਰਹੇਗੀ।
ਪ੍ਰਕਾਸ਼ਨ ਸਮੂਹ ਦੇ ਮੁਖੀ ਅਤੇ ਸੀ.ਈ.ਓ. ਡੈਨਿਸ ਸਕਲਸਕੀ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਹੈ ਕਿ ਇਸ ਨਾਲ ਉਨ੍ਹਾਂ ਦੇ ਵਪਾਰ 'ਤੇ ਕੋਈ ਅਸਰ ਨਹੀਂ ਪਏਗਾ। ਇਸ ਕਰਜ਼ਾ ਯੋਜਨਾ ਦਾ ਉਨ੍ਹਾਂ ਦੇ ਇਸ਼ਤਿਹਾਰਾਂ, ਗਾਹਕਾਂ, ਪਾਠਕਾਂ, ਮੋਬਾਈਲ ਸੇਵਾਵਾਂ 'ਤੇ ਮਾੜਾ ਪ੍ਰਭਾਵ ਨਹੀਂ ਪਏਗਾ ਅਤੇ ਉਨ੍ਹਾਂ ਦਾ ਕੰਮ ਆਮ ਵਾਂਗ ਹੀ ਚੱਲੇਗਾ।
ਵਧੀਆ ਬੋਲੀ ਨਾ ਮਿਲਣ 'ਤੇ ਬੈਂਕ ਅਤੇ ਇਸ ਨਾਲ ਕੰਮ ਕਰ ਰਹੇ ਰਿਣਦਾਤਾਵਾਂ ਦੀ ਅਖ਼ਬਾਰ ਸਮੂਹ ਦੀ ਕੁੱਲ ਸੰਪਤੀ ਨੂੰ ਇਕ ਵੱਖਰੀ ਕੰਪਨੀ ਅਧੀਨ ਤਬਦੀਲ ਕਰਨ ਦੀ ਯੋਜਨਾ ਹੈ। ਇਹ ਯੋਜਨਾ ਸਿਰੇ ਚੜ੍ਹਨ ਦੀ ਸੂਰਤ ਵਿਚ ਐਲ.ਪੀ. ਕੈਨਵੈਸਟ ਤੋਂ ਵੱਖਰੀ ਹੋ ਜਾਵੇਗੀ ਅਤੇ ਇਸ ਅਧੀਨ ਰਿਣਦਾਤਾ ਆਪਣੇ ਕਰਜ਼ੇ ਨੂੰ ਨਵੀਂ ਹੋਂਦ ਵਿਚ ਆਈ ਕੰਪਨੀ ਵਿਚ ਹਿੱਸੇਦਾਰੀ ਰਾਹੀਂ ਬਰਕਰਾਰ ਰੱਖਣਗੇ।

## ਭਾਰਤੀ ਹਾਕੀ ਹੋਈ ਸ਼ਰਮਸ਼ਾਰ

### ਖਿਡਾਰੀਆਂ ਦੀ ਹੜਤਾਲ ਨੇ ਖੋਲ੍ਹੀ ਪੋਲ

**ਪੂਨਾ-** 28 ਫਰਵਰੀ ਨੂੰ ਹੋਣ ਵਾਲੇ ਵਿਸ਼ਵ ਹਾਕੀ ਕੱਪ ਲਈ ਲੱਗੇ ਤਿਆਰੀ ਕੈਂਪ ਦਾ ਭਾਰਤੀ ਖਿਡਾਰੀਆਂ ਵੱਲੋਂ ਲਗਾਤਾਰ ਪੰਜ ਦਿਨ ਦਾ ਬਾਈਕਾਟ ਭਾਰਤ ਦੀ ਖੇਡ ਵਿਵਸਥਾ ਦੀ ਪੋਲ ਖੋਲ੍ਹ ਗਿਆ ਹੈ। ਖਿਡਾਰੀਆਂ ਵੱਲੋਂ ਆਪਣੇ ਬਕਾਇਆ ਭੱਤਿਆਂ ਲਈ ਕੀਤੀ ਗਈ ਹੜਤਾਲ ਨਾਲ ਕੌਮਾਂਤਰੀ ਹਾਕੀ ਫੈਡਰੇਸ਼ਨ ਨੂੰ ਵੀ ਇਲਮ ਹੋ ਗਿਆ ਹੈ ਕਿ ਭਾਰਤ ਵਿਚ ਕਿਵੇਂ ਹਾਕੀ ਨਾਲ ਦੂਸਰੇ-ਤੀਸਰੇ ਦਰਜੇ ਦਾ ਵਿਹਾਰ ਕੀਤਾ ਜਾਂਦਾ ਹੈ। ਇਸੇ ਕਰਕੇ ਦੁਨੀਆ ਭਰ ਦੀਆਂ 12 ਲੀਗ ਟੀਮਾਂ ਵਿਚੋਂ ਭਾਰਤੀ ਹਾਕੀ ਟੀਮ 12ਵੇਂ ਨੰਬਰ 'ਤੇ ਹੈ। ਕਈ ਦਹਾਕਿਆਂ ਤੱਕ ਹਾਕੀ ਦਾ ਪਰਚਮ ਬੜੀ ਸ਼ਾਨ ਨਾਲ ਝੁਲਾਉਣ ਵਾਲਾ ਭਾਰਤ ਅੱਜ ਜੇ ਕੌਮੀ ਖੇਡ ਵਿਚ ਫਾਡੀ ਹੈ ਤਾਂ ਇਹਦੇ ਪਿੱਛੇ ਮੁਲਕ ਦੀ ਕੋਈ ਬਝਵੀਂ ਅਤੇ ਇਕਸਾਰ ਖੇਡ ਨੀਤੀ ਦਾ ਨਾ ਹੋਣਾ ਹੀ ਮੰਨਿਆ ਜਾਣਾ ਚਾਹੀਦਾ ਹੈ। ਹਾਕੀ ਦੇ ਵਿਵਾਦ ਨਾਲ ਜੁੜੀ ਰਕਮ ਬਹੁਤ ਛੋਟੀ ਹੈ। ਇਕ ਸਾਧਾਰਣ ਜਾਂ ਸੌਂਵੇਂ ਦਰਜੇ ਦਾ ਕ੍ਰਿਕਟ ਖਿਡਾਰੀ ਏਨੇ ਪੈਸਿਆਂ ਦੀ ਤਾਂ ਚੁਇੰਗਮ ਹੀ ਚਬ ਜਾਂਦਾ ਹੈ। ਸਿਆਸੀ ਸਰਪ੍ਰਸਤੀ ਨਾਲ ਅਫਸਰਸ਼ਾਹੀ ਰਾਹੀਂ ਵਪਾਰ ਨੇ ਖੇਡਾਂ ਨੂੰ ਵੀ ਪੂਰੀ ਤਰ੍ਹਾਂ ਵਪਾਰਕ ਵਸਤੂ ਵਿਚ ਤਬਦੀਲ ਕਰ ਦਿੱਤਾ ਹੈ, ਜਿਹਦਾ ਸਭ ਤੋਂ ਮਾੜਾ ਪ੍ਰਭਾਵ ਕੌਮੀ ਖੇਡ ਹਾਕੀ ਸਮੇਤ ਹੋਰਨਾਂ ਖੇਡਾਂ ਉਪਰ ਪਿਆ ਹੈ। ਇਹ ਸਥਿਤੀ 2020 ਤੱਕ ਮਹਾਸ਼ਕਤੀ ਬਣਨ ਦਾ ਦਾਅਵਾ ਕਰਨ ਵਾਲੇ ਭਾਰਤ ਲਈ ਚੰਗੀ ਨਹੀਂ ਕਹੀ ਜਾ ਸਕਦੀ।

For All Your Real Estate Needs & Best Services
Just Contact **Dan Sidhu** Broker/Owner
Your Real Estate Expert!
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ **Dan Sidhu** ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties
RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

ਨਵਾਂ ਸਾਲ
ਨਵੀਆਂ ਉਮੀਦਾਂ,
ਨਵੀਆਂ ਤਿਆਰੀਆਂ
ਨਵੀਂ ਸ਼ੁਰੂਆਤ ਦੇ ਨਾਂਅ,
ਹਾਰ ਦੀ ਘੜੀ ਵਿਚ ਵੀ
ਜਿੱਤ ਦੇ ਸੁਪਨਿਆਂ ਦੇ ਨਾਂਅ,
ਲਗਾਤਾਰ ਲੜਦੇ ਰਹਿਣ ਦੀ
ਜ਼ਿੱਦ ਦੇ ਨਾਂਅ,
ਸੰਕਲਪ ਦੇ ਨਾਂਅ
ਜੀਵਨ, ਸੰਘਰਸ਼ ਅਤੇ ਸਿਰਜਣਾ ਦੇ ਨਾਂਅ



Top Realtor 2007
Jass Longowal
is always stand for you
ਕਿਸੇ ਵੀ ਤਰ੍ਹਾਂ ਦੀ ਪ੍ਰੋਪਰਟੀ ਖ੍ਰੀਦਣ ਜਾਂ ਵੇਚਣ ਲਈ ਜੱਸ ਲੌਂਗੋਵਾਲ ਨੂੰ ਸੇਵਾ ਦਾ ਮੌਕਾ ਦਿਓ।
PROFESSIONAL REALTY GROUP
Jas Longowal
B.A, LLB, B.ED, B.L.S, M.A, M.A
Agent/Realtor
#101, 6005 Gateway Blvd. Edmonton
"It's time you hired a Professional"
Call: 780 993 0898 Bus: 780 439 9818

## ਆਲਮੀ ਆਰਥਿਕਤਾ 'ਤੇ ਪ੍ਰਸ਼ਨ ਚਿੰਨ੍ਹ

**ਅਨੁਰਾਗ ਮਿਸ਼ਰਾ**

ਅਮਰੀਕਾ ਵਿਚ ਸਬ-ਪ੍ਰਾਈਮ ਸੰਕਟ ਉਭਰਨ ਦੇ ਦੋ ਸਾਲ ਪਹਿਲਾਂ ਹੀ ਨਿਊਯਾਰਕ ਯੂਨੀਵਰਸਿਟੀ ਦੇ ਪ੍ਰੋ. ਨਾਰਿਅਲ ਰੋਬਿਨੀ ਨੇ ਕਿਹਾ ਸੀ ਕਿ ਅਮਰੀਕਾ ਵਿਚ ਹਾਉਸਿੰਗ ਤੇ ਬੈਂਕਿੰਗ ਖੇਤਰ ਦਾ ਬੁਲਬੁਲਾ ਫੁੱਟਣ ਵਾਲਾ ਹੈ ਜੋ ਅਰਥ ਵਿਵਸਥਾਵਾਂ ਨੂੰ ਤਬਾਹ ਕਰ ਦੇਵੇਗਾ। ਰੋਬਿਨੀ ਦਾ ਮਜ਼ਾਕ ਉਡਾਇਆ ਗਿਆ ਅਤੇ ਉਨ੍ਹਾਂ ਨੂੰ ਪ੍ਰੋ. ਡੂਮ ਦੀ ਉਪਾਧੀ ਨਾਲ ਨਿਵਾਜਿਆ ਗਿਆ। ਪਰ ਬਾਅਦ ਵਿਚ ਸੱਚਾਈ ਸਭ ਨੇ ਦੇਖ ਲਈ। ਰੋਬਿਨੀ ਅਨੁਸਾਰ ਪੂਰੇ ਵਿਸ਼ਵ ਦੇ ਨਿਵੇਸ਼ਕ ਇਕਵਟੀ ਤੇ ਕਮੋਡਿਟੀ ਖਰੀਦਣ ਲਈ ਵੱਡੀ ਗਿਣਤੀ ਵਿਚ ਅਮਰੀਕਨ ਡਾਲਰ ਉਧਾਰ ਲੈ ਰਹੇ ਹਨ, ਜਿਸ ਨਾਲ ਇਕ ਵਿਤੀ ਸੰਕਟ ਮੁੜ ਆ ਸਕਦਾ ਹੈ। ਰੋਬਿਨੀ ਅਨੁਸਾਰ ਸਾਰੇ ਲੋਕ ਇਕੋ ਜਿਹੀ ਖੇਡ ਖੇਡ ਰਹੇ ਹਨ।
ਕੌਮਾਂਤਰੀ ਮੁਦਰਾ ਕੋਸ਼ ਨੇ ਵੀ ਆਪਣੀ ਇਕ ਰਿਪੋਰਟ ਵਿਚ ਇਸ ਗੱਲ ਤੋਂ ਚੌਕਸ ਕੀਤਾ ਹੈ ਕਿ ਅਮਰੀਕਾ ਦੀਆਂ ਲਗਭਗ ਜ਼ੀਰੋ ਵਿਆਜ ਦਰਾਂ ਵਿਸ਼ਵ ਵਿਚ ਕੇਰੀ ਟਰੇਡ (ਘੱਟ ਵਿਆਜ ਦਰ ਵਾਲੀ ਮੁਦਰਾ ਨੂੰ ਵੇਚ ਕੇ ਉਚ ਵਿਆਜ ਦਰ ਵਾਲੀ ਮੁਦਰਾ ਨੂੰ ਖਰੀਦਣਾ) ਨੂੰ ਜ਼ਬਰਦਸਤ ਉਛਾਲ ਦੇ ਰਹੀਆਂ ਹਨ ਅਤੇ ਯੂਰੋ ਸਮੇਤ ਵਿਸ਼ਵ ਦੀਆਂ ਕੁਝ ਉਭਰਦੀਆਂ ਹੋਈਆਂ ਅਰਥਵਿਵਸਥਾਵਾਂ ਦੀਆਂ ਮੁਦਰਾਵਾਂ ਦੀਆਂ ਘੱਟ ਦਰਾਂ ਦੇ ਵਧਣ ਦਾ ਦਬਾਅ ਲਗਾਤਾਰ ਬਣਿਆ ਹੋਇਆ ਹੈ। ਦੁਬਈ ਵਿਚ ਆਏ ਆਰਥਕ ਤੂਫ਼ਾਨ ਦਾ ਕਾਰਨ ਵੀ ਕੇਰੀ ਟਰੇਡ ਹੀ ਹੈ। ਇੰਡੋਨੇਸ਼ੀਆ, ਥਾਈਲੈਂਡ ਆਦਿ ਮੁਲਕ 1997 ਦੇ ਆਰਥਕ ਸੰਕਟ ਦੀ ਬੁਰੀ ਮਾਰ ਝੱਲ ਚੁੱਕੇ ਹਨ।

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
Century 21
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

LUTHRA LAW OFFICE
Sarjan Luthra, B.Sc, LL.B, Barrister and Solicitor
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
Sarjan Luthra
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com

Eat-In Take-Out

# Shan-E-Punjab

## Sweets & Restaurant

Speicializing in East Indian & Pakistani Sweets & Cuisine

**Lunch Buffet & Dinner Buffet**

Puri Chole, Saag, Chicken, Biryani, Goat/Lamb Curry, Tandoori Chicken, Samosa, Papri Chat,Golgappey, Garlic, Chicken & Paneer Naan,Mixed Sweets, Gulab Jamun,Khoya Burfi, Rus-Gullas, Laddoo, Sev Chewra, Namak Para, Fish, Chicken & Veg. Pakora,Mango Shake & Lassi.

Seven Days a Week
Business Hours: 11am-9pm

9393-34 Avenue, Edmonton, AB.
Phone (780) 434-7373

# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889

Concept, Design and Installation

# Cambridge Windows Mfg. Inc.



ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

**ਕੈਂਬਰਿਜ ਵਿੰਡੋ**

**780-436-0111**

7941-Argyll Road Edmonton AB, T6C 4A9

BBB
www.cambridgewindow.com
Better Business Bureau ਦੇ ਮੈਂਬਰ




# DRIVING SCHOOL LTD.

"Learn to drive for life…accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

* Car Available for Road Test

* Free Pick Up & Drop Off

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
7 Days A Week

Lady Instructor
Shalu Badesha 780-660-3071

**Jas Badesha**
**780-908-2296**
pashdrivingschool@ymail.com

# ਉਤਰੀ ਅਮਰੀਕਾ ਜਾਣ ਵਾਲੇ ਯਾਤਰੀਆਂ ਨੂੰ ਟਰਾਂਸਪੋਰਟ ਅਥਾਰਟੀ ਦੀਆਂ ਨਵੀਆਂ ਹਦਾਇਤਾਂ

**ਐਡਮਿੰਟਨ–** ਉਤਰੀ ਅਮਰੀਕਾ ਜਾਣ ਵਾਲੇ ਯਾਤਰੀ ਹੁਣ ਘੱਟ ਤੋਂ ਘੱਟ ਸਾਮਾਨ ਆਪਣੇ ਹੱਥਾਂ ਵਿਚ ਫੜ ਕੇ (ਹੈਂਡ ਕੈਰੀ) ਲਿਜਾ ਸਕਣਗੇ ਕਿਉਂਕਿ ਕੈਨੇਡਾ ਦੀ ਏਅਰ ਟਰਾਂਸਪੋਰਟ ਅਥਾਰਟੀ ਨੇ ਸੁਰੱਖਿਆ ਦੇ ਮੱਦੇਨਜ਼ਰ ਯਾਤਰੀਆਂ ਨੂੰ ਹੱਥਾਂ ਵਿਚ ਸਾਮਾਨ ਰੱਖਣ 'ਤੇ ਨਵੇਂ ਕਾਨੂੰਨ ਮੁਤਾਬਕ ਪਾਬੰਦੀ ਲਾ ਦਿੱਤੀ ਹੈ। ਲੋਕ ਹੁਣ ਜ਼ਰੂਰੀ ਤੋਂ ਜ਼ਰੂਰੀ ਸਾਮਾਨ ਹੀ ਆਪਣੇ ਨਾਲ ਚੁੱਕ ਸਕਣਗੇ।




ਇਹ ਪਾਬੰਦੀ ਉਡਾਨਾਂ ਦੀ ਸਮੇਂ ਸਿਰ ਰਵਾਨਗੀ ਕਰਨ ਲਈ ਲਾਈ ਗਈ ਹੈ ਪਰ ਇਨ੍ਹਾਂ ਹੁਕਮਾਂ ਨਾਲ ਲੋਕਾਂ ਨੂੰ ਲੰਬੀਆਂ ਕਤਾਰਾਂ ਵਿਚ ਖੜ੍ਹ ਕੇ ਪ੍ਰੇਸ਼ਾਨੀ ਵੀ ਝੱਲਣੀ ਪਈ।

ਕੈਨੇਡਾ ਅਥਾਰਟੀ ਨੇ 13 ਵਸਤੂਆਂ ਦੀ ਜਿਹੜੀ ਸੂਚੀ ਜਾਰੀ ਕੀਤੀ ਹੈ ਉਸ ਅਨੁਸਾਰ ਯਾਤਰੀ ਹੁਣ ਛੋਟੇ ਪਰਸ, ਕੋਟ, ਲੈਪਟੋਪਸ, ਕੈਮਰੇ, ਮਿਊਜ਼ੀਕਲ ਯੰਤਰ, ਬੇਬੀ ਕੇਅਰ ਨਾਲ ਸਬੰਧਤ ਸਾਮਾਨ, ਮੈਡੀਸਿਨ, ਕੇਨਜ਼, ਵਾਕਰਜ਼, ਮੈਡੀਕਲ ਯੰਤਰ ਅਤੇ ਲੋੜ ਦਾ ਹੋਰ ਸਾਮਾਨ ਨਾਲ ਲੈ ਕੇ ਜਾ ਸਕਦੇ ਹਨ। ਜਿਹੜੀ ਚੀਜ਼ ਸੂਚੀ ਵਿਚ ਸ਼ਾਮਲ ਨਹੀਂ ਹੋਵੇਗੀ, ਉਸ ਨੂੰ ਕੈਰੀ ਕਰਨ ਦੀ ਮਨਾਹੀ ਹੈ।

ਐਡਮਿੰਟਨ ਇੰਟਰਨੈਸ਼ਨਲ ਏਅਰਪੋਰਟ ਦੀ ਤਰਜ਼ਮਾਨ ਡੋਨਾ ਕਾਲ ਨੇ ਦੱਸਿਆ ਕਿ ਨਵੇਂ ਨਿਯਮਾਂ ਦਾ ਅਰਥ ਹੈ ਕਿ ਸਾਰੇ ਬੈਕਪੈਕਸ ਅਤੇ ਰੋਲਿੰਗ ਸੂਟਕੇਸ ਦੇ ਨਾਲ ਨਾਲ ਕਿਤਾਬਾਂ, ਮੈਗਜ਼ੀਨ ਅਤੇ ਇਥੋਂ ਤੱਕ ਕਿ ਬੱਚਿਆਂ ਦੇ ਖਿਡੌਣੇ ਵੀ ਪੂਰੀ ਤਰ੍ਹਾਂ ਚੈਕ ਕੀਤੇ ਜਾਣਗੇ। ਉਸ ਨੇ ਦੱਸਿਆ ਕਿ ਟੈਕਸ ਮੁਕਤ ਵਸਤੂਆਂ ਵੀ ਸੀਮਤ ਕੀਤੀਆਂ ਜਾਣਗੀਆਂ ਜਿਸ ਦਾ ਮਤਲਬ ਹੈ ਕਿ ਇਕੱਲਾ ਯਾਤਰੀ ਪਰਸ, ਕੋਟ, ਲੈਪਟੋਪ ਅਤੇ ਡਾਇਪਰ ਬੈਗ ਨਹੀਂ ਲਿਜਾ ਸਕਦਾ। ਛੋਟੀਆਂ ਇਲੈਕਟ੍ਰੋਨਿਕ ਵਸਤੂਆਂ ਜਿਵੇਂ ਕਿ ਆਈ ਪੋਡਜ਼ ਅਤੇ ਪੋਰਟੇਬਲ ਡੀ.ਵੀ.ਡੀ. ਪਲੇਅਰ ਲਿਜਾਣ ਦੀ ਆਗਿਆ ਹੋਵੇਗੀ ਅਤੇ ਇਕ ਵਾਰ ਚੈਕਿੰਗ ਮਗਰੋਂ ਯਾਤਰੀ ਕਿਤਾਬਾਂ, ਮੈਗਜ਼ੀਨ, ਸਨੈਕਸ ਅਤੇ ਪਾਣੀ ਖਰੀਦ ਸਕਦੇ ਹਨ। ਕਾਲ ਅਨੁਸਾਰ ਕ੍ਰਿਸਮਸ ਮੌਕੇ ਦਹਿਸ਼ਤੀ ਹਮਲਿਆਂ ਦੇ ਖਦਸ਼ੇ ਕਾਰਨ ਸੁਰੱਖਿਆ ਦੇ ਅਜਿਹੇ ਸਖ਼ਤ ਕਦਮ ਚੁੱਕੇ ਗਏ ਹਨ। ਇਨ੍ਹਾਂ ਨਵੇਂ ਸੁਰੱਖਿਆ ਪ੍ਰਬੰਧਾਂ ਤਹਿਤ ਯਾਤਰੀਆਂ ਨੂੰ ਸਰੀਰਕ ਸਕੈਨਿੰਗ ਵਿਚੋਂ ਵੀ ਲੰਘਣਾ ਪਏਗਾ।

## ਲੈਫਟੀਨੈਂਟ ਨਤਾਲ ਦੀ ਬਾਰੂਦੀ ਸੁਰੰਗ ਫਟਣ ਨਾਲ ਅਫਗਾਨਿਸਤਾਨ 'ਚ ਮੌਤ



**ਕੰਧਾਰ–** ਕ੍ਰਿਸਮਸ ਤੋਂ ਦੋ ਦਿਨ ਪਹਿਲਾਂ ਗਸ਼ਤੀ ਫੌਜੀ ਟੁਕੜੀ ਵਿਚ ਤਾਇਨਾਤ ਵਿਕਟੋਰੀਆ ਵਾਸੀ ਲੈਫਟੀਨੈਂਟ ਐਂਡਰੀਓ ਨਤਾਲ ਦੀ ਬਾਰੂਦੀ ਸੁਰੰਗ ਫਟਣ ਨਾਲ ਮੌਤ ਹੋ ਗਈ। ਉਹ ਐਡਮਿੰਟਨ ਸਥਿਤ ਪਹਿਲੀ ਬਟਾਲੀਅਨ ਵਿਚ ਤਾਇਨਾਤ ਸਨ। ਜ਼ਿਕਰਯੋਗ ਹੈ ਕਿ ਅਫਗਾਨਿਸਤਾਨ ਵਿਚ ਚੱਲ ਰਹੀ ਲੜਾਈ ਦੌਰਾਨ ਹੁਣ ਤੱਕ ਮਾਰੇ ਗਏ ਕੈਨੇਡੀਅਨ ਫੌਜੀਆਂ ਦੀ ਗਿਣਤੀ 134 ਹੋ ਗਈ ਹੈ। ਹਰ ਵੇਲੇ ਖੁਸ਼ ਰਹਿਣ ਵਾਲੇ ਨਤਾਲ ਦਾ ਮੰਨਣਾ ਸੀ ਕਿ ਉਹ ਇਕ ਫੌਜੀ ਦੀ ਹੈਸੀਅਤ ਵਿਚ ਆਮ ਲੋਕਾਂ ਦੀ ਜ਼ਿੰਦਗੀ ਨੂੰ ਕੁਝ ਬੇਹਤਰ ਬਣਾਉਣ ਵਿਚ ਆਪਣਾ ਹਿੱਸਾ ਪਾ ਸਕਦਾ ਹੈ।

### ਐਲਬਰਟਾ ਯੂਨੀਵਰਸਿਟੀ ਵੱਲੋਂ ਘਾਟੇ ਤੋਂ ਬਚਣ ਦਾ 'ਨਾਯਾਬ' ਤਰੀਕਾ

## ਮੁਲਾਜ਼ਮਾਂ ਨੂੰ ਸਵੈ-ਇੱਛਾ ਨਾਲ ਸੇਵਾ-ਮੁਕਤੀ ਦੀ ਪੇਸ਼ਕਸ

ਐਡਮਿੰਟਨ- ਯੂਨੀਵਰਸਿਟੀ ਆਫ ਐਲਬਰਟਾ 59 ਮਿਲੀਅਨ ਡਾਲਰ ਦੇ ਘਾਟੇ ਤੋਂ ਬਚਣ ਲਈ ਆਪਣੇ ਕਰਮਚਾਰੀਆਂ ਨੂੰ ਸਵੈ-ਇਛਤ ਸੇਵਾ ਮੁਕਤੀ ਦਾ ਮੌਕਾ ਪ੍ਰਦਾਨ ਕਰ ਰਹੀ ਹੈ। 'ਵਰਸਿਟੀ ਕਰਮਚਾਰੀਆਂ ਨੂੰ ਈ-ਮੇਲ ਰਾਹੀਂ ਭੇਜੇ ਸੰਦੇਸ਼ ਵਿਚ ਸਵੈ-ਇੱਛਾ ਨਾਲ ਸੇਵਾ ਮੁਕਤੀ ਲੈਣ ਬਾਰੇ ਵਿਸਥਾਰ ਵਿਚ ਆਪਣੇ ਇਨਸੈਂਟਿਵ ਪ੍ਰੋਗਰਾਮ ਬਾਰੇ ਦੱਸਿਆ ਗਿਆ ਹੈ। ਇਸ ਇੰਸਟੀਚਿਊਟ ਵਿਚ ਜਿਹੜੇ ਕਰਮਚਾਰੀਆਂ ਨੂੰ ਘੱਟੋ ਘੱਟ ਦਸ ਸਾਲ ਦਾ ਤਜਰਬਾ ਹਾਸਲ ਹੋ ਚੁੱਕਾ ਹੈ, ਉਹ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਯੂਨੀਵਰਸਿਟੀ ਨੇ ਅਗਸਤ ਤੋਂ ਹੀ ਅਜਿਹੇ ਖਰਚਿਆਂ 'ਤੇ ਕਟੌਤੀ ਲਾਉਣੀ ਸ਼ੁਰੂ ਕੀਤੀ ਹੋਈ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਹਾਲੇ ਇਹ ਸਪਸ਼ੱਟ ਨਹੀਂ ਕੀਤਾ ਕਿ ਕਿੰਨੇ ਕਰਮਚਾਰੀਆਂ ਨੂੰ ਸੇਵਾ ਮੁਕਤੀ ਦਾ ਟੀਚਾ ਮਿਥਿਆ ਹੈ ਅਤੇ ਉਸ ਨੂੰ ਕਿੰਨੀ ਬਚਤ ਹੋਣ ਦੀ ਆਸ ਹੈ। ਇਸ ਤੋਂ ਪਹਿਲਾਂ ਪ੍ਰਸ਼ਾਸਨ ਨੇ ਕਿਹਾ ਸੀ ਕਿ ਉਹ ਸਟਾਫ ਅਤੇ ਫੈਕਲਟੀ ਤੋਂ 20 ਮਿਲੀਅਨ ਡਾਲਰ ਦੀ ਬਚਤ ਚਾਹੁੰਦੇ ਹਨ।

ਯੂਨੀਵਰਸਿਟੀ ਦੀ ਅਕੈਡਮਿਕ ਸਟਾਫ ਦੀ ਐਸੋਸੀਏਸ਼ਨ ਲਈ ਬਣੀ ਅਕੈਡਮਿਕ ਫੈਕਲਟੀ ਕਮੇਟੀ ਦੇ ਅਧਿਕਾਰੀ ਗੈਨ ਨੇ ਕਿਹਾ ਕਿ ਸਵੈ-ਇਛੱਤ ਸੇਵਾ ਮੁਕਤੀ ਲੋਕਾਂ ਨੂੰ ਪਿੰਕ ਸਲਿਪ ਦੇਣ ਨਾਲੋਂ ਬੇਹਤਰ ਸੁਝਾਅ ਹੈ। ਪਰ ਉਨ੍ਹਾਂ ਨੂੰ ਪੱਕਾ ਯਕੀਨ ਨਹੀਂ ਕਿ ਇਹ ਪੈਕੇਜ ਸੇਵਾ ਮੁਕਤੀ ਨੇੜੇ ਪੁੱਜ ਚੁੱਕੇ ਕਰਮਚਾਰੀਆਂ ਨੂੰ ਛੱਡ ਕੇ ਹਰ ਇਕ ਲਈ ਵਧੀਆ ਹੋਵੇਗਾ।

## ਤਨਖਾਹਾਂ ਵਧਣ ਲਈ ਆਸਵੰਦ ਕੈਲਗਰੀ ਸਿਟੀ ਕੌਂਸਲਰ

ਕੈਲਗਰੀ-ਐਲਡਰਮੈਨ ਅਤੇ ਮੇਅਰ ਨੂੰ ਅਗਲੇ ਸਾਲ ਆਪਣੀਆਂ ਤਨਖਾਹਾਂ ਵਿਚ 0.63 ਫੀਸਦੀ ਵਾਧੇ ਦੀ ਆਸ ਹੈ, ਜੋ ਕਿ ਸਾਲ 2009 ਵਿਚ ਹੋਏ ਵਾਧੇ ਦੇ ਮੁਕਾਬਲੇ ਨਿਗੂਣਾ ਹੈ। ਐਲਡਰਮੈਨ ਐਂਡਰੇ ਸ਼ਾਬਟ ਨੇ ਕਿਹਾ ਕਿ ਕੁਝ ਲੋਕ ਹਾਲੇ ਵੀ ਇਸ ਵਾਧੇ ਤੋਂ ਨਾ-ਖੁਸ਼ ਹਨ। ਪਿਛਲੇ ਸਾਲ 5.5 ਫੀਸਦੀ ਵਾਧੇ ਕਾਰਨ ਕੌਂਸਲ ਨੂੰ ਕਾਫੀ ਆਲੋਚਨਾ ਵੀ ਝੱਲਣੀ ਪਈ ਸੀ ਕਿਉਂਕਿ ਆਮ ਆਦਮੀ ਨੂੰ ਆਰਥਕ ਸੰਕਟ ਕਾਰਨ ਜਿਥੇ ਕਾਫੀ ਨਮੋਸ਼ੀ ਹੋਈ ਸੀ, ਉਥੇ ਲੋਕਾਂ ਨੂੰ ਵਾਧੇ ਨਾਲੋਂ ਆਪਣੀਆਂ ਨੌਕਰੀਆਂ ਦੀ ਚਿੰਤਾ ਸੀ।

ਕੈਨੇਡੀਅਨ ਟੈਕਸਪੇਅਰ ਫੈਡਰੇਸ਼ਨ ਅਲਬਰਟਾ ਦੇ ਡਾਇਰੈਕਟਰ ਸਕੋਟ ਹੈਨਿੰਗ ਨੇ ਕੌਂਸਲ ਬਾਰੇ ਕਿਹਾ ਕਿ 2009 ਵਿਚ ਕੀਤਾ ਵਾਧਾ ਉਸ ਤੋਂ ਪਿਛਲੇ ਸਾਲ ਦੇ ਅੰਕਾਂ ਅਨੁਸਾਰ ਸੀ ਪਰ ਇਸ ਵਾਰ ਇਹ ਠੀਕ ਲਗਦਾ ਹੈ। ਸਿਟੀ ਕੌਂਸਲਰਜ਼ ਦੀ ਤਨਖਾਹ ਵਿਚ ਵਾਧਾ ਕੌਂਸਲ ਵੱਲੋਂ ਨਹੀਂ ਕੀਤਾ ਜਾਂਦਾ ਸਗੋਂ ਇਕ ਆਜ਼ਾਦ ਕਮੇਟੀ ਇਸ ਦਾ ਫੈਸਲਾ ਕਰਦੀ ਹੈ। ਇਸ ਕਮੇਟੀ ਦੀ ਸਿਫਾਰਸ਼ ਮੁਤਾਬਕ ਕੌਂਸਲਰਜ਼ ਦੀ ਤਨਖਾਹ ਵਿਚ ਵਾਧੇ ਜਾਂ ਘਾਟੇ ਦਾ ਆਧਾਰ ਸਟੈਟਸਟਿਕਸ ਕੈਨੇਡਾ ਵੱਲੋਂ ਅਲਬਰਟਾ ਵਿਚ ਔਸਤਨ ਹਫ਼ਤਾਵਾਰੀ ਕਮਾਈ ਹੋਣੀ ਚਾਹੀਦੀ ਹੈ।

## ਭਾਰਤੀ ਵਿਗਿਆਨੀ ਨੂੰ ਕੈਨੇਡਾ ਦਾ ਸਰਵੋਤਮ ਪੁਰਸਕਾਰ

**ਟੋਰਾਂਟੋ–** ਸ਼ਰਵਨ ਕੁਮਾਰ ਨੂੰ ਕੈਨੇਡਾ ਵਿਚ ਦੇਸ਼ ਦੇ ਸਰਵੋਤਮ ਨਾਗਰਿਕ ਸਨਮਾਨ ਨਾਲ ਨਿਵਾਜਿਆ ਗਿਆ ਹੈ। ਭਾਰਤੀ ਮੂਲ ਦੇ ਸ਼ਰਵਨ ਨੂੰ ਤਿੰਨ ਦਹਾਕਿਆਂ ਤੋਂ ਸਿਹਤ ਦੇ ਖੇਤਰ ਵਿਚ ਜ਼ਿਕਰਯੋਗ ਖੋਜ ਕਾਰਜ ਲਈ ਸਨਮਾਨਤ ਕੀਤਾ ਗਿਆ। ਸ੍ਰੀ ਕੁਮਾਰ ਦਾ ਜਨਮ ਇਲਾਹਾਬਾਦ ਵਿਚ ਹੋਇਆ ਸੀ। ਉਨ੍ਹਾਂ ਨੇ ਇਲਾਹਾਬਾਦ ਯੂਨੀਵਰਸਿਟੀ ਤੋਂ ਪ੍ਰਾਣੀਸਾਸ਼ਤਰ ਵਿਚ ਡਿਗਰੀ ਹਾਸਲ ਕੀਤੀ ਸੀ।

ਸ਼ਰਵਨ ਕੁਮਾਰ ਸਾਲ 1971 ਤੋਂ 1973 ਤਕ ਅਖਿਲ ਭਾਰਤੀ ਆਯੂਰਵਿਗਿਆਨ ਸੰਸਥਾ ਨਾਲ ਜੁੜੇ ਰਹੇ। ਕੁਮਾਰ ਸਾਲ 1977 ਵਿਚ ਯੂਨੀਵਰਸਿਟੀ ਔੱਫ ਅਲਬਰਟਾ ਨਾਲ ਜੁੜੇ। ਉਨ੍ਹਾਂ ਨੇ ਦੋ ਸਾਲ ਪਹਿਲਾਂ ਇਸ ਯੂਨੀਵਰਸਿਟੀ ਤੋਂ ਸੇਵਾ ਮੁਕਤੀ ਲਈ। ਫਿਲਹਾਲ ਉਹ ਨਾਰਥ ਟੈਕਸਾਸ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਕੈਨੇਡਾ ਦਾ ਸਰਵੋਤਮ ਨਾਗਰਿਕ ਸਨਮਾਨ ਹਾਸਲ ਕਰਕੇ ਕੁਮਾਰ ਕਾਫੀ ਖੁਸ਼ ਹਨ। ਇਸ ਸਨਮਾਨ ਨੂੰ 'ਦ ਆਰਡਰ ਔੱਫ ਕਨਾਡਾ' ਕਿਹਾ ਜਾਂਦਾ ਹੈ। ਪਿਛਲੇ 40 ਸਾਲਾਂ ਵਿਚ ਇਹ ਪੁਰਸਕਾਰ 5,000 ਤੋਂ ਵੱਧ ਲੋਕਾਂ ਨੂੰ ਦਿੱਤਾ ਜਾ ਚੁੱਕਾ ਹੈ।

## ਬਜਟ ਘਾਟਾ ਘਟਾਉਣ ਲਈ ਕੁਹਾੜੇ ਨਾਲ ਸੇਵਾਵਾਂ ਕੱਟਣੀਆਂ ਪੈਣਗੀਆਂ

### ਆਉਂਦੇ ਬਜਟ 'ਚ ਲੋਕ ਹੋਰ ਟੈਕਸ ਕਟੌਤੀਆਂ ਦੀ ਆਸ ਨਾ ਰੱਖਣ-ਫਲਹਰਟੀ

**ਆਟਵਾ (ਜੀਤ ਜਲੰਧਰੀ)–** ਕੈਨੇਡਾ ਦੇ ਵਿੱਤ ਮੰਤਰੀ ਜਿੰਮ ਫਲਾਹਰਟੀ ਨੇ ਮਾਰਚ ਵਿੱਚ ਪੇਸ਼ ਕੀਤੇ ਜਾਣ ਵਾਲੇ ਬਜਟ ਬਾਰੇ ਪਹਿਲਾ ਹੀ ਕੈਨੇਡਾ ਦੇ ਲੋਕਾਂ ਨੂੰ ਜਾਣੂ ਕਰਵਾ ਦਿੱਤਾ ਹੈ ਕਿ ਲੋਕ ਆਉਂਦੇ ਬਜਟ ਵਿੱਚ ਟੈਕਸਾਂ ਵਿੱਚ ਹੋਰ ਕਟੌਤੀਆਂ ਦੀ ਆਸ ਨਾ ਰੱਖਣ ਕਿਉਂਕਿ ਸਰਕਾਰ ਹੋਰ ਟੈਕਸ ਕਟੌਤੀਆਂ ਦਾ ਭਾਰ ਨਹੀਂ ਝੱਲ ਸਕਦੀ ਅਤੇ ਬਜਟ ਘਾਟੇ ਨੂੰ ਹੋਰ ਵਧਾਉਣਾ ਨਹੀਂ ਚਾਹੁੰਦੀ। ਉਨ੍ਹਾਂ ਨੇ ਨਾਲ ਇਹ ਵੀ ਕਿਹਾ ਕਿ ਸਰਕਾਰ ਨੂੰ ਬਜਟ ਘਾਟਾ ਘੱਟ ਕਰਨ ਲਈ ਆਪਣੀਆਂ ਸੇਵਾਵਾਂ ਵਿੱਚ ਵੀ ਵੱਡੀ ਕਟੌਤੀ ਕਰਨੀ ਪਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਛੋਟੀ ਮੋਟੀ ਕਟੌਤੀ ਨਾਲ ਬਜਟ ਸੰਤੁਲਨ ਨਹੀਂ ਹੋਣਾ ਸਗੋਂ ਕੁਹਾੜੇ ਵਾਗ ਕਟੌਤੀਆਂ ਕੀਤੀਆਂ ਗਈਆਂ ਤਾਂ ਹੀ ਬਜਟ ਸੰਤੁਲਨ ਹੋ ਸਕੇਗਾ। ਵਿੱਤ ਮੰਤਰੀ ਦਾ ਕਹਿਣਾ ਹੈ ਕਿ ਜਦੋਂ ਉਹ ਮਾਈਕ ਹੈਰਿਸ ਸਰਕਾਰ ਵਿੱਚ ਓਨਟੇਰੀਓ ਦੇ ਵਿੱਤ ਮੰਤਰੀ ਸਨ ਤਾਂ ਉਨ੍ਹਾਂ ਨੇ ਉਸ ਵਕਤ ਵੀ ਅਜਿਹਾ ਹੀ ਕੀਤਾ ਸੀ। ਕਿਹਾ ਜਾ ਰਿਹਾ ਕਿ 2014 ਤੱਕ ਬਜਟ ਘਾਟਾ 164 ਬਿਲੀਅਨ ਡਾਲਰ ਹੋ ਜਾਵੇਗਾ ਅਤੇ ਇਸ ਵਕਤ ਸਰਕਾਰ ਸਿਰ 481 ਬਿਲੀਅਨ ਡਾਲਰ ਦਾ ਕਰਜ਼ਾ ਹੈ ਜੋ ਕਿ ਕਟੌਤੀਆਂ ਕਰਕੇ ਘਟਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ 2010 ਵਿੱਚ ਆਰਥਕ ਪੈਕੇਜ਼ ਜਾਰੀ ਰੱਖਣਗੇ ਕਿਉਂਕਿ ਉਨ੍ਹਾਂ ਨੂੰ ਆਸ ਮੁਤਾਬਿਕ ਨਤੀਜੇ ਨਹੀਂ ਮਿਲ ਰਹੇ। ਜਿਮ ਫਲਾਹਰਟੀ ਨੇ ਨਾਲ ਇਹ ਵੀ ਕਿਹਾ ਕਿ ਵਜਟ ਨੂੰ ਸੰਤੁਲਨ ਕਰਨ ਲਈ ਸਰਕਾਰ ਸਰਕਾਰੀ ਸੰਪਤੀਆਂ ਵੇਚਣ ਬਾਰੇ ਵੀ ਸੋਚ ਸਕਦੀ ਹੈ ਪਰ ਅਜੇ ਸਾਰਾ ਧਿਆਨ ਆਰਥਕ ਪੈਕੈਜ਼ 'ਤੇ ਹੀ ਕੇਂਦਰਿਤ ਕੀਤਾ ਜਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਟੈਕਸਾਂ ਨੂੰ ਹਾਲ ਦੀ ਘੜੀ ਵਧਾਇਆ ਨਹੀਂ ਜਾ ਸਕਦਾ ਸੋ ਬਜਟ ਸੰਤੁਲਨ ਕਰਨ ਲਈ ਕਟੌਤੀਆਂ ਕਰਨੀਆਂ ਹੀ ਇਕੋ ਇੱਕ ਰਾਹ ਬਚਦਾ ਹੈ।

## ਪੁਨੀਤ ਅਤੇ ਹਰਜਿੰਦਰ ਦੇ ਕਤਲ ਕੇਸ 'ਚ ਪੁਲਿਸ ਨੂੰ ਮਿਲੇ ਡੀਐਨਏ ਨਮੂਨੇ

**ਟੋਰਾਂਟੋ–** ਲੰਘੇ ਵਰ੍ਹੇ ਦੀ 5 ਮਈ ਨੂੰ ਡਰਹੁਮ ਰੀਜਨਲ ਪੁਲਿਸ ਨੂੰ ਪਿਕਰਿੰਗ ਦੇ ਇਕ ਪਾਰਕ ਦੇ ਨਾਲ ਰੋਜ਼ਬੈਂਕ ਨਾਮ ਦੀ ਸੜਕ ਦੇ ਕਿਨਾਰੇ ਖੜੀ ਕਾਰ ਦੇ ਟਰੰਕ ਵਿਚੋਂ ਦੋ ਲਾਸ਼ਾਂ ਮਿਲੀਆਂ ਸਨ। ਜਾਂਚ ਉਪਰੰਤ ਪਤਾ ਲੱਗਾ ਸੀ ਕਿ ਇਹ ਦੋਵੇਂ ਲਾਸ਼ਾਂ ਪੰਜਾਬੀ ਨੌਜਵਾਨ 28 ਸਾਲਾ ਹਰਜਿੰਦਰ ਸਿੰਘ ਸੰਧੂ ਅਤੇ 26 ਸਾਲਾ ਪੁਨੀਤ ਸਿੰਘ ਛੀਨਾ ਦੀਆਂ ਸਨ। ਪੁਲਿਸ ਮੁਤਾਬਿਕ ਇਸ ਦੂਹਰੇ ਕਤਲ ਦਾ ਕਾਰਨ ਸੰਗਠਤ ਗਰੋਹ ਝਗੜਾ ਹੋ ਸਕਦਾ ਹੈ। ਇਹਨਾਂ ਦੋਵਾਂ ਦੇ ਕਤਲ ਸਕਾਰਬਰੋ ਦੇ ਸ਼ੈਪਰਡ ਅਤੇ ਕੈਨੇਡੀ ਦੇ ਖੇਤਰ ਵਿੱਚ ਹੋਏ ਹੋ ਸਕਦੇ ਹਨ ਅਤੇ ਫਿਰ ਇਹਨਾਂ ਦੀਆਂ ਲਾਸ਼ਾਂ ਪਿਕਰਿੰਗ ਵਿੱਚ ਸੁੱਟੀਆਂ ਗਈਆਂ ਸਨ। ਦੋਵੇਂ ਮਿਰਤਕ 4 ਮਈ ਦਿਨ ਸੋਮਵਾਰ ਨੂੰ ਕੈਨੇਡੀ ਅਤੇ ਹਈਵੇਅ 407 ਦੇ ਇਲਾਕੇ ਵਿੱਚ ਵੇਖੇ ਗਏ ਸਨ। ਜੇ ਕਿਸੇ ਨੇ ਇਸ ਵਕਤ ਇਹਨਾਂ ਨੂੰ ਜਾਂ ਇਹਨਾਂ ਦੇ ਨਾਲ ਕਿਸੇ ਨੂੰ ਵੇਖਿਆ ਹੋਵੇ ਤਾਂ ਪੁਲਿਸ ਨਾਲ ਸੰਪਰਕ ਕਰੇ। ਪੁਲਿਸ ਨੂੰ ਕੁਝ ਅਹਿਮ ਸੁਰਾਗ ਮਿਲੇ ਹਨ ਜਿਹਨਾਂ ਨੂੰ ਅੱਗੇ ਤੋਰਨ ਵਾਸਤੇ ਹੋਰ ਜਾਣਕਾਰੀ ਦੀ ਲੋੜ ਹੈ। ਪਤਾ ਲੱਗਾ ਹੈ ਕਿ ਪੁਲਿਸ ਨੂੰ ਕਰੀਮ ਸੀਨ ਤੋਂ ਡੀਐਨਏ ਨਮੂਨੇ ਮਿਲ ਗਏ ਹਨ ਜੋ ਕਾਤਲ ਤੱਕ ਪੁੱਜਣ ਵਿੱਚ ਸਹਾਈ ਹੋ ਸਕਦੇ ਹਨ। ਹਰਜਿੰਦਰ ਸਿੰਘ ਸੰਧੂ ਬਰੈਂਪਟਨ ਦਾ ਵਸਨੀਕ ਸੀ ਜਦ ਕਿ ਪੁਨੀਤ ਸਿੰਘ ਛੀਨਾ ਆਟਵਾ ਦੇ ਨਜ਼ਦੀਕ ਸਥਿਤ ਨੈਪੀਨ ਨਾਮ ਦੇ ਸ਼ਹਿਰ ਦਾ ਰਹਿਣ ਵਾਲਾ ਸੀ। ਮਿਲੀ ਜਾਣਕਾਰੀ ਮੁਤਾਬਿਕ ਸੰਧੂ ਟਰੱਕ ਡਰਾਈਵਰ ਸੀ ਅਤੇ ਘਟਨਾ ਤੋਂ ਮਹੀਨਾ ਕੁ ਪਹਿਲਾਂ ਡਰੱਗ ਕੇਸ ਵਿੱਚ ਫੜਿਆ ਗਿਆ ਸੀ। ਪੁਲਿਸ ਨਾਲ 1-888-579-1520 ਐਕਸਟੈਨਸ਼ਨ 3270 ਜਾਂ ਕਰਾਈਮ ਸਟਾਪਰਜ਼ ਨਾਲ 1-800-222-8477 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਉਲੰਪਿਕ ਖੇਡਾਂ ਤੋਂ ਬਾਅਦ ਚੋਣਾਂ ਦਾ ਬਿਗਲ ਵੱਜਣ ਦੀ ਸੰਭਾਵਨਾ

**ਆਟਵਾ (ਜੀਤ ਜਲੰਧਰੀ)–** ਸਰਕਾਰ ਸਦਰ ਉਲੰਪਿਕ ਖੇਡਾਂ ਤੋਂ ਬਾਅਦ ਮਾਰਚ ਵਿੱਚ ਆਪਣਾ 2010-2011 ਦਾ ਬਜਟ ਪੇਸ਼ ਕਰੇਗੀ ਜਿਸ ਨਾਲ ਚੋਣਾਂ ਲਈ ਰਾਹ ਬਣ ਸਕਦਾ ਹੈ। ਸਰਦ ਰੁੱਤ ਦੀਆਂ ਉਲੰਪਿਕ ਖੇਡਾਂ ਵੈਨਕੂਵਰ ਵਿੱਚ ਫਰਵਰੀ 12 ਤੋਂ 28 ਤੱਕ ਹੋਣੀਆਂ ਹਨ। ਹਾਰਪਰ ਦੇ ਬੁਲਾਰੇ ਐਂਡ੍ਰਿਓ ਮੈਕਡਾਨਲਡ ਨੇ ਕਿਹਾ ਹੈ ਘਿੱਟ ਗਿਣਤੀ ਸਰਕਾਰ ਸਮੇਂ ਚੋਣਾਂ ਦੀ ਸੰਭਾਵਨਾ ਹਰੇਕ ਸਮੇਂ ਬਣੀ ਰਹਿੰਦੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸਰਕਾਰ ਵੱਲੋਂ ਪਿਛਲੀ ਜਨਵਰੀ ਵਿੱਚ ਸ਼ੁਰੂ ਕੀਤੀ ਐਕਸ਼ਨ ਪਲਾਨ ਜਾਰੀ ਰਹੇਗੀ ਕਿਉਂਕਿ ਕੋਈ ਵੀ ਪਲਾਨ ਘੱਟ ਘੱਟ ਦੋ ਸਾਲ ਲਈ ਬਣਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਆਰਥਕ ਪੈਕੇਜ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਸੀ, ਅਗਾਂਹ ਵੀ ਜਾਰੀ ਰਹੇਗਾ ਕਿਉਂਕਿ ਪ੍ਰਾਈਵੇਟ ਅਦਾਰਿਆਂ ਵੱਲੋਂ ਬਹੁਤ ਘੱਟ ਪੈਸਾ ਨਿਵੇਸ਼ ਅਤੇ ਖਰਚ ਕੀਤਾ ਜਾ ਰਿਹਾ ਹੈ। ਉਨ੍ਹਾਂ ਮੁਤਾਬਿਕ ਸਰਕਾਰ ਨੂੰ ਆਸ ਸੀ ਕਿ ਜਦ ਸਰਕਾਰ ਨੇ ਪੈਸਾ ਖਰਚਿਆ ਤਾ ਪ੍ਰਾਈਵੇਟ ਅਦਾਰੇ ਵੀ ਅੱਗੇ ਆਉਣਗੇ ਪਰ ਅਜਿਹਾ ਨਹੀਂ ਹੋ ਸਕਿਆ। ਮੈਕਡਾਲਨਡ ਨੇ ਇਹ ਵੀ ਕਿਹਾ ਕਿ ਸਰਕਾਰ ਸੰਤੁਲਨ ਬਜਟ ਕਰਨ ਲਈ ਵੀ ਨੀਤੀ ਘੜ ਰਹੀ ਹੈ। ਉਧਰ ਲਿਬਰਲ ਅਲੋਚਕ ਜਾਹਨ ਮਕੈਲਮ ਨੇ ਕਿਹਾ ਹੈ ਕਿ ਮਾਰਚ ਦੀ ਤਰੀਕ ਦਾ ਉਹ ਵੀ ਸਮਰਥਨ ਕਰਦੇ ਹਨ ਕਿਉਂਕਿ ਇਹ ਤਰੀਕ ਪਿਛਲੇ ਸਾਲ ਵਰਗੇ ਮੰਦਵਾੜੇ ਦੀ ਤਰੀਕ ਨਹੀਂ ਹੈ ਪਰ ਉਸ ਨੇ ਇਸ ਸਵਾਲ ਦਾ ਜਵਾਬ ਟਾਲ ਦਿੱਤਾ ਕਿ ਕੀ ਲਿਬਰਲ ਪਾਰਟੀ ਚੋਣਾਂ ਵਾਸਤੇ ਤਿਆਰ ਹੈ ਜਾ ਨਹੀਂ? ਉਸ ਨੇ ਕਿਹਾ ਅਸੀਂ ਪਹਿਲਾਂ ਬਜਟ ਦੇਖਾਂਗੇ ਅਤੇ ਫਿਰ ਹੀ ਕੋਈ ਫੈਸਲਾ ਲਵਾਂਗੇ। ਐਨ ਡੀ ਪੀ ਦੇ ਬੁਲਾਰੇ ਈਰਾ ਡੂਬੈਂਸਕੀ ਦਾ ਕਹਿਣਾ ਹੈ ਕਿ ਅਸੀਂ ਪੈਨਸ਼ਨ ਅਤੇ ਅੰਪਾਲਇਮੈਂਟ ਵਿੱਚ ਸੁਧਾਰ ਚਾਹੁੰਦੇ ਹਾਂ ਪਰ ਅਗਰ ਚੋਣਾਂ ਹੁੰਦੀਆਂ ਹਨ ਤਾ ਉਹ ਚੋਣਾਂ ਲਈ ਬਿਲਕੁਲ ਤਿਆਰ ਹਨ।



# ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਇੰਤਹਾ

## ਬੱਚਿਆਂ ਵਿਰੁੱਧ ਜ਼ਿਆਦਤੀਆਂ ਦੇ ਮਾਮਲੇ ਤਿੰਨ ਗੁਣਾ ਵਧੇ

ਕਮਲਜੀਤ ਬਨਵੈਤ

**ਚੰਡੀਗੜ੍ਹ–** ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਪਿਛਲੇ ਸਾਲਾਂ ਦੀ ਨਿਸਬਤ ਬੀਤੇ ਸਾਲ ਦੌਰਾਨ (2009) ਹਜ਼ਾਰਾਂ ਦੀ ਗਿਣਤੀ ਵਿਚ ਵੱਧੇ। ਇਹ ਵਾਧਾ ਔਰਤਾਂ ਉੱਤੇ ਵਧੀਕੀਆਂ ਅਤੇ ਹਿਰਾਸਤੀ ਮੌਤਾਂ ਦੀਆਂ ਘਟਨਾਵਾਂ ਵਿਚ ਹੋਇਆ। ਇਹ ਜਾਣਕਾਰੀ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਦਿੱਤੇ ਅੰਕੜਿਆਂ ਤੋਂ ਪ੍ਰਾਪਤ ਹੋਈ ਹੈ।

ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2009 ਦੌਰਾਨ ਕਮਿਸ਼ਨ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 16755 ਕੇਸ ਆਏ, ਜਦੋਂ ਕਿ 2008 ਵਿਚ ਅਜਿਹੇ ਕੇਸਾਂ ਦੀ ਗਿਣਤੀ 13400 ਸੀ। ਕਮਿਸ਼ਨ ਦੇ 1997 ਵਿਚ ਹੋਂਦ ਵਿਚ ਆਉਣ ਪਿੱਛੋਂ ਅਗਲੇ ਦੋ ਸਾਲਾਂ ਦੌਰਾਨ 90-90 ਤੇ ਸਾਲ 2000 ਤੇ 2001 ਦੌਰਾਨ ਕ੍ਰਮਵਾਰ 4920 ਤੇ 7520 ਕੇਸ ਦਰਜ ਹੋਏ। ਸਾਲ 2002 ਦੌਰਾਨ 8312, ਸਾਲ 2003 ਦੌਰਾਨ 11575, ਸਾਲ 2004 ਦੌਰਾਨ 16927, ਸਾਲ 2005 ਦੌਰਾਨ 11144, ਸਾਲ 2006 ਦੌਰਾਨ 12469 ਤੇ ਸਾਲ 2007 ਦੌਰਾਨ 15000 ਕੇਸਾਂ 'ਤੇ ਸੁਣਵਾਈ ਸ਼ੁਰੂ ਹੋਈ।

ਸਾਲ 2009 ਦੌਰਾਨ ਔਰਤਾਂ 'ਤੇ ਵਧੀਕੀਆਂ ਦੇ 718 ਕੇਸ ਕਮਿਸ਼ਨ ਕੋਲ ਦਾਇਰ ਹੋਏ, ਜਦੋਂ ਕਿ ਸਾਲ 2008 ਵਿਚ ਅਜਿਹੇ ਕੇਸਾਂ ਦੀ ਗਿਣਤੀ 518 ਦੱਸੀ ਗਈ। ਸਾਲ 1997 ਵਿਚ 1, ਸਾਲ 1998 ਵਿਚ 27, ਸਾਲ 1999 ਵਿਚ 64, ਸਾਲ 2000 ਵਿਚ 236, ਸਾਲ 2001 ਵਿਚ 311, ਸਾਲ 2002 ਵਿਚ 190, ਸਾਲ 2007 ਵਿਚ 219, ਸਾਲ 2004 ਵਿਚ 501, ਸਾਲ 2005 ਵਿਚ 523, ਸਾਲ 2006 ਵਿਚ 427 ਤੇ ਸਾਲ 2007 ਵਿਚ 510 ਕੇਸ ਸੁਣੇ ਗਏ।

ਜੇਲ੍ਹ ਵਿਚ ਔਰਤਾਂ ਨਾਲ ਸਬੰਧਤ ਪਿਛਲੇ ਸਾਲ ਨਾਲੋਂ 113 ਵੱਧ ਕੇਸ ਕਮਿਸ਼ਨ ਕੋਲ ਪੁੱਜੇ। ਸਾਲ 1998 'ਚ 58, 1999 ਵਿਚ 121, 2000 ਵਿਚ 287, 2001 ਵਿਚ 327, 2002 ਵਿਚ 278, 2003 ਵਿਚ 306, 2004 ਵਿਚ 297, 2005 ਵਿਚ 232, 2006 ਵਿਚ 213 ਅਤੇ 2007 ਵਿਚ 268 ਹੋ ਗਈ।

ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਵੱਲੋਂ ਸਾਲ 2009 ਦੌਰਾਨ 2008 ਨਾਲੋਂ 66 ਵੱਧ ਸ਼ਿਕਾਇਤਾਂ ਦਿੱਤੀਆਂ ਗਈਆਂ। ਪੱਛੜੇ ਵਰਗਾਂ ਨਾਲ ਸਾਲ 2007 ਵਿਚ ਵਧੀਕੀ ਦੇ 98 ਕੇਸ ਆਏ। ਕਮਿਸ਼ਨ ਕੋਲ ਸੁਣਵਾਈ ਲਈ ਇਸ ਕਿਸਮ ਦਾ ਕੇਸ ਪਹਿਲੀ ਵਾਰ ਸਾਲ 2000 ਵਿਚ ਆਇਆ।

ਪੁਲਿਸ ਵਧੀਕੀਆਂ ਦੇ ਕੇਸਾਂ ਵਿਚ ਪਹਿਲਾਂ ਨਾਲੋਂ ਇਸ ਸਾਲ ਗਿਰਾਵਟ ਆਈ। ਸਾਲ 2008 ਵਿਚ ਪੁਲਿਸ ਵਿਰੁੱਧ 9026 ਸ਼ਿਕਾਇਤਾਂ ਆਈਆਂ ਸਨ, ਜਦੋਂ ਕਿ ਇਸ ਵਾਰ ਇਹ ਗਿਣਤੀ 8905 'ਤੇ ਰੁਕ ਗਈ। ਸਾਲ 2007 ਦੌਰਾਨ ਇਹ ਗਿਣਤੀ ਸਭ ਤੋਂ ਵੱਧ 9410 ਸੀ। ਇਸ ਤੋਂ ਪਹਿਲਾਂ 2005 ਵਿਚ 9855 ਅਤੇ 2004 ਵਿਚ 9661 ਕੇਸ ਸੁਣਵਾਈ ਲਈ ਆਏ।

ਸਾਲ 2007 ਅਤੇ 2008 ਦੌਰਾਨ 12-12 ਅਤੇ 2009 ਦੌਰਾਨ 39 ਕੇਸ ਬੱਚਿਆਂ ਉੱਤੇ ਵਧੀਕੀਆਂ ਦੇ ਆਏ। ਜਦਕਿ 2006 ਵਿਚ ਇਹ 13 ਦੱਸੀ ਜਾਂਦੀ ਸੀ। ਬੱਚਿਆਂ ਨਾਲ ਜ਼ਿਆਦਤੀਆਂ ਦੇ ਸਭ ਤੋਂ ਵੱਧ ਕੇਸ 49, ਸਾਲ 2004 ਦੌਰਾਨ ਆਏ।

ਸਰਵਿਸ ਮੈਟਰ ਵਿਚ ਵੀ ਚੋਖਾ ਵਾਧਾ ਹੋਇਆ। ਸਾਲ 2008 ਦੌਰਾਨ ਇਨ੍ਹਾਂ ਕੇਸਾਂ ਦੀ ਗਿਣਤੀ 337 ਸੀ, ਜਦੋਂ ਕਿ ਸਾਲ 2009 ਵਿਚ ਵੱਧ ਕੇ 454 ਹੋ ਗਈ। ਸਾਲ 1997 'ਚ ਇਨ੍ਹਾਂ ਕੇਸਾਂ ਦੀ ਗਿਣਤੀ 5 ਸੀ। ਸਰਵਿਸ ਮੈਟਰ ਦੇ ਸਭ ਤੋਂ ਵੱਧ ਕੇਸ 464 ਸਾਲ 2004 ਦੌਰਾਨ ਸਾਹਮਣੇ ਆਏ।

ਕਮਿਸ਼ਨ ਕੋਲ 1997 ਤੋਂ ਲੈ ਕੇ ਹੁਣ ਤੱਕ ਬੱਚਿਆਂ 'ਤੇ ਜ਼ਿਆਦਤੀਆਂ ਦੇ ਕੁੱਲ 2007 ਕੇਸਾਂ 'ਚ ਔਰਤਾਂ 'ਤੇ ਜ਼ੁਲਮ ਦੇ 2977, ਪੁਲਿਸ ਵਧੀਕੀਆਂ ਦੇ 74141, ਸਰਵਿਸ ਮੈਟਰ ਦੇ 3655, ਔਰਤਾਂ 'ਤੇ ਵਧੀਕੀਆਂ ਦੇ 4290 ਤੇ ਪੱਛੜੇ ਵਰਗ ਦੇ ਲੋਕਾਂ ਵਿਰੁੱਧ ਜ਼ਿਆਦਤੀਆਂ ਦੇ 1065 ਕੇਸ ਸੁਣਵਾਈ ਲਈ ਆ ਚੁੱਕੇ ਹਨ।

ਸਾਲ 2009 ਦੌਰਾਨ ਕਮਿਸ਼ਨ ਦੇ ਇਤਿਹਾਸ ਵਿਚ ਪਹਿਲੀ ਵਾਰ ਬਾਬਲ ਵੱਲੋਂ ਆਪਣੀਆਂ ਧੀਆਂ-ਪੁੱਤ ਵੇਚਣ ਦੇ 6 ਕੇਸ ਸੁਣਵਾਈ ਲਈ ਆਏ ਹਨ।

ਕਮਿਸ਼ਨ ਦੇ ਰਜਿਸਟਰਾਰ ਰੋਹਿਤ ਚਤਰਥ ਨੇ ਕਿਹਾ ਕਿ ਇਹ ਗਿਣਤੀ ਕੇਵਲ ਉਨ੍ਹਾਂ ਕੇਸਾਂ ਦੀ ਦਿੱਤੀ ਗਈ ਹੈ ਜਿਹੜੇ ਕੇਸ ਕਮਿਸ਼ਨ ਕੋਲ ਸੁਣਵਾਈ ਲਈ ਆਏ ਹਨ, ਜਦੋਂ ਕਿ ਰਾਜ 'ਚ ਵਾਪਰੀਆਂ ਘਟਨਾਵਾਂ ਦੀ ਗਿਣਤੀ ਇਸ ਤੋਂ ਵੱਧ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿਚ ਕਮਿਸ਼ਨ ਬਾਰੇ ਜਾਗਰੂਕਤਾ ਆਉਣ ਨਾਲ ਵੀ ਕੇਸਾਂ ਦੀ ਗਿਣਤੀ ਵਧਣ ਲੱਗ ਪਈ ਹੈ।

# ਪ੍ਰਧਾਨ ਮੰਤਰੀ ਦੀ ਸਿਫ਼ਾਰਸ਼ 'ਤੇ ਕਨੇਡੀਅਨ ਸੰਸਦ 3 ਮਾਰਚ ਤੱਕ ਉਠਾ ਦਿੱਤੀ ਗਈ

**ਆਟਵਾ–** ਕਨੇਡੀਅਨ ਪ੍ਰਧਾਨ ਮੰਤਰੀ ਸ੍ਰੀ ਹਾਰਪਰ ਨੇ ਕਨੇਡੀਅਨ ਸੰਸਦ ਮਾਰਚ 3 ਤੱਕ ਸਥਗਿਤ (ਪਰੋਰੋਗ) ਕਰ ਦਿੱਤੀ ਹੈ। ਹੁਣ ਸੰਸਦ ਦਾ ਨਵਾਂ ਸੈਸ਼ਨ 3 ਮਾਰਚ ਨੂੰ ਗਵਰਨਰ ਜਨਰਲ ਦੀ ਸਪੀਚ (ਥਰੋਨ ਸਪੀਚ) ਨਾਲ ਸ਼ੁਰੂ ਹੋਵੇਗਾ ਜਿਸ ਵਿੱਚ ਹਾਰਪਰ ਸਰਕਾਰ ਆਪਣਾ ਨਵਾਂ ਪ੍ਰੋਗਰਾਮ ਪੇਸ਼ ਕਰੇਗੀ, ਜਦੋਂ ਕਿ ਸੰਸਦ ਦਾ ਸੈਸ਼ਨ ਕ੍ਰਿਸਮਿਸ ਦੀਆਂ ਛੁੱਟੀਆਂ ਤੋਂ ਪਿੱਛੋਂ 25 ਜਨਵਰੀ ਨੂੰ ਸ਼ੁਰੂ ਹੋਣਾ ਸੀ। ਪ੍ਰਧਾਨ ਮੰਤਰੀ ਨੇ ਗਵਰਨਰ ਜਨਰਲ ਮਿਸ਼ੈਲ ਯਾਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਸੰਸਦ ਦਾ ਸੈਸ਼ਨ 3 ਮਾਰਚ ਤੱਕ ਉਠਾ ਦੇਣ ਦੀ ਬੇਨਤੀ ਕੀਤੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ ਹੈ।

ਹੁਣ ਵਿੰਟਰ ਓਲੰਪਿਕ ਖੇਡਾਂ ਦੌਰਾਨ ਪਾਰਲੀਮੈਂਟ ਨਹੀਂ ਚੱਲੇਗੀ ਅਤੇ ਇਸ ਤੋਂ ਬਾਅਦ ਪਾਰਲੀਮੈਂਟ 2 ਮਾਰਚ ਤੱਕ ਮੁਲਤਵੀ ਰਹੇਗੀ ਅਤੇ 3 ਮਾਰਚ ਨੂੰ ਬਜਟ ਸੈਸ਼ਨ ਨਾਲ ਹੀ ਸ਼ੁਰੂ ਹੋਵੇਗੀ। ਇਸ ਦਾ ਇੱਕ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਦੋਂ ਤੱਕ ਸ੍ਰੀ ਹਾਰਪਰ ਨੂੰ ਸੰਸਦ ਵਿੱਚ ਹੋਰ ਸਪੋਰਟ ਮਿਲ ਜਾਵੇਗੀ ਤੇ ਉਸ ਲਈ ਅਫਗਾਨ ਵਿੱਚ ਕੈਦੀਆਂ ਤੇ ਹੋਏ ਕਥਿਤ ਤਸ਼ੱਦਦ ਦੀ ਅਲੋਚਨਾ ਨੂੰ ਨਕਾਰਨਾ ਆਸਾਨ ਹੋ ਸਕੇਗਾ। ਵਿਰੋਧੀ ਪਾਰਟੀਆਂ ਪਹਿਲਾਂ ਹੀ ਪਾਰਲੀਮੈਂਟ ਨੂੰ ਮੁਲਤਵੀ ਕਰਨ ਵਿਰੁੱਧ ਆਪਣੀ ਅਵਾਜ਼ ਉਠਾ ਚੁੱਕੀਆਂ ਹਨ। ਇਸ ਨਾਲ ਹੁਣ ਵਿਰੋਧੀ ਪਾਰਟੀਆਂ ਓਲੰਪਿਕ ਖੇਡਾਂ ਬਾਰੇ ਵੀ ਕੋਈ ਸਵਾਲ ਜਵਾਬ ਨਹੀਂ ਕਰ ਸਕਣਗੀਆਂ। ਲਿਬਰਲ ਪਾਰਟੀ ਦੇ ਹਾਊਸ ਲੀਡਰ ਰਲਫ ਗੋਡੇਲ ਨੇ ਇਸ ਨੂੰ ਲੋਕਤੰਤਰ ਦੀ ਹੱਤਕ ਦੱਸਿਆ ਹੈ ਅਤੇ ਐਨ ਡੀ ਪੀ ਦੇ ਲਿਬੀ ਡੇਵੀਜ਼ ਨੇ ਸਰਕਾਰ ਦੇ ਇਸ ਕਦਮ ਨੂੰ 'ਪੁਲੀਟੀਕਲ ਸਕੈਮ' ਕਿਹਾ ਹੈ। ਕਿਹਾ ਜਾ ਰਿਹਾ ਹੈ ਕਿ ਥੋਰਨ ਸਪੀਚ 'ਤੇ 5 ਨਵੇਂ ਸੈਨਟਰਾਂ ਨੂੰ ਸੰਹੁ ਚੁਕਾਈ ਜਾਵੇਗੀ ਜਿਸ ਨਾਲ ਸੰਸਦ ਦੇ ਓਪਰਲੇ ਸਦਨ ਵਿੱਚ ਟੋਰੀਆਂ ਦੀ ਗਿਣਤੀ ਵੱਧ ਜਾਵੇਗੀ ਜਿਸ ਦਾ ਸਰਕਾਰ ਨੂੰ ਲਾਭ ਹੋਵੇਗਾ। ਇਸ ਨਾਲ ਬਹੁਤ ਸਾਰੇ ਬਿੱਲ ਜੋ ਵਿਚਾਰ ਅਧੀਨ ਹਨ ਆਪਣੀ ਮੌਤੇ ਹੀ ਮਰ ਜਾਣਗੇ ਅਤੇ ਸੰਸਦੀ ਕਮੇਟੀਆਂ ਦੀ ਮਿਆਦ ਵੀ ਪੁੱਗ ਜਾਵੇਗੀ। ਯਾਦ ਰਹੇ ਸਾਲ 2008 ਦੇ ਅੰਤ 'ਤੇ ਜਦ ਐਨ ਡੀ ਪੀ, ਲਿਬਰਲ ਅਤੇ ਬਲਾਕ ਕਿਬੈਕਵਾ ਰਲ਼ ਕੇ ਸਾਂਝੀ ਸਰਕਾਰ ਬਨਾਉਣ ਦੀ ਵਿਉਂਤ ਗੁੰਦ ਚੁੱਕੇ ਸਨ ਤਾਂ ਸ੍ਰੀ ਹਾਰਪਰ ਨੇ ਗਵਰਨਰ ਜਨਰਲ ਨੂੰ ਸੰਸਦ ਦਾ ਸੈਸ਼ਨ ਉਠਾ ਦੇਣ ਵਾਸਤੇ ਮਨਾ ਲਿਆ ਸੀ ਜਿਸ ਨਾਲ ਹਾਰਪਰ ਸਰਕਾਰ ਬਚ ਗਈ ਸੀ।

# ਖ਼ੂਨਦਾਨ ਵਿੱਚ ਵੀ ਪੰਜਾਬ ਦੀਆਂ ਨਹੀਂ ਰੀਸਾਂ

**ਅਮਰਪਾਲ ਬੈਂਸ-** ਯੋਧਿਆਂ ਦੀ ਧਰਤੀ ਪੰਜਾਬ ਹੁਣ ਖ਼ੂਨਦਾਨੀਆਂ ਦੀ ਧਰਤੀ ਵੀ ਬਣ ਗਈ ਹੈ। ਆਂਕੜਿਆਂ ਤੇ ਝਾਤ ਮਾਰੀਏ ਤਾਂ ਖ਼ੂਨਦਾਨ ਵਰਗੇ ਮਹਾਂਦਾਨ ਵਿੱਚ ਹੁਣ ਪੰਜਾਬੀ ਪਿੱਛੇ ਨਹੀਂ ਹਨ। ਸਾਲ 2004-05 ਵਿੱਚ ਸੂਬੇ ਦੇ ਬਲੱਡ ਬੈਂਕਾਂ ਵਿੱਚ ਜਿੱਥੇ 412 ਕੈਂਪਾਂ ਦੇ ਰਾਹੀਂ 1,28,897 ਯੂਨਿਟ ਖ਼ੂਨ ਇਕੱਤਰ ਹੋਇਆ, ਉਥੇ 2008-09 ਵਿੱਚ ਲਗਭਗ 1480 ਕੈਂਪਾਂ ਵਿੱਚ ਇਹ ਵਧ ਕੇ 3,08,074 ਯੂਨਿਟ ਤੱਕ ਪਹੁੰਚ ਗਿਆ ਅਤੇ ਚਾਲੂ ਸਾਲ ਦੌਰਾਨ ਇਸ ਦੇ ਸਾਰੇ ਰਿਕਾਰਡ ਟੁੱਟਣ ਦੇ ਆਸਾਰ ਹਨ। ਪੰਜਾਬ ਏਡਜ਼ ਕੰਟਰੋਲ ਸੁਸਾਇਟੀ ਨੇ ਜੋ ਆਂਕੜੇ ਉਪਲਬਧ ਕਰਵਾਏ ਹਨ, ਉਹਨਾਂ ਮੁਤਾਬਕ ਪੰਜਾਬ ਦੇ ਲੋਕਾਂ ਦਾ ਖ਼ੂਨਦਾਨ ਪ੍ਰਤੀ ਝੁਕਾਅ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਅਹਿਮ ਗੱਲ ਤਾਂ ਇਹ ਹੈ ਕਿ ਸੂਬੇ ਦੇ ਲੋਕਾਂ ਵਿੱਚ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਦੀ ਪਰਵਿਰਤੀ ਵਿੱਚ ਹੋਇਆ ਵਾਧਾ ਪ੍ਰਸੰਸਾ ਯੋਗ ਹੈ।

# ਲੰਘੇ ਵਰ੍ਹੇ ਕਵਰੇਜ ਕਰਦੇ ਮਾਰੇ ਗਏ ਸੌ ਪੱਤਰਕਾਰ

**ਟੋਰਾਂਟੋ–** ਦੁਨੀਆ ਭਰ ਵਿਚ ਸਾਲ 2009 ਦੌਰਾਨ ਖ਼ਬਰਾਂ ਜੁਟਾਉਣ ਦਾ ਕੰਮ ਕਰਦੇ ਕਰੀਬ ਸੌ ਪੱਤਰਕਾਰਾਂ ਅਤੇ ਮੀਡੀਆ ਕਰਮਚਾਰੀਆਂ ਦੀਆਂ ਜਾਨਾਂ ਚਲੀਆਂ ਗਈਆਂ। ਕੈਨੇਡਾ ਵਿਚ ਪੱਤਰਕਾਰਾਂ ਦੇ ਸੰਗਠਨ ਕੈਨੇਡੀਅਨ ਜਰਨਲਿਸਟ ਫਾਰ ਫਰੀ ਐਕਸਪ੍ਰੈਸ਼ਨ ਨੇ ਇਥੇ ਕਿਹਾ ਕਿ ਪੂਰੀ ਦੁਨੀਆ ਦੇ ਹਾਲਾਤ ਪੱਤਰਕਾਰਾਂ ਲਈ ਬੇਹਤਰ ਹੋਣ ਦੀ ਬਜਾਏ ਹੋਰ ਬਦਤਰ ਹੁੰਦੇ ਜਾ ਰਹੇ ਹਨ। ਸਾਲ 2008 ਦੌਰਾਨ ਵਿਸ਼ਵ ਦੇ ਵੱਖ ਵੱਖ ਖੇਤਰਾਂ ਵਿਚ ਰਿਪੋਰਟਿੰਗ ਦੌਰਾਨ ਜਿਥੇ ਮਾਰੇ ਗਏ ਪੱਤਰਕਾਰਾਂ ਦੀ ਸੰਖਿਆ 87 ਸੀ, ਉਹ ਇਸ ਸਾਲ ਵਧ ਕੇ ਸੌ ਹੋ ਗਈ।

ਇਸ ਵਿਚ ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਸਾਲ 2009 ਵਿਚ ਮਾਰੇ ਗਏ ਸੌ ਪੱਤਰਕਾਰਾਂ ਵਿਚੋਂ 31 ਤਾਂ ਨਵੰਬਰ 2009 ਵਿਚ ਫਿਲਪੀਨਜ਼ ਵਿਚ 100 ਹਮਲਾਵਰਾਂ ਵੱਲੋਂ ਕੀਤੇ ਗਏ ਹਮਲੇ ਵਿਚ ਮਾਰੇ ਗਏ। ਇਸ ਹਮਲੇ ਵਿਚ 31 ਪੱਤਰਕਾਰਾਂ ਤੋਂ ਇਲਾਵਾ 26 ਹੋਰ ਲੋਕ ਵੀ ਮਾਰੇ ਗਏ ਸਨ। ਇਸ ਹਮਲੇ ਦਾ ਉਦੇਸ਼ ਕੇਵਲ ਇਕ ਵਿਰੋਧੀ ਨੂੰ ਗਵਰਨਰ ਦੇ ਅਹੁਦੇ ਲਈ ਹੋਣ ਵਾਲੀ ਚੋਣ ਵਿਚ ਹਿੱਸਾ ਲੈਣ ਤੋਂ ਰੋਕਣਾ ਸੀ।

ਕੈਨੇਡਾਈ ਜਰਨਲਿਸਟ ਗਰੁੱਪ ਦੇ ਮੁਖੀ ਅਨਰੇਲਡ ਅੰਬਰ ਨੇ ਕਿਹਾ ਕਿ ਜਦ ਵੀ ਕਿਸੇ ਪੱਤਰਕਾਰ ਦੀ ਹਤਿਆ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਉਸ ਦੇ ਪਿਛੇ ਜੋ ਕਾਰਨ ਨਿਕਲ ਕੇ ਆਉਂਦਾ ਹੈ ਉਹ ਇਹ ਹੁੰਦਾ ਹੈ ਕਿ ਉਨ੍ਹਾਂ ਸਾਰੇ ਪੱਤਰਕਾਰਾਂ ਦੀ ਜਾਨ ਕੇਵਲ ਇਸ ਲਈ ਗਈ ਕਿਉਂਕਿ ਉਹ ਕਿਸੇ ਭ੍ਰਿਸ਼ਟ ਅਧਿਕਾਰੀ ਜਾਂ ਸਿਆਸਤਦਾਨ ਖਿਲਾਫ ਕੋਈ ਰਿਪੋਰਟ ਤਿਆਰ ਕਰਨ ਲੱਗੇ ਹੋਏ ਸਨ।

# ਤਣਾਅ 'ਚ ਜੀਅ ਰਹੇ ਨੇ ਅਮਰੀਕੀ ਫੌਜੀ

ਹੇਮੰਤ ਪਾਂਡੇ

ਹਾਲ ਦੀਆਂ ਦੋ ਘਟਨਾਵਾਂ ਤੋਂ ਪਤਾ ਚੱਲਦਾ ਹੈ ਕਿ ਵਿਦੇਸ਼ੀ ਜ਼ਮੀਨ 'ਤੇ ਜੰਗ ਲੜਦੇ ਹੋਏ ਅਮਰੀਕੀ ਫੌਜੀ ਕਿਸ ਕਦਰ ਦਬਾਅ ਵਿਚ ਹਨ। ਪਹਿਲਾ, 30,000 ਵਾਧੂ ਫੌਜੀਆਂ ਨੂੰ ਅਫਗਾਨਿਸਤਾਨ ਭੇਜਣ ਦੇ ਫੈਸਲੇ ਨੂੰ ਜਨਤਕ ਕਰਦੇ ਸਮੇਂ ਅਮਰੀਕੀ ਰਾਸ਼ਟਪਤੀ ਬਰਾਕ ਓਬਾਮਾ ਨੂੰ ਇਹ ਵੀ ਦੱਸਣਾ ਪਿਆ ਕਿ 18 ਮਹੀਨੇ ਮਗਰੋਂ ਫੌਜੀਆਂ ਦੀ ਘਰ ਵਾਪਸੀ ਸ਼ੁਰੂ ਹੋ ਜਾਵੇਗੀ। ਦੂਸਰਾ, ਕੁਝ ਸਮੇਂ ਪਹਿਲਾਂ ਹੀ ਕਿ ਅਮਰੀਕੀ ਮੇਜਰ ਨੇ ਆਪਣੇ 13 ਸਾਥੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ। ਦੱਸਿਆ ਜਾਂਦਾ ਹੈ ਕਿ ਉਸ ਦੀ ਤੈਨਾਤੀ ਅਫਗਾਨਿਸਤਾਨ ਵਿਚ ਹੋਣ ਵਾਲੀ ਸੀ। ਇਸਦੀ ਜਾਣਕਾਰੀ ਮਿਲਣ ਤੋਂ ਬਾਅਦ ਉਹ ਡਿਪਰੈਸ਼ਨ ਵਿਚ ਚਲਾ ਗਿਆ। ਦਰਅਸਲ, ਅਮਰੀਕਾ ਵੱਲੋਂ ਇਰਾਕ ਤੇ ਅਫਗਾਨਿਸਤਾਨ ਵਿਚ ਚਲਾਏ ਜਾ ਰਹੇ ਅੰਤਹੀਣ ਯੁੱਧ ਦਾ ਤਬਾਅ ਹੁਣ ਅਮਰੀਕੀ ਫੌਜੀਆਂ 'ਤੇ ਸਾਫ ਦੇਖਿਆ ਜਾ ਰਿਹਾ ਹੈ। ਇਕ ਪਾਸੇ ਇਰਾਕ ਤੇ ਅਫਗਾਨਿਸਤਾਨ ਵਿਚ ਤੈਨਾਤ ਫੌਜੀਆਂ ਵਿਚ ਨਸ਼ੇ ਦੀ ਲਤ ਵਧ ਰਹੀ ਹੈ, ਉਥੇ ਉਨ੍ਹਾਂ ਵਿਚ ਆਤਮ ਹਤਿਆ ਕਰਨ ਦਾ ਰੁਝਾਨ ਵੀ ਸਾਲ ਦਰ ਸਾਲ ਵਧ ਰਿਹਾ ਹੈ। ਇਸ ਸਾਲ ਇਹ ਅੰਕੜਾ 200 ਤੋਂ ਪਾਰ ਪਹੁੰਚ ਗਿਆ ਹੈ। 31 ਅਕਤੂਬਰ ਤੱਕ 211 ਫੌਜੀਆਂ ਨੇ ਮੌਤ ਨੂੰ ਗਲੇ ਲਗਾ ਲਿਆ ਸੀ, ਜਦਕਿ 2008 ਵਿਚ 197 ਫੌਜੀਆਂ ਨੇ ਖੁਦਕੁਸ਼ੀ ਕੀਤੀ ਸੀ। ਹਾਲਾਂਕਿ, ਫੌਜ ਅਫਗਾਨਿਸਤਾਨ ਤੇ ਇਰਾਕ ਵਿਚ ਤੈਨਾਤੀ ਅਤੇ ਖੁਦਕੁਸ਼ੀ ਵਿਚਾਲੇ ਕਿਸੇ ਵੀ ਪ੍ਰਕਾਰ ਦੇ ਸਬੰਧ ਤੋਂ ਇਨਕਾਰ ਕਰਦੀ ਆਈ ਹੈ, ਪਰ ਜਾਣਕਾਰ ਮੰਨਦੇ ਹਨ ਕਿ ਖੁਦਕੁਸ਼ੀ ਦਾ ਪ੍ਰਮੁੱਖ ਕਾਰਨ ਯੁੱਧ ਸਬੰਧੀ ਤਣਾਅ ਹੀ ਹੈ।

*ਇਕ ਸਰਵੇਖਣ ਮੁਤਾਬਕ ਕੈਨੇਡਾ ਦੇ ਦੋ-ਤਿਹਾਈ ਵਸਨੀਕਾਂ ਦਾ ਮੰਨਣਾ ਹੈ ਕਿ ਅਫਗਾਨਿਸਤਾਨ ਵਿਚ ਅਮਰੀਕਾ ਦੀ ਫੌਜ ਦੀ ਨਫ਼ਰੀ ਵਧਣ ਨਾਲ ਲੜਾਈ ਨਹੀਂ ਜਿੱਤੀ ਜਾ ਸਕਦੀ।*

ਖੁਦਕੁਸ਼ੀ ਦੇ ਲਗਾਤਾਰ ਵਧਦੇ ਮਾਮਲਿਆਂ ਤੋਂ ਚਿੰਤਤ ਅਮਰੀਕੀ ਫੌਜ ਇਕ ਪਾਸੇ ਫੌਜ ਵਿਚ ਮਨੋਵਿਗਿਆਨੀਆਂ ਦੀ ਸੰਖਿਆ ਵਧਾ ਰਹੀ ਹੈ, ਉਥੇ ਦੂਸਰੇ ਪਾਸੇ 'ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ' ਨਾਲ ਮਿਲ ਕੇ ਖੁਦਕੁਸ਼ੀ ਦੇ ਕਾਰਨ ਜਾਨਣ ਲਈ ਇਕ ਵਿਸ਼ੇਸ਼ ਅਧਿਐਨ ਵੀ ਕਰ ਰਹੀ ਹੈ। ਅਮਰੀਕੀ ਫੌਜ ਨੇ ਅਤੀਤ ਵਿਚ ਵਿਦੇਸ਼ੀ ਜ਼ਮੀਨ 'ਤੇ ਜੰਗ ਲੜਦਿਆਂ ਇਸ ਤੋਂ ਵੀ ਬੁਰੇ ਦਿਨ ਦੇਖੇ ਹਨ। ਵਿਅਤਨਾਮ ਯੁੱਧ ਵਿਚ ਤਾਂ ਕਈ ਫੌਜੀ ਯੁੱਧ ਦੇ ਮੈਦਾਨ ਤੋਂ ਭਜ ਗਏ ਸਨ। ਸਰਕਾਰੀ ਅੰਕੜੇ ਦੱਸਦੇ ਹਨ ਕਿ 1968 ਵਿਚ 53 ਹਜ਼ਾਰ ਫੌਜੀ ਭੱਜੇ ਸਨ। ਪਿਛਲੀ ਸਦੀ ਦੇ ਸੱਤਰ ਦੇ ਦਹਾਕੇ ਵਿਚ ਸਿਪਾਹੀਆਂ ਦੀ ਪੂਰੀ ਦੀ ਪੂਰੀ ਟੁਕੜੀ ਨੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਅਤੀਤ ਦੇ ਇਹ ਤਜਰਬੇ ਅਮਰੀਕਾ ਦੀ ਚਿੰਤਾ ਵਧਾ ਰਹੇ ਹਨ। ਇਹੀ ਕਾਰਨ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਵਾਰ ਵਾਰ ਇਹ ਦੱਸਣਾ ਪੈ ਰਿਹਾ ਕਿ ਫੌਜ ਦੀ ਵਤਨ ਵਾਪਸੀ ਜਲਦੀ ਹੀ ਹੋਵੇਗੀ।



# ਤੁਹਾਡਾ ਜਹਾਜ਼ ਅਗਵਾ ਹੋ ਚੁੱਕਾ ਹੈ

**ਪਲ-ਪਲ ਵਧਦੀ ਦਹਿਸ਼ਤ, ਬੰਦੂਕ ਦੀ ਨੋਕ 'ਤੇ ਸੈਂਕੜੇ ਜ਼ਿੰਦਗੀਆਂ, ਜਹਾਜ਼ ਦੀ ਕਮਾਨ ਫੜੀ ਪਾਇਲਟ ਦਾ ਇੰਜ ਅਚਾਨਕ ਬੇਬੱਸ ਹੋ ਜਾਣਾ... ਹੁਣ ਤੱਕ ਦੇ ਜਹਾਜ਼ ਅਗਵਾ ਕਾਂਡ 'ਤੇ ਖਾਸ ਪੇਸ਼ਕਸ਼**



***ਪਿੱਛੇ*** ਜਿਹੇ ਵਿਚ ਅਮਰੀਕੀ ਜਹਾਜ਼ ਵਿਚ ਧਮਾਕੇ ਦੀ ਸਾਜ਼ਿਸ਼ ਘੜਨ ਦੀ ਕੋਸ਼ਿਸ਼ ਵਿਚ ਫੜੇ ਗਏ ਨਾਈਜ਼ੀਰਿਆਈ ਨੌਜਵਾਨ ਦਾ ਮਾਮਲਾ ਸਾਹਮਣੇ ਆਉਣ ਨਾਲ ਹੀ ਇਕ ਵਾਰ ਫੇਰ ਸੰਭਾਵਨਾ ਵਧ ਗਈ ਹੈ ਕਿ ਜਹਾਜ਼ ਅਤਿਵਾਦੀਆਂ ਲਈ ਸਾਫਟ ਟਾਰਗੈਟ ਹੈ। ਭਾਵੇਂ ਅਮਰੀਕਾ ਵਿਚ 9/11 ਦਾ ਹਮਲਾ ਹੋਵੇ ਜਾਂ ਫੇਰ ਕੰਧਾਰ ਅਗਵਾ ਕਾਂਡ, ਦਹਿਸ਼ਤ ਵਿਚ ਫਸੀ ਅਪਣਿਆਂ ਦੀ ਜ਼ਿੰਦਗੀ ਅਤੇ ਸੌਦੇਬਾਜ਼ੀ ਦੀ ਇਸ ਦਹਿਸ਼ਤ ਦਾ ਦਰਦ ਅੱਜ ਵੀ ਸਾਰਿਆਂ ਦੇ ਜ਼ਿਹਨ ਵਿਚ ਤਾਜ਼ਾ ਹੈ।

### ਪਹਿਲਾ ਜਹਾਜ਼ ਅਗਵਾ

ਅਧਿਕਾਰਤ ਤੌਰ 'ਤੇ ਦਰਜ ਜਹਾਜ਼ ਅਗਵਾ ਦੀ ਪਹਿਲੀ ਘਟਨਾ 21 ਫਰਵਰੀ 1931 ਵਿਚ ਪੇਰੂ ਦੇ ਅਰਕਈਪਾ ਵਿਚ ਵਾਪਰੀ। ਬੇਰਨ ਰਿਕਰਡਸ ਟਰੀ-ਮੋਟਰ ਫੋਰਡ ਉਡਾ ਰਹੇ ਸਨ ਅਤੇ ਉਨ੍ਹਾਂ ਨੂੰ ਹਥਿਆਰਬੰਦ ਕਰਾਂਤੀਕਾਰੀਆਂ ਨੇ ਜਹਾਜ਼ ਲੈਂਡ ਕਰਨ ਲਈ ਮਜਬੂਰ ਕੀਤਾ। ਦਸ ਦਿਨਾਂ ਤੱਕ ਇਨ੍ਹਾਂ ਕਰਾਂਤੀਕਾਰੀਆਂ ਦੇ ਕਬਜ਼ੇ ਵਿਚ ਰਹਿਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਇਕ ਸਾਥੀ ਨੂੰ ਲੀਮਾ ਤੱਕ ਛੱਡਣ ਨੂੰ ਕਹਿ ਕੇ ਰਿਕਰਡਸ ਨੂੰ ਮੁਕਤ ਕਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਦੀ ਕਰਾਂਤੀ ਪੂਰੀ ਹੋਈ ਹੈ।

1948 ਤੋਂ 1957 ਦਰਮਿਆਨ ਵਿਸ਼ਵ ਭਰ ਵਿਚ 15 ਜਹਾਜ਼ ਅਗਵਾ ਹੋਣ ਦੀਆਂ ਘਟਨਾਵਾਂ ਵਾਪਰੀਆਂ, ਔਸਤਨ ਹਰ ਸਾਲ ਵਿਚ ਇਕ ਤੋਂ ਜ਼ਿਆਦਾ। 1958 ਤੋਂ 1967 ਦਰਮਿਆਨ 48 ਘਟਨਾਵਾਂ ਵਾਪਰੀਆਂ ਜੋ ਕਿ ਔਸਤਨ ਸਾਲ ਦੀਆਂ ਪੰਜ ਸਨ। 1968 ਵਿਚ 38 ਅਤੇ 1969 ਵਿਚ 82 ਜਹਾਜ਼ ਅਗਵਾ ਦੀਆਂ ਘਟਨਾਵਾਂ ਵਾਪਰੀਆਂ ਜੋ ਕਿ ਕਿਸੇ ਵੀ ਇਕ ਸਾਲ ਵਿਚ ਸਭ ਤੋਂ ਵੱਧ ਜਹਾਜ਼ ਅਗਵਾ ਦੀਆਂ ਘਟਨਾਵਾਂ ਸਨ। 1968 ਤੋਂ 1977 ਦਰਮਿਆਨ ਦਸ ਸਾਲਾਂ ਵਿਚ 414 ਜਹਾਜ਼ ਅਗਵਾ ਕੀਤੇ ਗਏ। 1988 ਤੋਂ ਲੈ ਕੇ 1997 ਦਰਮਿਆਨ ਹਰ ਸਾਲ ਔਸਤਨ 18 ਜਹਾਜ਼ ਅਗਵਾ ਹੋਏ।

### ਭਾਰਤੀ ਜਹਾਜ਼ ਅਗਵਾ

30 ਜਨਵਰੀ 1971 ਨੂੰ ਸ਼੍ਰੀਨਗਰ ਤੋਂ ਜੰਮੂ ਜਾ ਰਹੇ ਇੰਡੀਅਨ ਏਅਰਲਾਈਨ ਦੇ ਜਹਾਜ਼ ਨੂੰ ਜੇ.ਕੇ.ਐਲ.ਐਫ ਦੇ ਹਾਸ਼ਿਮ ਕੁਰੈਸ਼ੀ ਅਤੇ ਅਸ਼ਰਫ ਕੁਰੈਸ਼ੀ ਅਗਵਾ ਕਰ ਕੇ ਲਾਹੌਰ ਲੈ ਗਏ। ਇਸ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰੀ ਜੁਲਫੀਕਾਰ ਅਲੀ ਭੁੱਟੋ ਲਾਹੌਰ ਪੁੱਜੇ ਅਤੇ ਅਗਵਾਕਾਰਾਂ ਨੂੰ ਕੌਮਾਂਤਰੀ ਪਬਲੀਸਿਟੀ ਦੇਣ ਦੀ ਕੋਸ਼ਿਸ਼ ਕੀਤੀ। ਇਕ ਫਰਵਰੀ ਨੂੰ ਯਾਤਰੀਆਂ ਨੂੰ ਮੁਕਤ ਕਰਵਾ ਲਿਆ ਗਿਆ ਅਤੇ ਅਮ੍ਰਿਤਸਰ ਰਾਹੀਂ ਵਾਪਸ ਭੇਜਿਆ ਗਿਆ। ਭਾਰਤ ਸਰਕਾਰ ਨੇ ਪਾਕਿ ਤੋਂ ਰਿਪਲੇਸਮੈਂਟ ਕਰੂ ਭੇਜਣ ਦੀ ਆਗਿਆ ਮੰਗੀ ਸੀ ਜਿਸ ਨੂੰ ਪਾਕਿਸਤਾਨ ਨੇ ਅਸਵੀਕਾਰ ਕਰ ਦਿੱਤਾ। ਪਾਕਿਸਤਾਨ 'ਤੇ ਇਹ ਦੋਸ਼ ਵੀ ਲੱਗਾ ਕਿ ਉਸ ਨੇ ਅਗਵਾਕਾਰਾਂ ਨੂੰ ਪੈਟਰੋਲ ਦਿੱਤਾ ਜਿਸ ਨਾਲ ਉਨ੍ਹਾਂ ਨੇ ਉਸ ਜਹਾਜ਼ ਨੂੰ ਸਾੜ ਦਿੱਤਾ। ਇਹੀ ਨਹੀਂ ਲਾਹੌਰ ਤੋਂ ਅਗਵਾਕਾਰਾਂ ਨੂੰ ਹੀਰੋ ਬਣਾ ਕੇ ਜੁਲੂਸ ਦੇ ਤੌਰ 'ਤੇ ਲਿਜਾਇਆ ਗਿਆ।

29 ਸੰਤਬਰ 1981 ਵਿਚ ਭਾਰਤੀ ਏਅਰਲਾਈਨਜ਼ ਦੇ ਜਹਾਜ਼ ਨੂੰ ਸ਼੍ਰੀਨਗਰ ਤੋਂ ਦਿੱਲੀ ਜਾਂਦਿਆਂ ਅਗਵਾ ਕਰ ਲਿਆ ਗਿਆ। ਪਾਕਿਸਤਾਨ ਨੇ ਕਮਾਂਡੋ ਐਕਸ਼ਨ ਕਰ ਕੇ ਸਾਰੇ ਯਾਤਰੀਆਂ ਨੂੰ ਮੁਕਤ ਕਰਵਾ ਲਿਆ।

22 ਅਗਸਤ 1982 ਨੂੰ ਇਕ ਅਤਿਵਾਦੀ ਨੇ ਪਿਸਤੌਲ ਅਤੇ ਹੈਂਡ ਗਰਨੇਡ ਦੇ ਜ਼ੋਰ 'ਤੇ ਬੋਇੰਗ 737 ਨੂੰ ਅਗਵਾ ਕਰ ਲਿਆ। ਇਹ ਜਹਾਜ਼ ਮੁੰਬਈ ਤੋਂ ਨਵੀਂ ਦਿੱਲੀ ਦੀ ਉਡਾਨ 'ਤੇ ਸੀ ਅਤੇ ਉਸ ਵਿਚ 69 ਯਾਤਰੀ ਸਵਾਰ ਸਨ। ਭਾਰਤੀ ਸੁਰੱਖਿਆ ਬਲਾਂ ਨੇ ਸਾਰੇ ਅਤਿਵਾਦੀਆਂ ਨੂੰ ਮਾਰ ਮੁਕਾਇਆ।

1982 ਅਗਸਤ ਨੂੰ ਇੰਡੀਅਨ ਏਅਰਲਾਈਨਜ਼ ਦੀ ਜੋਧਪੁਰ-ਦਿੱਲੀ ਫਲਾਈਟ ਨੂੰ ਅਗਵਾ ਕਰ ਲਿਆ ਗਿਆ ਜਿਸ ਨੂੰ ਬਾਅਦ ਵਿਚ ਅੰਮ੍ਰਿਤਸਰ ਵਿਚ ਉਤਾਰਿਆ ਗਿਆ।

6 ਜੁਲਾਈ 1984 ਨੂੰ ਇੰਡੀਅਨ ਏਅਰਲਾਈਨਜ਼ ਦੇ ਜੈਟ ਜਹਾਜ਼ ਨੂੰ 255 ਯਾਤਰੀਆਂ ਅਤੇ 9 ਅਮਲਾ ਮੈਂਬਰਾਂ ਦੇ ਨਾਲ ਉਸ ਵਕਤ ਅਗਵਾ ਕੀਤਾ ਗਿਆ ਜਦ ਇਹ ਫਲਾਈਟ ਸ਼੍ਰੀਨਗਰ ਤੋਂ ਨਵੀਂ ਦਿੱਲੀ ਆ ਰਹੀ ਸੀ। ਇਸ ਫਲਾਈਟ ਨੂੰ ਜ਼ਬਰਦਸਤੀ ਲਾਹੌਰ ਲਿਜਾਇਆ ਗਿਆ। ਅਗਵਾਕਾਰਾਂ ਕੋਲ ਪਿਸਤੌਲ ਅਤੇ ਵਿਸਫੋਟਕ ਸਮੱਗਰੀ ਸੀ। 17 ਘੰਟੇ ਦੇ ਸੌਦੇ ਤੋਂ ਬਾਅਦ ਅਤਿਵਾਦੀਆਂ ਨੇ ਜਹਾਜ਼ ਪਾਕਿਸਤਾਨੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਇਸ ਦੌਰਾਨ ਯਾਤਰੀਆਂ ਨੂੰ ਗਰਮੀ ਅਤੇ ਬਿਨਾਂ ਪਾਣੀ-ਖਾਣੇ ਦੇ 17 ਘੰਟੇ ਦਹਿਸ਼ਤ ਵਿਚ ਬਿਤਾਉਣੇ ਪਏ।

24 ਅਗਸਤ 1984 ਨੂੰ ਸੱਤ ਅਗਵਾਕਾਰਾਂ ਨੇ ਇੰਡੀਅਨ ਏਅਰਲਾਈਨਜ਼ ਦੇ ਜੈਟਲਾਈਨਰ ਜਹਾਜ਼ ਨੂੰ ਚੰਡੀਗੜ੍ਹ ਤੋਂ ਸ਼੍ਰੀਨਗਰ ਦੀ ਫਲਾਈਟ ਦੌਰਾਨ 100 ਯਾਤਰੀਆਂ ਸਮੇਤ ਅਗਵਾ ਕਰ ਲਿਆ। ਇਹ ਜਹਾਜ਼ ਅਮਰੀਕਾ ਜਾਣ ਵਾਲਾ ਸੀ। ਅਤਿਵਾਦੀ ਇਸ ਨੂੰ ਉਡਾ ਕੇ ਲਾਹੌਰ ਤੋਂ ਕਰਾਚੀ ਅਤੇ ਉਥੋਂ ਦੁਬਈ ਲੈ ਗਏ। ਬਾਅਦ ਵਿਚ ਯੂ.ਏ.ਈ. ਦੇ ਰੱਖਿਆ ਮੰਤਰੀ ਨੇ ਅਗਵਾਕਾਰਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਛੁਡਵਾਇਆ। ਇਹ ਅਗਵਾ ਕਾਂਡ ਭਾਰਤ ਵਿਚ ਚਲ ਰਹੇ ਪੰਜਾਬ ਦੇ ਵਿਵਾਦ ਨਾਲ ਸਬੰਧਤ ਸੀ। ਅਤਿਵਾਦੀਆਂ ਕੋਲੋਂ ਬਰਾਮਦ ਪਿਸਤੌਲ ਯੂ.ਏ.ਈ. ਨੇ ਭਾਰਤ ਨੂੰ ਸੌਂਪੀ, ਬਾਅਦ ਵਿਚ ਪਤਾ ਲੱਗਾ ਕਿ ਇਹ ਪਿਸਤੌਲ ਜਰਮਨੀ ਦੀ ਬਣੀ ਹੋਈ ਹੈ, ਇਸ ਨੂੰ ਇਸਲਾਮਾਬਾਦ ਭੇਜਿਆ ਗਿਆ ਸੀ ਜਿਥੋਂ ਇਹ ਅਤਿਵਾਦੀਆਂ ਦੇ ਹੱਥ ਲੱਗੀ। ਹਾਲਾਂਕਿ ਪਾਕਿਸਤਾਨ ਨੇ ਇਸ ਦੋਸ਼ ਤੋਂ ਇਨਕਾਰ ਕੀਤਾ।

24 ਅਪਰੈਲ 1993 ਇੰਡੀਅਨ ਏਅਰਲਾਈਨ ਦੀ ਨਵੀਂ ਦਿੱਲੀ ਤੋਂ ਸ਼੍ਰੀਨਗਰ ਵਾਇਆ ਜੰਮੂ ਜਾਣ ਵਾਲੀ ਉਡਾਨ ਨੂੰ ਹਾਈਜੈਕ ਕਰ ਲਿਆ ਗਿਆ। ਅਗਵਾਕਾਰ ਜਹਾਜ਼ ਨੂੰ ਲਾਹੌਰ ਲਿਜਾਣਾ ਚਾਹੁੰਦੇ ਸਨ ਪਰ ਪਾਕਿਸਤਾਨੀ ਅਧਿਕਾਰੀਆਂ ਨੇ ਮਨ੍ਹਾ ਕਰ ਦਿੱਤਾ। ਇਸ ਤੋਂ ਬਾਅਦ ਅਗਵਾਕਾਰਾਂ ਨੇ ਜਹਾਜ਼ ਨੂੰ ਅੰਮ੍ਰਿਤਸਰ ਵਿਚ ਲੈਂਡ ਕੀਤਾ ਜਿੱਥੇ ਅਤਿਵਾਦੀ ਨੂੰ ਮਾਰ ਦਿੱਤਾ ਗਿਆ ਅਤੇ ਯਾਤਰੀਆਂ ਨੂੰ ਛੁਡਾ ਲਿਆ ਗਿਆ।

1999-2000 ਇੰਡੀਅਨ ਏਅਰਲਾਈਨ ਦੀ ਫਲਾਈਟ 814 ਜਿਸ ਨੇ ਕਾਠਮੰਡੂ ਤੋਂ ਉਡਾਨ ਭਰੀ ਸੀ, ਨੂੰ ਅਗਵਾ ਕਰ ਕੇ ਕੰਧਾਰ ਲਿਜਾਇਆ ਗਿਆ। ਇਕ ਹਫ਼ਤੇ ਦੀ ਅਗਵਾਕਾਰਾਂ ਅਤੇ ਭਾਰਤ ਸਰਕਾਰ ਦੀ ਸੌਦੇਬਾਜ਼ੀ ਮਗਰੋਂ ਤਿੰਨ ਅਤਿਵਾਦੀਆਂ ਨੂੰ ਰਿਹਾਅ ਕਰਨ ਬਦਲੇ ਜਹਾਜ਼ ਨੂੰ ਭਾਰਤ ਸਰਕਾਰ ਹਵਾਲੇ ਕਰ ਦਿੱਤਾ ਗਿਆ। ਇਸ ਸੌਦੇਬਾਜ਼ੀ ਵਿਚਾਲੇ ਇਕ ਯਾਤਰੀ ਨੂੰ ਮਾਰ ਕੇ ਉਸ ਦੀ ਲਾਸ਼ ਅਗਵਾਕਾਰਾਂ ਨੇ ਦਬਾਅ ਬਣਾਉਣ ਲਈ ਹੇਠਾਂ ਵੀ ਸੁੱਟੀ ਸੀ।

### ਅਮਰੀਕਾ 9-11 ਦਹਿਸ਼ਤੀ ਹਮਲਾ

2001 ਵਿਚ ਅਮਰੀਕਾ ਵਿਚ ਹੋਇਆ 9-11 ਦਹਿਸ਼ਤੀ ਹਮਲਾ ਜਹਾਜ਼ ਅਗਵਾ ਦੀ ਸਭ ਤੋਂ ਚਰਚਿਤ ਘਟਨਾ ਮੰਨੀ ਜਾਂਦੀ ਹੈ। ਇਸ ਘਟਨਾ ਤੋਂ ਬਾਅਦ ਵਿਸ਼ਵ ਵਿਚ ਅਤਿਵਾਦ ਖਿਲਾਫ ਇਕ ਨਵੀਂ ਮੁਹਿੰਮ ਸ਼ੁਰੂ ਹੋਈ। 11 ਸਤੰਬਰ ਨੂੰ 19 ਅਤਿਵਾਦੀਆਂ ਨੇ ਮਿਲ ਕੇ 4 ਅਮਰੀਕੀ ਜਹਾਜ਼ਾਂ ਨੂੰ ਅਗਵਾ ਕਰ ਲਿਆ ਅਤੇ ਵਰਲਡ ਟਰੇਡ ਸੈਂਟਰ, ਪੈਂਟਾਗੋਨ ਅਤੇ ਅਮਰੀਕਾ ਦੀਆਂ ਹੋਰ ਪ੍ਰਮੁੱਖ ਥਾਵਾਂ 'ਤੇ ਹਮਲਾ ਕਰ ਦਿੱਤਾ। ਇਸ ਹਾਦਸੇ ਵਿਚ 2998 ਲੋਕਾਂ ਦੀ ਮੌਤ ਹੋ ਗਈ।

### ਵਿਸ਼ਵ ਦੇ ਪ੍ਰਮੁੱਖ ਜਹਾਜ਼ ਅਗਵਾ ਕਾਂਡ

ਸਾਲ 2009 ਵਿਚ ਜਹਾਜ਼ ਅਗਵਾ ਦੀਆਂ ਦੋ ਘਟਨਾਵਾਂ ਸਾਹਮਣੇ ਆਈਆਂ-ਕੈਨਜੇਟ ਫਲਾਈਟ 918 ਦਾ ਬੋਇੰਗ ਸੈਂਗਸਟਰ ਇੰਟਰਨੈਸ਼ਨਲ ਏਅਰਪੋਰਟ ਮੋਂਟੇਗੋ ਬੇ ਜਮਾਇਕਾ ਤੋਂ ਕਿਊਬਾ ਜਾ ਰਿਹਾ ਸੀ, ਜਿਸ ਨੂੰ ਹਥਿਆਰਬੰਦ ਅਤਿਵਾਦੀ ਨੇ ਅਗਵਾ ਕਰ ਲਿਆ। ਉਸ ਨੇ ਕਰੂ ਤੋਂ ਕਿਊਬਾ ਉਡਾਨ ਭਰਨ ਲਈ ਕਿਹਾ। ਜਹਾਜ਼ ਵਿਚ ਸਵਾਰ ਯਾਤਰੀਆਂ ਨੇ ਅਤਿਵਾਦੀ ਨੂੰ ਪੈਸੇ ਦਿੱਤੇ ਤਾਂ ਕਿ ਉਹ ਉਨ੍ਹਾਂ ਨੂੰ ਛੱਡ ਦੇਵੇ। ਘੰਟਿਆਂ ਤੱਕ ਕਰੂ ਅਤੇ ਅਤਿਵਾਦੀ ਵਿਚਾਲੇ ਸੌਦੇਬਾਜ਼ੀ ਚੱਲੀ। ਪੁਲੀਸ ਨੇ ਬਾਅਦ ਵਿਚ ਕਾਰਵਾਈ ਕਰਦਿਆਂ ਅਗਵਾਕਾਰ ਨੂੰ ਗ੍ਰਿਫਤਾਰ ਕਰ ਲਿਆ। ਪੂਰੀ ਘਟਨਾ ਵਿਚ ਕਿਸੇ ਦੇ ਵੀ ਨੁਕਸਾਨ ਹੋਣ ਦੀ ਖ਼ਬਰ ਨਹੀਂ ਆਈ।

ਏਰੋ ਮੈਕਸੀਕੋ ਫਲਾਈਟ 576 ਦੇ ਜਹਾਜ਼ ਨੂੰ ਕਕੂਨ ਤੋਂ ਮੈਕਸੀਕੋ ਸਿਟੀ ਦੀ ਉਡਾਨ ਦੌਰਾਨ ਅਗਵਾ ਕਰ ਲਿਆ ਗਿਆ। ਬੋਲਿਵਿਆ ਦੇ ਨਾਗਰਿਕ ਇਸ ਅਗਵਾਕਰਤਾ ਦੀ ਮੰਗ ਸੀ ਕਿ ਉਹ ਮੈਕਸੀਕਨ ਰਾਸ਼ਟਰਪਤੀ ਨਾਲ ਗੱਲ ਕਰਨਾ ਚਾਹੁੰਦਾ ਹੈ। ਬਾਅਦ ਵਿਚ ਜਹਾਜ਼ ਨੂੰ ਮੈਕਸੀਕੋ ਸਿਟੀ ਵਿਚ ਲੈਂਡ ਕਰਵਾਇਆ ਗਿਆ। ਇਸ ਜਹਾਜ਼ ਵਿਚ ਉਸ ਆਦਮੀ ਤੋਂ ਇਲਾਵਾ 5 ਹੋਰ ਅਗਵਾਕਾਰ ਸਵਾਰ ਸਨ ਪਰ ਇਕ ਹੀ ਨੂੰ ਗ੍ਰਿਫਤਾਰ ਕੀਤਾ ਜਾ ਸਕਿਆ।


# Children's Education Funds Inc.

## ਕੀ ਤੁਸੀਂ ਜਾਣਦੇ ਹੋ?

* ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
* ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ।
* ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪਲੈਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੈਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
* ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਲੈ ਸਕਦੇ ਹੋ।ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੇ।
* ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੇ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇਂ ਮਿਲ ਸਕਦਾ ਹੈ।
* ਸੈਨਟੇਨੀਅਲ ਗਰਾਂਟ (800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

## Did You Know?

* That Canadian Government announced to give $100 for every child up to 6 years of age?
* That this $100 will be coming to every parent for every child under 6 year of age starting the month of July 2006?
* That of you save money in your RESP, you can get all the Federal and Provincial Grants from the Government?
* That you can have as many RESP's as you want as long as total life time contribution per child is not over $50,000?
* That if you save $100 only for 5 years in CET Group Plan, it could add up to approximately $31,000* after 18 years?

*ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ।*

**Save New Free Money From Government For Your Child's Education Plan & Get Grants From Government**

*Want to know more about above all, please call today for FREE information* **JESSIE SINGH C.A.I.B.**
*(Branch Manager) of Children Education Funds Inc.*

# 403-830-7007



Jessie Singh C.A.I.B.

Based on post performance & actual educational assistance paid. This amount includes CESG, Enhanced CESG, CLB and ACES. This amount is not intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਪਹਿਲੀ ਦਸਤਕ

ਨਵੇਂ ਵਰ੍ਹੇ ਵਿਚ ਨਵੀਆਂ ਉਮੀਂਦਾ, ਨਵੇਂ ਸੰਕਲਪਾਂ ਅਤੇ ਉਤਸ਼ਾਹ ਨਾਲ 'ਨਵੀਂ ਦੁਨੀਆ' ਦੇ ਰੂਪ ਵਿਚ ਪੰਜਾਬੀ ਪਿਆਰਿਆਂ ਦੇ ਦਰਾਂ ਉੱਪਰ ਸਾਡੀ ਇਹ ਪਹਿਲੀ ਦਸਤਕ ਹੈ। ਪੰਜਾਬੀ ਬੰਦਾ ਹੁਣ ਸਿਰਫ਼ ਆਪਣੇ ਪਿੰਡ, ਸ਼ਹਿਰ, ਸੂਬੇ ਜਾਂ ਮੁਲਕ ਹੀ ਨਹੀਂ ਸਗੋਂ ਸੰਸਾਰ ਦੇ ਹਰ ਹਿੱਸੇ ਵਿਚ ਆਪਣੀ ਮਿਹਨਤ ਅਤੇ ਕਾਬਲੀਅਤ ਨਾਲ ਸਫ਼ਲਤਾ ਦੀਆਂ ਨਵੀਆਂ ਇਬਾਰਤਾਂ ਲਿਖ ਰਿਹਾ ਹੈ। ਪਰ ਇਸ ਦੇ ਨਾਲ ਹੀ ਉਹਨੂੰ ਗਲੋਬਲ ਵਰਤਾਰਿਆਂ ਨਾਲ ਦੋ ਚਾਰ ਹੋਣ ਵਿਚ ਕੁਝ ਦਿਕੱਤਾਂ ਵੀ ਪੇਸ਼ ਹਨ। ਦਰਅਸਲ ਤੇਜ਼ੀ ਅਤੇ ਕੁਚੱਜੇ ਢੰਗ ਨਾਲ ਬਦਲ ਰਹੀਆਂ ਸੰਸਾਰ ਪ੍ਰਸਥਿਤੀਆਂ ਵਿਚ ਮਸਲਾ ਹੁਣ ਸਿਰਫ਼ ਪੰਜਾਬੀ, ਭਾਰਤੀ ਜਾਂ ਅਮਰੀਕਨ, ਬਰਤਾਨਵੀ ਤੇ ਕੈਨੇਡੀਅਨ ਬੰਦੇ ਤਕ ਹੀ ਸੀਮਤ ਨਹੀਂ ਸਗੋਂ ਮਾਮਲੇ ਕੁਲ ਮਨੁੱਖ ਜਾਤੀ ਦੇ ਨਾਲ-ਨਾਲ ਅਪਣੀ ਧਰਤੀ ਤੇ ਅੰਬਰ ਨਾਲ ਵੀ ਜਾ ਜੁੜੇ ਹਨ। ਲੜਾਈ ਹੁਣ ਨਿੱਜ ਨੂੰ ਬਚਾਉਣ ਦੀ ਨਾ ਹੋ ਕੇ ਕੁਲ ਦੁਨੀਆ ਦੀਆਂ ਲੋਕ ਭਾਸ਼ਾਵਾਂ, ਲੋਕ ਬੋਲੀਆਂ ਅਤੇ ਲੋਕ ਸੱਭਿਆਚਾਰਾਂ ਗੱਲ ਕੀ ਬ੍ਰਹਿਮੰਡ ਵਿਚ ਮੌਜੂਦ ਹਰ ਚੰਗੀ ਸ਼ੈਅ ਨੂੰ ਬਚਾਉਣ ਦੀ ਹੈ।
ਪੱਤਰਕਾਰਤਾ ਦੇ ਹਵਾਲੇ ਨਾਲ ਗੱਲ ਥੋੜ੍ਹੀ ਖੋਲ੍ਹ ਕੇ ਕਰੀਏ।

ਵਿਹਾਰਕ ਪੱਖੋਂ ਮਨੁੱਖ ਪ੍ਰਸਥਿਤੀਆਂ ਮੁਤਾਬਕ ਬਦਲਦਾ ਰਹਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਬਹੁਤ ਵੇਰ ਆਮ ਮਨੁੱਖ ਅਚਾਨਕ ਆਈ ਤਬਦੀਲੀ ਨੂੰ ਸਮਝਣ ਤੇ ਝੱਲਣ ਲਈ ਤਿਆਰ ਨਹੀਂ ਹੁੰਦਾ ਖਾਸ ਕਰਕੇ ਉਹ ਤਬਦੀਲੀ ਜਿਸ ਦਾ ਸਿੱਧਾ ਸਬੰਧ ਸਮਾਜਕ ਤੇ ਧਾਰਮਕ ਜੀਵਨ ਨਾਲ ਜੁੜਿਆ ਹੁੰਦਾ ਹੈ। ਸੁਭਾਅ ਅਨੁਸਾਰ ਮਨੁੱਖ ਪੁਰਾਣਾ ਇਤਹਾਸ ਤੇ ਮਿਥਹਾਸ ਲੈ ਕੇ ਜ਼ਿੰਦਗੀ ਗੁਜ਼ਾਰਦਾ ਹੈ। ਹੌਲੀ ਹੌਲੀ ਨਵੀਨਤਾ ਨੂੰ ਅਪਣਾਉਂਦਾ ਹੈ ਤੇ ਪੁਰਾਣਾ ਛੱਡਦਾ ਜਾਂਦਾ ਹੈ। ਇਹ ਅਮਲ ਸੁਭਾਵਿਕ ਹੈ ਤੇ ਯਕੀਨਨ ਵੀ। ਨਵਾਂ ਬਦਲਾਅ ਬਹੁਤ ਵੇਰ ਮਾਨਸਕ ਟਕਰਾਅ ਵਾਲੀ ਸਥਿਤੀ ਪੈਦਾ ਕਰ ਦੇਂਦਾ ਹੈ ਤੇ ਮਨੁੱਖ ਦੂਹਰੀ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਕੁੱਝ ਸਮੇਂ ਲਈ ਅਸਲੀਅਤ ਤੋਂ ਦੂਰ ਚਲੇ ਜਾਂਦਾ ਹੈ। ਅਜੋਕੇ ਯੁਗ ਵਿਚ ਸੰਸਾਰ ਪੱਧਰ 'ਤੇ ਇੰਟਰਨੈਟ ਜ਼ਰੀਏ ਵਧੇ ਸੰਚਾਰ ਨੇ ਜਾਣਕਾਰੀ ਦੀ ਬਹੁਤਾਤ ਕਰ ਦਿੱਤੀ ਹੈ। ਜਨ-ਸੰਚਾਰ ਬੜਾ ਹੀ ਸਸਤਾ ਤੇ ਸੌਖਾ ਹੋ ਗਿਆ ਹੈ। ਇਸ ਬਹੁਤਾਤ ਤੇ ਸੌਖੇ ਉਪਲਬਧ ਹੋਣ ਕਾਰਣ ਹਰ ਤਰ੍ਹਾਂ ਦੀ ਮਾੜੀ ਚੰਗੀ ਜਾਣਕਾਰੀ ਇੰਟਰਨੈਟ 'ਤੇ ਮੌਜੂਦ ਹੈ। ਇਸ ਮਾੜੀ ਚੰਗੀ ਜਾਣਕਾਰੀ ਦਾ ਸੁੱਖ ਤੇ ਦੁੱਖ ਵਿਅਕਤੀਗਤ ਤੌਰ 'ਤੇ ਦੇਖਣ ਸੁਨਣ ਨੂੰ ਮਿਲਿਆ ਹੈ। ਇਹੋ ਜਿਹੀਆਂ ਪ੍ਰਸਥਿਤੀਆਂ ਸਦਕਾ ਪੰਜਾਬੀ ਲਿਖਤ ਵਿਚ ਵੀ ਵੱਡੇ ਪੱਧਰ ਉੱਤੇ ਦੇਸ਼ ਵਿਦੇਸ਼ ਵਿਚ ਵਾਧਾ ਹੋਇਆ ਹੈ। ਬਿਨਾਂ ਸ਼ੱਕ ਬਹੁਤਾਤ ਕਿਸੇ ਵੀ ਸ਼ੈਅ ਲਿਖਤ ਦੀ ਗੁਣਵਤਾ ਘਟਾਉਂਦੀ ਹੈ। ਇਸ ਘੜਮੱਸ ਵਿਚ ਪਾਏਦਾਰ ਲਿਖਤ ਵੀ ਕਈ ਵਾਰ ਅਣਗੌਲੀ ਜਾਂਦੀ ਹੈ। ਬਹੁਲਤਾ ਹੋ ਜਾਣ ਕਾਰਣ ਪੜ੍ਹਨ ਵਾਲਿਆਂ ਨੂੰ ਇਹ ਨਹੀਂ ਪਤਾ ਲੱਗਦਾ ਕਿ ਕਿਹੜੀ ਕਿਤਾਬ, ਰਸਲੇ ਜਾਂ ਅਖ਼ਬਾਰ ਨੂੰ ਪੜ੍ਹਨਾ ਚਾਹੀਦਾ ਹੈ ਤੇ ਕਿਸ ਨੂੰ ਨਹੀਂ। ਦੁਹਰਾਅ ਆ ਜਾਣ ਕਰਕੇ ਵੀ ਰਸਾਲਿਆਂ ਅਤੇ ਅਖ਼ਬਾਰਾਂ ਦੀ ਰੌਚਕਤਾ ਤੇ ਮੌਲਿਕਤਾ ਖ਼ਤਮ ਹੋ ਜਾਂਦੀ ਹੈ।

ਸਾਹਿਤ ਤੇ ਪੱਤਰਕਾਰੀ ਵਿਚ ਕਾਫੀ ਕੁੱਝ ਰਲਵਾਂ ਮਿਲਵਾਂ ਵੀ ਹੈ ਤੇ ਵੱਖਰਾ ਵੀ। ਪਰ ਪ੍ਰਦੂਸ਼ਣ ਦੋਵੇਂ ਧਾਰਾਵਾਂ ਵਿਚ ਕਾਫੀ ਹੈ। ਵਾਯੂਮੰਡਲ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਤਾਂ ਸੰਸਾਰ ਪੱਧਰ 'ਤੇ ਚੇਤਨਤਾ ਦਿਖਾਈ ਦੇ ਰਹੀ ਹੈ ਪਰ ਸਾਹਿਤਕ ਤੇ ਪੱਤਰਕਾਰੀ ਵਾਲੇ ਪ੍ਰਦੂਸ਼ਣ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ। ਸਮੇਂ ਦਾ ਸਦੀਵੀ ਨੁਸਖਾ ਤਾਂ ਬੇਤਰਤੀਬੀ ਤੇ ਬੇਸੁਆਦੀ ਸ਼ੈਅ ਨੂੰ ਛਾਨਣੀ ਵਾਂਗੂ ਛਾਣ ਦੇਵੇਗਾ। ਪਰ ਕਾਫੀ ਸਮਾਂ ਇਹੋ ਜਿਹੀਆ ਲਿਖਤਾਂ ਚੁਰਸਤਿਆਂ ਵਾਲੀ ਭੀੜ ਬਣੀਆਂ ਰਹਿੰਦੀਆਂ ਹਨ। ਫੈਸ਼ਨ ਦੇ ਤੌਰ 'ਤੇ ਕਵੀ, ਕਹਾਣੀਕਾਰ ਜਾਂ ਪੱਤਰਕਾਰ ਬਨਣ ਦੀ ਇੱਛਾ ਰੱਖਣਾ ਤੇ ਸ਼ੁਰੂਆਤ ਕਰਨਾ ਤਾਂ ਸੌਖਾ ਹੈ, ਪਰ ਇਸ ਇੱਛਾ ਪਿੱਛੇ ਲੁਕੀਆਂ ਜ਼ਿੰਮੇਵਾਰੀਆਂ ਦੀ ਖਾਸ ਪਹਿਚਾਣ ਹੋਣੀ ਜ਼ਰੂਰੀ ਹੈ। ਅਣਉਚਿਤ ਇਛਾਵਾਂ ਜੇਕਰ ਜ਼ਿੰਮੇਵਾਰੀਆਂ ਦਾ ਅਹਿਸਾਸ ਨਾ ਕਰ ਸਕਣ ਤਾਂ ਸੱਭਿਆਚਾਰਕ ਗਿਰਾਵਟ ਤੇਜ਼ੀ ਨਾਲ ਆਉਂਦੀ ਹੈ। ਇਹ ਗਿਰਾਵਟ ਕਿਸੇ ਇਕ ਸੱਭਿਆਚਾਰ ਦਾ ਨਹੀਂ ਬਲਕਿ ਵਿਸ਼ਵ ਸੱਭਿਆਚਾਰ ਦਾ ਨੁਕਸਾਨ ਕਰਦੀ ਹੈ। ਪੰਜਾਬੀ ਬੋਲੀ ਦਾ ਪ੍ਰਸਾਰ ਪੰਜਾਬੋਂ ਬਾਹਰ ਵੀ ਵਿਸ਼ਵ ਦੇ ਤਕਰੀਬਨ ਹਰ ਕੋਨੇ 'ਤੇ ਹੋ ਰਿਹਾ ਹੈ। ਇਸੇ ਤਰ੍ਹਾਂ ਹੀ ਸੰਚਾਰ-ਮਾਧਿਅਮ ਵੱਧ ਰਿਹਾ ਹੈ। ਇਹ ਸੰਚਾਰ-ਮਾਧਿਅਮ ਅਖਬਾਰਾਂ, ਰਸਾਲਿਆਂ, ਰੇਡਿਓ ਤੇ ਟੈਲੀਵੀਜ਼ਨ ਦੁਆਰਾ ਜ਼ਿਆਦਾ ਹੁੰਦਾ ਹੈ। ਸੋ ਹਰ ਸੰਚਾਰ ਮਾਧਿਅਮ ਦੀ ਇਹ ਨੈਤਿਕ ਜੁੰਮੇਵਾਰੀ ਬਣਦੀ ਹੈ ਕਿ ਉਹ ਮਿਆਰੀ ਸਾਹਿਤ ਤੇ ਪੱਤਰਕਾਰੀ ਨੂੰ ਜਨਤਾ ਸਾਹਮਣੇ ਪੇਸ਼ ਕਰੇ ਤਾਂ ਕਿ ਸੱਭਿਆਚਾਰਕ ਗਿਰਾਵਟ ਨੂੰ ਠੱਲ ਪਾਈ ਜਾ ਸਕੇ। ਲੋਕਾਂ ਨੂੰ ਹਰ ਸੰਚਾਰ ਵਰਤਾਰਾ ਪਾਰਖੂ ਅੱਖ ਨਾਲ ਵਿਚਾਰਦਿਆਂ, ਕਿਸੇ ਵੀ ਅਣਉਚਿਤ ਘਟਨਾ, ਸਥਾਨ ਜਾਂ ਵਿਉਂਤਬੰਦੀ ਨੂੰ ਅਸਵੀਕਾਰ ਕਰਨਾ ਚਾਹੀਦਾ ਹੈ। ਇਹੋ ਜਿਹੀ ਹੀ ਜ਼ਿੰਮੇਵਾਰੀ ਵਪਾਰਕ ਅਦਾਰਿਆਂ ਵੱਲੋਂ ਨਿਭਾਉਣੀ ਚਾਹੀਦੀ ਹੈ ਕਿ ਉਹ ਮਿਆਰੀ ਗੱਲ ਦਾ ਸਾਥ ਦੇਣ ਨਾ ਕਿ ਭੀੜ ਦਾ ਹਿੱਸਾ ਬਨਣ। ਰਲ ਕੇ ਹੰਭਲਾ ਮਾਰਨ ਨਾਲ ਬੋਲੀ ਦਾ ਵਿਕਾਸ ਤੇ ਭਾਈਚਾਰਕ ਸਹਿਚਾਰ ਗੂੜਾ ਹੋ ਸਕਦਾ ਹੈ। ਇਸੇ ਉਮੀਦ ਨਾਲ "ਨਵੀਂ ਦੁਨੀਆ" ਦੀ ਪ੍ਰਬੰਧਕੀ ਟੀਮ ਵੱਲੋ ਇਹ ਉੱਪਰਾਲਾ ਕੀਤਾ ਗਿਆ ਹੈ। ਨੈਤਿਕ ਤੇ ਸਮਾਜਿਕ ਜ਼ੁੰਮੇਵਾਰੀਆਂ ਦਾ ਅਹਿਸਾਸ ਕਰਦਿਆਂ ਇਸ ਪਰਚੇ ਰਾਹੀਂ ਅਗਾਂਹਵਧੂ ਪੱਤਰਕਾਰੀ ਤੇ ਸਾਹਿਤ ਨਾਲ ਜੁੜਨ ਦੀ ਕੋਸ਼ਿਸ਼ ਹੈ। ਇਕ ਨਰੋਏ ਸਮਾਜ ਦੀ ਸਥਾਪਨਾ ਤੇ ਤਰਤੀਬੀ ਵਿਚਾਰ ਵਟਾਂਦਰਾਂ ਪੇਸ਼ ਕਰਦਿਆਂ ਪਰਚੇ ਦੀ ਨੀਂਹ ਧਰਮ ਨਿਰਪੱਖ, ਨਿਆਂਪੂਰਕ, ਸੰਤੁਲਤ, ਰੌਚਕ ਤੇ ਮੌਲਿਕ ਰੱਖਣ ਦਾ ਨਿਸ਼ਚਿਤ ਉਪਰਾਲਾ ਕੀਤਾ ਜਾਵੇਗਾ। ਪਰਚੇ ਵਿਚ ਪੱਤਰਕਾਰੀ ਮਿਆਰਾਂ ਅਤੇ ਸਾਰਥਿਕਤਾ 'ਤੇ ਪਹਿਰਾ ਦਿੱਤਾ ਜਾਏਗਾ। ਪਰਚੇ ਦੀ ਸਮੱਗਰੀ ਵੰਨ ਸੁਵੰਨੀ ਤੇ ਜਾਣਕਾਰੀ ਭਰਪੂਰ ਹੋਵੇਗੀ। ਵਿਦਵਾਨ ਖੋਜੀਆਂ, ਬੋਲੀ ਮਾਹਿਰਾਂ ਦੇ ਨਾਲ ਨਾਲ ਤੁਹਾਡੇ ਸੁਹਜ ਤੇ ਸਵਾਦ ਦਾ ਵੀ ਖਾਸ ਖ਼ਿਆਲ ਰੱਖਿਆ ਜਾਵੇਗਾ। ਹਰ ਵਰਗ ਦੀਆਂ ਪ੍ਰਚੱਲਤ ਜਾਂ ਅਪ੍ਰਚੱਲਤ ਸ਼ਖਸ਼ੀਅਤਾਂ, ਵਿਰਾਸਤ, ਸਥਾਨਕ ਤੇ ਅਸਥਾਨਕ ਮੁੱਦਿਆ 'ਤੇ ਵਿਸ਼ਵ ਵਿਆਪੀ ਬਹਿਸ ਮੁਬਾਹਸਾ ਵੀ ਇਸ ਪਰਚੇ ਦਾ ਅਹਿਮ ਹਿੱਸਾ ਹੋਣਗੇ। ਹਰ ਚੁਣੌਤੀ ਨੂੰ ਸਾਹਮਣੇ ਹੋ ਕੇ ਟਕਰਨ ਦੀ ਲੜਾਈ ਵਿਚ ਹੀ ਅਪਣਾ ਬਣਦਾ ਹਿੱਸਾ ਪਾਉਣ ਲਈ 'ਨਵੀਂ ਦੁਨੀਆ' ਰਾਹੀਂ ਇਕ ਕਾਫ਼ਲੇ ਦੀ ਸਿਰਜਣਾ ਦਾ ਇਹ ਯਤਨ ਕਬੂਲ ਕਰਨਾ।

Editorial Board: **Dalbir Sangione, Navtej (Canada)**
**Sushil Dosanjh (India)**
Advisory Board: **Dr. Karamjit Singh (Kurukshetra)**
**Prof. Rakesh Raman (Ludhiana)**
**Sulakhan Sarhadi (Gurdaspur)**
**Jasbir Deol (Edmonton)**
**Jessie Singh (Calgary)**

**Nawi Dunia Media & Entertainers Inc.**
**2nd Floor 3448 – 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
e-mail: **info@nawidunia.com**

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਨਵੀਂ ਦੁਨੀਆ ਵਿਰੁੱਧ ਕੋਈ ਵੀ ਕਾਨੂੰਨੀ ਚਾਰਾਜੋਈ ਕੈਨੇਡਾ ਦੀਆਂ ਅਦਾਲਤਾਂ ਵਿੱਚ ਹੀ ਹੋ ਸਕੇਗੀ।

# ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਭਾਗ ਲੈਣ ਬਾਰੇ ਛਿੜਿਆ ਵਿਵਾਦ

■ਪ੍ਰੋ. ਰਾਕੇਸ਼ ਰਮਨ



ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਅਗਾਮੀ ਚੋਣਾਂ 'ਚ ਭਾਗ ਲੈਣ ਜਾਂ ਨਾ ਲੈਣ ਬਾਰੇ ਜ਼ਿਆਦਾਤਰ ਗ਼ੈਰ-ਅਕਾਲੀ ਰਾਜਸੀ ਪਾਰਟੀਆਂ ਖ਼ਾਮੋਸ਼ ਹਨ। ਇਨ੍ਹਾਂ ਵੱਲੋਂ ਇਨ੍ਹਾਂ ਚੋਣਾਂ ਸਬੰਧੀ ਕੋਈ ਵਿਸ਼ੇਸ਼ ਦਿਲਚਸਪੀ ਤੇ ਉਤਸ਼ਾਹ ਦਾ ਪ੍ਰਗਟਾਵਾ ਵੀ ਨਹੀਂ ਕੀਤਾ ਗਿਆ। ਇਨ੍ਹਾਂ ਚੋਣਾਂ ਦਾ ਰਾਜਸੀ ਮਹੱਤਵ ਵੀ ਕੋਈ ਬਣਦਾ ਹੈ ਜਾਂ ਇਹ ਕੇਵਲ ਇਕ ਧਾਰਮਿਕ ਫ਼ਿਰਕੇ ਦੇ ਅੰਦਰੂਨੀ ਮਾਮਲੇ ਤੱਕ ਹੀ ਸੀਮਿਤ ਹਨ, ਇਸ ਬਾਰੇ ਵੀ ਕੋਈ ਵਧੇਰੇ ਵਿਚਾਰ ਚਰਚਾ ਦਾ ਮਾਹੌਲ ਨਹੀਂ ਬਣਿਆ। ਹੁਣ ਤੱਕ ਕੀ ਕੇਵਲ ਇਸ ਕਮੇਟੀ ਦੀ ਭੂਮਿਕਾ ਗ਼ੈਰ-ਸਿਆਸੀ ਅਰਥਾਤ ਧਾਰਮਿਕ ਮਾਮਲਿਆਂ ਤੱਕ ਹੀ ਸੀਮਿਤ ਰਹੀ ਹੈ, ਇਸ ਸਵਾਲ ਸਬੰਧੀ ਵੀ ਕੋਈ ਠੋਸ ਰਾਇ ਸਿਆਸੀ ਹਲਕਿਆਂ 'ਚ ਨਹੀਂ ਬਣ ਸਕੀ ਹੈ। ਸਿੱਖ ਧਰਮ ਨਾਲ ਸਬੰਧਿਤ ਰਾਜਸੀ ਗਰੁੱਪ ਹੀ ਇਸ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਸਿੱਖ ਫਿਰਕੇ ਅੰਦਰ ਧਰੁਵੀਕਰਣ ਕਰ ਰਹੇ ਹਨ। ਸਿੱਖਾਂ ਦਾ ਇਕ ਵੱਡਾ ਭਾਗ, ਜੋ ਕਿ ਗ਼ੈਰ-ਅਕਾਲੀ ਧਰਮ ਨਿਰਪੱਖ ਪਾਰਟੀਆਂ ਨਾਲ ਜੁੜਿਆ ਹੋਇਆ ਹੈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਰੇ ਕੀ ਪੁਜ਼ੀਸ਼ਨ ਲਵੇ, ਵਿਸ਼ੇਸ਼ ਕਰਕੇ ਉਸ ਸਥਿਤੀ 'ਚ ਜਦੋਂ ਉਨ੍ਹਾਂ ਦੀਆਂ ਆਪਣੀਆਂ ਪਾਰਟੀਆਂ ਇਨ੍ਹਾਂ ਚੋਣਾਂ ਤੋਂ ਲਾਂਭੇ ਹਨ, ਇਸ ਬਾਰੇ ਸਥਿਤੀ ਕੁੱਝ ਨਾ ਸਮਝ ਆਉਣ ਵਾਲੀ ਬਣੀ ਹੋਈ ਹੈ। ਜਿਵੇਂ ਕਿ ਉੱਪਰ ਵੀ ਜ਼ਿਕਰ ਕੀਤਾ ਗਿਆ ਹੈ ਕਿ ਚੋਣਾਂ ਦੇ ਮਾਮਲੇ 'ਤੇ ਜ਼ਿਆਦਾਤਰ ਰਾਜਸੀ ਪਾਰਟੀਆਂ ਨੇ ਚੁੱਪ ਵੱਟੀ ਹੋਈ ਹੈ, ਪ੍ਰੰਤੂ ਪੰਜਾਬ ਦੀ ਪ੍ਰਮੁੱਖ ਧਰਮ ਨਿਰਪੱਖ ਪਾਰਟੀ ਕਾਂਗਰਸ ਅੰਦਰ ਇਸ ਮਾਮਲੇ ਨੂੰ ਲੈ ਕੇ ਜ਼ਿਕਰਯੋਗ ਹਿਲਜੁਲ ਹੋਈ ਹੈ। ਭਾਵੇਂ ਇਸ ਹਿਲਜੁਲ ਦੇ ਕੁੱਝ ਕਾਰਨ ਕਾਂਗਰਸ ਅੰਦਰਲੀ ਧੜੇਬੰਦੀ ਨਾਲ ਜੁੜੇ ਹੋਏ ਹਨ, ਪ੍ਰੰਤੂ ਇਹ ਵੀ ਜ਼ਮੀਨੀ ਹਕੀਕਤ ਹੈ ਕਿ ਇਸ ਪਾਰਟੀ ਅੰਦਰ ਇਕ ਅਜਿਹਾ ਪ੍ਰਭਾਵਸ਼ਾਲੀ ਧੜਾ ਮੌਜੂਦ ਹੈ ਜਿਹੜਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਰਾਜਸੀ ਮਹੱਤਵ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ ਤੇ ਇਸਦੀਆਂ ਅਗਾਮੀ ਚੋਣਾਂ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਲਾਂਭੇ ਨਹੀਂ ਰੱਖਣਾ ਚਾਹੁੰਦਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਕ ਜਮਹੂਰੀ ਸੰਸਥਾ ਹੈ। ਇਹ ਸਿੱਖ ਧਰਮ ਵਿਚ ਪ੍ਰਵਾਣਤ ਮਰਯਾਦਾ ਅਨੁਸਾਰ ਆਪਣੇ ਅਧੀਨ ਆਉਂਦੇ ਗੁਰਧਾਮਾਂ ਦੀ ਸਾਂਭ-ਸੰਭਾਲ ਦਾ ਕਾਰਜ ਕਰਦੀ ਹੈ। ਸਿੱਖ ਧਰਮ ਦੇ ਸਿਧਾਂਤਾਂ ਤੇ ਪਰੰਪਰਾਵਾਂ ਅਨੁਸਾਰ ਧਰਮ ਪ੍ਰਚਾਰ ਕਰਨ ਦੀ ਮੁੱਖ ਜ਼ੁੰਮੇਵਾਰੀ ਵੀ ਇਸੇ ਸੰਸਥਾ ਦੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕਰੋੜਾਂ ਰੁਪਏ ਦਾ ਸਾਲਾਨਾ ਬਜਟ ਹੁੰਦਾ ਹੈ। ਕਈ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਇਸਦੇ ਅਧੀਨ ਹੈ। ਇਸ ਕੋਲ ਆਮਦਨ ਦੇ ਬੇਹਿਸਾਬ ਵਸੀਲੇ ਹਨ। ਇਹ ਬਹੁਸਮਰੱਥ ਧਾਰਮਿਕ ਸੰਸਥਾ ਯਕੀਨਨ ਹੀ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਏ ਜਾਣ ਦੀ ਹੱਕਦਾਰ ਹੈ। ਇਹ ਸੰਸਥਾਂ ਜਿੱਥੇ ਸਿੱਖ ਸਿਆਸਤ ਦਾ ਬਹੁਤ ਵੱਡਾ ਹਾਸਲ ਹੈ ਉੱਥੇ ਸਿੱਖ ਸਿਆਸਤ ਦਾ ਧੁਰਾ ਵੀ ਹੈ।

ਸਿੱਖ ਸਮੁਦਾਇ ਦੀ ਸੰਸਥਾਗਤ ਉੱਨਤੀ 'ਚ ਗੁਰਧਾਮਾਂ ਦੇ ਯੋਗ ਪ੍ਰਬੰਧਨ ਦਾ ਬੜਾ ਭਾਰੀ ਯੋਗਦਾਨ ਰਿਹਾ ਹੈ। ਸ਼ੁਰੂ 'ਚ ਇਨ੍ਹਾਂ ਦੀ ਸੇਵਾ-ਸੰਭਾਲ ਦਾ ਕੰਮ ਗੁਰੂ ਦੇ ਸ਼ਿਸ਼ (ਸਿੱਖ) ਸੰਗਤ ਦੇ ਰੂਪ 'ਚ ਕਰਦੇ ਸਨ। ਫਿਰ ਇਸ ਕਾਰਜ ਲਈ ਗੁਰੂ ਸਹਿਬਾਨ ਵੱਲੋਂ ਆਪਣੇ ਵਿਸ਼ੇਸ਼ ਸ਼ਰਧਾਲੂ ਵੀ ਨਾਮਜ਼ਦ ਕੀਤੇ ਜਾਣ ਲੱਗੇ। ਇਕ ਸੁਚੱਜੀ ਪ੍ਰਣਾਲੀ ਦੀ ਸ਼ਕਲ 'ਚ ਇਹ ਸਾਰਾ ਕਾਰਜ ਗੁਰੂ ਕੇਂਦਰ ਨਾਲ ਜੁੜਿਆ ਹੋਇਆ ਸੀ। ਹੌਲੀ-ਹੌਲੀ ਇਹ ਕਾਰਜ ਪ੍ਰਥਾ 'ਚ ਤਬਦੀਲ ਹੋ ਗਿਆ। ਪ੍ਰਥਾ ਇਕ ਤਰ੍ਹਾਂ ਦੀ ਸਥਾਪਤੀ ਹੀ ਹੁੰਦੀ ਹੈ ਤੇ ਸਥਾਪਤੀ 'ਚ ਨਿਘਾਰ ਦੀ ਸੰਭਾਵਨਾ ਹਮੇਸ਼ਾਂ ਬਣੀ ਰਹਿੰਦੀ ਹੈ। ਗੁਰੂ ਸਹਿਬਾਨ ਦੇ ਕਾਲ ਦੌਰਾਨ ਗੁਰਧਾਮਾਂ ਦੀ ਸੇਵਾ-ਸੰਭਾਲ 'ਚ ਜੋ ਨਿਘਾਰ ਆਏ ਉਹ ਗੁਰੂ ਸਾਹਿਬਾਨ ਨੇ ਆਪਣੇ ਤੇਜੱਸਵੀ ਪ੍ਰਭਾਵ ਦੁਆਰਾ ਦੂਰ ਕਰ ਲਏ, ਪ੍ਰੰਤੂ ਗੁਰੂ ਸਾਹਿਬਾਨ ਤੋਂ ਮਗਰੋਂ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਈ ਸਿੱਧੀ ਦਖ਼ਲਅੰਦਾਜ਼ੀ ਦੀ ਸੰਭਾਵਨਾ ਖ਼ਤਮ ਹੋ ਗਈ, ਸਿੱਟੇ ਵੱਜੋਂ ਗੁਰਦੁਵਾਰਿਆਂ ਦੇ ਪ੍ਰਬੰਧ 'ਤੇ ਕਾਬਜ਼ ਮਹੰਤ ਜ਼ੋਰ ਫੜ ਗਏ। ਉਨ੍ਹਾਂ ਨੇ ਨਾ ਕੇਵਲ ਗੁਰਧਾਮਾਂ ਨੂੰ ਨਿੱਜੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਸਗੋਂ ਸਿੱਖ ਪੰਥ ਦੀਆਂ ਲੋਕ-ਪੱਖੀ ਤੇ ਮਾਨਵਵਾਦੀ ਕਦਰਾਂ ਕੀਮਤਾਂ ਦਾ ਘਾਣ ਕਰਨਾ ਵੀ ਸ਼ੁਰੂ ਕਰ ਦਿੱਤਾ। ਉਹ ਅੰਗਰੇਜ਼ਾਂ ਦੇ ਪਿੱਠੂ ਬਣ ਬੈਠੇ ਤੇ ਭਾਰਤੀਆਂ ਉੱਪਰ ਅੰਗਰੇਜ਼ ਹਕੂਮਤ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦੇ ਭਾਈਵਾਲ ਬਣ ਗਏ। ਮਹੰਤਾਂ ਦੇ ਇਸ ਵਤੀਰੇ ਤੋਂ ਤੰਗ ਆ ਕੇ ਸਿੱਖਾਂ ਨੇ ਇਨ੍ਹਾਂ ਵਿਰੁੱਧ ਕਮਰਕੱਸੇ ਕਰ ਲਏ ਤੇ ਇਤਿਹਾਸਿਕ ਮੋਰਚੇ ਲਾ ਕੇ ਗੁਰਧਾਮਾਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਮੁਕਤ ਕਰਵਾ ਲਿਆ, ਜਿਸਦੇ ਫਲਸਰੂਪ ਗੁਰਧਾਮਾਂ ਦੇ ਸੁਯੋਗ ਪ੍ਰਬੰਧ ਲਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ।

ਜ਼ਾਹਿਰ ਹੈ ਕਿ ਸ਼੍ਰੋਮਣੀ ਗੁਰਦਾਵਾਰਾ ਪ੍ਰਬੰਧਕ ਕਮੇਟੀ ਨੂੰ ਰਾਜਨੀਤੀ ਦੀ ਗੁੜ੍ਹਤੀ ਮੁੱਢ 'ਚ ਹੀ ਮਿਲ ਗਈ ਤੇ ਗੁੜ੍ਹਤੀ ਦੇਣ ਵਾਲਿਆਂ 'ਚ ਲਗਭਗ ਸਭਨਾਂ ਪਾਰਟੀਆਂ ਦੇ ਵੱਖ-ਵੱਖ ਵਿਚਾਰਧਾਵਾਂ ਰੱਖਣ ਵਾਲੇ ਲੋਕ ਸ਼ਾਮਲ ਸਨ ਜਿਹੜੇ ਉਸ ਸਮੇਂ ਦੇਸ਼ ਦੇ ਇਤਿਹਾਸਿਕ ਕੌਮੀ ਮੁਕਤੀ ਅੰਦੋਲਨ ਨੂੰ ਪ੍ਰਣਾਏ ਹੋਏ ਸਨ। ਗੁਰਧਾਮਾਂ ਨੂੰ ਆਜ਼ਾਦ ਕਰਵਾਉਣਾ ਇਨ੍ਹਾਂ ਲਈ ਧਾਰਮਿਕ ਹੀ ਨਹੀਂ ਸਗੋਂ ਰਾਜਸੀ ਮੁਹਾਜ਼ ਦੀ ਵੀ ਇਕ ਮਹੱਤਵਪੂਰਣ ਜਿੱਤ ਸੀ ਕਿਉਂਕਿ ਮਹੰਤਾਂ ਦੀ ਹਾਰ ਅਸਿੱਧੇ ਰੂਪ 'ਚ ਅੰਗਰੇਜ਼ਾਂ ਦੀ ਹਾਰ ਵੀ ਸੀ। ਵੱਖ-ਵੱਖ ਪਾਰਟੀਆਂ ਦੇ ਕਈ ਨੇਤਾ ਅਕਾਲੀ ਨਾ ਹੁੰਦੇ ਹੋਏ ਵੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਈ ਮਹੱਤਵਪੂਰਣ ਅਹੁਦਿਆਂ 'ਤੇ ਬਿਰਾਜਮਾਨ ਰਹੇ। ਇਨ੍ਹਾਂ ਅਹੁਦਿਆਂ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਉਨ੍ਹਾਂ ਦੀ ਧਰਮ ਨਿਰਪੱਖਤਾ ਨੂੰ ਕਦੇ ਵੀ ਆਂਚ ਨਾ ਆਈ।

ਗੁਰਬਾਣੀ ਸਾਡਾ ਮਹਾਨ ਸਭਿਆਚਾਰਕ ਵਿਰਸਾ ਹੈ। ਪੰਜਾਬ ਦੇ ਸਿੱਖੀ ਤੋਂ ਵੱਖਰੀ ਪਛਾਣ ਵਾਲੇ ਲੱਖਾਂ ਲੋਕ ਵੀ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਹਨ। ਇਨ੍ਹਾਂ ਵਿਚ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਪਿਰਤ ਬਹੁਤ ਪੁਰਾਣੀ ਹੈ। ਸਿੱਖੀ ਸਿਧਾਂਤਾਂ ਤੇ ਆਦਰਸ਼ਾਂ ਦਾ ਪ੍ਰਬਲ ਪ੍ਰਭਾਵ ਪੰਜਾਬੀਆਂ ਉੱਪਰ ਦੇਖਕੇ ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਵੀ ਕੂਕ ਉੱਠਿਆ ਸੀ, 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜੀਂਦਾ ਸਾਰਾ ਗੁਰਾਂ ਦੇ ਨਾਮ 'ਤੇ'। ਇਸ ਤਰ੍ਹਾਂ ਦੀ ਸਥਿਤੀ 'ਚ ਜਦੋਂ ਹਰ ਪੰਜਾਬੀ ਧੁਰ ਅੰਦਰੋਂ ਸਿੱਖੀ ਪ੍ਰਤੀ ਸ਼ਰਧਾਵਾਨ ਹੋਵੇ ਤਾਂ ਉਹ ਸਿੱਖ ਗੁਰਧਾਮਾਂ ਤੇ ਵਿਰਸੇ ਦੀ ਸਾਂਭ-ਸੰਭਾਲ ਪ੍ਰਤੀ ਸੁਹਿਰਦਤਾ ਨਾਲ ਗੰਭੀਰਤਾ ਦਿਖਾਏ ਜਾਣ ਦਾ ਹੱਕਦਾਰ ਵੀ ਹੋ ਜਾਂਦਾ ਹੈ। ਉਹ ਇਸ ਅਹਿਮ ਜ਼ੁੰਮੇਵਾਰੀ ਨੂੰ ਸੰਭਾਲਣ ਵਾਲੀ ਸ਼੍ਰੋਮਣੀ ਕਮੇਟੀ ਦੀ ਚੋਣ ਪ੍ਰਤੀ ਵੀ ਉਤਸ਼ਾਹ ਦਿਖਾਉਣ ਦਾ ਨਾ ਕੇਵਲ ਅਧਿਕਾਰੀ ਹੈ, ਸਗੋਂ ਇਸਦੀ ਚੋਣ 'ਚ ਦਿਲਚਸਪੀ ਦਿਖਾਉਣਾ ਤੇ ਯੋਗ ਪ੍ਰਤੀਨਿੱਧਾਂ ਨੂੰ ਚੁਣਨ 'ਚ ਮਦਦਗਾਰ ਹੋਣਾ ਵੀ ਉਸਦਾ ਫ਼ਰਜ਼ ਬਣਦਾ ਹੈ। ਯੋਗ ਪ੍ਰਤੀਨਿੱਧਾਂ ਦੀ ਚੋਣ ਕਿਸੇ ਵੀ ਜਮਹੂਰੀ ਸੰਸਥਾ ਦੀ ਕਾਮਯਾਬੀ ਦੀ ਮੁਢਲੀ ਸ਼ਰਤ ਹੈ। ਗ਼ੈਰ-ਅਕਾਲੀ ਸਿਆਸੀ ਪਾਰਟੀਆਂ ਦੇ ਸਿੱਖਾਂ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕੇਵਲ ਇਸ ਆਧਾਰ 'ਤੇ ਵਰਜਿਤ ਨਹੀਂ ਹੋਣੀਆਂ ਚਾਹੀਦੀਆਂ ਕਿ ਉਹ ਕੋਈ ਵੱਖਰੀ ਰਾਜਸੀ ਵਿਚਾਰਧਾਰਾ ਰੱਖਦੇ ਹਨ। ਇਨ੍ਹਾਂ ਚੋਣਾਂ ਦੇ ਮਾਮਲੇ 'ਚ ਪ੍ਰਮੁੱਖਤਾ ਉਨ੍ਹਾਂ ਦੇ ਆਕੀਦੇ ਨੂੰ ਮਿਲਣੀ ਚਾਹੀਦੀ ਹੈ। ਇਹ ਬਲਵਾਨ ਆਕੀਦੇ ਦਾ ਹੀ ਨਤੀਜਾ ਸੀ ਕਿ ਅਪ੍ਰੇਸ਼ਨ ਬਲਿਊ ਸਟਾਰ ਸਮੇਂ ਧਰਮ ਨਿਰਪੱਖ ਕਾਂਗਰਸ ਪਾਰਟੀ ਦੇ ਕਈ ਵੱਡੇ ਆਗੂਆਂ ਨੇ ਆਪਣੇ ਅਹੁਦੇ ਠੁਕਰਾ ਦਿੱਤੇ ਸਨ। ਕਹਿਣ ਤੋਂ ਭਾਵ ਇਹ ਹੈ ਕਿ ਧਾਰਮਿਕ ਸ਼ਰਧਾ ਧਰਮ ਨਿਰਪੱਖਤਾ ਦੇ ਰਾਹ ਦਾ ਰੋੜਾ ਕਦੇ ਵੀ ਨਹੀਂ ਬਣਦੀ ਤੇ ਇਸ ਮੁੱਦੇ ਨੂੰ ਲੈ ਕੇ ਧਰਮ ਨਿਰਪੱਖ ਪਾਰਟੀਆਂ ਦੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਗੱਲ ਕਰਨ ਜਾਂ ਇਨ੍ਹਾਂ 'ਚ ਭਾਗ ਲੈਣ 'ਚ ਕੋਈ ਹਿਚਕਿਚਾਹਟ ਨਹੀਂ ਦਿਖਾਉਣੀ ਚਾਹੀਦੀ।

ਕਿਸੇ ਵੀ ਧਾਰਮਿਕ ਸੰਸਥਾ ਦੇ ਪ੍ਰਬੰਧ 'ਚ ਇਮਾਨਦਾਰੀ, ਕੁਸ਼ਲਤਾ, ਪਾਰਦਰਸ਼ਤਾ ਤੇ ਪਵਿੱਤਰਤਾ ਲਈ ਕੇਵਲ ਧਰਮ ਦਾ ਲੇਬਲ ਹੀ ਕਾਫ਼ੀ ਨਹੀਂ ਹੁੰਦਾ। ਅਜਿਹਾ ਹੁੰਦਾ ਤਾਂ ਗੁਰਦਵਾਰਿਆਂ ਦੇ ਸੇਵਾ ਸੰਭਾਲ ਲਈ ਪਹਿਲਾਂ ਕਾਇਮ ਹੋਈ ਮੰਜੀ-ਵਿਵਸਥਾ ਤੇ ਮਗਰੋਂ ਮਹੰਤ-ਵਿਵਸਥਾ 'ਚ ਕਦੇ ਨਿਘਾਰ ਨਹੀਂ ਸੀ ਆਉਣਾ। ਧਾਰਮਿਕ ਖੇਤਰ 'ਚ ਨਿਘਾਰ ਦੀ ਸੰਭਾਵਨਾ ਵੀ ਬਰਾਬਰ ਬਣੀ ਰਹਿੰਦੀ ਹੈ। ਖ਼ਾਸ ਕਰਕੇ ਉਸ ਹਾਲਤ ਵਿਚ ਜਦੋਂ ਆਮ ਲੋਕਾਂ ਦਾ ਧਿਆਨ ਇਸਦੇ ਚੰਗੇ-ਮਾੜੇ ਪੱਖਾਂ ਉੱਪਰ ਨਾ ਪੈ ਰਿਹਾ ਹੋਵੇ। ਪ੍ਰਬੰਧ ਪ੍ਰਤੀ ਲੋਕਾਂ ਦਾ ਅਵੇਸਲਾਪਣ ਸ਼ਾਤਰ ਲੋਕਾਂ ਨੂੰ ਆਪਣੇ ਸਵਾਰਥ ਸਿੱਧ ਕਰਨ ਲਈ ਲੋੜੀਂਦਾ ਓਹਲਾ ਦੇ ਦਿੰਦਾ ਹੈ। ਧਰਮ ਨਿਰਪੱਖਤਾ ਦੇ ਨਾਂ 'ਤੇ ਸਿੱਖਾਂ ਦੀ ਇਕ ਪ੍ਰਭਾਵਸ਼ਾਲੀ ਗਿਣਤੀ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਲਾਂਭੇ ਰੱਖਣਾ ਵੀ ਇਕ ਤਰ੍ਹਾਂ ਦਾ ਅਵੇਸਲਾਪਣ ਹੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਸਬੰਧ ਵਿਚ ਇਸ ਤੱਥ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਹ ਕਮੇਟੀ ਪਿਛਲੇ ਇਕ ਅਰਸੇ ਤੋਂ ਸੂਬੇ ਦੀ ਸਿਆਸੀ ਸੱਤਾ ਦੇ ਤਵਾਜ਼ਨ ਨੂੰ ਪ੍ਰਭਾਵਿਤ ਕਰਦੀ ਆ ਰਹੀ ਹੈ। ਸੂਬੇ ਦੀ ਮੌਜੂਦਾ ਗੱਠਜੋੜ ਸਰਕਾਰ ਵਿਚਲੀ ਪ੍ਰਮੁੱਖ ਭਾਈਵਾਲ ਪਾਰਟੀ ਦਾ ਇਸ ਉੱਪਰ ਮੁਕੰਮਲ ਗਲਬਾ ਹੈ ਤੇ ਇਹ ਕਮੇਟੀ ਪੰਜਾਬ ਅੰਦਰ ਹੁਕਮ-ਰਾਨ ਪਾਰਟੀ ਦੀ ਪਰਿਵਾਰਵਾਦੀ ਸਿਆਸਤ ਦੇ ਹਿੱਤ ਪੂਰ ਰਹੀ ਹੈ, ਜਿਸਨੂੰ ਕਿ ਸਮਾਜਿਕ, ਸਿਆਸੀ ਤੇ ਧਾਰਮਿਕ ਖੇਤਰ 'ਚ ਯੋਗ ਨਹੀਂ ਸਮਝਿਆ ਜਾ ਰਿਹਾ। ਸ਼੍ਰੋਮਣੀ ਕਮੇਟੀ ਦੇ ਇਸ ਝੁਕਾਅ ਦਾ ਪੰਥਕ ਵਿਰੋਧ ਵੀ ਕੋਈ ਘੱਟ ਨਹੀਂ ਹੋ ਰਿਹਾ। ਜੇਕਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪੰਜਾਬ ਦੇ ਸਿਆਸੀ ਤਵਾਜ਼ਨ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੈ ਤਾਂ ਫਿਰ ਸਾਰੀਆਂ ਸਿਆਸੀ ਧਿਰਾਂ ਲਈ ਹੀ ਇਹ ਗੌਲਣਯੋਗ ਹੈ। ਇਸ ਸਥਿਤੀ ਦੇ ਮੱਦੇਨਜ਼ਰ ਨਾ ਤਾਂ ਧਰਮ ਨਿਰਪੱਖ ਪਾਰਟੀਆਂ ਦਾ ਸ਼੍ਰੋਮਣੀ ਕਮੇਟੀ ਪ੍ਰਤੀ ਲੋੜੋਂ ਵੱਧ ਖ਼ਾਮੋਸ਼ ਰਹਿਣਾ ਕੋਈ ਅਰਥ ਰੱਖਦਾ ਹੈ ਤੇ ਨਾ ਹੀ ਪੰਜਾਬ ਕਾਂਗਰਸ ਅੰਦਰਲੀਆਂ ਉਨ੍ਹਾਂ ਆਵਾਜ਼ਾਂ ਦੀ ਕੋਈ ਤੁਕ ਬਣਦੀ ਹੈ ਕਿ ਪਾਰਟੀ ਨੇ ਇਸ ਕਮੇਟੀ ਦੀਆਂ ਚੋਣਾਂ ਤੋਂ ਕੁੱਝ ਲੈਣਾ-ਦੇਣਾ ਨਹੀਂ ਹੈ, ਸਗੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਨ੍ਹਾਂ ਤੋਂ ਅਸਲੋਂ ਹੀ ਅਲੱਗ-ਥਲੱਗ ਨਹੀਂ ਪੈਣਾ ਚਾਹੀਦਾ।

## ਸਿੱਖੀ ਦੀ ਧਰਮ-ਨਿਰਪੇਖਤਾ

ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਰਾਜ ਸਭਾ ਵਿਚ '84 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਲਈ ਨਿਆਂ ਦੀ ਮੰਗ ਕਰਦਿਆਂ ਮੈਂਬਰ ਪਾਰਲੀਮੈਂਟ ਤਰਲੋਚਨ ਸਿੰਘ ਨੇ ਸਿੱਖਾਂ ਦੀ ਧਰਮ-ਨਿਰਪੇਖਤਾ ਬਾਰੇ ਵੀ ਸਟੀਕ ਟਿੱਪਣੀ ਕੀਤੀ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਇਸ ਚੇਅਰਮੈਨ ਨੇ ਕਿਹਾ ਕਿ ਸਿੱਖੀ ਦੀ ਧਰਮ-ਨਿਰਪੇਖਤਾ ਦੀ ਇਸ ਤੋਂ ਵੱਡੀ ਹੋਰ ਕੀ ਮਿਸਾਲ ਹੋ ਸਕਦੀ ਹੈ ਕਿ ਇਸ ਦੇ ਤਾਂ ਸਰਬਉੱਚ ਧਰਮ ਅਸਥਾਨ ਦੀ ਨੀਂਹ ਵੀ ਜਿਸ ਫ਼ਕੀਰ ਨੇ ਰੱਖੀ ਉਹ ਇਕ ਮੁਸਲਮਾਨ ਸੀ।

## ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਦੀ ਸਲਾਹ

ਕੇਂਦਰੀ ਯੁਵਕ ਸੇਵਾਵਾਂ ਤੇ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਹਾਲੀਫੈਕਸ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦੈ। ਉਨ੍ਹਾਂ ਅਨੁਸਾਰ ਇਹ ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ ਨੇ ਜਿਨਸੀ-ਸਮਾਨਤਾ ਦਾ ਸੁਨੇਹਾ ਦਿੱਤਾ। ਹੁਣ ਜਦੋਂ ਹਾਲੀਫੈਕਸ ਦੇ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਪਹਿਲਕਦਮੀ ਕਰਕੇ ਅਮਲੀ ਜਾਮਾ ਪਹਿਨਾਇਆ ਹੈ ਤਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਣੇ ਜਨਰਲ ਹਾਊਸ ਦੀਆਂ ਪੰਜਾਹ ਫ਼ੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਕਰ ਦੇਣੀਆਂ ਚਾਹੀਦੀਆਂ ਹਨ।



ਕਾਂਗਰਸ ਪਾਰਟੀ ਦੇ ਇਸ ਕੇਂਦਰੀ ਮੰਤਰੀ ਦਾ ਇਹ ਵੀ ਸੁਝਾਅ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵਾਰੋ-ਵਾਰੀ ਔਰਤਾਂ ਤੇ ਮਰਦਾਂ ਵਿਚੋਂ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਇਸਦੀਆਂ ਹੋਰ ਪ੍ਰਬੰਧਕ ਕਮੇਟੀਆਂ 'ਚ ਔਰਤਾਂ ਨੂੰ ਬਰਾਬਰ ਪ੍ਰਤੀਨਿੱਧਤਾ ਮਿਲਣਾ ਯਕੀਨਨ ਹੀ ਸਹੀ ਦਿਸ਼ਾ 'ਚ ਇਕ ਅਗਾਂਹ ਵਧੂ ਕਦਮ ਹੋਵੇਗਾ।

# ਧਾਰਮਿਕ ਕੱਟੜਤਾ ਦੇ ਘਾਤਕ ਪ੍ਰਭਾਵ

**ਮੰਗਤ ਰਾਮ ਪਾਸਲਾ**



**ਉਂਝ ਤਾਂ ਸਮੁੱਚੇ ਭਾਰਤ ਵਿਚ ਹੀ ਧਾਰਮਕ-ਕੱਟੜਤਾ ਅਤੇ ਅਸਹਿਨਸ਼ੀਲਤਾ ਦਾ ਬੋਲਬਾਲਾ ਵੱਧ ਰਿਹਾ ਹੈ, ਪ੍ਰੰਤੂ ਜਿਸ ਤਰ੍ਹਾਂ ਪੰਜਾਬ ਵਿਚ ਕੁੱਝ ਤੱਤਾਂ ਵਲੋਂ ਵੱਖ ਵੱਖ ਧਰਮਾਂ ਤੇ ਫਿਰਕਿਆਂ ਵਿਚਕਾਰ ਖਿਚੋਤਾਣ ਪੈਦਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ, ਉਹ ਬਹੁਤ ਹੀ ਚਿੰਤਾਜਨਕ ਹਨ। ਇਕ ਧਰਮ ਨਿਰਪੱਖ ਦੇਸ਼ ਹੋਣ ਦੇ ਨਾਤੇ ਸਾਡੇ ਦੇਸ਼ ਵਿਚ ਹਰ ਵਿਅਕਤੀ ਨੂੰ ਆਪੋ ਆਪਣੇ ਵਿਸ਼ਵਾਸ ਮੁਤਾਬਕ ਕਿਸੇ ਵੀ ਧਰਮ ਜਾਂ ਵਿਚਾਰਧਾਰਾ ਨੂੰ ਅਪਣਾਉਣ ਜਾਂ ਨਾ ਮੰਨਣ ਦਾ ਪੂਰਾ ਪੂਰਾ ਅਧਿਕਾਰ ਹੈ। ਸਾਡੇ ਦੇਸ਼ ਦੇ ਲੋਕ, ਜੋ ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਵਸੇ ਹੋਏ ਹਨ, ਆਪਣੇ ਧਾਰਮਕ ਵਿਸ਼ਵਾਸਾਂ ਤੇ ਰਸਮਾਂ ਰਿਵਾਜਾਂ ਨੂੰ ਮਾਨਣ ਦੇ ਅਧਿਕਾਰਾਂ ਦੀ ਪੂਰੀ ਪੂਰੀ ਵਰਤੋਂ ਕਰਦੇ ਹਨ ਤੇ ਅਜਿਹਾ ਕਰਨ ਵਿਚ ਉਹ ਗੌਰਵ ਵੀ ਮਹਿਸੂਸ ਕਰਦੇ ਹਨ। ਜਦੋਂ ਵੀ ਉਥੋਂ ਦੀ ਸਰਕਾਰ ਜਾਂ ਕਿਸੇ ਵਿਅਕਤੀ ਵਲੋਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਂਦਾ ਹੈ ਤਦ ਇਸਦਾ ਤੁਰੰਤ ਹੀ ਸਾਡੇ ਸਮਾਜ ਵਿਚ ਤਿੱਖਾ ਪ੍ਰਤੀਕਰਮ ਹੁੰਦਾ ਹੈ ਅਤੇ ਸਬੰਧਤ ਰੁਕਾਵਟ ਨੂੰ ਦੂਰ ਕਰਨ ਲਈ ਲੋੜੀਂਦੇ ਉਪਰਾਲੇ ਕੀਤੇ ਜਾਂਦੇ ਹਨ। ਪ੍ਰੰਤੂ ਅਫਸੋਸ ਦੀ ਗੱਲ ਇਹ ਹੈ ਕਿ ਜਿਹੜੇ ਲੋਕ ਆਪਣੇ ਧਾਰਮਕ ਵਿਸ਼ਵਾਸ ਅਨੁਸਾਰ ਸੰਸਾਰ ਦੀ ਕਿਸੇ ਨੁਕਰ ਵਿਚ ਬੈਠ ਕੇ ਵੀ ਧਾਰਮਕ ਪ੍ਰਚਾਰ ਕਰਨ, ਧਾਰਮਕ ਸਮਾਗਮ ਕਰਨ ਤੇ ਰੋਜ਼ਾਨਾ ਜਿੰਦਗੀ ਵਿਚ ਧਾਰਮਕ ਚਿੰਨ੍ਹ ਤੇ ਰਸਮਾਂ ਉਤੇ ਅਮਲ ਕਰਨ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ, ਉਨਾਂ ਵਿਚੋਂ ਹੀ ਕੁਝ ਲੋਕ ਆਪਣੇ ਦੇਸ਼ ਵਿਚ ਦੂਸਰੇ ਧਰਮਾਂ ਜਾਂ ਵਿਸ਼ਵਾਸਾਂ ਦੇ ਧਾਰਨੀਆਂ ਨੂੰ ਇਹ ਅਧਿਕਾਰ ਦੇਣ ਦੇ ਵਿਰੁੱਧ ਖੜੇ ਹੋ ਜਾਂਦੇ ਹਨ। ਇਹ ਬਹੁਤ ਹੀ ਅਨਿਆਂਪੂਰਨ ਤੇ ਤਰਕ ਰਹਿਤ ਹੈ।**

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਅੰਦਰ ਅਜਿਹਾ ਕੁਝ ਹੀ ਵਾਪਰ ਰਿਹਾ ਹੈ। ਜਦੋਂ ਜੀਅ ਕਰੇ ਕੋਈ ਸੰਘ-ਪਰਿਵਾਰ ਦਾ ਕਥਿਤ ਹਿੰਦੂ ਨੇਤਾ ਇਸਾਈ ਧਰਮ ਦੇ ਅਨੁਆਈਆਂ ਵਲੋਂ ਆਪਣਾ ਧਾਰਮਕ ਸਮਾਗਮ ਕਰਨ ਵਿਰੁੱਧ ਡਾਂਗਾਂ ਲੈ ਕੇ ਖੜਾ ਹੋ ਜਾਂਦਾ ਹੈ। ਏਸੇ ਤਰ੍ਹਾਂ ਕਈ ਕੱਟੜਪੰਥੀ ਸਿੱਖ ਸੰਗਠਨਾਂ ਨੇ ਨਿਰੰਕਾਰੀਆਂ ਨੂੰ ਸਿੱਖ ਧਰਮ ਵਿਰੋਧੀ ਗਰਦਾਨ ਕੇ ਨਿਰੰਕਾਰੀ ਮਤ ਦੇ ਅਨੁਆਈਆਂ ਨੂੰ ਆਪਣੇ ਧਾਰਮਕ ਸੰਮੇਲਨ ਕਰਨ ਤੋਂ ਰੋਕ ਦਿੱਤਾ। ਇਸ ਸਬੰਧ ਵਿਚ 1978 ਵਿਚ ਸਿੱਖਾਂ ਤੇ ਨਿਰੰਕਾਰੀਆਂ ਵਿਚਕਾਰ ਅੰਮ੍ਰਿਤਸਰ ਸ਼ਹਿਰ ਵਿਚ ਹੋਈਆਂ ਖੂਨੀ ਝੜਪਾਂ ਨੇ ਸਮੁਚੇ ਪੰਜਾਬ ਅਤੇ ਦੇਸ਼ ਨੂੰ ਇਕ ਲੰਬੀ ਤ੍ਰਾਸਦੀ ਵਿਚ ਧਕੇਲ ਦਿੱਤਾ ਜਿਸਦਾ ਭੁਗਤਾਨ ਅਜੇ ਤੱਕ ਪੰਜਾਬੀ ਭਾਈਚਾਰਾ ਭੁਗਤ ਰਿਹਾ ਹੈ। ਹੁਣ ਸਿੱਖ ਧਰਮ ਨਾਲ ਸਬੰਧਤ ਕੁੱਝ ਸੰਗਠਨਾਂ ਨੇ ਡੇਰਾ ਸੱਚਾ ਸੌਦਾ, ਦਿਵਯ ਜੋਤੀ ਅਨੁਸਥਾਨ, ਡੇਰਾ ਭਨਿਆਰਾਂਵਾਲਾ ਆਦਿ ਧਾਰਮਕ ਫਿਰਕਿਆਂ ਨਾਲ ਸਿੱਧੇ ਟਕਰਾਅ ਦਾ ਰਾਹ ਅਖਤਿਆਰ ਕੀਤਾ ਹੋਇਆ ਹੈ। ਇਸੇ ਦਿਸ਼ਾ ਵਿਚ ਸਿੱਖਾਂ ਦੇ ਸਰਵਉਚ ਧਾਰਮਕ ਅਦਾਰੇ ਸ਼੍ਰੀ ਅਕਾਲ ਤਖਤ ਸਾਹਿਬ ਵਲੋਂ ਇਨ੍ਹਾਂ ਸੰਸਥਾਵਾਂ ਵਿਰੁੱਧ 'ਹੁਕਮਨਾਮੇ' ਜਾਰੀ ਕੀਤੇ ਹੋਏ ਹਨ ਤੇ ਸਿੱਖਾਂ ਨੂੰ ਇਨ੍ਹਾਂ ਦੇ ਸਮਾਗਮਾਂ ਦਾ ਖੁੱਲ੍ਹਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੋਇਆ ਹੈ। ਸਿੱਖਾਂ ਦੇ ਧਾਰਮਕ ਅਸਥਾਨਾਂ ਦੇ ਸੁਚਾਰੂ ਪ੍ਰਬੰਧ ਚਲਾਉਣ ਲਈ ਲੋਕ ਰਾਜੀ ਢੰਗ ਨਾਲ ਕਾਇਮ ਕੀਤੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਨ੍ਹਾਂ ਫਿਰਕਿਆਂ ਨਾਲ ਸਬੰਧਤ ਲੋਕਾਂ ਦੇ ਬਾਈਕਾਟ ਕਰਨ ਦੇ ਸੱਦੇ ਦਾ ਪੂਰੀ ਤਰ੍ਹਾਂ ਸਾਥ ਦੇ ਰਹੀ ਹੈ। ਅਨੇਕਾਂ ਥਾਈਂ ਦੋਵਾਂ ਧਿਰਾਂ ਵਿਚਕਾਰ ਖੂਨੀ ਟੱਕਰਾਂ ਹੋਈਆਂ ਹਨ ਜਿਸ ਵਿਚ ਕੀਮਤੀ ਮਨੁੱਖੀ ਜਾਨਾਂ ਗਈਆਂ ਹਨ ਤੇ ਹੋਰ ਭਾਰੀ ਮਾਲੀ ਨੁਕਸਾਨ ਵੀ ਹੋਇਆ ਹੈ। ਸਭ ਤੋਂ ਵੱਡਾ ਨੁਕਸਾਨ ਹੋ ਰਿਹਾ ਹੈ ਆਪਸੀ ਭਾਈਚਾਰਕ ਸਾਂਝਾ ਨੂੰ ਪੁੱਜਣ ਵਾਲੇ ਝਟਕਿਆਂ ਦਾ ਜਿਹਨਾਂ ਦੇ ਮਾੜੇ ਪ੍ਰਭਾਵ ਨੂੰ ਸ਼ਾਇਦ ਲੰਬੇ ਸਮੇਂ ਵਿਚ ਵੀ ਨਾ ਭੁਲਾਇਆ ਜਾ ਸਕੇ।

ਧਰਮ ਦੇ ਪਰਦੇ ਹੇਠ ਹੋ ਰਹੇ ਇਸ ਤਰ੍ਹਾਂ ਦੇ ਮਾਨਵਵਾਦ ਵਿਰੋਧੀ ਕੁਕਰਮਾਂ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪਣੇ ਰਾਜਸੀ ਲਾਭਾਂ ਨੂੰ ਮੁੱਖ ਰੱਖਕੇ ਅਣਡਿੱਠ ਕਰੀ ਜਾ ਰਿਹਾ ਹੈ ਤੇ ਬਹੁਤ ਵਾਰੀ ਆਪ ਵੀ ਧਾਰਮਕ ਕੱਟੜਤਾ ਦੇ ਵਹਿਣ ਵਿਚ ਵਹਿ ਤੁਰਦਾ ਹੈ। ਇਸ ਪਾਰਟੀ ਦੇ ਬਹੁਤ ਸਾਰੇ ਆਗੂ ਆਪਣੀ ਰਾਜਸੀ ਸੁਵਿਧਾ ਮੁਤਾਬਿਕ ਸਿੱਖ ਜਨਸਮੂਹਾਂ ਦਾ ਸਮੱਰਥਨ ਹਾਸਲ ਕਰਨ ਲਈ ਭੜਕਾਊ ਬਿਆਨਬਾਜ਼ੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਭਾਜਪਾ ਵਰਗੀ ਫਿਰਕੂ ਪਾਰਟੀ ਤੋਂ ਕਿਸੇ ਧਰਮ ਨਿਰਪੱਖ ਨਜ਼ਰੀਏ ਜਾਂ ਅਮਲ ਦੀ ਤਾਂ ਆਸ ਹੀ ਨਹੀਂ ਰੱਖੀ ਜਾ ਸਕਦੀ। ਏਸੇ ਲਈ ਪੰਜਾਬ ਦੀ ਅਕਾਲੀ ਦਲ-ਭਾਜਪਾ ਸਰਕਾਰ ਇਸ ਸਬੰਧ ਵਿਚ ਆਪਣਾ ਸੰਵਿਧਾਨਕ ਫਰਜ਼ ਵੀ ਨਹੀਂ ਅਦਾ ਕਰ ਰਹੀ ਤੇ ਫਿਰਕੂ ਤੱਤਾਂ ਦੀਆਂ ਉਤੇਜਨਾ ਭਰੀਆਂ ਕਾਰਵਾਈਆਂ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇਈ ਜਾ ਰਹੀ ਹੈ। ਆਪਣੇ ਆਪ ਨੂੰ ਧਰਮ ਨਿਰਪੱਖ ਕਹਾਉਣ ਵਾਲੀ ਕਾਂਗਰਸ ਪਾਰਟੀ ਦਾ ਦਾਮਨ ਵੀ ਇਸ ਮੁੱਦੇ ਉਤੇ ਸਪੱਸ਼ਟ ਰੂਪ ਵਿਚ ਦਾਗੀ ਦਿਖਾਈ ਦਿੰਦਾ ਹੈ। ਜਿਸ ਤਰ੍ਹਾਂ ਦਾ ਰੋਲ ਕਾਂਗਰਸ ਪਾਰਟੀ ਵਲੋਂ ਅਪ੍ਰੈਲ 1978 ਤੋਂ ਸ਼ੁਰੂ ਹੋਏ ਸਿੱਖ ਨਿਰੰਕਾਰੀ ਵਿਵਾਦ ਤੋਂ ਲੈ ਕੇ ਲੁਧਿਆਣਾ ਸ਼ਹਿਰ ਵਿਚ 4-5 ਦਸੰਬਰ 2009 ਨੂੰ ਵਾਪਰੀਆਂ ਹਿੰਸਕ ਘਟਨਾਵਾਂ ਤੱਕ ਨਿਭਾਇਆ ਗਿਆ ਹੈ, ਉਸ ਤੋਂ ਚਿੱਟੇ ਦਿਨ ਵਾਂਗ ਸਾਫ ਹੋ ਜਾਂਦਾ ਹੈ ਕਿ ਕਾਂਗਰਸ ਪਾਰਟੀ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਕੋਈ ਵੀ ਫਿਰਕੂ ਤੇ ਵੱਖਵਾਦੀ ਪੱਤਾ ਖੇਡ ਸਕਦੀ ਹੈ ਤੇ ਹਰ ਰੰਗ ਦੀਆਂ ਕੱਟੜਵਾਦੀ ਤੇ ਵੰਡਵਾਦੀ ਸ਼ਕਤੀਆਂ ਨਾਲ ਘਿਓ ਖਿਚੜੀ ਹੋ ਸਕਦੀ ਹੈ। ਜਦੋਂ ਰਾਜ ਭਾਗ ਚਲਾਉਣ ਵਾਲੀਆਂ ਰਾਜਨੀਤਕ ਧਿਰਾਂ ਦੀ ਇਹ ਅਵਸਥਾ ਹੋਵੇ ਤਦ ਫੇਰ ਸਰਕਾਰੀ ਮਸ਼ੀਨਰੀ ਜਾਂ ਪੁਲਸ ਪ੍ਰਸ਼ਾਸਨ ਤੋਂ ਧਰਮ ਨਿਰਪੱਖਤਾ ਜਾਂ ਅਸੂਲ ਪ੍ਰਸਤੀ ਦੀ ਕਸਵੱਟੀ ਦੇ ਆਧਾਰ ਉਤੇ ਫਰਜ਼ ਅਦਾ ਕਰਨ ਦੀ ਉਮੀਦ ਕਿਵੇਂ ਰੱਖੀ ਜਾ ਸਕਦੀ ਹੈ?

ਸਭ ਤੋਂ ਅਫਸੋਸਨਾਕ ਗੱਲ ਇਹ ਹੈ ਕਿ ਧਰਮ ਨਿਰਪੱਖਤਾ ਅਤੇ ਧਾਰਮਕ ਸਹਿਨਸ਼ੀਲਤਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਪੰਜਾਬ ਨਾਲ ਸਬੰਧਤ ਬੁੱਜੀਜੀਵੀਆਂ, ਲੇਖਕਾਂ ਤੇ ਸਾਹਿਤਕਾਰਾਂ ਦਾ ਵੱਡਾ ਹਿੱਸਾ ਵੀ ਆਪਣੀ ਬਣਦੀ ਭੂਮਿਕਾ ਅਦਾ ਨਹੀਂ ਕਰ ਰਿਹਾ। ਵੱਖ ਵੱਖ ਧਾਰਮਕ ਵਿਸ਼ਵਾਸਾਂ ਨਾਲ ਬੱਝੇ ਹੋਏ ਸੂਝਵਾਨ ਵਿਅਕਤੀ ਤਰਕ ਦੇ ਅਧਾਰ 'ਤੇ ਖਲੋ ਕੇ ਬੇਲੋੜੇ ਧਾਰਮਕ ਵਿਵਾਦ ਅਤੇ ਆਪਸੀ ਝਗੜੇ ਖੜੇ ਕਰਨ ਵਾਲੀਆਂ ਸ਼ਕਤੀਆਂ ਵਿਰੁੱਧ ਆਪਣੀ ਕਲਮ ਤੇ ਜ਼ੁਬਾਨ ਦੀ ਵਰਤੋਂ ਨਹੀਂ ਕਰ ਰਹੇ। ਇਸਦਾ ਸਿੱਟਾ ਇਹ ਨਿਕਲ ਰਿਹਾ ਹੈ



ਕਿ ਵੱਖ ਵੱਖ ਧਰਮਾਂ ਤੇ ਵਿਸ਼ਵਾਸਾਂ ਦੀਆਂ ਹਾਂ-ਪੱਖੀ ਧਾਰਨਾਵਾਂ ਤਾਂ ਲਗਾਤਾਰ ਧੁੰਧਲੀਆਂ ਪੈਂਦੀਆਂ ਜਾ ਰਹੀਆਂ ਹਨ ਤੇ ਸਮੁੱਚਾ ਵਾਤਾਵਰਣ ਧਾਰਮਕ ਕੱਟੜਤਾ, ਅਸਹਿਨਸ਼ੀਲਤਾ ਤੇ ਹਨੇਰਵਿਰਤੀਵਾਦੀ ਅਮਲਾਂ ਨਾਲ ਦੂਸ਼ਿਤ ਹੁੰਦਾ ਜਾ ਰਿਹਾ ਹੈ। ਸਮਾਜਕ ਵਿਕਾਸ ਦੇ ਨਿਯਮਾਂ ਮੁਤਾਬਕ ਪਦਾਰਥਕ ਵਸੀਲੇ ਉਪਜਾਉਣ ਦੇ ਪੱਖ ਅਸੀਂ ਅੱਗੇ ਵੱਲ ਨੂੰ ਜਾ ਰਹੇ ਹਾਂ ਪ੍ਰੰਤੂ ਧਾਰਮਕ-ਕੱਟੜਵਾਦੀ ਵਿਚਾਰਾਂ ਨਾਲ ਗੜੁੱਚੇ ਵਿਚਾਰਧਾਰਕ ਤੇ ਸਭਿਆਚਾਰਕ ਪੱਖੋਂ ਤੋਂ ਸਾਡੇ ਸਮਾਜ ਦਾ ਵੱਡਾ ਭਾਗ ਪਿਛਲਖੁਰੀ ਤੇਜ਼ ਚਾਲੇ ਰਸਾਤਲ ਵਿਚ ਧੱਸਦਾ ਜਾ ਰਿਹਾ ਹੈ। ਇਤਿਹਾਸ ਤੇ ਧਰਮਾਂ ਦੀਆਂ ਹਾਂ-ਪੱਖੀ ਮਾਨਵਵਾਦੀ ਪ੍ਰੰਪਰਾਵਾਂ ਨੂੰ ਇਕ ਇਕ ਕਰਕੇ ਬੇਦਾਵਾ ਦੇਈ ਜਾਣ ਨਾਲ ਸਾਡਾ ਸਮੁੱਚਾ ਸਮਾਜ ਫੇਰ ਮੱਧਕਾਲੀਨ ਹਨੇਰ ਵਿਰਤੀਆਂ ਦੀਆਂ ਮੁਦੱਈ ਤਾਕਤਾਂ ਨਾਲ ਘਿਰਦਾ ਜਾ ਰਿਹਾ ਹੈ।

ਹਰ ਸਮਾਜ ਵਿਚ ਨਵੇਂ ਵਿਚਾਰਾਂ ਦਾ ਜਨਮ ਉਸ ਸਮੇਂ ਦੇ ਸਥਾਪਤ ਧਰਮਾਂ ਆਦਿ ਦੇ ਗਲਤ ਵਿਚਾਰਾਂ ਤੇ ਅਮਲਾਂ ਵਿਚ ਹੋ ਰਹੇ ਬੇਬਹਾ ਵਾਧੇ ਦੇ ਵਿਰੋਧ ਵਿਚੋਂ ਹੁੰਦਾ ਹੈ। ਇਸੇ ਕਰਕੇ ਸਮਾਜ ਦਾ ਨਰੋਆ ਹਿੱਸਾ ਹੌਲੀ ਹੌਲੀ ਉਸ ਨਵੇਂ ਮੱਤ ਦੁਆਲੇ ਜੁੜਨ ਲੱਗ ਪੈਂਦਾ ਹੈ ਤੇ ਇਸ ਤਰ੍ਹਾਂ ਸਮਾਜਕ ਉਨਤੀ ਲਈ ਕੁੱਝ ਨਵੀਆਂ ਅਵਸਥਾਵਾਂ ਪੈਦਾ ਹੋ ਜਾਂਦੀਆਂ ਹਨ। ਜੇਕਰ ਉਸ ਨਵੇਂ ਪੁੰਗਰੇ ਬੂਟੇ ਨੂੰ ਯਥਾਰਥਵਾਦੀ ਤਰਕ ਦੇ ਪਾਣੀ ਨਾਲ ਲਗਾਤਾਰ ਸਿੰਜਿਆ ਨਾ ਜਾਵੇ, ਉਸਾਰੂ ਵਿਵਹਾਰਕ ਅਮਲਾਂ ਦੀ ਖਾਦ ਨਾ ਪਾਈ ਜਾਵੇ ਅਤੇ ਉਸਦੇ ਨਾਲ ਪੈਦਾ ਹੋਈਆਂ ਜ਼ਹਿਰੀਲੀਆਂ ਬੂਟੀਆਂ ਨੂੰ ਨਾ ਪੁਟਿਆ ਜਾਵੇ ਤਾਂ ਹੌਲੀ ਹੌਲੀ ਇਹ ਨਵਾਂ ਪੌਦਾ ਵੀ ਮੁਰਝਾਉਣ ਲੱਗ ਪੈਂਦਾ ਹੈ। ਭਾਵੇਂ ਰੂਪਕ ਪੱਖ ਤੋਂ ਕੁੱਝ ਸਮੇਂ ਲਈ ਇਸਦਾ ਪਸਾਰਾ ਨਜ਼ਰ ਵੀ ਆਈ ਜਾਵੇ, ਪ੍ਰੰਤੂ ਸਾਰ ਤੱਤ ਵਿਚ ਇਸਦਾ ਪਤਨ ਲਾਜ਼ਮੀ ਸ਼ੁਰੂ ਹੋ ਜਾਵੇਗਾ। ਸਿੱਖ ਧਰਮ ਦੀਆਂ ਬੁਨਿਆਦਾਂ ਹੀ ਪਹਿਲੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਮਾਨਵਤਾ ਵਿਰੋਧੀ ਗਲਤ ਵਿਚਾਰਾਂ ਨਾਲ ਤਰਕ ਦੇ ਆਧਾਰ ਉਤੇ ਰਚੇ ਸੰਵਾਦਾਂ ਰਾਹੀਂ, ਹਾਂ-ਪੱਖੀ ਮਾਨਵਵਾਦੀ ਧਾਰਨਾਵਾਂ ਉਤੇ ਆਧਾਰਤ ਹੋ ਕੇ ਰੱਖੀਆਂ ਗਈਆਂ ਸਨ। ਉਸਤੋਂ ਬਾਅਦ ਦੂਸਰੇ ਗੁਰੂ ਸਾਹਿਬਾਨਾਂ, ਭਗਤਾਂ ਤੇ ਹੋਰ ਮਹਾਨ ਪੁਰਸ਼ਾਂ ਵਲੋਂ ਵੀ ਇਸ ਪ੍ਰਕਿਰਿਆ ਨੂੰ ਜਾਰੀ ਰੱਖਿਆ ਗਿਆ। ਬੁਤ ਪੂਜਾ, ਜਾਦੂ ਟੂਣੇ, ਧਾਰਮਕ ਪਾਖੰਡਾਂ, ਅੰਧ ਵਿਸ਼ਵਾਸਾਂ, ਊਚ-ਨੀਚ, ਜਾਤਪਾਤ,ਔਰਤ ਪ੍ਰਤੀ ਅਸੰਵੇਦਨਸ਼ੀਲਤਾ ਆਦਿ ਵਿਚਾਰਧਾਰਕ ਤੇ ਸਮਾਜਕ ਕੁਰਾਹਿਆਂ ਵਿਰੁੱਧ ਅਤੇ ਕਿਰਤੀ ਲਾਲੋਆਂ ਦੀ ਮਲਕ ਭਾਗੋਆਂ ਵਲੋਂ ਕੀਤੀ ਜਾ ਰਹੀ ਲੁੱਟ ਵਿਰੁੱਧ ਆਪੋ ਆਪਣੀ ਵਿਧੀ ਰਾਹੀਂ ਉਨ੍ਹਾਂ ਸਭ ਨੇ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਕਿਸੇ ਗੁਰੂ ਸਾਹਿਬ ਨੇ ਜਾਂ ਸਮਾਜ ਸੁਧਾਰਕਾਂ ਨੇ ਫਿਰਕੂ ਆਧਾਰ ਉਤੇ ਦੂਸਰੇ ਧਰਮਾਂ ਨਾਲ ਮਤਭੇਦਾਂ ਨੂੰ ਹਿੰਸਾ ਨਾਲ ਨਜਿੱਠਣ ਦਾ ਪ੍ਰਚਾਰ ਨਹੀਂ ਕੀਤਾ ਤੇ ਨਾ ਹੀ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਹੈ। ਇਸਦੇ ਵਿਪਰੀਤ ਵੱਖ ਵੱਖ ਸਮਿਆਂ ਉਤੇ, ਸਥਾਪਤੀ ਵਲੋਂ ਜੇਕਰ ਇਸ ਨਵੀਂ ਉਠ ਰਹੀ ਸੱਚ ਦੀ ਆਵਾਜ਼ ਨੂੰ ਜਬਰ ਨਾਲ ਕੁਚਲਣ ਦਾ ਯਤਨ ਵੀ ਕੀਤਾ ਗਿਆ, ਤਦ ਵੀ ਇਸਦਾ ਦੋਵਾਂ ਤਰੀਕਿਆਂ ਨਾਲ (ਅਹਿੰਸਕ ਵਿਚਾਰਧਾਰਕ ਢੰਗ ਨਾਲ ਅਤੇ ਜਥੇਬੰਦਕ ਤੇ ਸ਼ਸਤਰਧਾਰੀ ਹੋ ਕੇ) ਮੁਕਾਬਲਾ ਕਰਦਿਆਂ ਹੋਇਆਂ ਕਦੀ ਧਰਮ ਦੇ ਆਧਾਰ 'ਤੇ ਦੂਸਰਿਆਂ ਵਿਰੁੱਧ ਨਫਰਤ ਨਹੀਂ ਫੈਲਾਈ ਗਈ ਤੇ ਨਾ ਹੀ ਕੋਈ ਜ਼ੋਰ ਜਬਰਦਸਤੀ ਕੀਤੀ ਗਈ।

ਅਜੋਕੇ ਸੰਦਰਭ ਵਿਚ ਕਿਸੇ ਦੇ ਵੀ ਵਿਚਾਰਾਂ ਦੇ ਤੌਰ 'ਤੇ ਡੇਰਾ ਸੱਚਾ ਸੌਦਾ, ਦਿਵਯ ਜੋਤੀ, ਭਨਿਆਰਾਂਵਾਲੇ ਡੇਰੇ ਜਾਂ ਹੋਰ ਕਿਸੇ ਵੀ ਧਰਮ ਜਾਂ ਧਾਰਮਕ ਡੇਰੇ ਨਾਲ ਮਤਭੇਦ ਹੋ ਸਕਦੇ ਹਨ। ਅਜਿਹੇ ਮਤਭੇਦ ਰੱਖਣ ਵਾਲਿਆਂ ਵਿਚ ਅਸੀਂ ਵੀ ਇਕ ਹਾਂ, ਜੋ ਸਰਵ ਸਾਂਝੀਵਾਲਤਾ ਦੇ ਸਿਧਾਂਤ ਉਤੇ ਆਧਾਰਤ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਹਾਂ। ਅਜਿਹਾ ਕਰਨਾ ਸੰਵਿਧਾਨਕ ਵੀ ਹੈ ਤੇ ਤਰਕ ਸੰਗਤ ਵੀ। ਇਨ੍ਹਾਂ ਮਤਭੇਦਾਂ ਦਾ ਜੇਕਰ ਸੰਭਵ ਹੋਵੇ, ਤਦ ਮਿਲ ਬੈਠ ਕੇ ਸੰਵਾਦ ਰਾਹੀਂ ਨਿਪਟਾਰਾ ਵੀ ਕੀਤਾ ਜਾ ਸਕਦਾ ਹੈ। ਪ੍ਰੰਤੂ ਜੇਕਰ ਅਜਿਹਾ ਸੰਭਵ ਨਹੀਂ ਹੁੰਦਾ ਤਾਂ ਕੋਈ ਵਿਅਕਤੀ ਜਾਂ ਧਾਰਮਕ ਤੇ ਰਾਜਸੀ ਸੰਸਥਾ ਆਪੋ ਆਪਣੇ ਪਲੇਟ ਫਾਰਮ ਉਤੋਂ ਤਰਕ ਦੀ ਕਸਵੱਟੀ ਰਾਹੀਂ ਦੂਜੇ ਦੇ ਗਲਤ ਵਿਚਾਰਾਂ ਦਾ ਖੰਡਨ ਕਰ ਸਕਦੀ ਹੈ ਤੇ ਲੋਕਾਂ ਨੂੰ ਅਜਿਹੇ ਧਰਮ ਜਾਂ ਵਿਚਾਰ ਅਪਣਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਵੀ ਦੇ ਸਕਦੀ ਹੈ। ਮਤਭੇਦਾਂ ਦੇ ਬਾਵਜੂਦ ਹਰ ਵਿਅਕਤੀ ਨੂੰ ਆਪਣੀ ਮਰਜ਼ੀ ਨਾਲ ਕਿਸੇ ਵੀ ਧਰਮ ਨੂੰ ਅਪਣਾਉਣ ਜਾਂ ਨਾ ਅਪਨਾਉਣ, ਧਾਰਮਕ ਰਸਮਾਂ ਅਦਾ ਕਰਨ ਤੇ ਪ੍ਰਚਾਰ ਕਰਨ ਦੀ ਪੂਰਨ ਆਜ਼ਾਦੀ ਹੈ ਤੇ ਕਿਸੇ ਨੂੰ ਵੀ ਕਿਸੇ ਵਿਧੀ ਰਾਹੀਂ ਇਸਨੂੰ ਜਬਰਦਸਤੀ ਰੋਕਣ ਦਾ ਅਧਿਕਾਰ ਨਹੀਂ ਹੈ। ਇਸ ਗੱਲ ਦਾ ਤਾਂ ਸਾਰੀਆਂ ਧਿਰਾਂ ਨੂੰ ਹੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੁਆਰਾ ਕੀਤਾ ਜਾਂਦਾ ਪ੍ਰਚਾਰ ਦੂਸਰੇ ਵਿਚਾਰਾਂ ਦੇ ਵਿਅਕਤੀਆਂ ਦੇ ਮਨਾਂ ਨੂੰ ਠੇਸ ਨਾ ਪਹੁੰਚਾਵੇ। ਬੁੱਜੀਜੀਵੀਆਂ, ਲੋਕ ਹਿਤੈਸ਼ੀ ਰਾਜਨੀਤੀਵਾਨਾਂ, ਲੇਖਕਾਂ ਤੇ ਹੋਰ ਹਰ ਸੂਝਵਾਨ ਵਿਅਕਤੀ ਨੂੰ ਇਸ ਉਪਰੋਕਤ ਵਿਧੀ ਉਤੇ ਅੱਜ ਹਰ ਸੰਭਵ ਤਰੀਕੇ ਨਾਲ ਪਹਿਰਾ ਦੇਣ ਦੀ ਲੋੜ ਹੈ ਤਾਂ ਕਿ ਸਾਡੇ ਧਰਮ ਨਿਰਪੱਖ ਤਾਣੇਬਾਣੇ ਨੂੰ ਮੂਲਵਾਦੀ ਤੇ ਫਿਰਕੂ ਤੱਤਾਂ ਤੋਂ ਬਚਾ ਕੇ ਰੱਖਿਆ ਜਾ ਸਕੇ। ਔਰੰਗਜ਼ੇਬ ਦੇ ਜ਼ੁਲਮਾਂ ਨੂੰ ਨਿੰਦਣ ਵਾਲੇ ਵਿਅਕਤੀਆਂ ਨੂੰ ਆਪ ਔਰੰਗਜ਼ੇਬੀ ਅਮਲਾਂ ਤੋਂ ਪੂਰੀ ਤਰ੍ਹਾਂ ਬਚਣਾ ਚਾਹੀਦਾ ਹੈ।

ਅੱਜ ਪੰਜਾਬ ਦੇ ਪਿਛਲੇ ਇਤਿਹਾਸ ਤੇ ਇਸਦੀਆਂ ਵੱਖ ਵੱਖ ਸਭਿਆਚਾਰਕ, ਧਾਰਮਕ ਤੇ ਸਮਾਜਕ ਪਰਤਾਂ ਬਾਰੇ ਵਿਗਿਆਨਕ ਢੰਗ ਨਾਲ ਕੋਈ ਸਾਰਥਕ ਖੋਜ ਨਹੀਂ ਹੋ ਰਹੀ। ਸਿਰਫ ਲਕੀਰ ਦੇ ਫਕੀਰ ਬਣਕੇ ਤੇ ਅੱਖਾਂ ਬੰਦ ਕਰਕੇ 'ਹਾਂ ਜੀ' ਕਹਿਣ ਦੀ ਆਦਤ ਬਣਦੀ ਜਾ ਰਹੀ ਹੈ। ਅਜਿਹਾ ਸ਼ਾਇਦ ਇਸ ਕਰਕੇ ਵੀ ਵਾਪਰ ਰਿਹਾ ਹੈ ਕਿ ਹਰ ਸੂਝਵਾਨ ਵਿਅਕਤੀ ਧਾਰਮਕ ਕੱਟੜਤਾ ਤੇ ਫਿਰਕੂ ਸੋਚ ਨਾਲ ਲੈਸ ਵਿਅਕਤੀਆਂ ਤੇ ਸੰਸਥਾਵਾਂ ਦੇ ਸੰਭਾਵਿਤ ਹਿੰਸਕ ਵਿਵਹਾਰ ਤੋਂ ਭੈਅ ਭੀਤ ਹੈ। ਕੋਈ ਵੀ ਖਤਰਾ ਮੁੱਲ ਨਹੀਂ ਲੈਣਾ ਚਾਹੁੰਦਾ। ਪ੍ਰੰਤੂ ਕੀ ਇਹ ਸੱਚ ਨਹੀਂ ਹੈ ਕਿ ਮੁੱਠੀਭਰ ਕੱਟੜਪੰਥੀ ਤੱਤਾਂ ਵਲੋਂ ਕੀਤੀਆਂ ਜਾ ਰਹੀ ਗਲਤ ਤੇ ਸੰਕੀਰਨਤਾਵਾਦੀ ਕਾਰਵਾਈਆਂ ਕਾਰਨ ਪੰਜਾਬ ਦੇ ਮਾਣਮੱਤੇ ਇਤਿਹਾਸ ਦਾ ਅਤੇ ਸਿੱਖੀ ਦਾ ਆਪਣਾ ਵਿਸ਼ਾਲ, ਵਿਵੇਕਸ਼ੀਲ, ਅਗਾਂਹਵਧੂ, ਮਾਨਵਵਾਦੀ ਬਿੰਬ ਲਗਾਤਾਰ ਮੱਧਮ ਪੈਂਦਾ ਜਾ ਰਿਹਾ ਹੈ। ਮੂਲਵਾਦੀ ਤਾਕਤਾਂ ਦੇ ਪਸਾਰੇ ਕਾਰਨ ਹੁਣ ਅਵਸਥਾ ਇਥੋਂ ਤੱਕ ਪੁੱਜ ਗਈ ਹੈ ਕਿ ਦੂਸਰੇ ਧਰਮਾਂ ਤੇ ਫਿਰਕਿਆਂ ਦੇ ਵਿਰੁੱਧ ਦੁਸ਼ਮਣਾਂ ਵਾਲਾ ਵਤੀਰਾ ਅਖਤਿਆਰ ਕੀਤੇ ਜਾਣ ਦੇ ਨਾਲ ਨਾਲ ਸਿੱਖ ਧਰਮ ਵਿਚਲੇ ਸਿੱਖ ਧਰਮ ਤੇ ਇਤਿਹਾਸ ਦੀਆਂ ਵੱਖਰੀਆਂ ਸਮਝਾਂ ਰੱਖਣ ਵਾਲੇ ਧਾਰਮਕ ਆਗੂਆਂ, ਵਿਦਵਾਨਾਂ ਅਤੇ ਰਾਜਨੀਤਕ ਵਿਰੋਧੀਆਂ ਵਿਰੁੱਧ ਵੀ ਬਦਲਾ ਖੋਰੀ ਦੀ ਭਾਵਨਾ ਤਹਿਤ ਫਤਵੇ ਜਾਰੀ ਕੀਤੇ ਜਾਂਦੇ ਹਨ। ਸੌੜੇ ਹਿੱਤਾਂ ਦੀ ਪੂਰਤੀ ਵਾਸਤੇ ਹਾਂ-ਪੱਖੀ ਰਵਾਇਤਾਂ ਨੂੰ ਛਿੱਕੇ ਟੰਗ ਕੇ ਧਾਰਮਕ ਧਾਰਨਾਵਾਂ ਤੇ ਧਾਰਮਕ ਸੱਤਾ (1ਚਵੀਰਗਜਵਖ) ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸ ਨਾਲ ਸਿੱਖ ਧਰਮ ਦਾ ਪਸਾਰਾ ਕਿਵੇਂ ਹੋ ਸਕਦਾ ਹੈ? ਵਿਰੋਧੀਆਂ ਨੂੰ ਆਪਣੇ ਵਿਚ ਸਮੋਣਾ ਤਾਂ ਕੀ ਆਪਣਿਆਂ ਨੂੰ ਵਿਰੋਧੀ ਸਫਾਂ ਵਿਚ ਧੱਕਣ ਨਾਲ ਸਿੱਖੀ ਦਾ ਵਿਕਾਸ ਕਿਵੇਂ ਸੰਭਵ ਹੈ? ਇਸ ਦੁਖਾਂਤਕ ਅਵਸਥਾ ਲਈ ਜਿੱਥੇ ਧਾਰਮਕ ਕੱਟੜਵਾਦੀ ਲੋਕ ਜਿੰਮੇਵਾਰ ਹੋਣਗੇ ਉਥੇ ਮੂੰਹ ਵਿਚ ਘੁੰਗਣੀਆਂ ਪਾਈ ਬੈਠੇ ਵਿਚਾਰਵਾਨ, ਬੁੱਧੀਜੀਵੀ ਤੇ ਲੇਖਕ ਵੀ ਬਰਾਬਰ ਦੇ ਜ਼ਿੰਮੇਵਾਰ ਹੋਣਗੇ। ਅਸੀਂ ਸਮੁੱਚੇ ਸੰਸਾਰ ਦੀਆਂ ਨਜ਼ਰਾਂ ਵਿਚ ਮਖੌਲ ਦੇ ਪਾਤਰ ਬਣ ਕੇ ਰਹਿ ਜਾਵਾਂਗੇ। ਇਸ ਲਈ ਹਰ ਸੰਭਵ ਤਰੀਕੇ ਅਤੇ ਦਿਸ਼ਾ ਵਲੋਂ ਇਸ ਨਾਂਹ-ਪੱਖੀ ਵਰਤਾਰੇ ਨੂੰ ਠੱਲਣ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ। ਨਹੀਂ ਤਾਂ ਭਾਵੇਂ ਵੱਖ ਵੱਖ ਧਾਰਮਕ ਵਿਸ਼ਵਾਸਾਂ ਦੇ ਧਾਰਨੀ ਲੋਕ ਨਾਮ ਦੇ ਤਾਂ ''ਧਾਰਮਕ'' ਕਹਾਈ ਜਾਣਗੇ, ਪ੍ਰੰਤੂ ਅਮਲਾਂ ਵਿਚ ਧਰਮ ਵਿਰੋਧੀ ਤੇ ਅਮਾਨਵੀ ਭੂਮਿਕਾ ਅਦਾ ਕਰ ਰਹੇ ਹੋਣਗੇ। ਅਸੀਂ ਵਿਗਿਆਨਕ ਸੋਚ ਦੇ ਧਾਰਨੀ ਅਗਾਂਹਵਧੂ ਲੋਕ ਵੀ ਇਸ ਵਰਤਾਰੇ ਨੂੰ ਵਾਪਰਨ ਦੇ ਭਾਗੀਦਾਰ ਬਣਕੇ ਇਕ ਸਮਾਜ ਵਿਰੋਧੀ ਭੂਮਿਕਾ ਅਦਾ ਕਰਨ ਵਾਲੇ ਦੋਖੀ ਦੇ ਤੌਰ 'ਤੇ ਜਾਣੇ ਜਾਵਾਂਗੇ।

***(ਲੇਖਕ ਸੀ. ਪੀ. ਐਮ. ਪੰਜਾਬ ਦੇ ਜਨਰਲ ਸਕੱਤਰ ਹਨ)***

---

**ਧੁਖ਼ਦਾ ਕਾਲਮ**

## ਚੁਲ੍ਹੇ ਕੋਲ ਬੈਠੀ ਔਰਤ

**ਸੁਸ਼ੀਲ ਦੁਸਾਂਝ**

***ਗਿੱਲੀਆਂ ਲੱਕੜੀਆਂ ਨੂੰ ਫੂਕਾਂ ਮਾਰਦੀ***
***ਅੱਥਰੂਆਂ ਤੇ ਮੁੜ੍ਹਕੇ ਨਾਲ ਤਰਬਤਰ***
***ਚੁੱਲ੍ਹੇ ਕੋਲ ਬੈਠੀ ਹੈ ਔਰਤ***

***ਹਜ਼ਾਰਾਂ ਹਜ਼ਾਰ ਵਰ੍ਹਿਆਂ ਤੋਂ***
***ਧੂੰਏ ਵਿਚ ਡੁੱਬੀ ਹੋਈ***
***ਚੁੱਲ੍ਹੇ ਕੋਲ ਬੈਠੀ ਹੈ ਔਰਤ***

***ਜਦ ਪਹਿਲੀ ਵਾਰ ਬਲੀ ਸੀ ਅੱਗ ਧਰਤੀ 'ਤੇ***
***ਉਦੋਂ ਤੋਂ ਹੀ ਸੁਆਹ ਦੀਆਂ ਪਰਤਾਂ ਵਿਚ ਦੱਬ ਕੇ***
***ਅੱਗ ਨੂੰ ਜਿਊਂਦਿਆਂ ਰੱਖੀ ਬੈਠੀ ਹੈ ਔਰਤ***

ਇਹ ਹਿੰਦੀ ਸ਼ਾਇਰ ਮਦਨ ਕਸ਼ਯਪ ਦੀ ਉਹ ਨਿੱਕੀ ਜਿਹੀ ਨਜ਼ਮ ਹੈ ਜਿਹਦੇ ਵਿਚ ਬੜੀ ਵੱਡੀ ਇਤਿਹਾਸਕ ਸਚਾਈ ਤੇ ਤ੍ਰਾਸਦੀ ਹੈ। ਸਚਾਈ ਇਹ ਕਿ ਜਦੋਂ ਤੋਂ ਮਨੁੱਖ ਨੇ ਅੱਗ ਬਾਲਣੀ ਸਿੱਖੀ ਹੈ, ਉਦੋਂ ਤੋਂ ਹੀ ਅੱਗ 'ਤੇ ਅਧਿਕਾਰ ਔਰਤ ਦਾ ਹੀ ਰਿਹਾ ਹੈ ਪਰ ਤ੍ਰਾਸਦੀ ਇਹ ਕਿ ਔਰਤ ਨੇ ਸਿਰਫ ਤੇ ਸਿਰਫ਼ ਚੁੱਲ੍ਹਾ ਹੀ ਬਾਲਿਆ ਹੈ; ਆਪਣੇ ਇਸ ਅਧਿਕਾਰ ਦੀ ਅਸਲ ਵਰਤੋਂ ਤਾਂ ਉਹਨੇ ਕਦੇ ਕੀਤੀ ਹੀ ਨਹੀਂ। ਔਰਤ ਆਪਣੇ ਅਧਿਕਾਰਾਂ ਲਈ ਇਸ ਅੱਗ ਨੂੰ ਭਾਂਬੜ ਨਹੀਂ ਬਣਾ ਪਾ ਰਹੀ ਸਗੋਂ ਸੁਆਹ ਦੀਆਂ ਸੌ-ਸੌ ਪਰਤਾਂ ਹੇਠ ਇਸ ਅੱਗ ਨੂੰ ਲੁਕਾ ਲੁਕਾ ਕੇ ਰੱਖਦੀ ਆਈ ਹੈ। ਪਰ ਇਹਦੇ ਲਈ ਔਰਤ ਦੋਸ਼ੀ ਨਹੀਂ ਹੈ। ਧਰਤੀ 'ਤੇ ਮਰਦ ਦੀ ਤਾਨਾਸ਼ਾਹੀ ਹੈ। ਇਸੇ ਤਾਨਾਸ਼ਾਹੀ ਨੇ ਔਰਤ ਨੂੰ ਨਿਰਬਲਤਾ ਦਾ ਜੀਵਨ ਬਖਸ਼ਿਆ ਹੈ। ਇਸੇ ਦਾ ਨਤੀਜਾ ਹੈ ਕਿ ਮਰਦ ਦੀ ਹਉਮੈ ਵਧਦੀ ਚਲੀ ਗਈ ਹੈ। ਭਾਰਤ ਮੁਲਕ ਅਜਿਹੇ ਸਮਾਜ ਦੇ ਭਾਰ ਨਾਲ ਕੁਝ ਜਿਆਦਾ ਹੀ ਕੁੱਬਾ ਹੋਈ ਜਾ ਰਿਹਾ ਹੈ। ਮਰਦ ਦੀ ਪ੍ਰਧਾਨਗੀ ਵਾਲੇ ਸਾਡੇ ਸਮਾਜ ਨੇ ਔਰਤ ਨੂੰ ਕਦੇ ਅੰਬਰ ਵੱਲ ਝਾਕਣ ਤੱਕ ਨਹੀਂ ਦਿੱਤਾ। ਇੱਥੇ ਉਡਣ ਤੋਂ ਪਹਿਲਾਂ ਹੀ ਪਰ ਕੁਤਰ ਦਿੱਤੇ ਜਾਂਦੇ ਹਨ। ਹੁਣ ਤਾਂ ਇੰਤਹਾ ਹੋ ਗਈ ਹੈ। ਧੀਆਂ ਦਾ ਜਨਮ ਲੈਣਾ ਵੀ ਗੁਨਾਹ ਹੋ ਗਿਆ ਹੈ। ਇਹ ਕਲੰਕ ਵੀ ਅਸੀਂ ਹੀ ਖੱਟ ਰਹੇ ਹਾਂ, ਗੁਰੂਆਂ-ਪੀਰਾਂ ਦੀ ਧਰਤੀ ਦੇ ਬਾਸ਼ਿੰਦੇ। ਹੋਰ ਸ਼ਰਮਸਾਰ ਕਰਨ ਵਾਲੀ ਗੱਲ ਇਹ ਹੈ ਕਿ ਮੁਲਕ ਭਰ ਵਿਚ ਲੜਕਿਆਂ ਦੇ ਮੁਕਾਬਲੇ ਘੱਟ ਅਨੁਪਾਤ ਵਾਲੇ 10 ਜ਼ਿਲ੍ਹਿਆਂ ਵਿਚੋਂ 6 ਜ਼ਿਲ੍ਹੇ ਪੰਜਾਬ ਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਹਰ ਜਣੀ ਖਣੀ ਗੱਲ 'ਤੇ ਤਲਵਾਰਾਂ ਧੂਹ ਲੈਣ ਵਾਲੇ ਸਾਡੇ 'ਸ਼ੇਰ ਬਹਾਦਰ' ਇਸ ਮਾਮਲੇ ਵਿਚ ਚੁੱਪ ਕਿਉ ਹਨ? ਮਾਦਾ ਭਰੂਣ ਹੱਤਿਆ ਦੇ ਮਾਮਲੇ ਵਿਚ ਅਕਾਲ ਤਖਤ ਸਾਹਿਬ ਤੋਂ ਹੁਕਮਨਾਮੇ ਵੀ ਜਾਰੀ ਹੋ ਚੁੱਕੇ ਹਨ। ਫੇਰ ਵੀ ਕੋਈ ਗੱਲ ਮੰਨਣ ਨੂੰ ਤਿਆਰ ਕਿਉ ਨਹੀਂ? ਇਹ ਉਹ ਸਵਾਲ ਹਨ ਜਿਨ੍ਹਾਂ ਨਾਲ ਆਪਾਂ ਸਾਰਿਆਂ ਨੂੰ ਦੋ-ਚਾਰ ਹੋਣਾ ਹੀ ਪਵੇਗਾ। ਪਹਿਲਾਂ ਵਿਕਾਸ ਨਾਰਾਇਣ ਰਾਇ ਦੀ ਇਕ ਨਿੱਕੀ ਨਜ਼ਮ ਨਾਲ ਵੀ ਦੋ-ਚਾਰ ਹੋ ਲਈਏ, ਫੇਰ ਗੱਲ ਅੱਗੇ ਤੋਰਾਂਗੇ-

***'ਜਿਵੇਂ ਹੀ ਲੜਕੀ/ਕੁਝ ਨਵਾਂ ਕਰਨਾ ਚਾਹੁੰਦੀ ਹੈ***
***ਇੱਕਲੀ ਰਹਿ ਜਾਂਦੀ ਹੈ/ਨਹੀਂ ਤਾਂ***
***ਲੋਕ ਸਾਥ ਦਿੰਦੇ ਹੀ ਹਨ***
***ਦੇਵੀ ਦਾ/ਸਤੀ ਦਾ/ਰੰਡੀ ਦਾ।***

ਇਸ ਨਿੱਕੀ ਜਿਹੀ ਨਜ਼ਮ ਵਿਚ ਸੁਲਗਦੇ ਸਵਾਲ ਵੀ ਹਨ ਤੇ ਜੁਆਬ ਵੀ। ਸੌ ਗੱਲਾਂ ਦੀ ਇਕ ਗੱਲ ਇਹ ਹੈ ਕਿ ਆਪਣਾ ਮੁਲਕ ਪੂਰੀ ਤਰ੍ਹਾਂ ਲਿੰਗ ਭੇਦ 'ਤੇ ਅਧਾਰਤ ਸਮਾਜ ਦਾ ਕੋਹੜ ਹੰਢਾ ਰਿਹਾ ਹੈ। ਭਾਰਤ ਵਿਚ ਧੀ ਨੂੰ ਜਨਮ ਲੈਂਦਿਆਂ ਸਾਰ ਹੀ ਦੁੱਧ ਵਿਚ ਡੁਬੋ-ਡੁਬੋ ਕੇ ਮਾਰਨ ਦੀ ਰਵਾਇਤ ਰਹੀ ਹੈ। ਮੁਲਕ ਦੇ ਕੁਝ ਪੱਛੜੇ ਇਲਾਕਿਆਂ ਵਿਚ ਇਹ ਕੁਰੀਤੀ ਹਾਲੇ ਵੀ ਕਾਇਮ ਹੈ ਪਰ ਅਸੀਂ ਆਧੁਨਿਕ ਯੁੱਗ ਦੇ ਜੀਵੜੇ ਕੀ ਕਰ ਰਹੇ ਹਾਂ? ਅਸੀਂ ਆਧੁਨਿਕਤਾ ਦੀਆਂ ਜਾਈਆਂ ਮਸ਼ੀਨਾਂ ਨੂੰ ਹੱਥਾਂ ਵਿਚ ਫੜੀ ਮਾਵਾਂ ਦੇ ਢਿੱਡਾਂ ਨੂੰ ਟੋਹ-ਟੋਹ ਕੇ ਲੱਭ ਰਹੇ ਹਾਂ ਕਿ ਕਿੱਥੇ ਹੈ ਕੁੜੀ? ਮਨੁੱਖੀ ਵਿਕਾਸ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਲੱਭੀਆਂ ਗਈਆਂ ਆਧੁਨਿਕ ਮਸ਼ੀਨਾਂ ਨੂੰ ਮਨੁੱਖੀ ਵਿਨਾਸ਼ ਲਈ ਵਰਤ ਰਹੇ ਅਸੀਂ ਕਦੇ ਡਰਦੇ ਕੰਬਦੇ ਕਿਉ ਨਹੀਂ? ਤੜਕਸਾਰ ਧਾਰਮਕ ਸਥਾਨਾਂ 'ਤੇ ਮੱਥੇ ਰਗੜਨ ਵਾਲੇ ਅਸੀਂ ਸ਼ਾਮਾਂ ਤੱਕ ਆਪਣੀਆਂ ਹੀ ਬੱਚੀਆਂ ਦੇ ਕਾਤਲ ਕਿਉਂ ਹੋ ਜਾਂਦੇ ਹਾਂ? ਓਦੋਂ ਸਾਨੂੰ ਕਿਸੇ ਰੱਬ ਦਾ ਡਰ ਖੌਫ਼ ਕਿਊਂ ਨਹੀਂ ਹੁੰਦਾ?

ਅਖ਼ੀਰ ਵਿਚ ਦੋ ਸਵਾਲ ਪਾਠਕਾਂ ਲਈ-

ਕੀ ਵੰਸ਼ ਚਲਾਉਣ ਚਲਾਉਣ ਲਈ ਬੇਟਾ ਹੋਣਾ ਹੀ ਜ਼ਰੂਰੀ ਹੈ? ਕੀ ਆਰਥਕ ਸਹਾਰਾ ਸਿਰਫ਼ ਬੇਟਾ ਹੀ ਬਣ ਸਕਦਾ ਹੈ? ਕੀ ਬੇਟੀਆਂ ਦੀ ਇਨ੍ਹਾਂ 'ਚ ਕੋਈ ਭੂਮਿਕਾ ਹੋ ਹੀ ਨਹੀਂ ਸਕਦੀ? ਮਿੱਤਰੋ, ਜੇਕਰ ਆਪਾਂ ਆਲੇ ਦੁਆਲੇ ਦੇ ਨਾਲ ਨਾਲ ਆਪਣੇ ਆਪ ਨੂੰ ਵੀ ਅੱਜ ਹੀ ਮੁਖ਼ਾਤਬ ਹੋ ਲਈਏ ਤਾਂ ਚੰਗਾ। ਜਾਂਦੇ ਜਾਂਦੇ ਇਹ ਸ਼ਿਅਰ ਮੁਲਾਹਜ਼ਾ ਫਰਮਾਓ-

***'ਬਿਨਾਂ ਧੀਆਂ ਤੀਆਂ ਦੇ ਪਿੜ ਕੌਣ ਬੰਨ੍ਹੂ***
***ਮੇਰੀ ਮਾਂ ਨੀਂਦਰ 'ਚ ਇਵੇਂ ਬੋਲਦੀ ਹੈ'***

# ਸੁਰਜੀਤ ਪਾਤਰ

ਤੇਰੀਆਂ-ਮੇਰੀਆਂ

# ਸ਼ਬਦਾਂ ਦੀ ਛਾਂਵੇਂ

## ਸੁਰਜੀਤ ਪਾਤਰ ਨਾਲ ਅਵਤਾਰ ਜੰਡਿਆਲਵੀ ਦੀਆਂ ਗੱਲਾਂ




### ਬੰਦੇ, ਰੁੱਖ, ਸਾਜ਼, ਆਵਾਜ਼

***? ਚੁੱਪ ਦੀ ਧੁੱਪ ਵਿਚ ਕਿਉਂ ਸੜਦਾ ਏਂ / ਆ ਸ਼ਬਦਾਂ ਦੀ ਛਾਵੇਂ ਆ ਜਾ...। ਇਹ ਤੇਰਾ ਕਿਹਾ ਹੀ ਸੁਹਣਾ ਸ਼ੇਅਰ ਹੈ। ਤੈਨੂੰ ਸ਼ਬਦਾਂ ਦੀ ਛਾਂ ਵਾਲ਼ੇ ਰੁੱਖ ਹੋਣ ਦਾ ਅਹਿਸਾਸ ਕਿਸ ਉਮਰੇ ਹੋਣਾ ਸ਼ੁਰੂ ਹੋ ਗਿਆ ਸੀ?***

• ਜਦੋਂ ਮੈਂ ਸੁਰਤ ਸੰਭਾਲ਼ੀ, ਮੈਂ ਅਪਣੇ ਆਪ ਨੂੰ ਸਾਜ਼ਾਂ ਮਗਰ ਭੱਜਦਾ ਦੇਖਿਆ।

***ਮੇਰੀ ਦੋ ਗਿੱਠਾਂ ਦੀ ਬੰਸਰੀ, ਇਹਦੀ ਕੋਹ-ਕੋਹ ਕੂਕ ਸੁਣੇ।...***

ਇਹ ਬੋਲ ਮੈਂ ਬਹੁਤ ਬਚਪਨ ਵਿਚ ਸੁਣੇ।

ਮੇਰੇ ਮਾਮੇ ਦੇ ਬੇਟੇ ਨਿਰਮਲ ਨੇ ਮੈਨੂੰ ਤਾਰਿਆਂ ਦੀ ਛੱਤ ਹੇਠ ਉਸ ਕੁੜੀ ਦੀ ਬਾਤ ਸੁਣਾਈ, ਜਿਹਨੂੰ ਉਹਦੇ ਭਰਾ ਨੇ ਮਾਰ ਕੇ ਉਜਾੜ ਵਿਚ ਦੱਬ ਦਿੱਤਾ ਸੀ। ਫਿਰ ਕੁਝ ਸਾਲਾਂ ਬਾਅਦ ਜਦੋਂ ਉਹ ਕਿਤਿਓਂ ਵਾਂਢਿਓਂ ਮੁੜ ਰਿਹਾ ਸੀ, ਤਾਂ ਧੁੱਪ ਤੇ ਥਕੇਵੇਂ ਦਾ ਮਾਰਿਆ ਰੁੱਖ ਥੱਲੇ ਸੌਂ ਗਿਆ। ਰੁੱਖ ਉਸ ਦੇ ਸੁਪਨੇ ਵਿਚ ਗਾਉਣ ਲੱਗਾ:

***ਵੀਰਾ ਛਾਵੇਂ ਸੁੱਤਿਆ, ਦਿਨ ਦੀ ਹੋ ਗਈ ਰੈਣ***
***ਝੱਲਾਂ ਸਾਵੀਆਂ ਪੱਖੀਆਂ, ਮੈਂ ਤੇਰੀ ਤੱਤੜੀ ਭੈਣ***

ਭਰਾ ਤ੍ਰੱਭਕ ਕੇ ਜਾਗਿਆ। ਉਹ ਬਹੁਤ ਡਰ ਗਿਆ ਕਿ ਇਹ ਰੁੱਖ ਤਾਂ ਉਸ ਦੀ ਓਹੀ ਭੈਣ ਹੈ, ਜੋ ਉਹਨੇ ਵੱਢ ਕੇ ਦੱਬੀ ਸੀ। ਉਹਨੇ ਕੁਹਾੜਾ ਲਿਆ ਕੇ ਉਹ ਰੁੱਖ ਵੱਢ ਦਿੱਤਾ ਤੇ ਚਲਾ ਗਿਆ। ਵੱਢੇ ਰੁੱਖ ਦਾ ਮੋਛਾ ਕਿਸੇ ਫ਼ਕੀਰ ਨੇ ਚੁੱਕ ਲਿਆ ਤੇ ਉਹਦੀ ਸਾਰੰਗੀ ਬਣਵਾ ਲਈ। ਉਹ ਫ਼ਕੀਰ ਘੁੰਮਦਾ-ਘੁਮਾਉਂਦਾ ਓਸ ਕੁੜੀ ਦੇ ਪਿੰਡ ਹੀ ਚਲਾ ਗਿਆ। ਜਦੋਂ ਉਹਨੇ ਉਸ ਗ਼ਲੀ ਵਿਚ ਜਾ ਕੇ ਸਾਰੰਗੀ ਵਜਾਈ, ਤਾਂ ਉਸ ਵਿੱਚੋਂ ਉਸ ਵੱਢ ਕੇ ਮਾਰ ਮੁਕਾਈ ਕੁੜੀ ਦੀ ਆਵਾਜ਼ ਆਉਣ ਲੱਗੀ....

ਮੇਰੇ ਮਨ ਵਿਚ ਬੰਦੇ, ਰੁੱਖ, ਸਾਜ਼, ਆਵਾਜ਼ ਹਮੇਸ਼ਾ ਲਈ ਘੁਲ ਗਏ।

ਪੰਜਵੀਂ ਛੇਵੀਂ ਵਿਚ ਮੈਂ ਤੁਕਬੰਦੀ ਕਰਨ ਲੱਗ ਪਿਆ ਸੀ। ਦਸਵੀਂ-ਗਿਆਰਵੀਂ ਤਕ ਮੇਰੀਆਂ ਕੁਝ ਰਚਨਾਵਾਂ ਏਧਰ-ਓਧਰ ਛਪ ਵੀ ਗਈਆਂ। ਇਕ ਬਹੁਤ ਦਿਲਚਸਪ ਗੱਲ ਤੈਨੂੰ ਸੁਣਾਉਂਦਾ ਹਾਂ; ਜਿਸ ਨੂੰ ਯਾਦ ਕਰਕੇ ਹੁਣ ਤਾਂ ਮੈਨੂੰ ਮਾਣ ਹੁੰਦਾ ਹੈ, ਪਰ ਓਦੋਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ। ਓਥੇ ਪੰਜਾਬੀ ਦੇ ਅਧਿਆਪਕ ਸਨ, ਪੰਜਾਬੀ ਦੇ ਸਾਹਿਤਕਾਰ ਸੁਰਜੀਤ ਸਿੰਘ ਸੇਠੀ ਤੇ ਉਨ੍ਹਾਂ ਦੀ ਪਤਨੀ ਮਨੋਹਰ ਕੌਰ ਅਰਪਨ। ਮੈਂ ਸੇਠੀ ਸਾਹਿਬ ਨੂੰ ਕਾਲਜ ਮੈਗਜ਼ੀਨ ਵਾਸਤੇ ਗ਼ਜ਼ਲ ਦੇਣ ਗਿਆ। ਉਸ ਓਸੇ ਵੇਲੇ ਪੜ੍ਹਨ ਲੱਗ ਪਏ, ਤਾਂ ਪੜ੍ਹਕੇ ਬਹੁਤ ਗ਼ੁੱਸੇ ਨਾ਼ਲ ਬੋਲੇ: ਕਿੱਥੋਂ ਚੁਰਾ ਕੇ ਲਿਆਇਆ ਏਂ ਗ਼ਜ਼ਲ? ਮੈਂ ਕਿਹਾ : ਨਹੀਂ ਜੀ, ਮੈਂ ਆਪ ਲਿਖੀ ਹੈ। ਪਰ ਉਨ੍ਹਾਂ ਨੂੰ ਯਕੀਨ ਨਾ ਆਇਆ। ਉਨ੍ਹਾਂ ਨੇ ਗ਼ੁੱਸੇ ਨਾ਼ਲ ਗ਼ਜ਼ਲ ਮੈਨੂੰ ਮੋੜ ਦਿੱਤੀ। ਮੈਂ ਨਮ ਅੱਖਾਂ ਨਾ਼ਲ ਮੁੜ ਆਇਆ। ਫਿਰ ਉਹ ਜਿਸ ਦਿਨ ਸਾਡੀ ਕਲਾਸ ਨੂੰ ਪੰਜਾਬੀ ਪੜ੍ਹਾਉਣ ਆਏ, ਤਾਂ ਉਨ੍ਹਾਂ ਨੇ ਸਾਨੂੰ ਕਿਹਾ: ਅਪਣੇ ਦੋਸਤ ਦੀ ਮਾਤਾ ਜੀ ਦੇ ਦੇਹਾਂਤ ਉੱਤੇ ਦਿਲਾਸੇ ਦਾ ਖ਼ਤ ਲਿਖੋ; ਮੈਂ ਖ਼ਤ ਲਿਖਿਆ ਤੇ ਉਨ੍ਹਾਂ ਕੋ਼ਲ ਚੈੱਕ ਕਰਵਾਉਣ ਲੈ ਗਿਆ। ਖ਼ਤ ਪੜ੍ਹ ਕੇ ਉਹ ਕਹਿਣ ਲੱਗੇ: ਕੱਲ੍ਹ ਨੂੰ ਅਪਣੀ ਉਹ ਗ਼ਜ਼ਲ ਲੈ ਆਈਂ।

ਉਸ ਤੋਂ ਬਾਅਦ ਉਹ ਮੈਨੂੰ ਬਹੁਤ ਪਿਆਰ ਤੇ ਉਤਸ਼ਾਹ ਦੇਣ ਲੱਗ ਪਏ।

ਪਰ ਉਹ ਕਵਿਤਾ ਜਿਸ ਨੂੰ ਮੈਂ ਅਪਣੀ ਅਸਲੀ ਪਹਿਲੀ ਕਵਿਤਾ ਮੰਨਦਾ ਹਾਂ, ਇਸ ਵਾਕਏ ਤੋਂ ਕੋਈ ਇਕ ਸਾਲ ਬਾਅਦ ਲਿਖੀ। ਇਸ ਕਵਿਤਾ ਦਾ ਨਾਮ ਸੀ ਗਾਇਕਾ।

ਇਸ ਕਵਿਤਾ ਦੀ ਕਹਾਣੀ ਇਸ ਤਰ੍ਹਾਂ ਹੈ ਕਿ ਸੇਠੀ ਸਾਹਿਬ ਨੇ ਸਾਡੇ ਕਾਲਜ ਦੀ ਟੀਮ ਨੂੰ ਕਿਸੇ ਕਵਿਤਾ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਲਈ ਭੇਜਿਆ। ਟੀਮ ਦਾ ਇਕ ਮੈਂਬਰ ਮੈਂ ਸਾਂ ਤੇ ਇਕ ਸੀ ਸਾਡੇ ਕਾਲਜ ਦੀ ਬਹੁਤ ਪਿਆਰੀ ਗਾਇਕਾ ਕੁੜੀ। ਸੇਠੀ ਸਾਹਿਬ ਕਹਿਣ ਲੱਗੇ: ਇਹਨੂੰ ਅਪਣਾ ਕੋਈ ਗੀਤ ਜਾਂ ਗ਼ਜ਼ਲ ਦੇ ਦੇ, ਇਹ ਅਪਣੀ ਕਹਿ ਕੇ ਗਾ ਦੇਵੇਗੀ। ਉਸ ਗਾਇਕਾ ਦਾ ਮੇਰਾ ਉਹ ਗੀਤ ਗਾਉਣਾ ਮੇਰੇ ਲਈ ਗਹਿਰੇ ਸੰਜੋਗ ਜਿਹਾ ਅਨੁਭਵ ਸੀ। ਮੈਨੂੰ ਲੱਗਾ ਜਿਵੇਂ ਉਸ ਕੁੜੀ ਦਾ ਵਜੂਦ ਕੋਈ ਸਰੋਵਰ ਹੋਵੇ ਤੇ ਮੇਰੇ ਲ਼ਫ਼ਜ਼ ਰੰਗਾਂ ਵਾਂਗ ਉਸ ਵਿਚ ਘੁਲ ਰਹੇ ਹੋਣ। ਪਰ ਕੁਝ ਦਿਨਾਂ ਬਾਅਦ ਮੈਨੂੰ ਅਹਿਸਾਸ ਹੋਇਆ ਕਿ ਇਹ ਸਭ ਕੁਝ ਤਾਂ ਮੇਰਾ ਹੀ ਭਰਮ ਸੀ, ਉਸ ਗਾਇਕਾ ਦੇ ਮਨ ਵਿਚ ਤਾਂ ਇਹੋ-ਜਿਹਾ ਕੋਈ ਅਹਿਸਾਸ ਹੀ ਨਹੀਂ ਸੀ। ਉਸ ਦਿਨ ਮੈਂ ਘਰ ਆਇਆ ਤੇ ਫਿਰ ਕਾਪੀ ਪੈੱਨ ਚੁੱਕ ਕੇ ਖੇਤਾਂ ਵਲ ਤੁਰ ਗਿਆ ਤੇ ਉਹ ਕਵਿਤਾ ਲਿਖੀ, ਜਿਹਨੂੰ ਮੈਂ ਅਪਣੀ ਪਹਿਲੀ ਕਵਿਤਾ ਕਹਿੰਦਾ ਹਾਂ। ਇਸ ਤੋਂ ਪਹਿਲਾਂ ਮੇਰੀ ਕਿਸੇ ਕਵਿਤਾ ਵਿੱਚ ਮੇਰਾ ਤਨ, ਮਨ ਇਉਂ ਸ਼ਾਮਿਲ ਨਹੀਂ ਸੀ । ਇਹ ਕਵਿਤਾ 1964 ਦੇ ਅਗਸਤ ਮਹੀਨੇ ਪ੍ਰੀਤਲੜੀ ਵਿਚ ਛਪੀ, ਇਹ ਮੈਂ ਕਿਸੇ ਸੰਗ੍ਰਹਿ ਵਿਚ ਸ਼ਾਮਿਲ ਨਹੀਂ ਕੀਤੀ। ਸੁਣ; ਤੈਨੂੰ ਥੋੜ੍ਹੀ-ਜਿਹੀ ਸੁਣਾਉਂਦਾ ਹਾਂ:

***ਜ਼ਖ਼ਮੀ ਹੰਸ ਉਡੇ ਸਰਵਰ ਚੋਂ***
***ਪਾਣੀ ਵਿਚ ਪਿਆਜ਼ੀ ਰੌਆਂ***
***ਜਲ ਤਲ ਨੂੰ ਝਰਨਾਟਾਂ ਛਿੜੀਆਂ***
***ਤੂੰ ਅੱਜ ਮੇਰਾ ਗੀਤ ਗਾਂਵਿਆ***
***ਰਿਵੀ ਰਚਾਈਆਂ ਲਹਿਰਾਂ-ਤਾਲੀ***
***ਲਰਜ਼ਾਂਦੀ ਤੇਰੀ ਆਵਾਜ਼***
***ਇਕ ਯੁਗ ਤੋਂ ਮੇਰਾ ਵਿਸ਼ਵਾਸ***
***ਤੇਰੇ ਸੀਨੇ ਸਰਵਰ ਲਹਿਰੇ...***

ਕਪੂਰਥ਼ਲੇ ਪੜ੍ਹਦਿਆਂ ਬਹੁਤ ਕਵਿਤਾਵਾਂ ਲਿਖੀਆਂ। ਮੈਂ ਤਾਂ ਪੂਰਾ ਸੰਗ੍ਰਹਿ ਤਿਆਰ ਕਰ ਲਿਆ ਸੀ ਤੇ ਉਹਦਾ ਨਾਮ ਵੀ ਰੱਖ ਲਿਆ ਸੀ: ਐਨਕ ਦੇ ਅੱਥਰੂ। ਉਸ ਵਿਚਲੀਆਂ ਕਈ ਨਿੱਕੀਆਂ-ਨਿੱਕੀਆਂ ਕਵਿਤਾਵਾਂ ਮੈਨੂੰ ਯਾਦ ਹਨ :

***ਕਿਸੇ ਕੋਣ ਤੋਂ ਮੁੜ ਜਾਂ ਭਾਵੇਂ***
***ਬਹਿ ਨਹੀਂ ਹੋਣਾ ਅਪਣੀ ਛਾਵੇਂ***
***ਅਪਣੇ ਅਕਸ 'ਤੇ ਟਿਕਿਆ ਹੈ ਹਰਿਮੰਦਰ***
***ਫ਼ਰਸ਼ ਤੋਂ ਉੱਚੇ ਹੋ ਕੇ ਆਉਣਾ ਅੰਦਰ***
***ਜਿੰਨੇ ਚਿਰ ਨੂੰ ਸੂਰਜ ਚੜ੍ਹਿਆ***
***ਇਕ ਵੇਲ ਨੇ ਵਲ ਲਈਆਂ ਸਨ***
***ਸਾਈਕਲ ਦੀਆਂ ਤਾਰਾਂ ਨੂੰ ਤਾਰਾਂ***
***ਬਹੁਤ ਵਾਰ ਮੇਰੀ ਐਨਕ ਰੋਈ, ਇਕ ਦੋ ਵਾਰੀ ਅੱਖਾਂ***
***ਤੀਜੀ ਅੱਖ ਕਦੇ ਨਾ ਰੋਈ, ਹੋਏ ਹਾਦਸੇ ਲੱਖਾਂ***
**ਟੈਸਟ ਟਿਊਬ ਚ ਅੱਥਰੂ**

***? ਤੇਰੀ ਸਾਰੀ ਗ਼ਜ਼ਲਕਾਰੀ ਵਿਚ ਤਿੰਨ ਚਾਰ ਹੀ ਬਿੰਬ ਹਨ; ਜੋ ਮੁੜ ਘਿੜ ਆਉਂਦੇ ਹਨ: ਹੰਝੂ, ਜ਼ਖ਼ਮ, ਰੁੱਖ, ਬਿਰਖ। ਕੀ ਇਹ ਗ਼ਜ਼ਲ-ਸਿਨਫ਼ ਦੀ ਸੀਮਾ ਹੈ ਜਾਂ ਤੇਰੀ ਪ੍ਰਤਿਭਾ ਦੀ? ਚੰਗਾ ਕਵੀ ਨਵੇਂ ਬਿੰਬ ਵੀ ਸਿਰਜਦਾ ਹੈ। ਤੇਰੀਆਂ ਕੁਝ ਚਰਚਿਤ ਰਚਨਾਵਾਂ ਵਿਚ ਕੁਝ ਬਿੰਬਾਂ ਦਾ ਕਾਵਿਕ ਤਰਕ ਨਹੀਂ ਬਣਦਾ, ਜਿਵੇਂ "ਸ਼ਮ੍ਹਾਦਾਨ" ਕੀ ਹੋਇਆ? ਤੈਨੂੰ ਰੋਜ਼ ਉਡੀਕ ਖ਼ਤਾਂ ਦੀ ਸਿਖ਼ਰ ਦੁਪਹਿਰੇ ਰਹਿੰਦੀ ਏ...। ਇੱਥੇ ਸਿਖ਼ਰ ਦੁਪਹਿਰੇ ਦਾ ਕੀ ਮਤਲਬ?***

• ਕੀ ਮਤਲਬ ਦਾ ਕੀ ਮਤਲਬ? ਏਨੇ ਵੀ ਮਤਲਬੀ ਨਹੀਂ ਬਣੀਦਾ ਕਿ ਹਰ ਗੱਲ ਦਾ ਮਤਲਬ ਹੀ ਪੁੱਛੀ ਜਾਈਏ। ਹਾ... ਹਾ...ਹਾ...। ਖ਼ੈਰ ਤੇਰੇ ਇਸ ਸਵਾਲ ਵੱਲ ਮੈਂ ਬਾਅਦ ਵਿਚ ਆਵਾਂਗਾ। ਪਹਿਲਾਂ ਪਹਿਲੇ ਹਿੱਸੇ ਦਾ ਹੀ ਜਵਾਬ ਦੇਂਦਾ ਹਾਂ। ਮੇਰੀ ਗ਼ਜ਼ਲ ਵਿਚ ਵਾਇਲਿਨ ਵੀ ਆਉਂਦੀ ਐ, ਰੇਡੀਓ ਵੀ, ਸ਼ਤਰੰਜ ਵੀ, ਸਮੁੰਦਰੀ ਜਹਾਜ਼ ਵੀ, ਅਖ਼ਬਾਰ ਵੀ, ਕਲਾਲ ਵੀ, ਦੰਦੇ ਵੀ, ਮੇਜ਼ ਵੀ, ਕੁਰਸੀਆਂ ਵੀ, ਜਾਲ ਵੀ, ਰਬਾਬ ਵੀ, ਖੂਹ ਵੀ, ਟਿੰਡਾਂ ਵੀ, ਗੱਡੇ ਵੀ, ਰੇਲ ਗੱਡੀ ਵੀ, ਗੁੰਬਦ ਵੀ ਅਤੇ ਆਉਂਦੇ ਵੀ ਬੜੀ ਸ਼ਾਨ ਸ਼ੌਕਤ ਨਾ਼ਲ ਹਨ:

***ਖੇਡੋਗੇ ਸ਼ਤਰੰਜ ਜੇ ਮਰ ਚੁੱਕਿਆਂ ਦੇ ਨਾ਼ਲ***
***ਆਪ ਹੀ ਚੱਲਣੀ ਪਵੇਗੀ, ਓਹਨਾਂ ਦੀ ਵੀ ਚਾਲ***
***ਮੈਂ ਹਾਂ ਉਹ ਨਦੀ-ਨਦੀ ਜਿਸ 'ਚ ਐਸੇ ਸੁਪਨੇ***
***ਖ਼ੌਫ਼ ਆਉਂਦਾ ਹੈ ਜਦੋਂ ਕੰਢੇ 'ਤੇ ਜਾਲ ਆਉਂਦਾ ਹੈ***
***ਵਾਇਲਿਨ ਦਾ ਗਜ਼ ਫੇਰ ਰਿਹਾ ਸੀ ਸੀਖਾਂ 'ਤੇ***
***ਜੇਲ੍ਹ 'ਚ ਇਕ ਸਾਜ਼ਿੰਦਾ ਡੱਕਿਆ ਹੋਇਆ ਸੀ***
***ਲੇਟੇ ਲੇਟੇ ਪੜ੍ਹਦੇ ਪੜ੍ਹਦੇ ਸੌਂ ਜਾਂਦੇ ਨੇ ਲੋਕ***
***ਰੋਜ਼ ਤਕਾਲੀਂ ਛਪ ਜਾਂਦਾ ਹੈ ਇਕ ਨੀਲਾ ਅਖ਼ਬਾਰ***
***ਕੋਈ ਦਸਤਾਰ ਰੱਤ ਲਿੱਬੜੀ ਕੋਈ ਤਲਵਾਰ ਆਈ ਹੈ***
***ਲਿਆਓ ਸਰਦਲਾਂ ਤੋਂ ਚੁੱਕ ਕੇ ਅਖ਼ਬਾਰ ਆਈ ਹੈ***
***ਅੱਜ ਸ਼ਾਮ ਜਹਾਜ਼ਾਂ ਵਾਂਗੂੰ ਡੁੱਬ ਰਹੇ ਹਾਂ***
***ਫਿਰ ਸੂਰਜ ਵਾਂਗ ਉਦੈ ਹੋਵਾਂਗੇ ਭਲਕੇ***
***ਵੱਜਦਾ ਬਸੰਤ ਰਾਗ ਹੈ ਜੇ ਰੇਡੀਓ ਤੋਂ ਰੋਜ਼***
***ਮਤਲਬ ਨ ਲੈ ਕਿ ਪੌਣ ਖ਼ਿਜ਼ਾਂ ਦੀ ਤੁਰੀ ਨਹੀਂ***
***ਰੇਡੀਓ ਤੋਂ ਨਸ਼ਰ ਨਿਤ ਹੋਵੇਗਾ ਦਰਿਆਵਾਂ ਦਾ ਸ਼ੋਰ***
***ਪਰ ਤੇਰੇ ਥਲ ਤੀਕ ਕਤਰਾ ਨੀਰ ਦਾ ਨ ਆਏਗਾ***
***ਮੈਂ ਅੱਧੀ ਰਾਤ ਨੂੰ ਸੁਣਦਾ ਹਾਂ ਕੋਈ ਲੰਘਦੀ ਗੱਡੀ***
***ਤਾਂ ਮੈਨੂੰ ਜਾਪਦਾ ਹੈ ਜਿਉਂ ਕੋਈ ਮੈਨੂੰ ਬੁਲਾਉਂਦਾ ਹੈ***
***ਗੱਡੀ ਚੜ੍ਹਨ ਦੀ ਕਾਹਲ ਬੜੀ ਸੀ,***
***ਕੀ ਕੁਝ ਰਹਿ ਗਿਆ ਓਥੇ***
***ਪਲਾਂ ਛਿਣਾਂ ਵਿਚ ਛੱਡ ਆਏ ਸਾਂ ਯੁਗਾਂ ਯੁਗਾਂ ਦੀਆਂ ਥਾਵਾਂ***
***ਮੇਰੇ ਪਿੰਡ ਦੀ ਨੀਂਦ ਨੂੰ ਚੀਰਦੀ***
***ਗੱਡੀ ਲੰਘੀ ਰਾਤ ਅਖ਼ੀਰ ਦੀ***
***ਟੁੱਟੀ ਨੀਂਦ ਬਿਰਖ ਫ਼ਕੀਰ ਦੀ***
***ਓਦੇ ਪੱਤੇ ਮੁਸਾਫ਼ਿਰ ਉਤਰੇ***

ਹੰਝੂਆਂ ਅਤੇ ਜ਼ਖ਼ਮਾਂ ਨਾਲੋਂ ਕਈ ਗੁਣਾਂ ਜ਼ਿਆਦਾ ਮੇਰੀਆਂ ਗ਼ਜ਼ਲਾਂ ਵਿਚ ਹਵਾ, ਸੂਰਜ, ਦਰਿਆ, ਨਦੀਆਂ, ਚੰਨ, ਤਾਰੇ,

ਦੀਵਾ, ਸਾਜ਼, ਸ਼ੀਸ਼ਾ, ਸ਼ਹਿਰ, ਹਨ੍ਹੇਰਾ, ਪੱਥਰ ਤੇ ਪਾਣੀ ਆਉਂਦੇ ਹਨ, ਜ਼ਖ਼ਮ ਮੇਰੀ ਗ਼ਜ਼ਲ ਵਿਚ ਪੰਜ-ਛੇ ਵਾਰ ਆਇਆ ਹੋਊ ਤੇ ਹੰਝੂ ਦਸ ਵਾਰੀ ਜਦ ਕਿ ਫੁੱਲ ਮੇਰੀ ਗ਼ਜ਼ਲ ਵਿਚ ਛੱਤੀ ਵਾਰ ਆਏ ਹੋਣਗੇ। ਫਿਰ ਤੂੰ ਇਹ ਵੀ ਤਾਂ ਦੇਖ ਕਿ ਮੇਰੀ ਗ਼ਜ਼ਲ ਵਿਚ ਇਹ ਆਉਂਦੇ ਕਿਸ ਤਰ੍ਹਾਂ ਹਨ :

***ਅੱਥਰੂ ਟੈਸਟ ਟਿਊਬ 'ਚ ਪਾ ਕੇ ਦੇਖਾਂਗੇ***
***ਕੱਲ੍ਹ ਰਾਤੀਂ ਤੂੰ ਕਿਸ ਮਹਿਬੂਬ ਨੂੰ ਰੋਇਆ ਸੀ***
***ਤੂੰ ਮੇਰੀ ਨਮ ਨਜ਼ਰ ਨ ਦੇਖ ਕੇ ਡਰ***
***ਮੇਰੇ ਹੰਝੂਆਂ 'ਤੇ ਤੇਰਾ ਨਾਮ ਨਹੀਂ***
***ਤਾਨਸੈਨ ਤੋਂ ਬਾਪ ਦਾ ਬਦਲਾ ਬੈਜੂ ਲੈਣ ਗਿਆ***
***ਤਾਨ ਸੁਣੀ ਤਾਂ ਕਿਰ ਗਈ ਹੱਥੋਂ ਹੰਝੂ ਬਣ ਕਿਰਪਾਨ***
***ਡੁਬਣੋਂ ਬਚ ਜਾਂਦਾ ਏ ਇਉਂ ਜਾਨ ਦਾ ਬੇੜਾ ਯਾਰੋ***
***ਬੋਝ ਲਹਿ ਜਾਂਦਾ ਏ ਇਕ ਹੰਝੂ ਜੋ ਡੁੱਲ੍ਹ ਜਾਂਦਾ ਏ***

ਰੁੱਖਾਂ ਬਿਰਖਾਂ ਵਾਲੀ ਗੱਲ ਤੇਰੀ ਠੀਕ ਹੋ ਸਕਦੀ ਹੈ। ਪਰ ਮੇਰਾ ਅੰਦਾਜ਼ਾ ਹੈ ਕਿ ਮੇਰੀਆਂ ਗ਼ਜ਼ਲਾਂ ਵਿਚ ਹਵਾ ਬਿਰਖਾਂ ਤੋਂ ਵੀ ਜ਼ਿਆਦਾ ਵਾਰ ਆਈ ਹੈ। ਰੁੱਖਾਂ ਬਿਰਖਾਂ ਦੇ ਮਾਮਲੇ ਵਿਚ ਵੀ ਇਹ ਗੱਲ ਵੇਖਣ ਵਾਲੀ ਹੈ ਕਿ ਉਹ ਕੀ-ਕੀ ਰੂਪ ਧਾਰ ਕੇ ਆਏ ਹਨ:

***ਏਥੋਂ ਕੁਲ ਪਰਿੰਦੇ ਹੀ ਉੜ ਗਏ***
***ਏਥੇ ਮੇਘ ਆਉਂਦੇ ਵੀ ਮੁੜ ਗਏ***
***ਏਥੇ ਕਰਨ ਅੱਜ ਕੱਲ੍ਹ ਬਿਰਖ ਵੀ***
***ਕਿਤੇ ਹੋਰ ਜਾਣ ਦੇ ਮਸ਼ਵਰੇ***
***ਨਾ ਤਾਂ ਕੁਰਸੀਆਂ ਨੂੰ ਨ ਤਖ਼ਤ ਨੂੰ***
***ਨ ਸਲੀਬ ਸਖ਼ਤ ਕੁਰਖ਼ਤ ਨੂੰ***
***ਇਹ ਮਜ਼ਾਕ ਕਰਨ ਦਰਖ਼ਤ ਨੂੰ***
***ਬੜੇ ਸਮਝਦਾਰ ਨੇ ਮਸਖ਼ਰੇ***
***ਹੁਣ ਚੀਰ ਹੁੰਦਿਆਂ ਵੀ ਚੁਪ ਰਵੇ***
***ਹੁਣ ਆਰਿਆਂ ਨੂੰ ਵੀ ਛਾਂ ਦਵੇ***
***ਇਹ ਜੋ ਆਖਦਾ ਸੀ ਮੈਂ ਬਿਰਖ ਹਾਂ***
***ਹੁਣ ਵਕਤ ਆਇਆ ਹੈ ਸਿੱਧ ਕਰੇ***
***ਉਹ ਫੇਰ ਕਦੀ ਹੋ ਕੇ ਹਰੇ ਝੂਮ ਸਕੇ ਨਾ***
***ਉਹ ਬਿਰਖ ਕਿ ਜੋ ਕੁਰਸੀਆਂ ਦੀ ਜੂਨ ਪਏ ਨੇ***
***ਲੱਤਾਂ ਨੇ ਜਦੋਂ ਚਾਰ ਤਾਂ ਕਿਉਂ ਦੌੜ ਨਾ ਜਾਈਏ***
***ਦਫ਼ਤਰ 'ਚ ਪਏ ਮੇਜ਼ ਇਹੋ ਸੋਚ ਰਹੇ ਨੇ***
***ਮੇਰਾ ਸੁੱਤਾ ਪਿਆ ਰਾਹੁਲ, ਯਸ਼ੋਧਾ ਦੇ ਕਲੇਜੇ ਲੱਗ***
***ਗਯਾ ਦੇ ਬਿਰਖ ਤੋਂ ਵਿਹੜੇ ਦਾ ਰੁੱਖ ਮੈਨੂੰ ਬਣਾਉਂਦਾ ਹੈ***
***ਧਰਮ ਹੈ, ਇਖ਼ਲਾਕ ਹੈ, ਕਾਨੂੰਨ ਹੈ ਇਹ ਕੌਣ ਹੈ***
***ਮੇਰਿਆਂ ਬਿਰਖਾਂ ਤੇਰੀ ਬਰਸਾਤ ਵਿਚਲਾ ਫ਼ਾਸਿਲਾ***
***ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ***
***ਫ਼ੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ***
***ਆਖੋ ਇਹਨਾਂ ਨੂੰ ਉਜੜੇ ਘਰੀਂ ਜਾਣ ਹੁਣ***
***ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ***
***ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ***
***ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣ ਕੇ***

ਬਾਕੀ ਗੱਲ ਇਹ ਹੈ ਕਿ ਕਵਿਤਾ ਕਵੀ ਦਾ ਅਚੇਤ ਤੇ ਸਚੇਤ ਰਲ਼ ਕੇ ਲਿਖਦੇ ਹਨ। ਬਹੁਤ ਕੁਝ ਅਚੇਤ ਚੋਂ ਆਉਂਦਾ ਹੈ। ਹੁਣ ਤੀਜੀ ਗੱਲ ਵੱਲ ਆਉਂਦਾ ਹਾਂ। ਸ਼ਮ੍ਹਾਦਾਨ ਕੀ ਕਹਿਣਗੇ। ਮੈਂ ਕਿਸੇ ਫ਼ਿਲਮ ਵਿਚ ਪੁਰਾਣੇ ਵਕਤ ਦੇ ਉਰਦੂ ਸ਼ਾਇਰਾਂ ਦਾ ਮੁਸ਼ਾਇਰਾ ਦੇਖਿਆ ਸੀ, ਜਿਸ ਵਿਚ ਜਦੋਂ ਕਿਸੇ ਸ਼ਾਇਰ ਦੀ ਵਾਰੀ ਆਉਂਦੀ, ਉਸ ਅੱਗੇ ਸ਼ਮ੍ਹਾਦਾਨ ਰੱਖ ਦੇਂਦੇ, ਉਹ ਅਪਣਾ ਕਲਾਮ ਸ਼ੁਰੂ ਕਰਦਾ। ਪਰ ਜੇ ਉਹ ਚੁੱਪ ਹੀ ਰਹੇ ਤਾਂ ਵਾਕਈ ਸ਼ਮ੍ਹਾਦਾਨ ਕੀ ਕਹੇਗਾ?

***ਕੁਛ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ***
***ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ***
***ਮੈਂ ਸਮਝਦਾਂ ਇਸ ਵਿਚ ਕਾਵਿਕ ਤਰਕ ਹੈ।***

'ਤੈਨੂੰ ਰੋਜ਼ ਉਡੀਕ ਖ਼ਤਾਂ ਦੀ ਸਿਖ਼ਰ ਦੁਪਹਿਰੇ ਰਹਿੰਦੀ ਏ'। ਇਸ ਵਿਚ ਸਿਖ਼ਰ ਦੁਪਹਿਰੇ ਸ਼ਾਇਦ ਇਸ ਲਈ ਆ ਗਿਆ ਕਿ ਸਾਡੇ ਪਿੰਡ ਡਾਕ ਸਿਖ਼ਰ ਦੁਪਹਿਰੇ ਆਉਂਦੀ ਸੀ। ਸਿਰ ਉੱਤੇ ਜਾਂ ਮੋਢੇ 'ਤੇ ਚਿੱਠੀਆਂ ਦਾ ਥੈਲਾ ਚੁੱਕੀ ਤੇ ਹੱਥ ਵਿਚ ਇਕ ਸੰਗੀਨ ਤੇ ਇਕ ਘੁੰਗਰੂ ਵਾਲੀ ਲਾਠੀ ਚੁੱਕੀ ਡਾਕੀਆ ਕਰਤਾਰਪੁਰੋਂ ਤੁਰ ਕੇ ਆਉਂਦਾ ਸੀ। ਮੈਨੂੰ ਲੱਗਦਾ ਸਾਰੇ ਪਿੰਡਾਂ ਵਿਚ ਡਾਕ ਸਿਖ਼ਰ ਦੁਪਹਿਰੇ ਹੀ ਆਉਂਦੀ ਹੋਏਗੀ। ਪਰ ਮੈਨੂੰ ਪੱਕਾ ਪਤਾ ਨਹੀਂ। ਸੋ ਇਸ ਦੇ ਕਾਵਿਕ ਤਰਕ ਬਾਰੇ ਮੈਂ ਦਾਅਵੇ ਨਾਲ਼ ਕੁਝ ਨਹੀਂ ਕਹਿ ਸਕਦਾ।

## ਕਵਿਤਾ ਦਾ ਰੇਟ

***? ਕੋਈ ਦੱਸਦਾ ਸੀ ਕਿ ਤੂੰ ਕੈਨੇਡੇ, ਅਮਰੀਕਾ, ਯੂਰਪ ਜਾ ਕੇ ਤਰੰਨੁਮ ਵਿਚ ਗ਼ਜ਼ਲਾਂ ਸੁਣਾਉਣ ਦਾ ਘੱਟੋ-ਘੱਟ ਤਿੰਨ ਹਜ਼ਾਰ ਡਾਲਰ (ਇਕ ਲੱਖ ਰੁਪਏ) ਦਾ ਰੇਟ ਬੰਨ੍ਹਿਆ ਹੋਇਆ ਹੈ। ਆਉਣ-ਜਾਣ, ਨੁਕਲ-ਪਾਣੀ ਦਾ ਖ਼ਰਚ ਵੱਖਰਾ। ਅਪਣੇ ਹੁਨਰ ਦੀ ਕਮਾਈ ਕਰਨੀ ਮਾੜੀ ਗੱਲ ਨਹੀਂ। ਪਰ ਕੀ ਤੇਰੀ ਅੰਦਰੋਂ ਰੂਹ ਮੰਨਦੀ ਹੈ, ਕਵਿਤਾ ਨੂੰ ਇਸ ਤਰ੍ਹਾਂ ਜਿਣਸ ਬਣਾਉਣ ਨੂੰ?***

• ਮੈਂ ਕਦੀ ਕਿਸੇ ਨਾਲ਼ ਰੇਟ ਨਹੀਂ ਬੰਨ੍ਹਿਆ। ਮੈਂ ਤਾਂ ਸਦਾ ਗ਼ਜ਼ਲਾਂ ਗਾਉਣ ਨੂੰ ਤਿਆਰ ਰਹਿੰਦਾ ਹਾਂ। ਇਕ ਵਾਰ ਮੈਂ ਸੁੱਖਣਾ ਲੇਕ ਦੇ ਕੰਢੇ ਸਾਰੀ ਰਾਤ ਗਾਇਆ ਸੀ। ਮੈਂ ਜਦ ਵੀ ਵਿਦੇਸ਼ ਗਿਆਂ ਅਪਣੇ ਦੋਸਤਾਂ ਕੋਲ਼ ਹੀ ਗਿਆਂ। ਕੈਨੇਡਾ ਹਰਦੇਵ ਵਿਰਕ, ਸਾਧੂ ਸਿੰਘ, ਜਸਵਿੰਦਰ, ਭਜਨ, ਰਵੀ ਮਾਨ, ਅਜਮੇਰ ਰੋਡੇ ਕੋਲ਼। ਲੰਡਨ ਅਪਣੇ ਭਰਾ ਦੀਦਾਰ ਪਰਦੇਸੀ ਕੋਲ਼ ਜਾਂ ਸੁਰਿੰਦਰ ਸੀਹਰੇ ਕੋਲ਼। ਅਮਰੀਕਾ ਗੁਰਮੇਲ ਕੋਲ਼, ਸੁਰਿੰਦਰ ਸੀਰਤ ਕੋਲ਼ ਜਾਂ ਸੁਖਵਿੰਦਰ ਕੰਬੋਜ ਕੋਲ਼।

ਹਾਂ, ਕੈਨੇਡਾ ਵਿਚ ਦੋਸਤਾਂ ਨੇ ਇਹ ਜ਼ਰੂਰ ਕੀਤਾ ਕਿ ਮੇਰੀ ਤੇ ਦੀਦਾਰ ਪਰਦੇਸੀ ਦੀ ਇਕ ਸ਼ਾਮ ਆਯੋਜਿਤ ਕੀਤੀ ਗਈ, ਜਿਹਦੀ ਦਸ ਡਾਲਰ ਟਿਕਟ ਰੱਖੀ ਗਈ। ਪੰਜ ਸੌ ਸੀਟਾਂ ਦਾ ਹਾਲ ਭਰਿਆ ਹੋਇਆ ਸੀ। ਤੇ ਲੋਕਾਂ ਨੇ ਸਾਹ ਰੋਕ ਕੇ ਦੀਦਾਰ ਨੂੰ ਤੇ ਮੈਨੂੰ ਤਿੰਨ ਘੰਟੇ ਸੁਣਿਆ। ਦੇਵ ਦਿਲਦਾਰ ਵਾਰੀ ਵੀ ਇਉਂ ਹੀ ਹੋਇਆ। ਮੈਨੂੰ ਬਹੁਤ ਵਧੀਆ ਲੱਗਾ। ਕਿਸੇ ਇਕ ਬੰਦੇ 'ਤੇ ਭਾਰ ਪਾਉਣ ਨਾਲ਼ੋਂ ਬਿਹਤਰ ਹੈ, ਟਿਕਟਾਂ ਦੇ ਕੇ ਭਾਰ ਵੰਡ ਲੈਣਾ। ਉਨ੍ਹਾਂ ਟਿਕਟਾਂ ਦੇ ਪੈਸਿਆਂ ਵਿੱਚੋਂ ਆਡੀਟੋਰੀਅਮ ਦਾ ਕਿਰਾਇਆ ਵੀ ਦਿੱਤਾ ਗਿਆ, ਸਾਊਂਡ ਦਾ ਖ਼ਰਚਾ ਵੀ ਤੇ ਸਾਨੂੰ ਵੀ ਪੈਸੇ ਦਿੱਤੇ ਗਏ। ਮੈਂ ਪਰਦੇਸਾਂ ਦੀਆਂ ਸਾਹਿਤ ਸਭਾਵਾਂ ਵਿਚ ਵੀ ਕਵਿਤਾਵਾਂ ਪੜ੍ਹਕੇ ਆਇਆਂ। ਉਹ ਜਾਣਦੇ ਹਨ, ਮੈਂ ਕਿਸੇ ਨਾਲ਼ ਕੋਈ ਰੇਟ ਨਹੀਂ ਬੰਨ੍ਹਿਆ। ਜਦੋਂ ਅਸੀਂ ਸਾਹਿਤ ਸਭਾਵਾਂ ਵਿਚ ਕਵਿਤਾਵਾਂ ਪੜ੍ਹਦੇ ਹਾਂ, ਤਾਂ ਮੀਂਹ ਸਮੁੰਦਰ ਉੱਤੇ ਹੀ ਵਸਦਾ ਹੈ ਯਾਨੀ ਲੇਖਕਾਂ ਨੂੰ ਲੇਖਕ ਹੀ ਸੁਣਦੇ ਹਨ। ਸਾਰੇ ਯੂਰਪ ਤੇ ਉੱਤਰੀ ਅਮਰੀਕਾ ਵਿਚ ਕਵੀ ਟਿਕਟਾਂ 'ਤੇ ਕਵਿਤਾ ਪੜ੍ਹਦੇ ਹਨ। ਇਸ ਤਰ੍ਹਾਂ ਟਿਕਟਾਂ ਖ਼ਰੀਦਣ ਵਾਲ਼ੇ ਸਾਰੇ ਅਮੀਰ ਗ਼ਰੀਬ ਤੁਹਾਡੇ ਸਰਪ੍ਰਸਤ ਬਣਦੇ ਹਨ। ਕੋਈ ਇਕ ਰਾਜਾ ਮਹਾਰਾਜਾ ਨਹੀਂ ਬਣਦਾ।

ਜੇ ਜਿਣਸ ਬਣਾਉਣ ਦੀ ਗੱਲ ਹੈ, ਫੇਰ ਤਾਂ ਕਵਿਤਾ ਦੀ ਕਿਤਾਬ ਦੀ ਰਾਇਲਟੀ ਵੀ ਨਹੀਂ ਲੈਣੀ ਚਾਹੀਦੀ। ਪਰ ਉਹ ਸਾਰੇ ਕਵੀ ਰਾਇਲਟੀ ਲੈਂਦੇ ਹਨ ਜਾਂ ਸਨ, ਜਿਨ੍ਹਾਂ ਨੂੰ ਤੁਸੀਂ ਮਹਾਨ ਕਹਿੰਦੇ ਹੋ।

## ਗੁਰਬਾਣੀ ਦੀ ਲੋਏ

***? ਤੂੰ ਗੁਰਬਾਣੀ ਕਿੰਨੀ ਕੁ ਪੜ੍ਹਦਾ ਏਂ?***

• ਬਚਪਨ ਤੋਂ ਗੁਰਬਾਣੀ ਮੇਰੇ ਅੰਗ ਸੰਗ ਰਹੀ ਹੈ। ਜਦੋਂ ਮੈਂ ਪਹਿਲੀ ਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਤਾਂ ਮੇਰੇ ਉੱਤੇ ਉਸ ਸਾਰੇ ਦ੍ਰਿਸ਼ ਦਾ ਤੇ ਧੁਨੀ ਦਾ ਬਹੁਤ ਅਸਰ ਹੋਇਆ। ਮੇਰੇ ਅੰਦਰ ਸੁਰ ਅਤੇ ਸ਼ਬਦ, ਅਕਸ ਅਤੇ ਜਲ ਵਾਂਗ ਘੁਲ ਗਏ। ਮੇਰੇ ਪਿਤਾ ਜੀ ਦੀ ਹਰ ਚਿੱਠੀ ਵਿਚ ਗੁਰਬਾਣੀ ਦੇ ਵਾਕ ਮੋਤੀਆਂ ਵਾਂਗ ਜੁੜੇ ਹੁੰਦੇ। ਮੇਰਾ ਪੀ।ਐੱਚ।ਡੀ। ਦਾ ਥੀਸਸ ਵੀ ਨਾਨਕ ਬਾਣੀ ਬਾਰੇ ਹੈ। ਦੁੱਖ-ਸੁੱਖ ਵੇਲੇ ਇਹੋ ਜਿਹੀਆਂ ਸਤਰਾਂ ਬੇੜਾ ਪਾਰ ਕਰਵਾਉਂਦੀਆਂ ਹਨ:

***ਪਰਵਾਹ ਨਾਹੀ ਕਿਸੇ ਕੇਰੀ ਬਾਝ ਸਚੇ ਨਾਇ***
***ਮੈਂ ਜਾਨਿਆ ਦੁਖ ਮੁਝ ਕੋ ਦੁਖ ਸਬਾਇਆ ਜਗ***
***ਕਹੇ ਰਵੀਦਾਸ ਚਮਾਰਾ***
***ਸੋਨੇ ਕੀ ਸੂਈ ਰੁਪੇ ਕਾ ਧਾਗਾ,***
***ਨਾਮੇ ਦਾ ਚਿਤ ਹਰੀ ਨਾਮ ਮੇ ਲਾਗਾ***
***ਮਿਹਰ ਮਸੀਤ ਸਿਦਕ ਮੁਸਲਾ ਹਕ ਹਲਾਲ ਕੁਰਾਨ***

ਗੁਰੂ ਨਾਨਕ ਦਾ ਮਿੱਥ, ਰੀਤ ਜਾਂ ਅਨੁਸ਼ਠਾਨ ਪ੍ਰਤੀ ਖੰਡਨ ਜਾਂ ਕਿਤੇ ਦ੍ਰਿਸ਼ਟਾਂਤ ਵਾਲ਼ਾ ਰਵੱਈਆ ਵੀ ਹੈ ਪਰ ਇਕ ਗੱਲ ਜੋ ਦੁਨੀਆ ਵਿਚ ਹੋਰ ਕਿਤੇ ਨਹੀਂ ਮਿਲਦੀ, ਉਹ ਇਹ ਹੈ ਕਿ ਉਹ ਉਸ ਦਾ ਇਸ ਤਰ੍ਹਾਂ ਰੂਪਾਂਤਰਣ ਕਰਦੇ ਹਨ ਇਕ ਕਰਾਮਾਤ ਵਾਂਗ ਉਹ ਰੀਤ ਜਾਂ ਮਿਥ ਕਿਸੇ ਮਹਾਨ ਸਰਬ ਵਿਆਪੀ ਕਦਰ ਕੀਮਤ ਵਿਚ ਤਬਦੀਲ ਹੋ ਜਾਂਦੀ। ਮਿਸਾਲ ਦੇ ਤੌਰ 'ਤੇ ਉਹ ਜਨੇਊ ਪਾਉਣ ਤੋਂ ਇਨਕਾਰ ਨਹੀਂ ਕਰਦੇ। ਉਹ ਕਹਿੰਦੇ ਹਨ : ਹਾਂ ਮੈਂ ਜਨੇਊ ਪਾਉਣਾ ਚਾਹੁੰਦਾ ਹਾਂ ਤੇ ਉਹ ਵੀ ਹਮੇਸ਼ਾ ਹਮੇਸ਼ਾ ਲਈ। ਇਸ ਲਈ ਉਹ ਅਜਿਹਾ ਹੋਵੇ ਕਿ ਨਾ ਕਦੀ ਟੁੱਟੇ, ਨਾ ਮੈਲਾ ਹੋਵੇ, ਚਿਤਾ ਦੀ ਅੱਗ ਵਿਚ ਵੀ ਨ ਜਲੇ। ਕੀ ਇਹੋ ਜਿਹਾ ਜਨੇਊ ਸੰਭਵ ਹੈ। ਹਾਂ? ਸੰਭਵ ਹੈ: ਦਇਆ ਕਪਾਹ, ਸੰਤੋਖ ਸੂਤ, ਜਤ ਗੰਢੀ ਸਤ ਵਟ।

ਹੋਰ ਬਹੁਤ ਸਾਰੀਆਂ ਰੀਤਾਂ-ਮਿੱਥਾਂ ਦਾ ਉਹ ਕਾਇਆਕਲਪ ਇਸ ਤਰ੍ਹਾਂ ਹੀ ਕਰਦੇ ਹਨ। ਇਹ ਖੰਡਨ ਸਦਮੇ ਦੀ ਥਾਂ ਸਿਰਜਣਾ ਦਾ ਹੁਲਾਸ ਦੇਂਦਾ ਹੈ: ਹਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ; ਧੌਲ ਧਰਮ ਦਇਆ ਕਾ ਪੂਤ; ਗਗਨ ਮੈ ਥਾਲਿ ਰਵਿ ਚੰਦ ਦੀਪਕ ਬਨੇ। ਅਪਣੇ ਚੁੱਲ੍ਹੇ ਚੌਕੇ ਦੁਆਲੇ ਕਾਰ ਵਾਹ ਕੇ ਬੈਠੀ ਬ੍ਰਾਹਮਣੀ ਨੂੰ ਉਹ ਕਹਿੰਦੇ ਹਨ :

***ਕੁਬੁਧਿ ਡੂਮਣੀ, ਕੁਦਇਆ ਕਸਾਇਣ***
***ਪਰ ਨਿੰਦਾ ਘਟ ਚੂਹੜੀ ਮੁੱਠੀ ਕ੍ਰੋਧਿ ਚੰਡਾਲ***
***ਕਾਰੀ ਕਢੀ ਕਿਆ ਥੀਐ***
***ਜਾਂ ਚਾਰੇ ਬੈਠੀਆ ਨਾਲਿ॥***

ਮੈਂ ਬਹੁਤ ਬਾਰ ਸੋਚਦਾ ਹਾਂ ਕਿ ਉਹ ਪ੍ਰਸਨ ਜੋ ਬਾਬਰ ਬਾਣੀ ਵਿੱਚ ਗੁਰੂ ਨਾਨਕ ਸਾਹਿਬ ਨੇ ਕਰਤਾ ਨੂੰ ਪੁੱਛਿਆ ਸੀ :

***ਏਤੀ ਮਾਰ ਪਈ ਕੁਰਲਾਣੇ***
***ਤੈ ਕੀ ਦਰਦ ਨਾ ਆਇਆ?***

ਉਸ ਦਾ ਕੋਈ ਜਵਾਬ ਕਰਤਾ ਨੇ ਦਿੱਤਾ ਜਾਂ ਕਿਸੇ ਨੇ ਸੋਚਿਆ ਕਿ ਕਰਤਾ ਜੇ ਜਵਾਬ ਦਿੰਦਾ ਤਾਂ ਕੀ ਦਿੰਦਾ? ਜਾਂ ਕਿ ਉਸਦਾ ਸਵਾਲ ਅਣਜਵਾਬਿਆ ਹੀ ਖਿਲਾਅ ਦੇ ਸੀਨੇ ਵਿੱਚ ਖੁੱਭਿਆ ਹੋਇਆ ਹੈ? ਤਾਂ ਮੈਨੂੰ ਗੁਰਬਾਣੀ ਦੀ ਇਕ ਤੁੱਕ ਵਿੱਚੋਂ ਹੀ ਇਸਦਾ ਜਵਾਬ ਮਿਲਿਆ ਤੇ ਮੈਂ ਲਿਖਿਆ :

***ਤੂੰ ਹੀ ਮੇਰੇ ਦਰਦ ਦਇਆ ਦੀ ਜੋਤਿ ਹੈਂ***
***ਨਾਨਕ ਨੂੰ ਇਹ ਸਬਦ ਕਹੇ ਪਰਮਾਤਮਾ***
***ਉੱਠ ਧਰਤੀ ਦਾ ਦੁੱਖ ਵੰਡਾ ਓ ਪੂਰਨਾ***
***ਬਾਝ ਸਪੁੱਤਰਾਂ ਅਉਤ ਰਹੇ ਪਰਮਾਤਮਾ***

ਗੁਰਬਾਣੀ ਦੀ ਜਿਸ ਤੁੱਕ ਵਿੱਚੋਂ ਇਹ ਜਵਾਬ ਮਿਲਿਆ ਉਹ ਤੁੱਕ ਮੈਨੂੰ ਯਾਦ ਨਹੀਂ ਪਰ ਉਹਦਾ ਅਰਥ ਕੁਝ ਇਸ ਤਰ੍ਹਾਂ ਹੈ ਕਿ ਭਲੇ ਇਨਸਾਨਾਂ ਨੇ ਹੀ ਪਰਮਾਤਮਾ ਨੂੰ ਸਉਤਰ ਬਣਾਇਆ ਵਰਨਾ ਉਹ ਅਉਤ ਹੀ ਕਹਾਉਂਦਾ ਤੇ ਉਸਦੇ ਕਿੰਨੇ ਕੰਮ ਅਣਕੀਤੇ ਹੀ ਰਹਿ ਜਾਂਦੇ।

## ਹੇ ਕਵਿਤਾ ਦੇ ਤੀਰਥ !

***? ਸ਼ਿਵ ਕੁਮਾਰ ਦੇ ਹੁੰਦਿਆਂ ਤੇਰੀ ਬਹੁਤੀ ਪੁੱਛ ਪਰਤੀਤ ਨਾ ਹੋਈ। ਇਹਦਾ ਕਾਰਣ ਤੂੰ ਕੀ ਸਮਝਦਾ ਏਂ?***

• ਮੇਰੀ ਪਹਿਲੀ ਪੁਸਤਕ ਸ਼ਿਵ ਕੁਮਾਰ ਦੇ ਦੇਹਾਂਤ ਤੋਂ ਛੇ ਸਾਲ ਬਾਅਦ ਪ੍ਰਕਾਸ਼ਤ ਹੋਈ। ਪੁੱਛ ਪਰਤੀਤ ਕਾਹਦੇ ਸਿਰ 'ਤੇ ਹੁੰਦੀ? ਸ਼ਿਵ ਬਹੁਤ ਪਿਆਰਾ ਇਨਸਾਨ ਤੇ ਵੱਡਾ ਕਵੀ ਸੀ। ਮੈਨੂੰ ਕ੍ਰਿਸ਼ਨ ਅਦੀਬ ਨੇ ਸ਼ਿਵ ਦੇ ਦੇਹਾਂਤ ਤੋਂ ਕਈ ਸਾਲਾਂ ਬਾਅਦ ਇਹ ਗੱਲ ਦੱਸੀ ਕਿ ਤੇਰੇ ਕਾਲਜ ਵਿਚ ਜੋ ਮੁਸ਼ਾਇਰਾ ਹੋਇਆ ਸੀ, ਓਥੇ ਕਿਸੇ ਪੰਜਾਬੀ ਕਵੀ ਨੇ ਤੇ ਮੈਂ ਉਸ ਨੂੰ ਹੂਟ ਕਰਨ ਦੀ ਕੋਸ਼ਿਸ਼ ਕੀਤੀ। ਜਦ ਉਹਨੇ ਅਪਣਾ ਗੀਤ: ਮਾਏ ਨੀ ਮਾਏ, ਮੈਂ ਇਕ ਸ਼ਿਕਰਾ ਯਾਰ ਬਣਾਇਆ, ਸ਼ੁਰੂ ਕੀਤਾ ਤਾਂ ਮੈਂ ਸ਼ਿਕਰੇ ਨੂੰ ਫ਼ੁਕਰਾ ਬਣਾ ਕੇ ਸਤਰ ਦੁਹਰਾਈ। ਪਰ ਅਸੀਂ ਉਸ ਨੂੰ ਹੂਟ ਕਰਨ ਵਿਚ ਕਾਮਯਾਬ ਨਾ ਹੋਏ। ਉਦੋਂ ਤਕ ਮੈਂ ਉਸ ਨੂੰ ਪੜ੍ਹਿਆ ਨਹੀਂ ਸੀ। ਬੱਸ ਪੰਜਾਬੀ ਕਵੀਆਂ ਦੇ ਕਹੇ-ਕਹਾਏ ਮੈਂ ਵੀ ਉਸ ਨੂੰ ਕੋਈ ਵਧੀਆ ਕਵੀ ਨਹੀਂ ਸੀ ਮੰਨਦਾ। ਪਰ ਹੁਣ ਮੈਂ ਉਹਦੀਆਂ ਤਕਰੀਬਨ ਸਾਰੀਆਂ ਕਵਿਤਾਵਾਂ ਪੜ੍ਹੀਆਂ। ਬਹੁਤ ਵਧੀਆ ਕਵੀ ਸੀ। ਮੈਨੂੰ ਤਾਂ ਹੁਣ ਪਤਾ ਲੱਗਾ, ਉਹਦੇ ਮਰਨ ਤੋਂ ਏਨੇ ਸਾਲਾਂ ਬਾਅਦ। ਕ੍ਰਿਸ਼ਨ ਅਦੀਬ ਦੇ ਹੱਥ ਵਿਚ ਸ਼ਿਵ ਕੁਮਾਰ ਦੀ ਸਮੁੱਚੀ ਰਚਨਾ ਵਾਲ਼ੀ ਕਿਤਾਬ ਸੀ।

## ਇਕ ਲੱਖ ਦਾ ਇਨਾਮ

***? ਕੁਝ ਚਿਰ ਪਹਿਲਾਂ ਭਾਸ਼ਾ ਵਿਭਾਗ ਵੱਲੋਂ ਮਿਲੇ ਇਨਾਮ ਬਾਰੇ ਤੇਰੀ ਦਿਖਾਈ ਦੁਚਿੱਤੀ ਦਾ ਬੜਾ ਜ਼ਿਕਰ ਹੋਇਆ ਸੀ। ਇਨਾਮਾਂ ਬਾਰੇ ਤੇਰੀ ਕੀ ਸੋਚ ਹੈ?***

• ਸ਼ੁਕਰ ਹੈ ਤੂੰ ਇਹ ਗੱਲ ਛੇੜੀ। ਮੈਂ ਪਿਛਲੀ ਵਾਰ ਕੈਨੇਡੇ ਗਿਆ, ਤਾਂ ਮੇਰੇ ਦੋਸਤ ਹਰਦੇਵ ਵਿਰਕ ਦੇ ਘਰ ਸਾਧੂ ਭਾ ਜੀ ਮੈਨੂੰ ਕਹਿਣ ਲੱਗੇ: ਪਾਤਰ ਤੈਨੂੰ ਤੇ ਤੇਰੀ ਸ਼ਾਇਰੀ ਨੂੰ ਅਸੀਂ ਬੇਹੱਦ ਪਿਆਰ ਕਰਦੇ ਹਾਂ। ਪਰ ਤੇਰੀ ਇਕ ਗੱਲ ਨੇ ਸਾਨੂੰ ਬਹੁਤ ਦੁੱਖ ਦਿੱਤਾ। ਸਾਡੇ ਕੋਲ਼ ਕੋਈ ਜਵਾਬ ਨਹੀਂ ਸੀ, ਜਦੋਂ ਇੰਡੀਆ ਤੋਂ ਆਏ ਕਿਸੇ ਆਲੋਚਕ ਨੇ ਸਾਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ 'ਤੁਹਾਡੇ ਚਹੇਤੇ ਪਾਤਰ ਨੇ ਪਹਿਲਾਂ ਭਾਸ਼ਾ ਵਿਭਾਗ ਦੇ ਪੁਰਸਕਾਰ ਤੋਂ ਇਨਕਾਰ ਕੀਤਾ ਤੇ ਫਿਰ ਲੈ ਵੀ ਲਿਆ।' ਮੈਂ ਹੈਰਾਨ ਵੀ ਹੋਇਆ ਤੇ ਖ਼ੁਸ਼ ਵੀ। ਹੈਰਾਨ ਇਸ ਲਈ ਹੋਇਆ ਕਿ ਦੁਨੀਆ ਵਿਚ ਤੁਹਾਡੇ ਕੈਸੇ ਕੈਸੇ ਮਿਹਰਬਾਨ ਹਨ ਤੇ ਖ਼ੁਸ਼ ਇਸ ਗੱਲੋਂ ਹੋਇਆ ਕਿ ਮੇਰੇ ਪਿਆਰੇ ਦੋਸਤਾਂ ਦੇ ਦਿਲਾਂ 'ਚੋਂ ਚੁਭਦਾ ਜ਼ਹਿਰੀ ਕੰਡਾ ਨਿਕਲ ਜਾਵੇਗਾ, ਜਦੋਂ ਉਹ ਮੇਰੇ ਮੂੰਹੋਂ ਇਹ ਅਸਲੀਅਤ ਸੁਣਨਗੇ ਕਿ ਮੈਂ ਇਨਾਮ ਨਹੀਂ ਲਿਆ ਸੀ।

ਪੂਰਾ ਕਿੱਸਾ ਇਸ ਤਰ੍ਹਾਂ ਹੈ ਮੈਨੂੰ ਅਮਰਜੀਤ ਗਰੇਵਾਲ਼ ਨੇ ਚੰਡੀਗੜ੍ਹ ਤੋਂ ਫ਼ੋਨ 'ਤੇ ਦੱਸਿਆ ਕਿ ਅੱਜ ਮੀਟਿੰਗ ਸੀ; ਤੈਨੂੰ ਸ਼੍ਰੋਮਣੀ ਕਵੀ ਦਾ ਇਨਾਮ ਦੇਣ ਦਾ ਫ਼ੈਸਲਾ ਹੋ ਗਿਆ। ਇਹ ਫ਼ੈਸਲਾ ਕਰਾਉਣ ਵਿਚ ਅਮਰਜੀਤ ਗਰੇਵਾਲ਼ ਦਾ ਵੀ ਜ਼ਰੂਰ ਯੋਗਦਾਨ ਸੀ ਕਿਉਂਕਿ ਉਹ ਵੀ ਉਸ ਮੀਟਿੰਗ ਵਿਚ ਸ਼ਾਮਲ ਸੀ।

ਦੂਜੇ ਦਿਨ ਅਖ਼ਬਾਰਾਂ ਵਿਚ ਸਾਰੇ ਸ਼੍ਰੋਮਣੀਆਂ ਦੇ ਨਾਮ ਆ ਗਏ। ਉਨ੍ਹਾਂ ਵਿਚੋਂ ਦੋ ਪਰਦੇਸ ਵਸਦੇ ਲੇਖਕਾਂ ਦੇ ਨਾਵਾਂ ਦੀ ਚਰਚਾ ਹੁੰਦੀ ਰਹੀ। ਕਿਸੇ ਨੂੰ ਪਤਾ ਨਹੀਂ ਸੀ ਇਹ ਕੌਣ ਹਨ। ਕਹਿੰਦੇ ਹਨ ਕਿ ਇਹ ਦੋਵੇਂ ਨਾਮ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਮਨਿਸਟਰ ਸ. ਮਨਜੀਤ ਸਿੰਘ ਕਲਕੱਤਾ ਨੇ ਆਪ ਪੁਆਏ ਸਨ।

ਕੁਝ ਦਿਨਾਂ ਬਾਅਦ ਚੰਡੀਗੜ੍ਹ ਸ਼ਾਇਰ ਜੋਗਾ ਸਿੰਘ ਦੀ ਬੇਟੀ ਰੇਸ਼ਮਾ ਦੀ ਸ਼ਾਦੀ ਸੀ। ਉਸ ਵਿਚ ਬਹੁਤ ਸਾਰੇ ਲੇਖਕ ਸ਼ਾਮਿਲ ਸਨ। ਉਨ੍ਹਾਂ ਵਿਚ ਰਮਾ ਰਤਨ ਵੀ ਸੀ, ਆਤਮਜੀਤ ਸਿੰਘ ਨਾਟਕਕਾਰ ਵੀ ਸੀ, ਸ਼ਾਮ ਸਿੰਘ ਵੀ ਸੀ, ਅਜਮੇਰ ਸਿੰਘ ਔਲਖ ਵੀ ਸੀ। ਉਨ੍ਹਾਂ ਸਾਰਿਆਂ ਮੈਨੂੰ ਇਕੱਠੇ ਹੋ ਕੇ ਕਿਹਾ ਕਿ ਮੈਨੂੰ ਇਹ ਇਨਾਮ ਨਹੀਂ ਲੈਣਾ ਚਾਹੀਦਾ। ਨਾਲ਼ ਹੀ ਉਨ੍ਹਾਂ ਇਹ ਵੀ ਕਿਹਾ ਕਿ ਜੇ ਤੂੰ ਇਨਾਮ ਨਾ ਲਵੇਂ, ਤਾਂ ਅਸੀਂ ਐਸੀ ਲਹਿਰ ਪੈਦਾ ਕਰ ਦੇਵਾਂਗੇ, ਜੋ ਵਜ਼ੀਰ ਸਾਹਿਬ ਨੂੰ ਉਨ੍ਹਾਂ ਦੀ ਗ਼ਲਤੀ ਦਾ ਅਹਿਸਾਸ ਕਰਵਾ ਕੇ ਛੱਡੇਗੀ। ਭੁਪਿੰਦਰ ਮੇਰੀ ਪਤਨੀ ਨੂੰ ਵੀ ਰਮਾ ਨੇ ਸਹਿਮਤ ਕਰ ਲਿਆ। ਮੈਂ ਲਿਖਤੀ ਰੂਪ ਵਿਚ ਇਨਾਮ ਨੂੰ ਠੁਕਰਾਉਣ ਦਾ ਐਲਾਨ ਕਰ ਦਿੱਤਾ। ਫਿਰ ਕੀ ਸੀ? ਅਖ਼ਬਾਰਾਂ ਵਿਚ ਵਾਵੇਲਾ ਸ਼ੁਰੂ ਹੋ ਗਿਆ। ਕੁਝ ਮੇਰੇ ਖ਼ਿਲਾਫ਼, ਕੁਝ ਹੱਕ ਵਿਚ। ਕਿਸੇ ਨੇ ਇਸ ਨੂੰ ਮੇਰੀ ਹਉਮੈ ਕਿਹਾ। ਕਿਸੇ ਨੇ ਲਾਈਲੱਗਤਾ। ਮੈਨੂੰ ਯਾਦ ਹੈ ਕਿ ਸਿਰਫ਼ ਅਜੀਤ ਦੇ ਬਲਜੀਤ ਸਿੰਘ ਬੱਲੀ ਦਾ ਆਰਟੀਕਲ ਮੇਰੇ ਹੱਕ ਵਿਚ ਸੀ। ਮੇਰੇ 'ਤੇ ਸਰਕਾਰ ਨੇ ਵੀ ਕੁਝ ਦੋਸਤਾਂ ਰਾਹੀਂ ਦਬਾਅ ਪਾਏ। ਮੈਂ ਇਸ ਸਭ ਕੁਝ ਦੇ ਉੱਤਰ ਵਿਚ ਖ਼ਤ ਅਖ਼ਬਾਰ ਵਿਚ ਲਿਖਿਆ ਸੀ ਕਿ ਮੈਂ ਇਨਾਮ ਲੈ ਸਕਦਾ ਹਾਂ, ਪਰ ਜੇ ਭਾਸ਼ਾ ਵਿਭਾਗ ਪੁਰਸਕਾਰ ਦੇਣ ਦੀ ਵਿਧੀ ਨੂੰ ਤਬਦੀਲ ਕਰੇ ਤੇ ਪੰਜਾਬੀ ਦੀਆਂ ਮੁਅਤਬਰ ਸੰਸਥਾਵਾਂ-ਕੇਂਦਰੀ ਪੰਜਾਬੀ ਲੇਖਕ ਸਭਾਵਾਂ ਤੇ ਪੰਜਾਬੀ ਸਾਹਿਤ ਅਕਾਡਮੀ ਮੈਨੂੰ ਆਦੇਸ਼ ਦੇ ਦੇਵੇ।

ਇਸ ਦੇ ਪ੍ਰਤੀਕਰਮ ਵਜੋਂ ਸਰਕਾਰ ਨੇ ਸਾਰੇ ਸ਼੍ਰੋਮਣੀ ਪੁਰਸਕਾਰਾਂ ਦੀ ਰਾਸ਼ੀ 21 ਹਜ਼ਾਰ ਤੋਂ ਵਧਾ ਕੇ ਇਕ ਲੱਖ ਕਰ ਦਿੱਤੀ। ਫਿਰ ਪੁਰਸਕਾਰ ਸਮਾਰੋਹ ਦਾ ਦਿਨ ਆ ਗਿਆ। ਇਹ ਅਮ੍ਰਿਤਸਰ ਹੋਣਾ ਸੀ। ਪਟਿਆਲ਼ਿਓਂ ਚੱਲਣ ਲੱਗਿਆਂ ਮੈਨੂੰ ਭਾਸ਼ਾ ਵਿਭਾਗ ਦੇ ਡਾਇਰੈਕਟਰ ਮਦਨ ਲਾਲ ਹਸੀਜਾ ਦਾ ਫ਼ੋਨ ਆਇਆ। ਕਹਿਣ ਲੱਗੇ: ਮੈਂ ਲੁਧਿਆਣੇ ਥਾਣੀਂ ਲੰਘਣਾ ਹੈ, ਤੁਸੀਂ ਕਿਰਪਾ ਕਰ ਕੇ ਮੇਰੇ ਨਾਲ਼ ਹੀ ਚੱਲੋ। ਮੈਂ ਕਿਹਾ: ਜੇ ਮੈਂ ਹੁਣ ਪੁਰਸਕਾਰ ਲਵਾਂ, ਉਸ ਦਾ ਤਾਂ ਮਤਲਬ ਏਹੀ ਨਿਕ਼ਲੇਗਾ ਕਿ ਮੈਨੂੰ ਇੱਕੀ ਹਜ਼ਾਰ ਦਾ ਪੁਰਸਕਾਰ ਮਨਜ਼ੂਰ ਨਹੀਂ ਸੀ, ਇਕ ਲੱਖ ਦਾ ਮਨਜ਼ੂਰ ਹੈ। ਸੋ ਮੈਂ ਇਹ ਪੁਰਸਕਾਰ ਪ੍ਰਵਾਨ ਨਹੀਂ ਕੀਤਾ।

## ਸ਼ਿੱਦਤ, ਸ਼ਿਲਪ, ਸ਼ੋਰ, ਸ਼ਾਇਰੀ

***? ਕੀ ਤੂੰ ਕਵਿਤਾ ਨੂੰ ਧੁਰੋਂ ਉਤਰੀ ਮੰਨਦਾ ਹੈਂ ਕਿ ਸ਼ਿਲਪਕਾਰੀ?***

• ਧੁਰੋਂ, ਧੁਰ-ਅੰਦਰੋਂ, ਸ਼ਿੱਦਤ, ਸ਼ਿਲਪ, ਸ਼ਊਰ ਇਹ ਸਭ ਕੁਝ ਘੁਲ਼ਿਆ-ਮਿਲ਼ਿਆ ਹੀ ਹੈ। ਮੈਂ ਜਦੋਂ ਯਾਦ ਕਰਦਾ ਹਾਂ, ਤਾਂ ਵੇਖਦਾ ਹਾਂ ਕਿ ਮੈਂ ਬਹੁਤ ਕਵਿਤਾਵਾਂ ਅਚਨਚੇਤ ਤੇ ਨਿਰੰਤਰ ਲਿਖੀਆਂ ਹਨ। ਮੈਂ ਜਦੋਂ ਪਹਿਲੀ ਵਾਰ ਯੂ.ਕੇ. ਗਿਆ, ਤਾਂ ਇਕ ਦਿਨ ਕੀ ਹੋਇਆ ਕਿ ਦਿਨੇ ਕੋਈ ਸੈਮੀਨਾਰ ਸੀ ਜਿੱਥੇ ਅਮਰਜੀਤ ਚੰਦਨ ਨੇ ਪਰਚਾ ਪੜ੍ਹਿਆ ਸੀ। ਰਾਤੀਂ ਮਹਿਫ਼ਲ ਸੀ ਸੁਰਿੰਦਰ ਸੀਹਰੇ ਦੇ ਘਰ। ਕੋਈ ਬਹਿਸ ਵੀ ਹੋਈ ਤੇ ਕੁਝ ਦੋਸਤਾਂ ਵਿਚਕਾਰ ਕੁੜੱਤਣ ਵੀ। ਮੈਂ ਸੁਰਿੰਦਰ ਦੇ ਘਰ ਹੀ ਰਹਿਣਾ ਸੀ। ਉਸ ਦੇ ਚੁਬਾਰੇ ਵਿਚ ਜਾ ਕੇ ਸੌਂ ਗਿਆ। ਨੀਂਦ ਵੀ ਝੱਟ ਹੀ ਆ ਗਈ। ਪਰ ਮੇਰੀ ਜਾਗ ਤਿੰਨ ਕੁ ਵਜੇ ਖੁੱਲ੍ਹੀ, ਜਿਵੇਂ ਮਨ 'ਤੇ ਕੋਈ ਬੋਝ ਸੀ। ਮੈਂ ਤਿੰਨ ਕਵਿਤਾਵਾਂ ਲਿਖੀਆਂ ਤੇ ਫਿਰ ਸੌਂ ਗਿਆ। ਉਨ੍ਹਾਂ ਵਿੱਚੋਂ ਇਕ ਇਹ ਕਵਿਤਾ ਸੀ :

***ਚੱਲ ਪਾਤਰ ਹੁਣ ਢੂੰਡਣ ਚੱਲੀਏ ਭੁੱਲੀਆਂ ਹੋਈਆਂ ਥਾਵਾਂ***
***ਕਿੱਥੇ ਕਿੱਥੇ ਛੱਡ ਆਏ ਹਾਂ ਅਣਲਿਖੀਆਂ ਕਵਿਤਾਵਾਂ***
***ਗੱਡੀ ਚੜ੍ਹਨ ਦੀ ਕਾਹ਼ਲ ਬੜੀ ਸੀ ਕੀ ਕੁਝ ਰਹਿ ਗਿਆ ਓਥੇ***
***ਪਲਾਂ ਛਿਣਾਂ ਵਿਚ ਛੱਡ ਆਏ ਸਾਂ ਯੁਗਾਂ ਯੁਗਾਂ ਦੀਆਂ ਥਾਵਾਂ***
***ਮੇਰੇ ਲਈ ਜੋ ਤੀਰ ਬਣੇ ਸਨ, ਹੋਰ ਕਲੇਜੇ ਲੱਗੇ***
***ਕਿੰਜ ਸਾਹਿਬਾਂ ਨੂੰ ਅਪਣੀ ਆਖਾਂ, ਕਿਉਂ ਮਿਰਜ਼ਾ ਸਦਵਾਵਾਂ***
***ਖ਼ਾਬਾਂ ਵਿਚ ਇਕ ਬੂਹਾ ਦੇਖਾਂ ਬੰਦ ਤੇ ਉਸ ਦੇ ਅੱਗੇ***
***ਕਈ ਹਜ਼ਾਰ ਰੁਲਦੀਆਂ ਚਿੱਠੀਆਂ 'ਤੇ ਮੇਰਾ ਸਰਨਾਵਾਂ***
***ਜਾਂ ਤਾਂ ਤੂੰ ਵੀ ਧੁੱਪੇ ਆ ਜਾ ਛੱਡ ਕੇ ਸ਼ਾਹੀ ਛਤਰੀ***
***ਜਾਂ ਫਿਰ ਰਹਿਣ ਦੇ ਮੇਰੇ ਸਿਰ 'ਤੇ ਇਹ ਸ਼ਬਦਾਂ ਦੀਆਂ ਛਾਵਾਂ***

ਦੂਜੀ ਕਵਿਤਾ ਸੀ :

***ਬੜਾ ਚਿਰ ਹੱਸਿਆ ਸੋਨੇ ਦਾ ਜੰਗਲ***
***ਜਦੋਂ ਇਹ ਆਖ ਕੇ ਲੱਗਾ ਮੈਂ ਪਰਤਣ***
***ਕਿ ਤੇਰੇ ਚਾਂਦੀ ਰੰਗੇ ਕੰਡਿਆਂ ਵਿਚ***
***ਮੇਰੀ ਪਗੜੀ ਦਾ ਸ਼ਮਲਾ ਅੜਕਦਾ ਹੈ***
***ਉਨ੍ਹਾਂ ਨੇ ਮੋਹਰ ਲਾ ਦਿੱਤੀ ਹੈ ਅਪਣੀ***
***ਤੇਰੇ ਨਿੰਬਲ ਜਿਹੇ ਅਸਮਾਨ ਉੱਤੇ***
***ਤੇਰੀ ਹਰ ਰਾਤ ਗਿਰਵੀ ਹੋ ਗਈ ਹੈ***
***ਤੇਰਾ ਹਰ ਦਿਵਸ ਗਹਿਣੇ ਪੈ ਗਿਆ ਹੈ***
***ਉਨ੍ਹਾਂ ਦੇ ਪੌਂਡ ਤਾਂ ਜਿੰਨੇ ਵੀ ਸਨ ਪਰ***
***ਰੁਪਈਆਂ ਵਿਚ ਜਦੋਂ ਅਨੁਵਾਦ ਹੋਏ***
***ਉਹ ਮਹਿੰਗੇ ਨਿਕਲੇ ਚੰਨ ਤਾਰਿਆਂ ਤੋਂ***
***ਤੇ ਸੂਰਜ ਉੱਠਦੇ ਪਲੜੇ ਤੁਲ ਗਿਆ ਹੈ***
***ਮੈਂ ਸੁਪਨੇ ਵਿਚ ਸਫ਼ਰ ਤੋਂ ਪਰਤਦਾ ਹਾਂ***
***ਦਹਿਲ ਜਾਂਦਾ ਹਾਂ ਜੋ ਕੁਝ ਵੇਖਦਾ ਹਾਂ***
***ਚੁਪੱਟ ਖੁੱਲ੍ਹਾ ਪਿਆ ਹੈ ਘਰ ਦਾ ਬੂਹਾ***
***ਕਿਤੇ ਵਿਹੜੇ ਦਾ ਬੂਟਾ ਤੁਰ ਗਿਆ ਹੈ***

ਕਵਿਤਾਵਾਂ ਲਿਖ ਕੇ ਮੈਂ ਫਿਰ ਸੌਂ ਗਿਆ। ਮੇਰੇ ਨਾਲ਼ ਬਹੁਤ ਵਾਰ ਇਉਂ ਹੋਇਆ ਕਿ ਜਦੋਂ ਮਨ 'ਤੇ ਕੋਈ ਬੋਝ ਹੁੰਦਾ ਹੈ ਤਾਂ ਮੇਰੀ ਵੱਡੇ ਤੜਕੇ ਜਾਗ ਖੁੱਲ੍ਹਦੀ ਹੈ, ਤਾਂ ਮੇਰੀਆਂ ਤਹਿਆਂ 'ਚੋਂ ਉਭਰ ਕੇ ਉਹ ਗੱਲ ਮਨ ਦੇ ਸੁੱਤ-ਉਣੀਂਦੇ ਤਲ 'ਤੇ ਤਰ ਰਹੀ ਹੁੰਦੀ ਹੈ, ਜੋ ਤੰਗ ਕਰ ਰਹੀ ਹੁੰਦੀ ਹੈ। ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਸਿਰਜਣਾਤਮਕ ਅਮਲ ਇਹੋ ਜਿਹਾ ਹੈ।

ਮੇਰੀ ਕਵਿਤਾ ਘਰਰ ਘਰਰ ਵੀ ਸਵੇਰਸਾਰ ਦੀ ਲਿਖੀ ਹੋਈ ਹੈ: ਮੈਂ ਛਤਰੀ ਕੁ ਜਿੱਡਾ ਆਕਾਸ਼ ਹਾਂ ਗੂੰਜਦਾ ਹੋਇਆ/ ਹਵਾਵਾਂ ਦੀ ਸਾਂ ਸਾਂ ਦਾ ਪੰਜਾਬੀ ਵਿਚ ਅਨੁਵਾਦ ਕਰਦਾ/ ਅਜੀਬੋ ਗ਼ਰੀਬ ਦਰਖ਼ਤ ਹਾਂ।

'ਕੁਛ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ" ਮੈਂ ਸ਼ਾਮ ਨੂੰ ਲਿਖੀ ਸੀ। ਲੁਧਿਆਣੇ ਦੇ ਲੱਕੜ ਦੇ ਪੁਲ਼ ਤੋਂ ਉਤਰ ਕੇ ਮੈਂ ਕਚਹਿਰੀ ਦੇ ਅਹਾਤੇ ਵਿੱਚੋਂ ਲੰਘ ਰਿਹਾ ਸਾਂ, ਸਿਰਫ਼ ਸੜਕ ਦੇ ਭੀੜ-ਭੜੱਕੇ ਤੋਂ ਬਚਣ ਲਈ। ਕਚਹਿਰੀ ਬੰਦ ਹੋ ਚੁੱਕੀ ਸੀ। ਜੱਜ ਵਕੀਲ ਮੁਵੱਕਲ ਸਭ ਘਰਾਂ ਨੂੰ ਜਾ ਚੁੱਕੇ ਹਨ। ਸਿਰਫ਼ ਵਕੀਲਾਂ ਦੇ ਬੰਦ ਖੋਖੇ ਸਨ ਤੇ ਕੁਝ ਦਰਖ਼ਤ ਨਿੰਮ, ਟਾਹਲੀ, ਸ਼ਰੀਂਹ, ਕੁਝ ਸੁੱਕੇ ਹੋਏ। ਮੈਨੂੰ ਅਚਨਚੇਤ ਲੱਗਾ; ਜਿਵੇਂ ਇਹ ਦਰੱਖ਼ਤ ਨਾ ਹੋਣ, ਉਹ ਲੋਕ ਹੋਣ, ਜੋ ਏਥੇ ਇਨਸਾਫ਼ ਲੈਣ ਆਏ ਹੋਣ। ਏਥੇ ਉਡੀਕਦੇ-ਉਡੀਕਦੇ ਬਿਰਖ ਬਣ ਗਏ ਹੋਣ। ਮੇਰੇ ਦਿਲ ਚੋਂ ਇਹ ਬੋਲ ਉੱਠੇ :

***ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ***
***ਫ਼ੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ***
***ਆਖੋ ਇਹਨਾਂ ਨੂੰ ਉੱਜੜੇ ਘਰੀਂ ਜਾਣ ਹੁਣ***
***ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ***

ਓਦੋਂ ਪੀ. ਏ. ਯੂ. ਦੇ ਤਿੰਨ ਨੰਬਰ ਗੇਟ ਕੋਲ਼ ਰਹਿੰਦਾ ਸਾਂ। ਮੈਂ ਤੁਰਦਾ ਆਇਆ ਤੇ ਨਾਲ਼ ਇਸ ਗ਼ਜ਼ਲ ਦੇ ਸ਼ੇਅਰ ਵੀ ਤੁਰਦੇ ਆਏ :

***ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ***
***ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ***
***ਜੋ ਸਲੀਬਾਂ 'ਤੇ ਟੰਗੇ ਨੇ ਲੱਥਣੇ ਨਹੀਂ***
***ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ***
***ਯਾਰ ਮੇਰੇ ਜੋ ਇਸ ਆਸ 'ਤੇ ਮਰ ਗਏ***
***ਕਿ ਮੈਂ ਉਨ੍ਹਾਂ ਦੇ ਦੁਖ ਦਾ ਬਣਾਵਾਂਗਾ ਗੀਤ***
***ਜੇ ਮੈਂ ਚੁੱਪ ਹੀ ਰਿਹਾ, ਜੇ ਮੈਂ ਕੁਝ ਨਾ ਕਿਹਾ***
***ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ***
***ਇਹ ਜੋ ਰੰਗਾਂ 'ਚ ਚਿਤਰੇ ਨੇ ਖ਼ੁਰ ਜਾਣਗੇ***
***ਇਹ ਜੋ ਮਰਮਰ 'ਚ ਉਕਰੇ ਨੇ ਮਿਟ ਜਾਣਗੇ***

*ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਲਿਖੇ*
*ਹਰਫ਼ ਓਹੀ ਹਵਾ ਵਿਚ ਲਿਖੇ ਰਹਿਣਗੇ...*

ਅਪਣੇ ਕਮਰੇ ਵਿਚ ਆ ਕੇ ਮੈਂ ਇਹਨਾਂ ਨੂੰ ਨੋਟ ਕੀਤਾ ਤੇ ਇਹਦਾ ਆਖਰੀ ਸ਼ੇਅਰ ਮੈਂ ਅਪਣੇ ਕਮਰੇ ਦੇ ਮੂੰਹ ਹਨ੍ਹੇਰੇ ਵਿਚ ਹੀ ਲਿਖਿਆ ਸੀ:

*ਇਹ ਵੀ ਸ਼ਾਇਦ ਮੇਰਾ ਅਪਨਾ ਵਹਿਮ ਹੈ*
*ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ*
*ਜੇ ਹਵਾ ਇਹ ਰਹੀ ਕਬਰਾਂ ਉਤੇ ਤਾਂ ਕੀ*
*ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।*

**ਪ੍ਰਬੰਧਰਸ**

***? ਤੇਰੀ ਤੇ ਨੂਰ ਦੀ ਬੜੀ ਯਾਰੀ ਹੁੰਦੀ ਸੀ। ਫੇਰ ਤੁਸੀਂ ਪ੍ਰਧਾਨਗੀਆਂ ਲਈ ਸਿਰ ਭੇੜਨ ਲੱਗ ਪਏ। ਕੀ ਤੈਨੂੰ ਇਹ ਕੁਹਜਾ ਨਹੀਂ ਲੱਗਿਆ?***

• ਹਾਂ, ਬੁਰਾ ਲੱਗਿਆ। ਪਰ ਇਹ ਸਭ ਕੁਝ ਸ਼ੁਰੂ ਇਸ ਤਰ੍ਹਾਂ ਹੋਇਆ। ਭਾਰਤੀ ਸਾਹਿਤ ਅਕਾਦਮੀ, ਦਿੱਲੀ ਦੇ ਪ੍ਰਧਾਨ ਦੀ ਚੋਣ ਸੀ। ਇਕ ਪਾਸੇ ਗੋਪੀ ਚੰਦ ਨਾਰੰਗ ਖੜ੍ਹੇ ਸਨ; ਦੂਜੇ ਪਾਸੇ ਮਹਾਸ਼ਵੇਤਾ ਦੇਵੀ। ਜਿਸ ਜਨਰਲ ਕੌਂਸਲ ਦੀਆਂ ਵੋਟਾਂ ਨਾਲ ਫ਼ੈਸਲਾ ਹੋਣਾ ਸੀ, ਉਸ ਵਿਚ ਸਾਰੀਆਂ ਮਾਨਤਾ-ਪ੍ਰਾਪਤ ਭਾਰਤੀ ਭਾਸ਼ਾਵਾਂ ਦੇ ਲੇਖਕ ਸ਼ਾਮਲ ਸਨ। ਪੰਜਾਬੀ ਵੱਲੋਂ ਅਸੀਂ ਚਾਰ ਸਾਂ: ਕਰਨਜੀਤ ਸਿੰਘ, ਸ.ਪ. ਸਿੰਘ, ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਹਰਭਜਨ ਹਲਵਾਰਵੀ ਤੇ ਮੈਂ। ਨੂਰ ਅਪਣੀ ਕਨਵੀਨਰੀ ਦੇ ਪੰਜ ਸਾਲ ਨਿਭਾ ਚੁੱਕੇ ਸਨ। ਉਸ ਸਾਲ ਉਹ ਵੋਟਰ ਨਹੀਂ ਸਨ, ਪਰ ਉਹ ਗੋਪੀ ਚੰਦ ਨਾਰੰਗ ਹੋਰਾਂ ਦੇ ਸਰਗਰਮ ਸਪੋਰਟਰ ਸਨ; ਮੈਂ ਸ੍ਰੀਮਤੀ ਮਹਾਸ਼ਵੇਤਾ ਦੇਵੀ ਹੁਰਾਂ ਦਾ ਸਪੋਰਟਰ ਸਾਂ; ਸ.ਪ. ਸਿੰਘ ਵੀ। ਕਰਨਜੀਤ ਸਿੰਘ ਤੇ ਹਰਭਜਨ ਹਲਵਾਰਵੀ ਵੀ ਨੂਰ ਹੋਰਾਂ ਦੇ ਨਾਲ ਹੀ ਸਨ। ਨੂਰ ਹਰਭਜਨ ਹਲਵਾਰਵੀ ਨੂੰ ਅਪਣੀ ਖ਼ਾਲੀ ਹੋਈ ਥਾਂ ਪੰਜਾਬੀ ਅਡਵਾਈਜ਼ਰੀ ਬੋਰਡ ਦੇ ਕਨਵੀਨਰ ਬਣਾਉਣ ਲਈ ਵੀ ਓਨੇ ਹੀ ਸਰਗਰਮ ਸਨ। ਮੈਂ ਤੇ ਸ.ਪ. ਸਿੰਘ ਇਸ ਗੱਲ ਦੇ ਵੀ ਖ਼ਿਲਾਫ਼ ਸਾਂ। ਉਸ ਵੇਲੇ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ। ਮੈਂ ਹਲਵਾਰਵੀ ਨੂੰ ਕਿਹਾ ਕਿ ਤੈਨੂੰ ਤਾਂ ਵਿਚਾਰਧਾਰਕ ਤੌਰ 'ਤੇ ਮਹਾਸ਼ਵੇਤਾ ਦੇਵੀ ਹੁਰਾਂ ਦਾ ਪੱਖ ਲੈਣਾ ਚਾਹੀਦਾ। ਉਹ ਕਹਿਣ ਲੱਗਾ: ਆਪੋ ਅਪਣੀ ਈਕੁਏਸ਼ਨ ਹੁੰਦੀ ਹੈ। ਮਹਾਸ਼ਵੇਤਾ ਦੇਵੀ ਹੁਰਾਂ ਦੀ ਇਸ ਚੋਣ ਵਿਚ ਹਾਰ ਹੋਈ। ਕਨਵੀਨਰ ਦੇ ਮਾਮਲੇ ਵਿਚ ਕਰਨਜੀਤ ਸਿੰਘ ਹੁਰਾਂ ਦੇ ਨਾਮ 'ਤੇ ਅਸੀਂ ਪੰਜਾਬੀ ਵਾਲਿਆਂ ਨੇ ਸਹਿਮਤੀ ਕਰ ਲਈ। ਮੈਂ ਤੇ ਨੂਰ ਇਸ ਵਾਕਏ ਵੇਲੇ ਅਪਣੀ ਚਾਲੀ ਸਾਲਾਂ ਦੀ ਦੋਸਤੀ ਵਿਚ ਪਹਿਲੀ ਵਾਰ ਵਿਰੋਧੀ ਧਿਰਾਂ ਦੇ ਨਾਲ ਸਾਂ।

ਓਦੋਂ ਮੈਂ ਪੰਜਾਬੀ ਸਾਹਿਤ ਅਕਾਦਮੀ ਦਾ ਪ੍ਰਧਾਨ ਸਾਂ। ਜਦੋਂ ਪੰਜਾਬੀ ਸਾਹਿਤ ਅਕਾਦਮੀ ਦੀ ਅਗਲੀ ਚੋਣ ਦਾ ਐਲਾਨ ਹੋਇਆ, ਤਾਂ ਮੈਂ ਕਿਸੇ ਹਿੰਦੀ ਅਖ਼ਬਾਰ ਵਿਚ ਨੂਰ ਸਾਹਿਬ ਦਾ ਬਿਆਨ ਪੜ੍ਹਿਆ: ਮੈਂ ਪਾਤਰ ਦੇ ਖ਼ਿਲਾਫ਼ ਚੋਣ ਲੜਾਂਗਾ। ਨਾਲ ਹੀ ਉਨ੍ਹਾਂ ਇਹ ਕਿਹਾ ਕਿ ਇਹ ਫ਼ੈਸਲਾ ਮੈਂ ਕੁਝ ਦੋਸਤਾਂ ਦੇ ਕਹਿਣ 'ਤੇ ਕੀਤਾ ਹੈ। ਉਨ੍ਹਾਂ ਦੋਸਤਾਂ ਦੀ ਲਿਸਟ ਵਿਚ ਬਹੁਤ ਸਾਰੇ ਦੋਸਤਾਂ ਅਦੋਸਤਾਂ ਦੇ ਨਾਮ ਸਨ। ਮੈਂ ਨੂਰ ਨੂੰ ਕਿਹਾ: ਤੁਸੀਂ ਇਸ ਕਹਾਣੀ ਵਿਚ ਨਾ ਆਵੋ। ਲੁਧਿਆਣੇ ਦੇ ਕੁਝ ਲੇਖਕ ਅਪਣੇ ਆਪ ਨੂੰ ਕਿੰਗ-ਮੇਕਰਜ਼ ਸਮਝਦੇ ਹਨ। ਉਨ੍ਹਾਂ ਦਾ ਵਹਿਮ ਹੈ ਕਿ ਅਸੀਂ ਕਿਸੇ ਨੂੰ ਵੀ ਪ੍ਰਧਾਨ ਬਣਾ ਸਕਦੇ ਹਾਂ; ਕਿਸੇ ਨੂੰ ਵੀ ਹਟਾ ਸਕਦੇ ਹਾਂ। ਮੈਂ ਉਨ੍ਹਾਂ ਦਾ ਇਹ ਵਹਿਮ ਕੱਢਣਾ ਚਾਹੁੰਦਾ ਹਾਂ। ਹਜ਼ਾਰ ਤੋਂ ਵੱਧ ਲੇਖਕਾਂ ਦੀ ਇਸ ਸੰਸਥਾ ਦੇ ਕਿੰਗ-ਮੇਕਰਜ਼ ਇਕ ਜਾਂ ਦੋ ਜਣੇ ਨਹੀਂ ਹੋ ਸਕਦੇ। ਇਕ ਸਾਂਝੇ ਦੋਸਤ ਸੁਭਪ੍ਰੇਮ ਦੀ ਹਾਜ਼ਰੀ ਵਿਚ ਅਸੀਂ ਦੋ ਘੰਟੇ ਬੈਠੇ। ਮੈਂ ਕਿਹਾ: ਤੁਸੀਂ ਅਪਣੀ ਗੱਲ ਕਹੋ, ਮੈਂ ਅਪਣੀ ਕਹਿੰਦਾ ਹਾਂ। ਸਾਡੇ ਵਿਚੋਂ ਜਿਸ ਨੂੰ ਵੀ ਸੁਭਪ੍ਰੇਮ ਕਹੇਗਾ, ਉਹ ਅਪਣਾ ਨਾਮ ਪ੍ਰਧਾਨਗੀ ਤੋਂ ਵਾਪਿਸ ਲੈ ਲਵੇਗਾ। ਸੁਭ ਨੇ ਨੂਰ ਨੂੰ ਕਿਹਾ ਕਿ ਇਸ ਮਾਮਲੇ ਵਿਚ ਪਾਤਰ ਦਾ ਪੱਖ ਠੀਕ ਹੈ। ਨੂਰ ਸਾਹਿਬ ਇਹ ਕਹਿ ਕੇ ਚਲੇ ਗਏ ਕਿ ਮੈਂ ਦੂਸਰੇ ਦੋਸਤਾਂ ਨਾਲ ਗੱਲ ਕਰ ਕੇ ਹੀ ਕੋਈ ਫ਼ੈਸਲਾ ਕਰਾਂਗਾ। ਦੂਸਰੇ ਦੋਸਤਾਂ ਨੇ ਕਿਹਾ ਕਿ ਪਾਤਰ ਅਪਣੀ ਹਾਰ ਤੋਂ ਡਰਦਾ ਹੁਣ ਇਹ ਚਾਲਾਂ ਚੱਲ ਰਿਹਾ ਹੈ। ਫਿਰ ਕੋਈ ਚਾਰਾ ਨਹੀਂ ਸੀ ਇਸ ਤੋਂ ਬਿਨਾ ਕਿ ਚੋਣ ਹੁੰਦੀ।

***? ਕੀ ਜੱਥੇਬੰਦੀਆਂ ਵਿਚਲੇ ਜੁਗਾੜਾਂ ਤੇ ਨਕਲੀ ਵੋਟਾਂ ਨੇ ਸਾਹਿਤ ਦਾ ਨੁਕਸਾਨ ਨਹੀਂ ਕੀਤਾ?***

• ਜੁਗਾੜਾਂ ਅਤੇ ਨਕਲੀ ਵੋਟਾਂ ਨੇ ਸਾਹਿਤ ਦਾ ਨੁਕਸਾਨ ਵੀ ਕੀਤਾ ਤੇ ਜੱਥੇਬੰਦੀਆਂ ਦਾ ਵੀ। ਕਈ ਵਾਰ ਇਹੋ ਜਿਹੇ ਮੌਕੇ ਵੀ ਆ ਜਾਂਦੇ ਹਨ ਕਿ ਇਉਂ ਲੱਗਦਾ ਕਿ ਜੱਥੇਬੰਦੀਆਂ ਦੀ ਕੋਈ ਜ਼ਰੂਰਤ ਨਹੀਂ। ਦੋ ਤਿੰਨ ਬੰਦੇ ਇਕੱਠੇ ਹੋ ਕੇ ਬਿਹਤਰ ਕੰਮ ਕਰ ਸਕਦੇ ਹਨ। ਪਰ ਜੱਥੇਬੰਦੀਆਂ ਨੂੰ ਜੁਗਾੜੀਆਂ ਤੇ ਨਕਲੀ ਵੋਟਰਾਂ ਦੇ ਰਹਿਮੋ ਕਰਮ 'ਤੇ ਛੱਡ ਦੇਣਾ ਵੀ ਬਹੁਤ ਬੁਰੀ ਗੱਲ ਹੈ। ਜੇ ਸਾਹਿਤਕਾਰ ਅਪਣੀਆਂ ਸੰਸਥਾਵਾਂ ਨੂੰ ਵੀ ਸੁਹਿਰਦਤਾ ਤੇ ਤਨਦੇਹੀ ਨਾਲ ਨਹੀਂ ਚਲਾ ਸਕਦੇ, ਫਿਰ ਇਹ ਸਮਾਜ ਨੂੰ ਬਦਲਣ ਦੀ ਗੱਲ ਕਿਹੜੇ ਮੂੰਹ ਨਾਲ ਕਰਦੇ ਹਨ?

***? ਤੇਰੀ ਸਮਰਥਾ ਕਵਿਤਾਵਾਂ ਗ਼ਜ਼ਲਾਂ ਤਕ ਹੀ ਸੀਮਿਤ ਹੈ ਜਾਂ ਤੂੰ ਕਦੀ ਮਹਾਕਾਵਿ ਲਿਖਣ ਬਾਰੇ ਵੀ ਸੋਚਿਆ ਹੈ?***

• ਸਾਰੀ ਉਮਰ ਮੈਂ ਕਵਿਤਾਵਾਂ ਗ਼ਜ਼ਲਾਂ ਵਿਚ ਹੀ ਘਿਰਿਆ ਰਿਹਾ ਹਾਂ। ਹੁਣ ਮੈਨੂੰ ਕਦੀ-ਕਦੀ ਲੰਮੀ ਰਚਨਾ ਦੀ ਝਲਕ ਦਿਸਦੀ ਹੈ। ਦੁਆ ਕਰਦਾ ਹਾਂ ਕਿ ਇਹ ਝਲਕ ਸਮੂਰਤ ਹੋਵੇ।



***ਹਮਜਮਾਤੀ: ਐਮ. ਏ. ਦੀਆਂ ਡਿਗਰੀਆਂ ਫੜੀ ਖੜ੍ਹੇ (ਖੱਬੇ ਤੋਂ ਸੱਜੇ) ਸੁਰਿੰਦਰ ਨੂਰ, ਵੀਰ ਸਿੰਘ ਰੰਧਾਵਾ, ਪਾਤਰ ਅਤੇ ਰਣਜੀਤ ਬਾਜਵਾ (ਪੰਜਾਬੀ ਯੂਨੀਵਰਸਿਟੀ ਪਟਿਆਲਾ-1968)***

**ਕਿਸਕਾ ਚੇਲਾ**

***? ਕਲਾ ਕੌਸ਼ਲਤਾ ਲਈ ਤੂੰ ਕਿਸੇ ਦੀ ਸ਼ਾਗਿਰਦੀ ਵੀ ਕੀਤੀ?***

• ਸਾਰੀ ਪਰੰਪਰਾ ਮੇਰੀ ਗੁਰੂ ਹੈ। ਗੁਰਬਾਣੀ, ਸੂਫ਼ੀ ਕਲਾਮ, ਲੋਕਧਾਰਾ। ਜਦੋਂ ਮੈਂ ਕਪੂਰਥਲੇ ਕਾਲਜ ਵਿਚ ਦਾਖ਼ਲ ਹੋਇਆ, ਤਾਂ ਮੇਰਾ ਨਹੀਂ ਖ਼ਿਆਲ ਉਸਦੀ ਲਾਇਬਰੇਰੀ ਵਿਚ ਕਵਿਤਾ ਦੀ ਕੋਈ ਐਸੀ ਕਿਤਾਬ ਹੋਵੇ, ਜਿਹੜੀ ਮੈਂ ਨਾ ਪੜ੍ਹੀ ਹੋਵੇ। ਉਹਨੀਂ ਦਿਨੀਂ ਹੀ ਭਾਸ਼ਾ ਵਿਭਾਗ ਦਾ ਪ੍ਰਕਾਸ਼ਿਤ ਕੀਤਾ ਗੁਰਮੁਖੀ ਅੱਖਰਾਂ ਵਿਚ ਦੀਵਾਨ-ਏ-ਗ਼ਾਲਿਬ ਪੜ੍ਹਿਆ। ਪੰਜਾਬੀ ਹਿੰਦੀ ਦੇ ਸਾਰੇ ਕਹਿੰਦੇ-ਕਹਾਉਂਦੇ ਕਵੀ ਪੜ੍ਹੇ। ਜੋਗਿੰਦਰ ਸਿੰਘ ਹੁਰਾਂ ਦੀ ਪਿੰਗਲ ਤੇ ਅਰੂਜ਼ ਵੀ ਪੜ੍ਹੀ, ਭਾਵੇਂ ਇਹ ਸਮਝ ਮੈਨੂੰ ਬਾਅਦ ਵਿਚ ਹੀ ਆਈ। ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲੇ ਦਾਖ਼ਲ ਹੋਇਆ, ਤਾਂ ਕਲਾਸ ਰੂਮਾਂ ਤੋਂ ਜ਼ਿਆਦਾ ਉਜੜੇ ਭੂਤਵਾੜੇ ਦੇ ਭੂਤਾਂ ਤੋਂ ਸਿੱਖਿਆ। ਲਾਲੀ ਜੀ ਨੇ ਯੂਨਾਨੀ ਦੁਖਾਂਤਾਂ ਦੀ ਦੱਸ ਪਾਈ; ਲੋਰਕਾ ਨਾਲ ਵਾਕਫ਼ੀ ਕਰਾਈ। ਨੀਤਸ਼ੇ ਦੇ ਦਸ ਸਪੋਕ ਜ਼ਰਦੁਸਤ ਦਾ ਉਰਦੂ ਤਰਜਮਾ ਦੋ ਰਾਤਾਂ ਜਾਗ ਕੇ ਮੂਹਰਜੀਤ ਦੇ ਪਿੰਡ ਵਾਲੇ ਕਮਰੇ ਵਿਚ ਸੁਣਾਇਆ। ਕਈ ਵਾਰੀ ਰੰਗੀਲੇ ਦੇ, ਕਦੀ ਮੇਰੇ ਕਮਰੇ ਵਿਚ ਨਵ-ਭੂਤਵਾੜਾ ਵਸ ਜਾਂਦਾ ਰਿਹਾ। ਗੁਰਭਗਤ ਸਿੰਘ, ਕੁਲਵੰਤ ਗਰੇਵਾਲ, ਹਰਿੰਦਰ ਸਿੰਘ ਮਹਿਬੂਬ, ਨੂਰ, ਜੋਗਿੰਦਰ ਕੈਰੋਂ, ਸੁਰਜੀਤ ਮਾਨ, ਰਣਜੀਤ ਬਾਜਵਾ ਅਨੂਪ ਵਿਰਕ, ਦਰਸ਼ਨ ਜੈਂਕ, ਇੰਦਰਜੀਤ, ਜੋਗਾ ਸਿੰਘ, ਰਵਿੰਦਰ ਭੱਠਲ, ਹਰਜੀਤ ਸਿੰਘ ਗਿੱਲ, ਦਲੀਪ ਕੌਰ ਟਿਵਾਣਾ ਤੇ ਰਣਜੀਤ ਰੰਗੀਲਾ ਇਹ ਸਭ ਪਿਆਰੇ ਲੋਕ ਏਥੇ ਹੀ ਮਿਲੇ। ਪ੍ਰੋਫ਼ੈਸਰ ਰਾਜਦਾਨ ਕੁਝ ਸਾਲ ਬਾਅਦ ਅਮਰੀਕਾ ਤੋਂ ਆਏ, ਤਾਂ ਅਪਣੇ ਨਾਲ ਨੇਰੂਦਾ ਤੇ ਪਾਜ਼ ਲਿਆਏ। ਉਨ੍ਹਾਂ ਦੇ ਘਰ ਹੀ ਯਹੂਦੀ ਧੁਨਾਂ ਦਾ ਉਹ ਐਲ.ਪੀ. ਸੁਣਿਆ, ਜਿਹਨੂੰ ਸੁਣਦਿਆਂ ਸਦੀਆਂ ਰੋਂਦੀਆਂ ਗਾਉਂਦੀਆਂ ਦੇਖੀਆਂ। ਐਮ.ਏ. ਕਰਨ ਤੋਂ ਬਾਅਦ ਪੀਐੱਚ.ਡੀ. ਕਰਨ ਲਈ ਸਕਾਲਰਸ਼ਿਪ ਮਿਲ ਗਿਆ। ਖੋਜ ਦਾ ਵਿਸ਼ਾ ਚੁਣਿਆ: ਪੰਜਾਬੀ ਨਾਟਕ ਵਿਚ ਅਸਤਿਤਵਵਾਦ। ਸਾਰਤਰ ਤੇ ਕਾਮੂ ਨੇ ਪੈਰਾਂ ਹੇਠ ਅੰਗਿਆਰ ਧਰ ਦਿੱਤੇ। ਦਰਖ਼ਤਾਂ ਦੀਆਂ ਛਾਵਾਂ ਵੀ ਤਪਣ ਲੱਗੀਆਂ। ਫਿਰ ਨਕਸਲਵਾਦੀ ਲਹਿਰ ਦੀਆਂ ਛੱਲਾਂ ਉਠੀਆਂ। ਖ਼ੂੰਖਾਰ ਬਹਿਸਾਂ ਦੇ ਦੌਰ। ਫਿਰ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਦੇ ਮੁੱਖ ਸਮਾਗਮ ਵਿਚ ਵਾਈ.ਬੀ. ਚਵਾਨ ਦੇ ਭਾਸ਼ਣ ਵੇਲੇ ਇੰਦਰਜੀਤ ਤੇ ਜੈਕ ਦੇ ਨਾਅਰੇ। ਸਿਪਾਹੀਆਂ ਦੀਆਂ ਲਾਠੀਆਂ। ਲੰਮੀ ਹੜਤਾਲ। ਵਾਈਸ ਚਾਂਸਲਰ ਦੀ ਨਾਰਾਜ਼ਗੀ ਤੇ ਪਟਿਆਲੇ ਤੋਂ ਮੇਰੀ ਤੇ ਨੂਰ ਦੀ ਹਿਜਰਤ। ਇਹ ਮੇਰੇ ਸ਼ਾਗਿਰਦੀ ਦੇ ਦਿਨ ਸਨ।

**ਪਾਠਕ ਤੇ ਸਰੋਤੇ**

***? ਤੇਰੇ 'ਤੇ ਆਮ ਇਲਜ਼ਾਮ ਲੱਗਦਾ ਹੈ ਕਿ ਤੂੰ ਪਾਠਕਾਂ ਲਈ ਨਹੀਂ ਸਰੋਤਿਆਂ ਲਈ ਲਿਖਦਾ ਹੈਂ?***

• ਏਨਾ ਮਿਥ ਕੇ ਲਿਖਣਾ ਤਾਂ ਬੜੀ ਮੁਸ਼ਕਿਲ ਗੱਲ ਹੈ। ਕਵਿਤਾ ਲਿਖਣ ਦਾ ਕੋਈ ਫ਼ਾਰਮੂਲਾ ਨਹੀਂ ਹੁੰਦਾ। ਜੇ ਕੋਈ ਫ਼ਾਰਮੂਲਾ ਹੁੰਦਾ, ਤਾਂ ਅੰਮ੍ਰਿਤਾ ਪ੍ਰੀਤਮ-ਆਖਾਂ ਵਾਰਿਸ ਸ਼ਾਹ ਵਰਗੀਆਂ ਕੁਝ ਹੋਰ ਮਸ਼ਹੂਰ ਹੋ ਸਕਣ ਵਾਲੀਆਂ ਕਵਿਤਾਵਾਂ ਲਿਖ ਲੈਂਦੀ। ਜਦੋਂ ਅਸੀਂ ਸਰੋਤਿਆਂ ਦੇ ਸਨਮੁਖ ਹੁੰਦੇ ਹਾਂ, ਓਦੋਂ ਤਾਂ ਜ਼ਰੂਰ ਸੋਚਦੇ ਹਾਂ ਕਿ ਕਿਹੜੀ ਕਵਿਤਾ ਪੜ੍ਹੀ ਜਾਵੇ; ਪਰ ਲਿਖਣ ਵੇਲੇ ਏਨੇ ਸਚੇਤ ਹੋ ਸਕਨਾ ਅਸੰਭਵ ਹੈ। ਮੇਰੀਆਂ ਬਹੁਤੀਆਂ ਕਵਿਤਾਵਾਂ ਉਹ ਨੇ, ਜਿਹੜੀਆਂ ਮੈਂ ਕਦੀ ਵੀ ਕਿਸੇ ਮੰਚ 'ਤੇ ਨਹੀਂ ਪੜ੍ਹੀਆਂ। ਸ਼ਾਇਦ ਅਪਣਾ ਪਹਿਲਾ ਪਾਠਕ ਤੇ ਸਰੋਤਾ ਕਵੀ ਆਪ ਹੀ ਹੁੰਦਾ ਹੈ। ਆਪੇ ਰਸੀਆ ਆਪ ਰਸਾਲ।

ਜੇ ਕਵੀ ਚੰਗਾ ਸਰੋਤਾ ਹੋਵੇ, ਜੇ ਉਸ ਨੂੰ ਸੁਰਤ ਤੇ ਧੁਨ ਦਾ ਰਿਸ਼ਤਾ ਪਤਾ ਹੋਵੇ, ਤਾਂ ਉਹ ਜਿਹੜੀ ਸਤਰ ਲਿਖੇਗਾ, ਉਹ ਚੰਗੇ ਸਰੋਤਿਆਂ ਲਈ ਚੰਗੀ ਹੀ ਹੋਵੇਗੀ। ਰਚਣ ਵੇਲੇ ਕਵੀ ਅੰਦਰਲਾ ਗੁਪਤ ਸਰੋਤਾ ਸੁਣ ਰਿਹਾ ਹੁੰਦਾ ਹੈ ਤੇ ਗੁਪਤ ਪਾਠਕ ਪੜ੍ਹ ਰਿਹਾ ਹੁੰਦਾ ਹੈ। ਅਸਲ ਵਿਚ ਇਹ ਤਿੰਨੇ ਹੀ ਰਚ ਰਹੇ ਹੁੰਦੇ ਹਨ। ਕਈ ਵਾਰ ਇਹਨਾਂ ਵਿਚ ਚੁੱਪ-ਚਾਪ ਬਹਿਸ ਵੀ ਹੁੰਦੀ ਹੋਵੇਗੀ। ਕਵੀ ਅਪਣੀ ਸਤਰ ਅਪਣੇ ਅੰਦਰਲੇ ਸਰੋਤੇ ਨੂੰ ਸੁਣਾ ਕੇ ਪੁੱਛਦਾ ਹੋਵੇਗਾ: ਕਿਉਂ ਬਈ ਕੋਈ ਗੱਲ ਬਣੀ? ਜੇ ਇਹ ਸਾਰੇ ਇਕਸੁਰ ਹੋਣ ਫਿਰ ਕਵਿਤਾਵਾਂ ਜਲਦੀ ਸਿਰੇ ਚੜ੍ਹ ਜਾਂਦੀਆਂ ਹਨ, ਨਹੀਂ ਤਾਂ ਬਹੁਤ ਕੱਟ-ਵੱਢ ਕਰਨੀ ਪੈਂਦੀ ਹੈ।

ਮੈਂ ਸਮਝਦਾ ਹਾਂ, ਸਭ ਤੋਂ ਉੱਤਮ ਕਵਿਤਾ ਉਹ ਹੈ ਜੋ ਸਰੋਤੇ ਲਈ ਵੀ ਹੋਵੇ; ਪਾਠਕ ਲਈ ਵੀ, ਜਿਵੇਂ ਯੂਨਾਨੀ ਦੁਖਾਂਤ ਹੈ, ਜਿਵੇਂ ਸ਼ੇਕਸਪੀਅਰ, ਲੋਰਕਾ ਜਾਂ ਹੋਰ ਮਹਾਨ ਕਵੀਆਂ ਦੇ ਨਾਟਕ ਹਨ, ਜਿਵੇਂ ਗੁਰਬਾਣੀ ਹੈ। ਭਾਵੇਂ ਗੁਰੂ ਸਾਹਿਬਾਨ ਦੀ ਪਹਿਲ ਸਰੋਤੇ ਲਈ ਹੀ ਹੈ, ਤਦੇ ਉਨ੍ਹਾਂ ਨੇ ਬਾਣੀ ਦੇ ਗਾਇਨ ਲਈ ਰਾਗ ਨਿਰਧਾਰਿਤ ਕੀਤੇ। ਕੁਝ ਆਲੋਚਕ ਕਹਿੰਦੇ ਹਨ ਕਿ ਉਹ ਯੁਗ ਸਰੋਤਿਆਂ ਦਾ ਸੀ ਇਹ ਪਾਠਕਾਂ ਦਾ। ਮੈਂ ਸਮਝਦਾ ਹਾਂ ਹੁਣ ਲੋਕ ਪਹਿਲੋਂ ਨਾਲੋਂ ਵੱਧ ਸੁਣਦੇ ਹਨ। ਕਿਉਂਕਿ ਵਿਗਿਆਨ ਦੁਆਰਾ ਹੁਣ ਆਵਾਜ਼ ਵੀ ਥਾਂ-ਥਾਂ ਜਾ ਸਕਦੀ ਹੈ ਤੇ ਯੁਗਾਂ-ਯੁਗਾਂ ਤਕ ਸਾਂਭੀ ਜਾ ਸਕਦੀ ਹੈ। ਗੱਲਾਂ ਵਿਚਲੀ ਗੱਲ ਇਹ ਵੀ ਹੈ ਕਿ ਅੱਖਰ ਵੀ ਤਾਂ ਬੋਲ ਨੂੰ ਸਾਂਭਣ ਲਈ ਹੀ ਪੈਦਾ ਹੋਏ ਹਨ।

ਤੈਨੂੰ ਇਕ ਦਿਲਚਸਪ ਗੱਲ ਦੱਸਾਂ। ਸਪੈਨਿਸ਼ ਭਾਸ਼ਾ ਦੇ ਦੇਸ਼ ਕੋਲੰਬੀਆ ਵਿਚ ਕਵਿਤਾ ਉਤਸਵ ਵਿਚ ਸਾਰੇ ਕਵੀ ਪਹਿਲਾਂ ਮੂਲ ਭਾਸ਼ਾ ਵਿਚ ਕਵਿਤਾ ਪੜ੍ਹਦੇ ਸਨ, ਫਿਰ ਉਹਦਾ ਸਪੈਨਿਸ਼ ਅਨੁਵਾਦ ਪੜ੍ਹਿਆ ਜਾਂਦਾ ਸੀ। ਇਕ ਥਾਂ ਪ੍ਰਬੰਧਕਾਂ ਨੇ ਕਿਹਾ ਕਿ ਅੱਜ ਅਸੀਂ ਮੂਲ ਭਾਸ਼ਾ ਵਿਚ ਨਹੀਂ ਪੜ੍ਹਾਵਾਂਗੇ, ਸਿੱਧੇ ਅਨੁਵਾਦ ਹੀ ਪੜ੍ਹਾਂਗੇ; ਪਰ ਸਰੋਤਿਆਂ ਨੇ ਇਹ ਨਾ ਹੋਣ ਦਿੱਤਾ। ਸਰੋਤਿਆਂ ਨੇ ਕਿਹਾ ਮੂਲ ਭਾਸ਼ਾ ਦੀ ਧੁਨੀ ਦਾ ਅਪਣਾ ਪ੍ਰਭਾਵ ਹੈ, ਉਹ ਅਸੀਂ ਗੁਆਉਣਾ ਨਹੀਂ ਚਾਹੁੰਦੇ।

***? ਤੂੰ ਕਦੀ ਕਿਹਾ ਸੀ: ਮੈਨੂੰ ਅਪਣੀ ਸ਼ੁਹਰਤ ਤੋਂ ਸ਼ਰਮ ਆਉਣ ਲੱਗਦੀ ਹੈ। ਫੇਰ ਤੂੰ ਇਸ ਦਲਦਲ ਵਿਚੋਂ ਨਿਕਲਣ ਦਾ ਉਪਾਅ ਕਿਉਂ ਨਹੀਂ ਕਰਦਾ?***

• ਜਦੋਂ ਮੇਰੇ ਅੰਦਰ ਕੁਝ ਹੋਰ ਬਿਹਤਰ ਕਰਨ ਦੀ ਤੜਪ ਉਠਦੀ ਹੈ, ਓਦੋਂ ਮੈਨੂੰ ਸ਼ੁਹਰਤ ਤੋਂ ਸ਼ਰਮ ਆਉਂਦੀ ਹੈ। ਦਲਦਲ ਸ਼ੁਹਰਤ ਦੀ ਕਹੋ ਜਾਂ ਸ਼ਰਮ ਦੀ, ਇਸ ਤੋਂ ਬਚਣ ਦਾ ਇਕ ਹੀ ਤਰੀਕਾ ਹੈ ਨਿੱਤ ਕੁਝ ਨਵਾਂ ਸਿਰਜਦੇ ਰਹਿਣਾ। ਸਿਰਜਣਾ ਤੋਂ ਟੁੱਟ ਜਾਵਾਂ, ਤਾਂ ਸ਼ੁਹਰਤ ਤੋਂ ਸ਼ਰਮ ਆਉਂਦੀ ਹੈ।

*ਕਿਤੇ ਜਾ ਨਈਂ ਸਕਦੇ ਤਾਂ ਫੁਲ ਬਣਕੇ ਖਿੜ ਜਾਓ*
*ਦਲਦਲ ਚੋਂ ਨਿਕਲਣ ਦਾ ਇਹ ਵੀ ਤਰੀਕਾ ਹੈ*

**ਪੰਜਾਬੀ ਦਾ ਤਾਲ**

***? ਕਈ ਕਹਿੰਦੇ ਹਨ ਕਿ ਅਸਲ ਵਿਚ ਪੰਜਾਬੀ ਗ਼ਜ਼ਲ ਲਈ ਢੁਕਵੀਂ ਜ਼ਬਾਨ ਨਹੀਂ। ਤੇਰਾ ਕੀ ਖ਼ਿਆਲ ਹੈ?***

• ਪ੍ਰੋਫ਼ੈਸਰ ਮੋਹਨ ਸਿੰਘ ਹੁਰਾਂ ਨੇ ਵੀ ਇਹ ਗੱਲ ਕਹੀ ਸੀ। ਉਹ ਕਹਿੰਦੇ ਸੀ ਕਿ ਇਸ ਗੱਲ ਦਾ ਅਹਿਸਾਸ ਸਾਡੇ ਵੱਡ-ਵਡੇਰਿਆਂ ਨੂੰ ਪਹਿਲਾਂ ਹੀ ਹੋ ਗਿਆ ਸੀ। ਇਸ ਲਈ ਉਨ੍ਹਾਂ ਨੇ ਕਾਫ਼ੀਆਂ ਲਿਖੀਆਂ, ਦੋਹੇ ਲਿਖੇ, ਪਰ ਗ਼ਜ਼ਲ ਨਹੀਂ ਲਿਖੀ। ਇਹ ਕਹਿਣ ਦੇ ਬਾਵਜੂਦ ਉਹ ਆਪ ਆਖ਼ਰੀ ਉਮਰ ਤਕ ਗ਼ਜ਼ਲਾਂ ਲਿਖਦੇ ਰਹੇ। ਸੱਚ ਤਾਂ ਇਹ ਹੈ ਕਿ ਵੀਹਵੀਂ ਸਦੀ ਦੇ ਤਕਰੀਬਨ ਹਰ ਪੰਜਾਬੀ ਕਵੀ ਨੇ ਗ਼ਜ਼ਲਾਂ ਲਿਖੀਆਂ ਹਨ: ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਮੌਲਾ ਬਖ਼ਸ਼ ਕੁਸ਼ਤਾ, ਮੋਹਨ ਸਿੰਘ, ਬਾਵਾ ਬਲਵੰਤ, ਈਸ਼ਵਰ ਚਿਤਰਕਾਰ, ਹਰਿਭਜਨ ਸਿੰਘ, ਸ਼ਿਵ ਕੁਮਾਰ, ਸ.ਸ. ਮੀਸ਼ਾ, ਜਸਵੰਤ ਸਿੰਘ ਨੇਕੀ, ਤਖ਼ਤ ਸਿੰਘ, ਜਗਤਾਰ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਤਾਰਾ ਸਿੰਘ।

ਅਸਲ ਵਿਚ ਇਹੋ ਜਿਹੇ ਫ਼ੈਸਲੇ ਵਕਤ ਕਰਦਾ ਹੈ। ਇਸ ਵੇਲੇ ਪੰਜਾਬੀ ਵਿਚ ਬਹੁਤ ਗ਼ਜ਼ਲ ਲਿਖੀ ਜਾ ਰਹੀ ਹੈ ਤੇ ਕੁਝ ਲੋਕ ਬੜੀ ਚੰਗੀ ਲਿਖ ਰਹੇ ਹਨ। ਇਹਨਾਂ ਵਿਚ ਬਹੁਤੇ ਉਹ ਹਨ, ਜੋ ਉਰਦੂ ਫ਼ਾਰਸੀ ਦੇ ਗ਼ਲਬੇ ਤੋਂ ਮੁਕਤ ਹਨ। ਕੁਝ ਲੋਕਾਂ ਨੇ ਪੰਜਾਬੀ ਵਿਚ ਸੌਨਿਟ ਵੀ ਲਿਖੀ, ਪਰ ਇਹ ਰੂਪ ਪ੍ਰਚਲਿਤ ਨਾ ਹੋ ਸਕਿਆ।

ਗ਼ਜ਼ਲ ਬਹੁਤ ਦਿਲਚਸਪ ਤੇ ਸਾਰੇ ਕਾਵਿ-ਰੂਪਾਂ ਤੋਂ ਵੱਖਰੀ-ਜਿਹੀ ਸਿਨਫ਼ ਹੈ। ਇਸ ਵਿਚ ਬੰਧਨ ਵੀ ਬਹੁਤ ਹੈ, ਆਜ਼ਾਦੀ ਵੀ ਬਹੁਤ। ਬੰਧਨ ਇਹ ਹੈ ਕਿ ਬਹਿਰ ਵਜ਼ਨ ਵਿਚ ਰਹਿਣਾ ਹੈ ਤੇ ਆਜ਼ਾਦੀ ਇਹ ਕਿ ਹਰ ਸ਼ੇਅਰ ਨਵੀਂ ਕਵਿਤਾ ਹੁੰਦਾ ਹੈ। ਦੋ ਸਤਰਾਂ ਵਿਚ ਨਵੀਂ ਗੱਲ ਛੇੜਨੀ ਤੇ ਮੁਕਾਉਣੀ ਹੈ। ਪਰ ਸਾਰੇ ਸ਼ੇਅਰ ਇਕ ਹੀ ਜ਼ਮੀਨ ਵਿਚ ਹੁੰਦੇ ਹਨ। ਉਹ ਆਜ਼ਾਦ ਹੁੰਦੇ ਹਨ, ਪਰ ਫਿਰ ਵੀ ਇਕ ਸਾਂਝ ਵਿਚ ਪਰੋਏ।

ਦੋਹਾ ਵੀ ਸ਼ੇਅਰ ਵਾਂਗ ਜਾਂ ਮਤਲੇ ਵਾਂਗ ਹੈ। ਪਰ ਇਹ ਹਰ ਵਾਰ ਇਕ ਹੀ ਛੰਦ ਵਿਚ ਹੁੰਦਾ ਹੈ। ਪਰ ਗ਼ਜ਼ਲਾਂ ਕਈ ਬਹਿਰਾਂ ਵਿਚ ਹੋ ਸਕਦੀਆਂ ਹਨ; ਉਰਦੂ, ਫ਼ਾਰਸੀ ਬਹਿਰਾਂ ਵਿਚ ਵੀ ਤੇ ਭਾਰਤੀ ਛੰਦਾਂ ਵਿਚ ਵੀ। ਬੈਂਤ ਵਿਚ ਵੀ, ਦਵੱਈਏ ਵਿਚ ਵੀ, ਕਬਿਤ ਵਿਚ ਵੀ, ਕਲੀ ਵਿਚ ਵੀ।

ਕਈ ਵਾਰੀ ਰਦੀਫ਼ ਦੀ ਸਾਂਝ ਗ਼ਜ਼ਲ ਨੂੰ ਖ਼ਾਸ ਤਰ੍ਹਾਂ ਦੀ ਏਕਤਾ ਦਿੰਦੀ ਹੈ। ਮੇਰੀਆਂ ਬਹੁਤ ਸਾਰੀਆਂ ਗ਼ਜ਼ਲਾਂ ਵਿਚ ਨਜ਼ਮਾਂ ਵਰਗੀ ਗਤੀ, ਵਿਕਾਸ ਤੇ ਸਾਂਝ ਹੈ।

ਜੇ ਪੰਜਾਬੀ ਵਿਚ ਦੋਹੇ ਲਿਖੇ ਜਾ ਸਕਦੇ ਹਨ, ਤਾਂ ਸ਼ੇਅਰ ਵੀ ਲਿਖਿਆ ਜਾ ਸਕਦਾ ਹੈ। ਜੇ ਸ਼ੇਅਰ ਲਿਖਿਆ ਜਾ ਸਕਦਾ ਹੈ, ਤਾਂ ਗ਼ਜ਼ਲ ਵੀ ਲਿਖੀ ਜਾ ਸਕਦੀ ਹੈ। ਰੌਲਾ ਸਿਰਫ਼ ਬਹਿਰਾਂ ਦਾ ਹੈ। ਬਹਿਰਾਂ ਸਿਰਫ਼ ਓਹੀ ਵਰਤੋ, ਜੋ ਪੰਜਾਬੀ ਦੇ ਅਨੁਕੂਲ ਹੋਣ। ਹਰ ਬਹਿਰ ਹਰ ਭਾਸ਼ਾ ਦੇ ਯੋਗ ਨਹੀਂ ਹੁੰਦੀ।

ਹਰ ਭਾਸ਼ਾ ਦਾ ਅਪਨਾ ਤਾਲ ਹੁੰਦਾ ਹੈ। ਭਾਵੇਂ ਇਹ ਤਾਲ ਦੁੱਖ-ਸੁੱਖ ਹੁਲਾਸ ਹੈਰਾਨੀ ਵੇਲੇ ਬਦਲਦੇ ਹਨ, ਪਰ ਇਕ ਵਿਆਪਕ ਤਾਲ ਹੁੰਦਾ ਹੈ। ਪੰਜਾਬੀ ਭਾਸ਼ਾ ਦਾ ਵਿਆਪਕ ਤਾਲ ਚਾਰ ਗੁਰੂ ਹੈ ਜਿਵੇਂ :

*ਚੌਕਾ ਚੁੱਲ੍ਹਾ। ਦਾਣਾ ਪਾਣੀ। ਔਡਾ ਟੱਪਾ।*
*ਜੰਗ ਪਲੰਗਾ। ਗੋਲ ਕਤਾਰਾ। ਠੀਹਾ ਠੱਪਾ।*
*ਦੰਦ ਘਸਾਈ। ਘੁੰਡ ਚੁਕਾਈ। ਵਾਗ ਫੜਾਈ।*
*ਲਾਗੇ ਸ਼ਾਗੇ। ਦੂਰ ਦੁਰਾਡੇ। ਰੱਬ ਸਬੱਬੀ।*
*ਬੀਬੀ ਰਾਣੀ। ਸੁਘੜ ਸਿਆਣੀ। ਪਿੱਛਲ ਪੈਰੀ।*
*ਬਾਰਾਂ-ਤਾਲੀ। ਕਾਰੇ ਹੱਥੀ। ਘੋਗਲ ਕੰਨਾ।*
*ਤੜਕੇ ਤੜਕੇ। ਟਾਂਡੇ ਮੀਂਡੇ। ਸੜਕੇ ਸੜਕੇ।*
*ਘੁੰਮਣਘੇਰੀ। ਗੋਤ ਕਨਾਲਾ। ਕੱਲਮ ਕੱਲਾ।*
*ਅੱਧੜਵੰਜਾ। ਅੱਧੋਰਾਣਾ। ਹੱਥੋ ਪਾਈ।*
*ਕੁੱਕੜ ਖੋਹੀ। ਕਾਵਾਂ ਰੌਲੀ। ਕੁੱਤੇ ਖਾਣੀ।*
*ਡਾਂਗੋ ਡਾਂਗੀ। ਮਾਈ ਭਾਈ। ਹੱਟੀ ਭੱਠੀ।*
*ਚੰਨੇ ਬੰਨੇ। ਜੋੜਾ ਜਾਮਾ। ਝੱਗਾ ਚੁੰਨੀ।*
*ਦੀਵਾ ਵੱਟੀ। ਭਾਂਡਾ ਟੀਂਡਾ। ਲੀੜਾ ਲੱਤਾ।*
*ਰੌਣਕ ਮੇਲਾ। ਧੂਮ ਧੜੱਕਾ। ਭੀੜ ਭੜੱਕਾ।*
*ਇੱਟ ਖੜਿੱਕਾ। ਉੱਚੜ ਪੈੜੇ। ਛਿੜਕਾ ਛੰਭਾ।*
*ਦਰਸ਼ਨ ਮੇਲੇ। ਪੇਟ ਘਰੋੜੀ। ਕੌੜਾ ਸੋਤਾ।*
*ਦੀਵਾ ਵੱਟੀ। ਆਥਣ ਉੱਗਣ। ਲੋਏ ਲੋਏ।*

*(ਇਹ ਬਹੁਤ ਲੰਮੀ ਲਿਸਟ ਹੈ)*

ਇਸੇ ਲਈ ਪੰਜਾਬੀ ਵਿਚ ਸਭ ਤੋਂ ਵੱਧ ਕਵਿਤਾ ਦਵੱਈਏ ਛੰਦ ਵਿਚ ਲਿਖੀ ਗਈ ਹੈ। ਦੂਜੀ ਥਾਂ ਬੈਂਤ ਆਉਂਦਾ ਹੈ। ਗੁਰਬਾਣੀ ਵਿਚ ਬੈਂਤ ਬਿਲਕੁਲ ਨਹੀਂ ਹੈ, ਦਵੱਈਆ ਹੈ। ਲੋਕ ਸਾਹਿਤ ਵਿਚ ਵੀ ਬੈਂਤ ਨਹੀਂ ਹੈ। ਦਮੋਦਰ, ਹਾਸ਼ਮ, ਮੁਹੰਮਦ ਬਖ਼ਸ਼ ਦਵੱਈਏ ਵਿਚ ਹਨ। ਸਾਰੀਆਂ ਲੰਮੀਆਂ ਬੋਲੀਆਂ ਦਵੱਈਏ ਵਿਚ ਹਨ :

*ਹੀਰਿਆ ਹਰਨਾ ਬਾਗੀਂ ਚਰਨਾ ਪੈਰੀਂ ਝਾਂਜਰਾਂ ਪਾਈਆਂ*
*ਸਿੰਗਾਂ ਤੇਰਿਆਂ 'ਤੇ ਕੀ ਕੁਝ ਲਿਖਿਆ*
*ਤਿੱਤਰ ਤੇ ਮੁਰਗਾਈਆਂ*

ਸ਼ਿਵ ਦੇ ਬਹੁਤ ਸਾਰੇ ਗੀਤਾਂ ਵਿਚ ਦਵੱਈਆ ਹੈ:

*ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ*
*ਜੋਬਨ ਰੁੱਤੇ ਆਸ਼ਕ ਮਰਦੇ ਜਾਂ ਕੋਈ ਕਰਮਾਂ ਵਾਲਾ*

ਸਾਨੂੰ ਅਪਣੀ ਭਾਸ਼ਾ ਦੇ ਤਾਲ ਵੀ ਪਹਿਚਾਨਣੇ ਚਾਹੀਦੇ ਹਨ, ਪਰ ਅਪਣੀ ਭਾਸ਼ਾ ਦੀ ਮੌਜੂਦਾ ਅਮੀਰੀ ਵਿਚ ਵਾਧਾ ਵੀ ਕਰਨਾ ਚਾਹੀਦਾ ਹੈ। ਪੰਜਾਬ ਦੇ ਸਾਹਿਤ ਵਿਚ ਛੰਦਾਂ ਦਾ ਸਭ ਤੋਂ ਵੱਡਾ ਭੰਡਾਰ ਦਸਮ ਗ੍ਰੰਥ ਹੈ।

**ਸ਼ੌਕ ਅਵੱਲੜੇ**

***? ਤੇਰੇ ਸਿਰ ਜੋ ਗਾਉਣ ਦਾ 'ਇਲਜ਼ਾਮ' ਲੱਗਦਾ ਹੈ, ਉਹਦੇ ਬਾਰੇ ਤੂੰ ਕੀ ਸੋਚਦੈਂ?***

• ਉਹ ਜੋ ਤਰੰਨੁਮ ਨੂੰ ਤਰਸ, ਰਾਗ ਨੂੰ ਰੁਦਨ ਤੇ ਗਾਇਨ ਨੂੰ ਗੁਨਾਹ ਕਹਿੰਦੇ ਨੇ, ਉਹ ਕਿਸੇ ਸੂਫ਼ੀ ਦੇ ਚੇਲੇ ਜਾਂ ਗੁਰੂ ਦੇ ਸਿੱਖ ਤਾਂ ਨਹੀਂ ਹੋ ਸਕਦੇ, ਉਹ ਜ਼ਰੂਰ ਕੋਈ ਔਰੰਗਜ਼ੇਬ ਦੇ ਦਰਬਾਰੀ ਹੋਣਗੇ।

**ਪਰਿਵਾਰ ਤੇ ਕਵਿਤਾ**

***? ਤੇਰੇ ਪਰਿਵਾਰ ਦਾ ਤੇ ਤੇਰੀ ਕਵਿਤਾ ਦਾ ਕਿਹੋ ਜਿਹਾ ਸੰਬੰਧ ਹੈ?***

• ਤੇਰੇ ਸਵਾਲ ਦਾ ਇਕ ਉੱਤਰ ਤਾਂ ਇਹ ਹੈ ਕਿ ਮੇਰਾ ਪਰਿਵਾਰ ਮੇਰੀ ਕਵਿਤਾ ਵਿਚ ਘੁਲਿਆ ਹੋਇਆ ਹੈ। ਮੇਰੀਆਂ ਕਈ ਕਵਿਤਾਵਾਂ ਵਿਚ ਮੇਰੇ ਪਰਿਵਾਰ ਦੇ ਜੀਅ ਹਾਜ਼ਰ ਹਨ। ਸ਼ਾਇਦ ਸਭ ਕਵੀਆਂ ਦੀਆਂ ਕਵਿਤਾਵਾਂ ਵਿਚ ਹੀ ਹੁੰਦੇ ਹਨ। ਮਾਤਾ-ਪਿਤਾ, ਭੈਣ-ਭਰਾ, ਪਤਨੀ, ਧੀਆਂ-ਪੁੱਤਰ। ਮਾਤਾ-ਪਿਤਾ ਬਾਰੇ ਤਾਂ ਮੇਰੀਆਂ ਕਵਿਤਾਵਾਂ ਬਹੁਤ ਪ੍ਰਤੱਖ ਹਨ। ਇਕ ਹੋਰ ਕਵਿਤਾ ਸੁਣਾਉਂਦਾ ਹਾਂ। ਮੇਰਾ ਵਿਆਹ ਹੋਏ ਨੂੰ ਇਕ ਸਾਲ ਹੋ ਗਿਆ ਸੀ। ਪਰ ਸਾਡੇ ਘਰ ਕੋਈ ਬੱਚਾ ਨਾ ਹੋਇਆ। ਉਸ ਉਡੀਕ ਤੇ ਥੋੜ੍ਹੀ-ਜਿਹੀ ਉਦਾਸੀ ਵਿਚੋਂ ਮੈਂ ਇਹ ਕਵਿਤਾ ਲਿਖੀ ਸੀ, ਜੋ ਮੇਰੀ ਜੀਵਨ ਸਾਥਣ ਭੁਪਿੰਦਰ ਨਾਲ ਕੀਤੀਆਂ ਗੱਲਾਂ ਹਨ:

*ਕਦੋਂ ਗੁਲਾਬ ਖਿੜੇਗਾ ਅੜੀਏ ਟਹਿਣੀਏ*
*ਕਦ ਤੁਰਸੀ ਬ੍ਰਹਿਮੰਡ ਨੀ ਖੜੀਏ ਟਹਿਣੀਏ*
*ਨੀਰ ਗਏ ਪਥਰਾ ਨੀ ਚੁੱਪ ਚੁੱਪ ਰਹਿਣੀਏ*
*ਟੁੱਟਣਾ ਕਦੋਂ ਸਰਾਪ ਨੀ ਦੁਖੜੇ ਸਹਿਣੀਏ*
*ਪਿਤਰਾਂ ਕੋਲੋ ਜਾਹ ਵੇ ਮੇਰਿਆ ਰਾਜਿਆ*
*ਜਾ ਕੇ ਸੀਸ ਨਿਵਾ ਵੇ ਮੇਰਿਆ ਹਾਕਮਾ*
*ਚੰਨ ਤੋਂ ਡਿੱਗੇ ਗੁਲਾਬ ਸਮੁੰਦਰ ਆ ਟਿਕੇ*
*ਤਰਦਾ-ਤਰਦਾ ਆਣ ਵੇ ਲੱਗੇ ਕੰਢੜੇ*

***ਫਿਰ ਲੂਆਂ ਵਿਚਕਾਰ ਤਰਦੀਆਂ ਪੱਤੀਆਂ***
***ਲੱਗਣ ਕੁੱਖ ਦੇ ਨਾਲ ਵੇ ਮਮਤਾ-ਮੱਤੀਆਂ***
***ਕੌਣ ਦਏ ਸਰਨਾਵਾਂ ਓਸ ਗੁਲਾਬ ਨੂੰ***
***ਕੌਣ ਲਭਾਵੇ ਥਾਵਾਂ ਵਿਚ ਹਨ੍ਹੇਰਿਆਂ***
***ਪਿਆਰ ਦਏ ਸਰਨਾਵਾਂ ਓਸ ਗੁਲਾਬ ਨੂੰ***
***ਪਿਆਰ ਲਭਾਵੇ ਥਾਵਾਂ ਵਿਚ ਹਨ੍ਹੇਰਿਆਂ।***

ਇਕ ਵਾਰੀ ਅਸੀਂ ਰੁੱਸੇ ਹੋਏ ਸਾਂ। ਇਹ ਰੋ ਕੇ ਸੌਂ ਗਈ ਸੀ ਤੇ ਮੈਂ ਕਵਿਤਾ ਲਿਖ ਰਿਹਾ ਸਾਂ:

***ਕਿਤੇ ਇਹੀ ਗੱਲ ਨਾ ਹੋਵੇ, ਕਿਤੇ ਇਸ ਤਰ੍ਹਾਂ ਨਾ ਹੋਵੇ***
***ਤੇਰੇ ਚਿਹਰੇ ਉਤਲਾ ਨ੍ਹੇਰਾ ਮੇਰੀ ਮੈਲੀ ਛਾਂ ਨ ਹੋਵੇ***
***ਉਹ ਜੋ ਸੌਂ ਗਿਆ ਹੈ ਪਿਆਸਾ, ਉਹਨੂੰ ਚੁੰਮ ਕੇ ਜਗਾ ਲੈ***
***ਕਿਤੇ ਖ਼ਾਬ ਵਿਚ ਭਟਕਦਾ ਉਹ ਥਾਂ ਕੁ ਥਾਂ ਨ ਹੋਵੇ***

ਤੇਰੇ ਸਵਾਲ ਦੀ ਦੂਜੀ ਤਹਿ ਦਾ ਮਤਲਬ ਹੈ ਕਿ ਮੇਰਾ ਪਰਿਵਾਰ ਮੇਰੀ ਕਵਿਤਾ ਕਿੰਨੀ ਕੁ ਪੜ੍ਹਦਾ-ਸੁਣਦਾ ਹੈ। ਉਸ ਦਾ ਉੱਤਰ ਇਹ ਹੈ ਕਿ ਮੇਰੇ ਪਿਤਾ ਤੇ ਮੇਰੀ ਬੀ ਜੀ ਨੇ ਕਦੀ ਮੇਰੀ ਕਵਿਤਾ ਨਹੀਂ ਸੀ ਸੁਣੀ ਪੜ੍ਹੀ। ਮੇਰੀਆਂ ਚਾਰ ਭੈਣਾਂ ਜੋ ਮੈਥੋਂ ਵੱਡੀਆਂ ਹਨ; ਉਹਨਾਂ ਨੇ ਵੀ ਕੁਝ ਕਵਿਤਾਵਾਂ ਸੁਣੀਆਂ ਜ਼ਰੂਰ ਹੋਣਗੀਆਂ, ਪਰ ਪੜ੍ਹੀਆਂ ਸ਼ਾਇਦ ਹੀ ਹੋਣ। ਸਾਡੇ ਪਰਿਵਾਰ ਵਿਚ ਮੇਰੀ ਕਵਿਤਾ ਦਾ ਪਹਿਲਾ ਪਾਠਕ ਮੇਰਾ ਵੱਡਾ ਭਰਾ ਦੀਦਾਰ ਸਿੰਘ ਪਰਦੇਸੀ ਹੈ, ਜੋ ਮਸ਼ਹੂਰ ਗਾਇਕ ਹੈ ਤੇ ਜਿਸਨੇ ਮੇਰੀਆਂ ਕਈ ਰਚਨਾਵਾਂ ਰਿਕਾਰਡ ਕੀਤੀਆਂ ਹਨ।

ਮੇਰੀ ਕਵਿਤਾ ਦਾ ਦੂਜਾ ਪਾਠਕ ਨੈਰੋਬੀ ਵਿਚ ਵਸਦਾ ਮੇਰਾ ਛੋਟਾ ਵੀਰ ਉਪਕਾਰ ਹੈ। ਉਹਨੇ ਮੇਰਾ ਅੱਖਰ-ਅੱਖਰ ਪੜ੍ਹਿਆ ਤੇ ਮਹਿਸੂਸ ਕੀਤਾ ਹੈ ਤੇ ਮੇਰੀਆਂ ਕਈ ਰਚਨਾਵਾਂ ਰਿਕਾਰਡ ਕੀਤੀਆਂ ਹਨ।

ਮੇਰੇ ਪਰਿਵਾਰ ਵਿਚ ਮੇਰੀਆਂ ਕਵਿਤਾਵਾਂ ਦੀ ਤੀਜੀ ਪਾਠਕ ਮੇਰੀ ਪਤਨੀ ਭੁਪਿੰਦਰ ਹੈ। ਉਹ ਵੀ ਗੀਤ ਗ਼ਜ਼ਲਾਂ ਸੁਣਨ ਤੇ ਗਾਉਣ ਦੀ ਬਹੁਤ ਸ਼ੌਕੀਨ ਹੈ। ਮੇਰੀਆਂ ਦੋ-ਤਿੰਨ ਗ਼ਜ਼ਲਾਂ ਤੇ ਗੀਤ ਬਹੁਤ ਸੁਹਣੀਆਂ ਗਾਉਂਦੀ ਹੈ।

ਮੇਰੇ ਬੇਟੇ ਅੰਕੁਰ ਤੇ ਮਨਰਾਜ ਵੀ ਮੇਰੀ ਕੋਈ-ਕੋਈ ਕਵਿਤਾ ਪੜ੍ਹ ਲੈਂਦੇ ਹਨ। ਮਨਰਾਜ ਤਾਂ ਗਾਉਣ ਦਾ ਵੀ ਸ਼ੌਕੀਨ ਹੈ। ਉਹ ਸੂਫ਼ੀ ਸ਼ਾਇਰੀ ਦਾ ਆਸ਼ਕ ਹੈ। ਸਾਡੇ ਘਰ ਵਿਚ ਸੰਗੀਤ ਦਾ ਬੋਲਬਾਲਾ ਹੈ।

ਕਦੀ-ਕਦੀ ਕੋਈ ਸਤਰ ਕੋਟ ਵੀ ਹੁੰਦੀ ਹੈ। ਇਕ ਵਾਰ ਅੰਕੁਰ ਨੇ ਜਾਂ ਮਨਰਾਜ ਨੇ ਮੋਬਾਇਲ ਲੈਣਾ ਸੀ। ਜਿਹੜਾ ਮੋਬਾਇਲ



*ਘਰ-ਬਾਰ-ਪਰਿਵਾਰ: (ਖੱਬੇ ਤੋਂ ਸੱਜੇ) ਛੋਟਾ ਬੇਟਾ ਮਨਰਾਜ, ਪਾਤਰ, ਜੀਵਨ ਸਾਥਣ ਭੁਪਿੰਦਰ ਅਤੇ ਵੱਡਾ ਬੇਟਾ ਅੰਕੁਰ*

ਉਹਨੂੰ ਪਸੰਦ ਸੀ, ਉਹ ਬਹੁਤ ਮਹਿੰਗਾ ਸੀ। ਉਹਦੇ ਕੋਲ ਪੈਸੇ ਘੱਟ ਸੀ। ਕਹਿਣ ਲੱਗਾ: ਮੇਰਾ ਵੀ ਪਾਪਾ ਦੀ ਕਵਿਤਾ ਵਾਲਾ ਹਾਲ ਹੈ। ਉਹ ਕਿਹੜੀ ਕਵਿਤਾ ਸੀ: ਮੇਰੀਆਂ ਰੀਝਾਂ ਮੇਰੀ ਔਕਾਤ ਵਿਚਲਾ ਫ਼ਾਸਿਲਾ।

ਕਈ ਵਾਰੀ ਮੈਂ ਅਪਣੀਆਂ ਕਵਿਤਾਵਾਂ ਘਰ-ਵਾਲਿਆਂ ਦੀ ਨਜ਼ਰ ਨਾਲ ਪੜ੍ਹਦਾ ਹਾਂ; ਤਾਂ ਸੋਚਦਾ ਹਾਂ, ਪਤਾ ਨਹੀਂ ਉਹ ਮੇਰੀਆਂ ਕਵਿਤਾਵਾਂ ਦੇ ਕੀ ਅਰਥ ਕੱਢਣਗੇ? ਇਹੋ ਜਿਹੀ ਸੋਚ ਵਿਚੋਂ ਹੀ ਪੈਦਾ ਹੋਈ ਸੀ ਮੇਰੀ ਉਹ ਕਵਿਤਾ:

***ਮੇਰੀ ਮਾਂ ਨੂੰ ਮੇਰੀ ਕਵਿਤਾ ਸਮਝ ਨ ਆਈ***
***ਭਾਵੇਂ ਮੇਰੀ ਮਾਂ ਬੋਲੀ ਵਿਚ ਲਿਖੀ ਹੋਈ ਸੀ***
***ਉਹ ਤਾਂ ਕੇਵਲ ਏਨਾ ਸਮਝੀ***
***ਪੁਤ ਦੀ ਰੂਹ ਨੂੰ ਦੁਖ ਹੈ ਕੋਈ***
***ਪਰ ਇਸਦਾ ਦੁਖ***
***ਮੇਰੇ ਹੁੰਦਿਆਂ ਆਇਆ ਕਿੱਥੋਂ***
***ਨੀਝ ਲਗਾ ਕੇ ਦੇਖੀ***
***ਮੇਰੀ ਅਨਪੜ੍ਹ ਮਾਂ ਨੇ ਮੇਰੀ ਕਵਿਤਾ***
***ਦੇਖੋ ਲੋਕੋ***
***ਕੁੱਖੋਂ ਜਾਏ***
***ਮਾਂ ਨੂੰ ਛੱਡ ਕੇ***
***ਦੁਖ ਕਾਗ਼ਜ਼ਾਂ ਨੂੰ ਦੱਸਦੇ ਨੇ***
***ਮੇਰੀ ਮਾਂ ਨੇ ਕਾਗ਼ਜ਼ ਚੁੱਕ ਸੀਨੇ ਨੂੰ ਲਾਇਆ***
***ਸ਼ਾਇਦ ਏਦਾਂ ਹੀ ਕੁਝ ਮੇਰੇ ਨੇੜੇ ਹੋਵੇ***
***ਮੇਰਾ ਜਾਇਆ।***

ਕਦੀ ਮੈਂ ਇਹ ਵੀ ਲਿਖਿਆ ਸੀ:

***ਛੁਪਾ ਕੇ ਰੱਖਦਾ ਹਾਂ ਤੈਥੋਂ ਮੈਂ ਤਾਜ਼ੀਆਂ ਨਜ਼ਮਾਂ***
***ਮਤਾਂ ਤੂੰ ਜਾਣਕੇ ਰੋਵੇਂ ਮੈਂ ਕਿਸ ਜਹਾਨ 'ਚ ਹਾਂ***

***? ਪੰਜਾਬੀ ਵਿਚ ਤੇਰਾ ਮਨਪਸੰਦ ਕਵੀ ਕੌਣ ਹੈ?***

• ਨਾਨਕ ਸ਼ਾਇਰ।

ਇਹ ਉਨ੍ਹਾਂ ਦਾ ਆਪਣਾ ਵਾਕੰਸ਼ ਹੈ: ਨਾਨਕ ਸ਼ਾਇਰ ਏਵ ਕਹਿਤ ਹੈ।

***? ਕੀ ਤੂੰ ਪ੍ਰਫ਼ਾਰਮਰ ਹੋਣ ਨਾਲੋਂ ਕਵੀ ਹੋਣਾ ਵਧੇਰੇ ਪਸੰਦ ਨਹੀਂ ਕਰੇਂਗਾ?***

• ਇਹਨਾਂ ਦੋਹਾਂ ਵਿਚ ਕੋਈ ਵਿਰੋਧ ਨਹੀਂ। ਸ਼ਿਵ ਕੁਮਾਰ ਬਹੁਤ ਵਧੀਆ ਕਵੀ ਵੀ ਸੀ ਤੇ ਪ੍ਰਫ਼ਾਰਮਰ ਵੀ। ਡਾਕਟਰ ਹਰਿਭਜਨ ਸਿੰਘ ਵੀ ਜਦੋਂ ਅਪਣੀ ਕਵਿਤਾ ਸੁਣਾਉਂਦਾ ਸੀ, ਤਾਂ ਕਿਸੇ ਕਾਵਿ-ਨਾਟਕ ਦਾ ਸ਼ਾਨਦਾਰ ਅਦਾਕਾਰ ਲੱਗਦਾ ਸੀ। ਪ੍ਰੋਫ਼ੈਸਰ ਮੋਹਨ ਸਿੰਘ ਬਹੁਤ 'ਬੁਰੀ ਤਰ੍ਹਾਂ' ਕਵਿਤਾ ਪੜ੍ਹਦੇ ਸਨ। ਅਮਿਤੋਜ, ਅਮਰਜੀਤ ਚੰਦਨ, ਪਾਸ਼ ਇਨ੍ਹਾਂ ਸਾਰਿਆਂ ਦੀ ਕਵਿਤਾ ਦੀ ਪ੍ਰਫ਼ਾਰਮੈਂਸ ਕਲਾਮਈ ਕਹੀ ਜਾਂਦੀ ਹੈ।

ਮੈਨੂੰ ਕਵਿਤਾ ਸੁਣਾਉਣੀ ਕਈ ਵਾਰ ਬਹੁਤ ਕਾਵਿਕ ਅਨੁਭਵ ਲੱਗਦੀ ਹੈ। ਇਕ ਸਾਂਝ ਦਾ ਅਹਿਸਾਸ ਹੁੰਦਾ ਹੈ। ਕਿਤੇ ਗਹਿਰੇ ਜੁੜੇ ਹੋਣ ਦੀ ਭਾਵਨਾ। ਦਿਨ-ਬ-ਦਿਨ ਕੱਲਖੋਰੇ ਹੁੰਦੇ ਜਾ ਰਹੇ ਸਾਡੇ ਯੁਗ ਵਿਚ ਤਾਂ ਇਹ ਹੋਰ ਵੀ ਜ਼ਰੂਰੀ ਹਨ - ਨਾਟਕ ਮੰਚਨ ਤੇ ਕਵਿਤਾ ਦੀ ਪੇਸ਼ਕਾਰੀ।

***? ਤੂੰ ਅਪਣੇ ਆਪ ਨੂੰ 'ਪ੍ਰਤਿਬੱਧ' ਸ਼ਾਇਰ ਸਮਝਦਾ ਏਂ। ਤੈਨੂੰ ਕਵਿਤਾ ਤੋਂ ਕਿਸੇ ਇਨਕਲਾਬ ਦੀ ਆਸ ਹੈ?***

***• ਮੈਂ ਪੁਰਾਣਾ ਕਵੀ ਹਾਂ ਪਰ ਮੈਨੂੰ***
***ਨਿਤ ਨਵੇਂ ਦੁੱਖ ਜਦੀਦ ਕਰਦੇ ਨੇ***
***ਰੋਜ਼ ਇਸ ਨੂੰ ਤਪਾ ਕੇ ਰੂਹ ਵਿਚੋਂ***
***ਦਰਦ ਕਵਿਤਾ ਕਸ਼ੀਦ ਕਰਦੇ ਨੇ***
***ਮੂਰਤਾਂ ਵਿਚ ਬਣੇ ਚਿਰਾਗ਼ਾਂ ਤੋਂ***
***ਲੋਕ ਲੋ ਦੀ ਉਮੀਦ ਕਰਦੇ ਨੇ***

ਮੇਰੀ ਪੰਜਾਬ ਬਾਰੇ ਇਕ ਛੋਟੀ ਜਿਹੀ ਕਵਿਤਾ ਸੀ

***ਮਾਤਮ***
***ਹਿੰਸਾ***
***ਖ਼ੌਫ਼***
***ਬੇਬਸੀ***
***ਤੇ ਅਨਿਆਂ***
***ਇਹ ਨੇ ਅੱਜ ਕੱਲ੍ਹ ਮੇਰੇ ਪੰਜਾਂ ਦਰਿਆਵਾਂ ਦੇ ਨਾਂ***

ਇਸ ਕਵਿਤਾ ਵਿਚੋਂ ਨਵੇਂ ਪੱਤੇ ਫੁੱਟੇ। ਕਈ ਵਾਰ ਮੇਰੀਆਂ ਪੁਰਾਣੀਆਂ ਕਵਿਤਾਵਾਂ ਵਿਚੋਂ ਨਵੇਂ ਪੱਤੇ ਫੁੱਟ ਪੈਂਦੇ ਹਨ। ਇਸ ਵਿਚੋਂ ਇਹ ਨਵੇਂ ਫੁੱਟੇ। ਮੁੱਢੋਂ ਸ਼ੁਰੂ ਕਰਦਾ ਹਾਂ

***ਮਾਤਮ***
***ਹਿੰਸਾ***
***ਖ਼ੌਫ਼***
***ਬੇਬਸੀ***
***ਤੇ ਅਨਿਆਂ***
***ਇਹ ਨੇ ਅੱਜ ਕੱਲ੍ਹ ਮੇਰੇ ਦਰਿਆਵਾਂ ਦੇ ਨਾਂ***
***ਜੋ ਹੁੰਦੇ ਸਨ***
***ਸਤਿਲੁਜ***
***ਬਿਆਸਾ***
***ਰਾਵੀ***
***ਜਿਹਲਮ***
***ਅਤੇ***
***ਝਨਾਂ***
***ਤੇ ਜਿਹੜੇ ਇਕ ਦਿਨ ਹੋਵਣਗੇ***
***ਹੁਸਨ***
***ਸ਼ਾਇਰੀ***
***ਇਸ਼ਕ***
***ਮੁਹੱਬਤ***
***ਅਤੇ ਨਿਆਂ***
***ਮੇਰੇ ਦਰਿਆਵਾਂ ਦੇ ਨਾਂ***

ਹਰ ਸ਼ਾਇਰ ਇਨ੍ਹਾਂ ਹਸੀਨ ਕਦਰਾਂ ਕੀਮਤਾਂ ਨੂੰ ਬੜੀ ਸ਼ਿੱਦਤ ਨਾਲ ਇਸ਼ਕ ਕਰਦਾ ਹੈ ਤੇ ਇਨ੍ਹਾਂ ਲਈ ਤੜਪਦਾ ਤੇ ਆਪਣੀ ਔਕਾਤ ਮੁਤਾਬਕ ਜੂਝਦਾ ਹੈ। ਇਸ ਵਿਚ ਇਸ ਕਾਇਨਾਤ ਨੂੰ, ਬੰਦੇ ਨੂੰ, ਸਮਾਜ ਨੂੰ, ਇਤਿਹਾਸ ਨੂੰ ਰਾਜਨੀਤੀ ਨੂੰ ਸਮਝਣਾ ਵੀ ਸ਼ਾਮਿਲ ਹੈ। ਨਿਆਂ ਇਸ ਸਮਝ ਵਿਚੋਂ ਹੀ ਪੈਦਾ ਹੁੰਦਾ ਹੈ।

ਪ੍ਰਤਿਬੱਧ ਸ਼ਬਦ ਬਾਰੇ ਮੈਂ ਕਦੀ ਕਿਹਾ ਸੀ ਇਹ ਮੈਨੂੰ ਕੁਝ ਅਧੂਰਾ ਜਾਪਦਾ ਹੈ। ਇਸ ਨਾਲੋਂ ਤਾਂ ਮੈਨੂੰ ਸਮਰਪਿਤ ਚੰਗਾ ਲੱਗਦਾ ਹੈ। ਕਈ ਵਾਰ ਪ੍ਰਤਿਬੱਧ ਦੀ ਥਾਂ ਪਰਨਾਇਆ ਹੋਇਆ ਵਾਕੰਸ਼ ਵੀ ਵਰਤਿਆ ਜਾਂਦਾ ਹੈ। ਮੇਰਾ ਇਕ ਨੌਜਵਾਨ ਇਨਕਲਾਬੀ ਦੋਸਤ ਹੈ ਜਸਪਾਲ ਜੱਸੀ। ਕਵਿਤਾ ਵੀ ਬਹੁਤ ਵਧੀਆ ਲਿਖਦਾ ਹੈ। ਇਸ ਸ਼ਬਦ ਬਾਰੇ ਅਸੀਂ ਬਹਿਸ ਕਰ ਰਹੇ ਸਾਂ। ਮੈਂ ਉਹਨੂੰ ਹਾਸੇ ਨਾਲ ਕਿਹਾ- ਸੋਹਣੀ ਪਰਨਾਈ ਹੋਈ ਸੀ ਆਪਣੇ ਖ਼ਾਵੰਦ ਨਾਲ। ਪਰ ਉਸਦਾ ਇਸ਼ਕ ਸੀ ਇੱਜ਼ਤ ਬੇਗ ਨਾਲ।

ਮਾਰਕਸੀ ਚਿੰਤਨ ਨੇ ਸਾਡੇ ਦੌਰ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ ਹੈ ਤੇ ਸਮਾਜ ਨੂੰ ਵਿਗਿਆਨਕ ਤਰੀਕੇ ਨਾਲ ਸਮਝਣ ਵਿਚ ਸਾਡੀ ਮਦਦ ਕੀਤੀ ਹੈ। ਅਣਮਨੁੱਖੀ ਬੇਕਿਰਕ ਪੂੰਜੀਵਾਦ ਦੇ ਖ਼ਿਲਾਫ਼ ਇਸ ਨੇ ਮਾਨਵਤਾ ਨੂੰ ਜਗਾਈ ਰੱਖਿਆ। ਪਰ ਮਾਰਕਸੀ ਚਿੰਤਨ ਕੋਈ ਧਰਮ ਨਹੀਂ, ਇਕ ਨਿਰੰਤਰ ਚਿੰਤਨ ਹੈ। ਆਪਣੀਆਂ ਧਾਰਨਾਵਾਂ ਨੂੰ ਸੰਵਾਦ ਜਾਂ ਸੰਦੇਹ ਤੋਂ ਪਾਰ ਸਮਝਣਾ ਮਾਰਕਸ-ਵਿਰੋਧੀ ਗੱਲ ਹੈ। ਸੰਵਾਦ ਤਾਂ ਧਰਮ ਲਈ ਵੀ ਸਿਹਤਮੰਦ ਹੈ, ਵਿਗਿਆਨਕ ਸੋਚ ਨੂੰ ਤਾਂ ਜ਼ਰੂਰ ਹੀ ਨਿਤ ਨਵੀਆਂ ਸੋਚਾਂ ਨਾਲ ਸੰਵਾਦ ਕਰਨਾ ਚਾਹੀਦਾ ਹੈ।

ਸਮਾਜ ਜਿਸ ਵਿਚ ਬੰਦਿਆਂ ਨਾਲ ਕਾਇਨਾਤ ਨਾਲ ਪੂਰਾ ਇਨਸਾਫ਼ ਹੋਵੇ। ਉਸ ਵਿਚ ਵੱਖਰਾ ਸੋਚਣ ਤੇ ਪ੍ਰਗਟਾਉਣ ਤੇ ਵੀ ਕੋਈ ਪਾਬੰਦੀ ਨਾ ਹੋਵੇ। ਏਹੀ ਮੇਰਾ ਇਨਕਲਾਬ ਹੈ।

ਕਵਿਤਾ ਹਰ ਪਲ ਇਨਕਲਾਬ ਨੂੰ ਸਮਰਪਿਤ ਹੈ।

ਇਕ ਮੈਨੂੰ ਲੱਗਦਾ ਹੁੰਦਾ ਕਿ ਸਾਨੂੰ ਆਪਣੀ ਧਰਤੀ ਦੇ ਇਤਿਹਾਸ ਆਪਣੀ ਲੋਕਾਂ ਦੀ ਮਾਨਸਿਕਤਾ ਨੂੰ ਹੋਰ ਗਹਿਰਾਈ ਵਿਚ ਜਾ ਕੇ ਸਮਝਣਾ ਚਾਹੀਦਾ। ਇਕ ਵਾਰ ਸੇਖੋਂ ਸਾਹਿਬ ਕਹਿਣ ਲੱਗੇ ਮੈਨੂੰ ਕੋਈ ਆਪਣੀ ਪਾਰਟੀ ਦਾ ਵਧੀਆ ਜਿਹਾ ਨਾਮ ਨਹੀਂ ਲੱਭਾ ਨਹੀਂ ਤਾਂ ਮੈਂ ਚੋਣਾਂ ਵਿਚ ਜਿੱਤ ਜਾਣਾ ਸੀ। ਮੈਂ ਉਨ੍ਹਾਂ ਨੂੰ ਕਿਹਾ-ਤੁਸੀਂ ਨਾਮ ਰੱਖਣਾ ਸੀ ਲੋਕ ਪੰਥ।

***? ਸ਼ਿਵ ਕੁਮਾਰ ਤੋਂ ਬਾਅਦ ਤੈਨੂੰ ਲੋਕ ਮੰਚ-ਮਾਈਕ ਦਾ ਰਾਜ ਕੁਮਾਰ ਕਹਿੰਦੇ ਹਨ। ਕੀ ਤੈਨੂੰ ਆਪਣੇ ਤੋਂ ਬਾਅਦ ਵੀ ਕੋਈ ਸੇਲ੍ਹੀ ਟੋਪੀ ਵਾਲਾ ਨਜ਼ਰ ਆਉਂਦਾ ਹੈ ਜਾਂ ਨਵੀਂ ਕਵਿਤਾ ਮੰਚ ਮਾਈਕ ਦੀ ਕਬਰ 'ਤੇ ਉਸਰ ਰਹੀ ਹੈ?***

• ਦਾਇਮ ਆਬਾਦ ਰਹੇਗੀ ਦੁਨੀਆ

***ਹਮ ਨਾ ਹੋਂ ਗੇ ਕੋਈ ਹਮ ਸਾ ਹੋਗਾ***

ਮੈਨੂੰ ਲੱਗਦਾ ਆਉਣ ਵਾਲਾ ਯੁੱਗ ਕਵਿਤਾ ਦੀ ਪੇਸ਼ਕਾਰੀ ਦੇ ਵੱਖਰੇ ਤਰੀਕੇ ਵੀ ਈਜਾਦ ਕਰੇਗਾ। ਪਰ ਨਹੀਂ ਕਵਿਤਾ ਦਾ ਸਭ ਤੋਂ ਅੱਛਾ ਤਰੀਕਾ ਏਹੀ ਹੈ ਕਿ ਕਵੀ ਸੁਣਾ ਰਿਹਾ ਹੋਵੇ ਤੇ ਅਸੀਂ ਸੁਣ ਰਹੇ ਹੋਈਏ ਜਾਂ ਚੁੱਪ-ਚਾਪ ਕੋਈ ਤੁਹਾਡੀ ਪੁਸਤਕ ਦੇ ਅੱਖਰਾਂ ਵਿਚੋਂ ਤੁਹਾਡਾ ਦਿਲ ਧੜਕਦਾ ਸੁਣ ਰਿਹਾ ਹੋਵੇ।

**ਉਜਲੇ ਸ਼ੀਸ਼ੇ ਸਨਮੁਖ**

***? ਕਿਸੇ ਨੇ ਤੇਰੀ ਸਮੁੱਚੀ ਕਵਿਤਾ ਨੂੰ ਉਦਾਸ ਪਰਿੰਦੇ ਦੀ ਫੜਫੜਾਹਟ ਨਾਲ ਤੁਲਨਾ ਦਿੱਤੀ ਹੈ। ਕੀ ਜ਼ਿੰਦਗੀ ਏਨੀ ਹੀ ਉਦਾਸ ਹੈ ਜਦ ਕਿ ਗੁਰਬਾਣੀ ਵਿਚ ਨਾ-ਮਾਨਤਾ ਦੇ ਨਾਲ ਨਾਲ ਜੀਵਨ ਦੇ ਆਨੰਦ ਦੀ ਗਾਥਾ ਵੀ ਹੈ।***

***• ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤੱਕ ਨਾ ਖਲਿਹਾਰ***
***ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ***

ਮੈਂ ਬਹੁਤ ਦੇਰ ਆਪਣੇ ਆਪ ਨਾਲ ਲੜਿਆ ਹਾਂ :

***ਦੂਰ ਜੇਕਰ ਅਜੇ ਸਵੇਰਾ ਹੈ***
***ਇਸ ਚ ਕਾਫ਼ੀ ਕਸੂਰ ਮੇਰਾ ਹੈ***
***ਮੈਂ ਕਿਵੇਂ ਕਾਲੀ ਰਾਤ ਨੂੰ ਕੋਸਾਂ***
***ਮੇਰੇ ਦਿਲ ਵਿਚ ਹੀ ਹਨ੍ਹੇਰਾ ਹੈ***

ਇਕ ਅਜੀਬ ਤੜਪ ਦੇਖੀ :

***ਮੇਰਿਆਂ ਹੱਥਾਂ ਦੀਆਂ ਤਲੀਆਂ ਤੇ ਰੱਖੇ***
***ਚੰਨ ਸੂਰਜ ਸਿਵਿਆਂ ਵਾਂਗੂੰ ਬਲ ਰਹੇ***
***ਅੱਥਰੂਆਂ ਦੀ ਸੰਗਲੀ***
***ਕਿਸਤਰਾਂ ਏਨੀ ਬੁਝਾ ਸਕਦੀ ਏ ਅੱਗ ?***

ਤੇ ਇਹ ਮੰਜ਼ਰ :

***ਮੈਂ ਢੂਹਣ ਲੱਗਾ ਤੈਨੂੰ***
***ਬਹੁ ਚੀਤਕਾਰ ਹੋਇਆ***
***ਅੰਧੇਰ ਤੜਪ ਉੱਠੇ***
***ਸੌ ਸੰਖਨਾਦ ਵਿਲਕੇ***
***ਘੜਿਆਲ ਖੜਕ ਉੱਠੇ***
***ਚੁੱਲ੍ਹਿਓਂ ਨਿਕਲ ਮੁਆਤੇ***
***ਮਾਂਵਾਂ***
***ਪਤਨੀਆਂ***
***ਭੈਣਾਂ***
***ਦੇ ਸੀਨਿਆਂ ਚ ਸੁਲਗੇ***
***ਇਕ ਨਾਰ ਖੁੱਲ੍ਹੇ ਕੇਸੀਂ ਕੂਕੀ ਤੇ ਦੌੜ ਉੱਠੀ***
***ਉਸ ਦੇ ਕਹਿਰ ਤੋਂ ਕੰਬੇ***
***ਕੁਲ ਦਿਓਤਿਆਂ ਦੇ ਪੱਥਰ***
***ਤੇ ਮੁਕਟ ਰਾਜਿਆਂ ਦੇ***
***ਸਤਿਗੁਰ ਹੋਏ ਕਰੋਪੀ***
***ਤੇ ਹੱਸੇ ਮੇਰੇ ਚੇਲੇ***

ਵੈਸੇ ਇਸ ਸਭ ਕੁਝ ਨੂੰ ਉਦਾਸ ਪਰਿੰਦੇ ਦੀ ਫੜਫੜਾਹਟ ਕਹਿਣਾ ਹੈ ਤਾਂ ਜ਼ਿਆਦਤੀ ਪਰ ਕੋਈ ਨਹੀਂ, ਉਹ ਜਾਣੇ । ਗੁਰਬਾਣੀ ਵਿਚਲੇ ਵਿਸਮਾਦ ਤੱਕ ਪਹੁੰਚਣਾ? ਮੈਨੂੰ ਇਸ ਕਸਵੱਟੀ ਤੇ ਨਾ ਪਰਖੋ । ਸਿਰਫ਼ ਦੋ ਸ਼ੇਅਰ ਸੁਣੋ:

***ਜੇ ਆਈ ਪੱਤਝੜ ਤਾਂ ਫੇਰ ਕੀ ਹੈ***
***ਤੂੰ ਅਗਲੀ ਰੁੱਤ ਚ ਯਕੀਨ ਰੱਖੀਂ***
***ਮੈਂ ਲੱਭ ਕੇ ਕਿਤਿਓਂ ਲਿਆਉਨਾ ਕਲਮਾਂ***
***ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ***
***ਪਤਾ ਨ ਲੱਗੇ ਇਹ ਚੰਨ ਤਾਰੇ***
***ਬਦਨ ਹੈ ਜਾਂ ਕਿ ਲਿਬਾਸ ਤੇਰਾ***
***ਤੂੰ ਅਪਣੀ ਕੁਦਰਤ ਤੇ ਅਪਣੇ ਵਿਚਲਾ***
***ਇਹ ਪਰਦਾ ਇਉਂ ਹੀ ਮਹੀਨ ਰੱਖੀਂ***

**ਰੱਬ**

***? ਤੇਰਾ ਰੱਬ ਜਾਂ ਕਿਸੇ ਹੋਰ ਅਜਿਹੀ ਅਦਿਸ ਸ਼ਕਤੀ ਵਿਚ ਵਿਸ਼ਵਾਸ ਹੈ?***

***• ਜੋ ਪੀਲੇ ਪੱਤਿਆਂ ਤੇ ਲਿਖ ਕੇ ਚਿੱਠੀਆਂ***
***ਇਹ ਰੁੱਖ ਸਮੁੰਦਰ ਨੂੰ ਭੇਜਦੇ ਨੇ***
***ਤਾਂ ਪੜ੍ਹ ਕੇ ਚਿੱਠੀਆਂ ਨੇ ਉਡਦੇ ਪਾਣੀ***
***ਕਣੀ ਕਣੀ ਹੋ ਕੇ ਬਰਸਦੇ ਨੇ***
***ਸੁਰੀਲੀ ਕਿਣਮਿਣ, ਰਸੀਲੀ ਰਿਮਝਿਮ***
***ਇਹ ਰਾਗ ਸਾਰੇ ਹੀ ਇਸ਼ਕ ਦੇ ਨੇ***
***ਇਹ ਬੀਜ ਕਾਲੇ, ਬੇਰੰਗ ਜੇਹੇ***
***ਜ਼ਮੀਨ ਸੀਨੇ ਚ ਸਾਂਭਦੀ ਹੈ***
***ਕੋਈ ਨ ਜਾਣੇ ਕਿ ਇਸ ਮਿਲਣ ਵਿਚ***
***ਇਹ ਕੀ ਕਰਾਮਾਤ ਹੋ ਰਹੀ ਹੈ***
***ਇਹ ਕਾਲੇ ਬੀਜਾਂ ਚੋਂ ਫੁੱਲ ਸੂਹੇ***
***ਇਹ ਸਭ ਨਜ਼ਾਰੇ ਹੀ ਇਸ਼ਕ ਦੇ ਨੇ***
***ਜੋ ਤਾਜ ਹੁੰਦੀ ਸੀ ਪਰਬਤਾਂ ਦਾ***
***ਉਹ ਬਰਫ਼ ਕਾਹਤੋਂ ਪਿਘਲ ਰਹੀ ਹੈ***
***ਉਤਰ ਕੇ ਸ਼ਾਹੀ ਬੁਲੰਦੀਆਂ ਤੋਂ***
***ਇਹ ਖ਼ਾਕ ਵਿਚ ਕਾਹਤੋਂ ਘੁਲ ਰਹੀ ਹੈ***
***ਇਹ ਢਲਣ ਪਿਘਲਣ, ਮਿਲਾਪ ਹਿਜਰਤ***
***ਇਹ ਸਾਰੇ ਕਾਰੇ ਹੀ ਇਸ਼ਕ ਦੇ ਨੇ***

ਕੁਦਰਤ ਜਿਸ ਵਿਚ ਪੁਰਖ ਤੇ ਨਾਰਾਂ ਵੀ ਸ਼ਾਮਿਲ ਹਨ,ਉਨ੍ਹਾਂ ਦੀ ਮਮਤਾ ਤੇ ਕਸ਼ਿਸ਼ ਵੀ ਸ਼ਾਮਿਲ ਹੈ, ਮੇਰੇ ਲਈ ਵੱਡੇ ਰਹੱਸ ਤੇ ਵਿਸਮਾਦ ਦਾ ਸੋਮਾ ਹੈ । ਮੈਂ ਇਹ ਕਦੀ ਨਹੀਂ ਸੋਚਿਆ ਕਿ ਕੋਈ ਸਾਡੀ ਦੁਆ ਸੁਣਦਾ ਹੈ। ਸਿਰਫ਼ ਇਹ ਜਾਣਦਾ ਹਾਂ ਕਿ ਜੋ ਅਸੀਂ ਬੀਜਦੇ ਹਾਂ ਓਹੀ ਵੱਢਦੇ ਹਾਂ। ਕੁਦਰਤ ਮੇਰੇ ਲਈ ਪ੍ਰੇਰਣਾ ਤੇ ਸ਼ਕਤੀ ਦਾ ਸੋਮਾ ਵੀ ਹੈ :

***ਵਾਵਰੋਲੇ ਉਠਦੇ ਹੀ ਰਹਿੰਦੇ ਨੇ ਤੱਤੇ***
***ਪੱਤਝੜਾਂ ਨੇ ਝਾੜ ਦੇਣੇ ਆ ਕੇ ਪੱਤੇ***

ਪਰ ਇਸਦਾ ਮਤਲਬ ਇਹ ਨਹੀਂ ਕਿ ਪੁੰਗਰਣ ਨ ਪੱਤੀਆਂ

***ਪੌਣ ਵਿਚ ਨਿਤ ਵਧ ਰਹੀ ਵਿਸ਼ ਤੋਂ ਨ ਡਰਦੇ***
***ਬਿਰਖ ਬੂਟੇ ਰੋਜ਼ ਅਪਣਾ ਕਰਮ ਕਰਦੇ***
***ਜ਼ਹਿਰ ਨੂੰ ਅੰਮ੍ਰਿਤ ਚ ਬਦਲੀ ਜਾਣ ਪੱਤੀਆਂ***

***? ਨੇੜਲੇ ਭਵਿੱਖ ਵਿਚ ਤੇਰੀਆਂ ਅਪਣੀਆਂ ਕੀ ਲਿਖਣ ਯੋਜਨਾਵਾਂ ਹਨ?***

• ਦੁਆ ਕਰ ਮੇਰੀਆਂ ਲਿਖਣ ਯੋਜਨਾਵਾਂ ਸਿਰੇ ਚੜ੍ਹਨ । ਕਿਉਂਕਿ ਕਵਿਤਾ ਕਵੀ ਦੀ ਬਾਂਦੀ ਨਹੀਂ ਹੁੰਦੀ ।ਕੁਲਵੰਤ ਗਰੇਵਾਲ ਕਹਿੰਦਾ ਹੁੰਦਾ :

***ਹੁਸਨ ਤੇ ਸ਼ਾਇਰੀ ਨਸੀਬਾਂ ਦੇ ।***
***ਪਰ ਫਿਰ ਵੀ ਮਾਲੀ ਦਾ ਕੰਮ ਪਾਣੀ ਪਾਉਣਾ***

ਇਕ ਤਾਂ ਭਾਸ਼ਾ ਬਾਰੇ ਕਵਿਤਾਵਾਂ ਦੀ ਕਿਤਾਬ ਹੈ ਜਿਸ ਨਾਲ ਮੇਰਾ ਮਨ ਜੁੜਿਆ ਹੋਇਆ ਤੇ ਦੂਜੀ ਉਰਵਸ਼ੀ ਜਿਸਦੀ ਉਧੇੜ ਬੁਣ ਬਹੁਤ ਦੇਰ ਤੋਂ ਕਰ ਰਿਹਾ ਹਾਂ ।

ਕੁਝ ਕੰਮ ਨਸਰ ਵਿਚ ਕਰ ਰਿਹਾ ਹਾਂ । ਯਾਦਾਂ ਯਾਦ ਕਰ ਰਿਹਾਂ ਤੇ ਉਨ੍ਹਾਂ ਨੂੰ ਸ਼ਬਦ ਰਿਹਾਂ ।

ਇਕ ਰਚਨਾ ਹੋਰ ਹੈ ਜਿਸ ਦਾ ਮੈਂ ਅਜੇ ਜ਼ਿਕਰ ਨਹੀ ਕਰਨਾ ਚਾਹੁੰਦਾ ਕਿਉਂਕਿ ਉਹਦਾ ਅਜੇ ਮੈਂ ਅੱਖਰ ਵੀ ਨਹੀਂ ਲਿਖਿਆ।

***? ਲੇਖਾ ਜੋਖਾ ਕਰੇਂ ਤਾਂ ਕੀ ਲਗਦਾ ਏ? ਕੀ ਤੂੰ ਉਹ ਕੁਝ ਕਰ ਸਕਿਆ ਜੋ ਕਰਨਾ ਚਾਹੁੰਦਾ ਸੀ?***

• ਲੇਖਾ ਜੋਖਾ ਕਰਦਾ ਹਾਂ ਤਾਂ ਕੁਝ ਗੱਲਾਂ ਮਨ ਵਿਚ ਆਉਂਦੀਆਂ ਹਨ। ਇਕ ਤਾਂ ਇਹ ਕਿ ਮੈਂ ਕਈ ਉਨ੍ਹਾਂ ਕੰਮਾਂ ਵਿਚ ਵੀ ਸਮਾਂ ਜ਼ਾਇਆ ਕੀਤਾ ਜਿਨ੍ਹਾਂ ਬਿਨਾ ਸਰ ਸਕਦਾ ਸੀ । ਇਕ ਕੰਮ ਸੀ ਭੂਮਿਕਾਵਾਂ ਲਿਖਣੀਆਂ ।ਮੇਰਾ ਖ਼ਿਆਲ ਹੈ ਮੈਂ ਸੌ ਤੋਂ ਵੱਧ ਭੂਮਿਕਾਵਾਂ ਲਿਖੀਆਂ ਹੋਣਗੀਆਂ। ਪਹਿਲੀ ਪਹਿਲੀ ਭੂਮਿਕਾਵਾਂ ਲਿਖਣ ਦਾ ਚਾਅ ਵੀ ਹੁੰਦਾ ।ਪਹਿਲੀ ਭੂਮਿਕਾ ਮੈਂ ਸ਼ਹਰਯਾਰ ਦੀ ਕਿਤਾਬ ਸਿਧਾਰਥ ਦੀ ਵਾਪਸੀ ਦੀ ਲਿਖੀ ਸੀ ।ਇਹ ਭੂਮਿਕਾ ਮੈਂ ਏਨੀਆਂ ਰੀਝਾਂ ਨਾਲ ਲਿਖੀ ਸੀ ਕਿ ਮੈਨੂੰ ਨਵਤੇਜ ਨੇ ਸੁਨੇਹਾ ਭੇਜਿਆ ਸੀ ਕਿ ਬਹੁਤ ਵਧੀਆ ਭੂਮਿਕਾ ਹੈ । ਇਕ ਵਾਰ ਬੰਦਾ ਇਸ ਕੰਮ ਵਿਚ ਪੈ ਜਾਵੇ ਇਸ ਵਿਚੋ 'ਸਹਿਜੇ ਕੀਤੇ ਨਿਕਲ ਨਹੀਂ ਸਕਦਾ। ਸਾਧੂ ਭਾਜੀ ਕਹਿੰਦੇ ਹੁੰਦੇ :ਵੇਲੇ ਸਿਰ ਨਾਂਹ ਕਹਿਣੀ ਸਿੱਖੋ।

ਦੂਜਾ ਮੈਂ ਹੁਣ ਇਸ ਉਮਰ ਵਿਚ ਆ ਕੇ ਸੋਚਦਾਂ ਕਿ ਹਰ ਸਿਰਜਕ ਨੂੰ ਕੁਝ ਸਮਾਂ ਰੋਜ਼ ਇਕੱਲਾ ਬੈਠਣਾ ਚਾਹੀਦਾ। ਆਪਣੀਆਂ ਸੋਚਾਂ ਨੂੰ ਸੋਚਣ ਲਈ, ਇਬਾਦਤ ਵਾਂਗ। ਤੇ ਜੋ ਵੀ ਇਨ੍ਹਾਂ ਪਲਾਂ ਵਿਚ ਸੁੱਝੇ ਲਿਖਣਾ ਚਾਹੀਦਾ, ਜ਼ਰੂਰੀ ਨਹੀਂ ਕਿ ਇਹ ਕਵਿਤਾ ਹੀ ਹੋਵੇ। ਹਮੇਸ਼ਾ ਇਸ ਗੱਲ ਤੇ ਹੀ ਟੇਕ ਨਹੀਂ ਰੱਖਣੀ ਚਾਹੀਦੀ ਕਿ ਆਪੇ ਜਦੋਂ ਕਵਿਤਾ ਨੂੰ ਲੋੜ ਹੋਵੇਗੀ ਮੈਨੂੰ ਲਿਖ ਲਵੇਗੀ। ਰਾਹ ਜਾਂਦੇ ਨੂੰ ਵਾਜ ਮਾਰ ਕੇ ਬੁਲਾ ਲਵੇਗੀ । ਜੇ ਇਨ੍ਹਾਂ ਗੱਲਾਂ ਦੀ ਪਰਤੀਤ ਮੈਨੂੰ ਪਹਿਲਾਂ ਹੋ ਜਾਂਦੀ ਤਾਂ ਬਹੁਤ ਬਿਹਤਰ ਹੁੰਦਾ।



# ਟੀਨਾ ਮੋਦੋਤੀ

## (1896-1942)



ਹਰਭਜਨ ਸਿੰਘ ਹੁੰਦਲ

ਇਹ ਟੀਨਾ ਮੋਦੋਤੀ ਭਲਾ ਕੀ ਬਲਾ ਸੀ? ਕੀ ਤੁਸਾਂ ਕਦੇ ਉਸ ਦਾ ਨਾਂ ਸੁਣਿਆ ਸੀ। ਬੱਸ ਅਚਾਨਕ ਹੀ ਜਿਵੇਂ ਤੁਹਾਨੂੰ ਕੋਈ ਅਚਨਚੇਤ ਟੱਕਰ ਜਾਂਦਾ ਹੈ। ਤੇ ਫਿਰ ਦਿਲ ਵਿਚ ਖੁੱਭ ਹੀ ਜਾਂਦਾ ਹੈ। ਭੁਲਾਇਆਂ ਵੀ ਨਹੀਂ ਭੁਲਦਾ। ਮੈਨੂੰ ਵੀ ਉਸ ਦੀ ਕਲਾ ਲੱਭਣ ਵਿਚ ਕਈ ਸਾਲ ਲੱਗ ਗਏ ਨੇ। ਸੱਚ ਪੁੱਛੋਂ ਤਾਂ ਮੈਂ ਉਸ ਨੂੰ 1992-93 ਤੋਂ ਲੱਭਦਾ ਆ ਰਿਹਾ ਸੀ। ਹੁਣ ਕਿਤੇ ਜਾ ਕੇ ਉਹ ਮੈਨੂੰ ਲੱਭੀ ਹੈ ਤੇ ਮੇਰੀ ਤਲਾਸ਼ ਦਾ ਅੰਤ ਹੋਇਆ ਹੈ।

ਗੱਲ ਇੰਝ ਹੋਈ ਕਿ ਮੈਂ ਪਾਬਲੋ ਨਰੂਦਾ ਦੀ ਕਵਿਤਾ ਨਾਲ ਯਾਰੀ ਪਾ ਬੈਠਾ। ਫਿਰ ਉਸ ਦੀ ਸਵੈ ਜੀਵਨੀ ਪੜ੍ਹਨ ਤੇ ਅਨੁਵਾਦਣ ਲੱਗ ਪਿਆ। ਪਾਬਲੋ ਦੀਆਂ ਕਵਿਤਾਵਾਂ ਦਾ ਮੇਰਾ ਪਹਿਲਾ ਅਨੁਵਾਦ 1996 ਵਿਚ ਛਪਿਆ ਸੀ। ਉਸ ਪੁਸਤਕ ਦੀ ਭੂਮਿਕਾ ਵਜੋਂ ਇਕ ਲੇਖ ਛਾਪਿਆ, ਜੋ ਨੇਰੂਦਾ ਦੀ ਸਵੈ-ਜੀਵਨੀ ਵਿਚੋਂ ਲਿਆ ਸੀ। ਲੇਖ ਦਾ ਸਿਰਲੇਖ ਸੀ, 'ਕਵਿਤਾ ਦੀ ਸ਼ਕਤੀ'। ਇਸ ਲੇਖ ਵਿਚ ਟੀਨਾ ਮੋਦੋਤੀ ਦਾ ਜ਼ਿਕਰ ਸੀ। ਨੇਰੂਦਾ ਨੇ ਲਿਖਿਆ ਸੀ;

''ਉਹ ਉਸ ਸਮੇਂ ਵੀ ਬਹੁਤ ਸੁੰਦਰ ਸੀ। ਵਾਲਾਂ ਨੂੰ ਪਿੱਠ ਪਿੱਛੇ ਗੁੰਦਿਆ ਹੋਇਆ। ਮੋਟੀਆਂ ਮਖਮਲੀ ਅੱਖਾਂ, ਜੋ ਲਗਾਤਾਰ ਵਰ੍ਹਿਆਂ ਤੋਂ ਪਾਰ ਵੇਖ ਸਕਦੀਆਂ ਸਨ। ਡੀਗੋ ਰਵੇਰਾ (ਸੰਸਾਰ ਪ੍ਰਸਿੱਧ ਮੈਕਸੀਕਨ ਚਿਤਰਕਾਰ) ਨੇ ਆਪਣੇ ਕੰਧ ਚਿੱਤਰਾਂ ਵਿਚ ਉਸ ਦੇ ਚਿਹਰੇ ਨੂੰ ਚਿਤਰਿਆ ਹੈ, ਜਿਸ ਨੂੰ ਬੂਟਿਆਂ ਦੇ ਤਾਜ਼ਾ ਤੇ ਕਣਕ ਦੇ ਸਿੱਟਿਆਂ ਨਾਲ ਸ਼ਿੰਗਾਰਿਆ ਗਿਆ ਸੀ। ਇਟਲੀ ਦੀ ਇਹ ਇਨਕਲਾਬੀ ਔਰਤ ਕੈਮਰੇ ਦੀ ਅਦੁੱਤੀ ਕਲਾਕਾਰ ਸੀ, ਜਿਹੜੀ ਬਹੁਤ ਦੇਰ ਪਹਿਲਾਂ ਸੋਵੀਅਤ ਯੂਨੀਅਨ ਵਿਚ ਉਥੋਂ ਦੇ ਲੋਕਾਂ ਤੇ ਯਾਦਗਾਰਾਂ ਦੀਆਂ ਤਸਵੀਰਾਂ ਖਿੱਚਣ ਗਈ ਸੀ।

ਬਾਰਾਂ ਸਾਲ ਬਾਅਦ ਉਸ ਦੀ ਜੀਵਨ ਸ਼ਕਤੀ ਮੁੱਕੀ। ਉਸ ਦੀ ਮੌਤ ਨੂੰ ਇਕ ਸਕੈਂਡਲ ਬਣਾਉਣ ਦਾ ਯਤਨ ਕੀਤਾ ਗਿਆ। ਅਖਬਾਰਾਂ ਦੇ ਸਫੇ ਸਨਸਨੀ ਭਰੇ ਗੰਦ ਨਾਲ ਕਾਲੇ ਕੀਤੇ ਹੁੰਦੇ। ਉਸ ਦੇ ਅਥਾਹ ਦੁੱਖ ਤੋਂ ਪ੍ਰਭਾਵਿਤ ਹੋ ਕੇ ਮੈਂ ਕੁਝ ਕਰਨਾ ਚਾਹਿਆ ਅਤੇ ਮੈਂ ਇਕ ਕਵਿਤਾ ਲਿਖੀ। ਮੈਂ ਇਹ ਸਭ ਅਖਬਾਰਾਂ ਨੂੰ ਭੇਜ ਦਿੱਤੀ। ਅਗਲੇ ਦਿਨ ਮੇਰੀ ਇਹ ਗੁੱਸੇ ਭਰੀ ਤੇ ਗੁਸਤਾਖ ਕਵਿਤਾ, ਸਭ ਅਖਬਾਰਾਂ ਦੇ ਮੁੱਖ ਪੰਨਿਆਂ 'ਤੇ ਛਪੀ ਹੋਈ ਸੀ। ਕਵਿਤਾ ਦਾ ਸਿਰਲੇਖ ਸੀ : 'ਟੀਨਾ ਮੋਦੋਤੀ ਮਰ ਗਈ ਹੈ।'

ਇਸ ਪਿੱਛੋਂ ਮੈਕਸੀਕਨ ਪ੍ਰੈਸ ਨੇ ਉਸ ਦੇ ਵਿਰੁੱਧ ਫਿਰ ਇਕ ਵੀ ਸਤਰ ਨਾ ਲਿਖੀ। ਇਹ ਸੀ ਕਵਿਤਾ ਦੀ ਸ਼ਕਤੀ। ਪਰ ਇਹ ਕਵਿਤਾ ਮੇਰੇ ਕੋਲ ਨਹੀਂ ਸੀ। 1993 ਦੀਆਂ ਗਰਮੀਆਂ ਵਿਚ ਆਪਣੀ ਯੂ ਕੇ ਫੇਰੀ ਸਮੇਂ ਇਹ ਕਵਿਤਾ ਮੈਨੂੰ ਪ੍ਰੀਤਮ ਸਿੱਧੂ ਦੇ ਘਰੋਂ ਲੱਭੀ। ਉਸ ਦੀ ਨਿੱਜੀ ਲਾਇਬ੍ਰੇਰੀ ਵਿਚ ਨੇਰੂਦਾ ਦਾ ਕਾਵਿ ਸੰਗ੍ਰਹਿ Residence On 5 ਸੀ, ਜਿਸ ਵਿਚ ਇਹ ਕਵਿਤਾ ਸੀ। ਮੈਂ ਸਿੱਧੂ ਨੂੰ ਆਪਣੀ ਤਲਾਸ਼ ਦਾ ਮੰਤਵ ਦੱਸਿਆ, ਤਾਂ ਉਸ ਨੇ ਪੁਸਤਕ ਮੇਰੇ ਹਵਾਲੇ ਕਰ ਦਿੱਤੀ। ਘਰ ਆ ਕੇ ਮੈਂ ਕਵਿਤਾ ਪੰਜਾਬੀ ਵਿਚ ਅਨੁਵਾਦ ਕੀਤੀ :

***ਮੇਰੀਏ ਭੈਣੇ!***
***ਤੇਰਾ ਕੋਮਲ ਨਾਂ ਪਵਿੱਤਰ ਹੈ***
***ਤੇਰਾ ਨਾਜ਼ਿਕ ਜੀਵਨ ਪਵਿੱਤਰ ਹੈ।***
***ਸ਼ਹਿਦ ਦੀ ਮੱਖੀ, ਪ੍ਰਛਾਵਾਂ, ਅੱਗ***
***ਬਰਫ, ਚੁੱਪ, ਝੱਗ***
***ਫੌਲਾਦ, ਫੁੱਲਾਂ ਦੇ ਬੂਰ ਤੇ ਰੇਖਾਵਾਂ ਨੇ***
***ਤੇਰੇ ਮਜ਼ਬੂਤ ਪਰ ਕੋਮਲ ਜਿਸਮ***
***ਨੂੰ ਢਾਲਿਆ ਹੈ***
***ਤੇਰੇ ਸੁੱਤੇ ਹੋਏ ਜਿਸਮ ਦੇ ਹੀਰੇ ਸਰਾਣੇ***
***ਹਾਲੀ ਵੀ ਗਿੱਦੜ ਹਵਾਂਕਦਾ ਹੈ***
***ਚਿੱਟਾ ਖੰਭ ਤੇ ਨਹਿਸ਼ ਰੂਹ ਲਈ।***
***ਉਸ ਨੂੰ ਡਰ ਹੈ ਕਿ ਤੂੰ ਉੱਠ ਨਾ ਖਲੋਵੇਂ***
***ਚਿੱਕੜ ਉੱਤੇ ਮੁਸਕਰਾਉਂਦੀ ਹੋਈ।***

1993 ਵਿਚ ਹੀ, ਗੁਰਨਾਮ ਢਿੱਲੋਂ ਦੀ ਦੁਕਾਨ 'ਤੇ ਬੈਠਿਆਂ ਮੇਰੀ ਨਜ਼ਰ ਸਤੰਬਰ 11, 1993 'ਦੀ ਗਾਰਡੀਅਨ' ਅਖਬਾਰ ਦੇ ਸੰਡੇ ਐਡੀਸ਼ਨ ਉੱਤੇ ਪਈ, ਜਿਸ ਵਿਚ ਟੀਨਾ ਮੋਦੋਤੀ ਬਾਰੇ ਇਕ ਛੋਟਾ ਜਿਹਾ ਲੇਖ ਸੀ ਤੇ ਨਾਲ ਉਸ ਦੀਆਂ ਕੁਝ ਖਿੱਚੀਆਂ ਤਸਵੀਰਾਂ ਤੇ ਉਸ ਬਾਰੇ ਛਪੀਆਂ ਦੋ ਪੁਸਤਕਾਂ ਦੀ ਸੂਚਨਾ ਸੀ। ਮੈਂ ਉਹ ਦੋਵੇਂ ਵਰਕੇ ਪਾੜ ਲਏ। 14-15 ਸਾਲ ਬਾਅਦ ਉਹ ਵਰਕੇ ਪੜ੍ਹਦਿਆਂ ਤੇ ਫਰੋਲਦਿਆਂ ਹੈਰਾਨ ਹੋ ਰਿਹਾ ਹਾਂ। ਏਸੇ ਹੀ ਅਖਬਾਰ ਵਿਚੋਂ ਮੈਂ ਮਾਰਗਰੈਟ ਹੁੱਕਸ ਦੀ ਪੁਸਤਕ, ਟੀਨਾ ਮੋਦੋਤੀ ਫੋਟੋਗਰਾਫਰ ਅਤੇ ਕਰਾਂਤੀਕਾਰੀ ਬਾਰੇ ਸੂਚਨਾ ਨੋਟ ਕੀਤੀ ਸੀ। ਜੀ ਕਰਦਾ ਸੀ ਟੀਨਾ ਬਾਰੇ ਕੋਈ ਸੰਖੇਪ ਲੇਖ ਲਿਖਾਂ, ਪਰ ਮੈਨੂੰ ਇਹ ਜਾਣਕਾਰੀ ਥੋੜ੍ਹੀ ਅਤੇ ਅਧੂਰੀ ਪ੍ਰਤੀਤ ਹੁੰਦੀ ਸੀ।

ਮੈਂ ਟੀਨਾ ਦੇ ਕੈਮਰੇ ਨਾਲ ਖਿੱਚੀ ਖਿੜੇ ਗੁਲਾਬਾਂ ਦੀ ਫੋਟੋ ਨੂੰ 'ਚਿਰਾਗ' ਦੇ ਟਾਈਟਲ ਲਈ ਵਰਤ ਕੇ, ਉਸ ਨੂੰ ਯਾਦ ਕੀਤਾ ਸੀ ਤੇ ਬੱਸ।

ਅਖੀਰ ਮੈਂ ਕੈਨੇਡਾ ਵਸਦੇ ਆਪਣੇ ਸਪੁੱਤਰ ਹਰਿੰਦਰਪਾਲ ਨੂੰ ਲਿਖਿਆ ਕਿ ਉਹ ਮੈਨੂੰ 'ਮਾਰਗਰਿਟ ਹੁੱਕਸ' ਦੀ ਪੁਸਤਕ ਖਰੀਦ ਕੇ ਭੇਜੇ। ਇਹਨਾਂ ਹੀ ਦਿਨਾਂ ਵਿਚ ਮੈਂ ਦੁਰਲਭ ਕਿਤਾਬਾਂ ਦੇ ਪ੍ਰੇਮੀ ਅਤੇ ਖੋਜੀ ਪੱਤਰਕਾਰ ਗੁਰਦਿਆਲ ਬੱਲ ਨਾਲ ਟੀਨਾ ਬਾਰੇ ਗੱਲ ਕੀਤੀ ਤਾਂ ਉਹ ਆਖਣ ਲੱਗਾ, ''ਭਾ ਜੀ, ਤੁਸਾਂ ਪਹਿਲਾਂ ਕਿਉਂ ਨਾ ਦੱਸਿਆ। ਇਹ ਕਿਤਾਬ ਆਪਣੇ ਕੋਲ ਹੈਗੀ। ਤੇ ਨਰਿੰਦਰ ਭੁੱਲਰ ਦੇ ਘਰ ਪਈ ਹੈ।'' ਹਾਲਾਤ ਦਾ ਅਜੀਬ ਮੌਕਾ ਮੇਲ ਕਿ ਨਰਿੰਦਰ ਭੁੱਲਰ ਨੇ ਵੀ ਉਸ ਕਿਤਾਬ ਦੀ ਫੋਟੋ ਕਾਪੀ ਕਰਕੇ ਭੇਜ ਦਿੱਤੀ ਹੈ ਤੇ ਮੇਰੇ ਲੜਕੇ ਨੇ ਵੀ ਇਹ ਕਿਤਾਬ ਖਰੀਦ ਲਈ। ਇੰਝ ਬਾਰਾਂ ਤੇਰਾਂ ਸਾਲ ਦੀ ਮੇਰੀ ਤਲਾਸ਼ ਪੂਰੀ ਹੋਈ। ਆਓ ਵੇਖੀਏ ਕਿ ਇਹ ਟੀਨਾ ਕੀ ਬਲਾ ਸੀ?

**

ਉਹ ਕੋਈ ਬਲਾ ਨਹੀਂ ਸੀ ਬੜੀ ਪਿਆਰੀ, ਬੇਹੱਦ ਤੇ ਅਦੁੱਤੀ ਫੋਟੋਗਰਾਫਰ ਹੋਣ ਦੇ ਨਾਲ ਨਾਲ ਇਕ ਕਰਾਂਤੀਕਾਰੀ ਔਰਤ ਸੀ, ਜਿਸ ਦੀ ਮਹਿਮਾ ਇਟਲੀ ਤੋਂ ਨਿਊਯਾਰਕ ਅਤੇ ਮਾਸਕੋ ਤੋਂ ਲੈ ਕੇ ਸਪੇਨ ਅਤੇ ਮੈਕਸੀਕੋ ਤੱਕ ਫੈਲੀ ਹੋਈ ਸੀ। ਹੈਰਾਨ ਹੋਈਦਾ ਹੈ ਕਿ 46 ਸਾਲ ਦੀ ਆਪਣੀ ਛੋਟੀ ਉਮਰ 'ਚ ਉਸ ਨੇ ਆਪਣੀਆਂ ਸਰਗਰਮੀਆਂ ਅਤੇ ਰਚਨਾਤਮਿਕ ਪ੍ਰਤਿਭਾ ਨੂੰ ਕਿਵੇਂ ਏਨਾ ਫੈਲਾ ਤੇ ਵਿਕਸਿਤ ਕਰ ਲਿਆ ਸੀ।

ਟੀਨਾ ਮੋਦੋਤੀ ਦੇ ਪ੍ਰਤਿਭਾਸ਼ੀਲ ਵਿਅਕਤਿਤਵ ਦੇ ਭਾਵੇਂ ਬਹੁਤ ਸਾਰੇ ਗੌਲਣ ਯੋਗ ਪੱਖ ਹਨ, ਪਰ ਦੋ ਖੇਤਰਾਂ ਵਿਚ ਉਸਦੀ ਪ੍ਰਾਪਤੀ ਏਡੀ ਵੱਡੀ ਹੈ ਕਿ ਉਹ ਕੌਮਾਂਤਰੀ ਪੱਧਰ ਉੱਤੇ ਸਾਡਾ ਧਿਆਨ ਖਿੱਚਦੀ ਹੈ। ਪਾਠਕ ਲਈ ਇਹ ਨਿਰਣਾ ਕਰਨਾ ਕਾਫੀ ਕਠਨ ਹੈ ਕਿ ਉਹ ਕਲਾਤਮਿਕ ਫੋਟੋਗਰਾਫਰ ਦੇ ਤੌਰ 'ਤੇ ਵਧੇਰੇ ਪ੍ਰਸਿੱਧ ਹੋਈ ਜਾਂ ਕਿ ਇਕ ਕ੍ਰਾਂਤੀਕਾਰੀ ਆਗੂ ਅਥਵਾ ਸਰਗਰਮ ਰਾਜਸੀ ਵਰਕਰ ਦੇ ਤੌਰ 'ਤੇ ਇਨਕਲਾਬੀ ਹਲਕਿਆਂ ਵਿਚ ਵੱਧ ਉਜਾਗਰ ਹੋਈ। ਜੀਵਨ ਵਿਚ, ਉਸ ਦੀਆਂ ਦੋਹਾਂ ਖੇਤਰਾਂ ਵਿਚ ਪ੍ਰਾਪਤੀਆਂ ਅਤੇ ਸਰਗਰਮੀਆਂ ਬਰਾ ਬਰੋਬਰ ਚਲਦੀਆਂ ਰਹੀਆਂ ਅਤੇ ਉਸ ਨੇ ਦੋਹਾਂ ਖੇਤਰਾਂ ਨੂੰ ਇੰਝ ਆਪੋ ਵਿਚ ਸ਼ਿੰਮਲਿਤ ਕਰ ਲਿਆ ਸੀ ਕਿ ਇਹ ਦੋਵੇਂ ਖੇਤਰ ਇਕ ਦੂਜੇ ਲਈ ਰੁਕਾਵਟ ਬਣਨ ਦੀ ਥਾਂ, ਇਕ ਦੂਜੇ ਦੇ ਪੂਰਕ ਅਥਵਾ ਸਹਾਇਕ ਬਣ ਗਏ। ਇੰਝ ਉਸ ਨੇ ਸਿਧਾਂਤ ਤੇ ਅਮਲ ਦੀ ਅਜਿਹੀ ਏਕਤਾ ਸਥਾਪਤ ਕਰ ਲਈ ਕਿ ਇਹ ਨਿਰਣਾ ਕਰਨਾ ਔਖਾ ਹੋ ਗਿਆ ਕਿ ਉਹ ਫੋਟੋਗਰਾਫੀ ਦੇ ਖੇਤਰ ਵਿਚ ਵਧੇਰੇ ਉਜਾਗਰ ਹੋਈ ਜਾਂ ਰਾਜਸੀ ਸਰਗਰਮੀ ਦੇ ਖੇਤਰ ਵਿਚ।

—

ਜਦੋਂ ਮੈਂ ਉਸ ਦੇ ਕੀਤੇ ਕੰਮ ਨੂੰ ਯਾਦ ਕਰਦਿਆਂ ਇਹ ਸਤਰਾਂ ਲਿਖ ਰਿਹਾ ਹਾਂ, ਤਾਂ ਉਸ ਦੀ ਮੌਤ ਨੂੰ 64 ਸਾਲ ਹੋ ਚੁੱਕੇ ਹਨ। ਜੇ ਟੀਨਾ ਦਾ ਕੰਮ ਨਿਗੂਣਾ ਹੁੰਦਾ ਤਾਂ ਹੁਣ ਤੀਕ ਲੋਕ ਉਸ ਦਾ ਨਾਂ ਭੁਲ ਭੁਲਾ ਚੁੱਕੇ ਹੁੰਦੇ। ਪਰ ਹੈਰਾਨੀ ਹੁੰਦੀ ਹੈ ਇਹ ਜਾਣ ਕੇ ਕਿ ਉਸ ਦੀ ਜੀਵਨੀ ਲੇਖਕ ਮਾਰਗਰਿਟ ਹੁੱਕਸ 1993 ਵਿਚ ਟੀਨਾ ਦੇ ਜਨਮ ਤੋਂ ਪੂਰੇ ਸੌ ਸਾਲ ਬਾਅਦ ਉਸ ਦੀ ਜੀਵਨੀ ਪ੍ਰਕਾਸ਼ਿਤ ਕਰਦੀ ਹੈ।

''ਆਖਰ ਕੋਈ ਬਾਤ ਹੈ ਕਿ
ਹਸਤੀ ਮਿਟਤੀ ਨਹੀਂ ਹਮਾਰੀ,
ਸਦੀਓਂ ਰਹਾ ਹੈ ਦੁਸ਼ਮਣ ਦੌਰੇ-ਜਮ੍ਹਾਂ ਹਮਾਰਾ।''

***(ਇਕਬਾਲ)***

ਅਜੇ ਵੀ ਉਸ ਦੀਆਂ ਖਿੱਚੀਆਂ ਤਸਵੀਰਾਂ ਦੀਆਂ ਨੁਮਾਇਸ਼ਾਂ ਕਦੇ ਲੰਡਨ, ਕਦੇ ਮੈਕਸੀਕੋ, ਕਦੇ ਇਟਲੀ, ਜਰਮਨੀ ਜਾਂ ਫਰਾਂਸ ਵਿਚ ਹੋ ਰਹੀਆਂ ਹਨ, ਤਾਂ ਸਪੱਸ਼ਟ ਹੈ ਕਿ ਉਸ ਦਾ ਕੀਤਾ ਕੰਮ ਭੁੱਲਣ ਵਾਲਾ ਨਹੀਂ ਹੈ। 1925 ਵਿਚ ਟੀਨਾ ਮੋਦੋਤੀ ਦੀ ਖਿੱਚੀ 'ਖਿੜੇ ਗੁਲਾਬਾਂ' ਦੀ ਤਸਵੀਰ ਸਾਰੇ ਜਹਾਨ ਵਿਚ ਏਨੀ ਪ੍ਰਸਿੱਧ ਹੋ ਚੁੱਕੀ ਸੀ ਕਿ 1991 ਵਿਚ ਇਹ ਸ਼ਾਹਕਾਰ ਤਸਵੀਰ ਇਕ ਲੱਖ ਪੈਂਹਠ ਹਜ਼ਾਰ ਅਮਰੀਕੀ ਡਾਲਰ ਦੀ ਵਿਕੀ ਸੀ। ਪੇਂਟਿੰਗ ਦੇ ਖੇਤਰ ਵਿਚ ਤਾਂ ਇਹ ਅਕਸਰ ਹੀ ਨਵੀਆਂ ਤੇ ਪੁਰਾਣੀਆਂ ਪੇਂਟਿੰਗਾਂ ਅਰਬਾਂ ਖਰਬਾਂ ਡਾਲਰਾਂ ਦੀਆਂ ਵਿਕਣ ਦੀਆਂ ਖਬਰਾਂ ਕਿਸੇ ਦਿਨ ਪੜ੍ਹਨ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ 'ਤੇ ਕੋਈ ਹੈਰਾਨੀ ਵੀ ਨਹੀਂ ਹੁੰਦੀ। ਹੈਰਾਨੀ ਇਸ ਗੱਲ ਉੱਤੇ ਵੀ ਹੈ ਕਿ ਉਹਨਾਂ ਵਰ੍ਹਿਆਂ ਵਿਚ ਜਦੋਂ ਕੈਮਰੇ ਵੀ ਏਨੇ ਵਿਕਸਿਤ ਨਹੀਂ ਹੁੰਦੇ ਸੀ ਤੇ ਫੋਟੋ ਖਿੱਚਣ ਅਤੇ ਬਣਾਉਣ ਵਿਚ ਵਧੇਰੇ ਹਿੱਸਾ ਕਲਾਕਾਰ ਦੀ ਮੁਹਾਰਤ ਪ੍ਰਤਿਭਾ ਅਤੇ ਜੁਗਤ ਦਾ ਹੀ ਹੁੰਦਾ ਸੀ ਅਤੇ ਤਸਵੀਰ ਵੀ ਬਲੈਕ ਐਂਡ ਵਾਈਟ ਹੁੰਦੀ ਸੀ।

**

ਟੀਨਾ ਮੋਦੋਤੀ 1896 ਵਿਚ ਇਟਲੀ ਦੇ ਯੂਦੀਨ ਸ਼ਹਿਰ ਵਿਚ ਪੈਦਾ ਹੋਈ ਅਤੇ ਜਦੋਂ ਉਹ 16 ਸਾਲ ਦੀ ਸੀ ਤਾਂ ਆਪਣੇ ਪਿਤਾ ਦੇ ਸੱਦੇ ਉੱਤੇ ਕੈਲੇਫੋਰਨੀਆ ਚਲੀ ਗਈ। ਉਸ ਦੇ ਪਿਤਾ ਨੇ ਵੀ ਹੋਰਨਾਂ ਕਈ ਕੰਮਾਂ ਤੋਂ ਇਲਾਵਾ ਫੋਟੋਗਰਾਫੀ ਦਾ ਧੰਦਾ ਕਰਨ ਦਾ ਯਤਨ ਕੀਤਾ, ਭਾਵੇਂ ਕਿ ਅਸਫਲਤਾ ਕਾਰਨ ਉਸ ਨੂੰ ਇਹ ਕੰਮ ਵਿਚਾਲੇ ਛੱਡਣਾ ਪਿਆ ਸੀ। ਇੰਝ ਫੋਟੋਗਰਾਫੀ ਦੀ ਚੇਟਕ ਉਸ ਨੂੰ ਪਰਿਵਾਰਕ ਵਾਤਾਵਰਨ ਤੋਂ ਪ੍ਰਾਪਤ ਹੋਈ। ਟੀਨਾ ਨੇ ਹਾਲੀਵੁੱਡ ਵਿਚ ਇੱਕਾ ਦੁੱਕਾ ਫ਼ਿਲਮਾਂ ਵਿਚ ਵੀ ਕੰਮ ਕੀਤਾ, ਪਰ ਉਸ ਨੂੰ ਇਹ ਪੇਸ਼ਾ ਰਾਸ ਨਾ ਆਇਆ। ਏਥੇ ਹੀ ਉਸ ਨੇ ਇਕ ਪੇਂਟਰ ਅਤੇ ਕਵੀ ਦੋਸਤ ਰੇਬੋ ਰਿਚੀ ਨਾਲ ਵਿਆਹ ਕਰਾ ਲਿਆ। ਪਰ ਇਹ ਸ਼ਾਦੀ ਵੀ ਬਹੁਤੀ ਦੇਰ ਨਾ ਚੱਲ ਸਕੀ। ਉਹਨੀਂ ਦਿਨੀਂ ਮੈਕਸੀਕੋ ਦੀ ਸਭਿਆਚਾਰਕ ਕ੍ਰਾਂਤੀ ਦੀ ਯੂਰਪ ਤੇ ਕਲਾਤਮਿਕ ਹਲਕਿਆਂ ਵਿਚ ਬੜੀ ਚਰਚਾ ਸੀ। ਉਸ ਦਾ ਪਤੀ ਵੀ ਏਸੇ ਦੀ ਖਿੱਚ ਦਾ ਮਾਰਿਆ ਮੈਕਸੀਕੋ ਚਲਾ ਗਿਆ ਤੇ ਅਚਾਨਕ ਹੀ ਚੀਚਕ ਦੀ ਬਿਮਾਰੀ ਕਾਰਨ ਮਰ ਗਿਆ।

ਟੀਨਾ ਦਾ ਅਮਰੀਕਾ ਦੇ ਪ੍ਰਸਿੱਧ ਫੋਟੋਗਰਾਫਰ ਐਡਵਾਰਡ ਵੈਸਟਿਨ ਨਾਲ ਸੰਪਰਕ ਜੁੜ ਗਿਆ। ਵੈਸਟਿਨ ਦੇ ਪਹਿਲਾਂ ਹੀ ਚਾਰ ਬੱਚੇ ਸਨ, ਪਰ ਉਸਦੀ ਫੋਟੋਗਰਾਫੀ ਦੀ ਮੁਹਾਰਤ ਦੇ ਸਾਰੇ ਅਮਰੀਕਾ ਵਿਚ ਚਰਚੇ ਸਨ। ਸੁਹਣੀਆਂ ਕੁੜੀਆਂ ਮਾਡਲ ਬਣਨ ਦੇ ਲਾਲਚ ਵਿਚ ਫੋਟੋਗਰਾਫਰਾਂ ਨਾਲ ਸੰਪਰਕ ਜੋੜ ਲੈਂਦੀਆਂ ਹਨ। ਟੀਨਾ ਏਸੇ ਹੀ ਲਾਲਸਾ ਦਾ ਸ਼ਿਕਾਰ ਹੋ ਵੈਸਟਿਨ ਦੀ ਮਾਡਲ ਬਣ ਗਈ ਤੇ ਉਹ ਮੈਕਸੀਕੋ ਲਈ ਰਵਾਨਾ ਹੋ ਗਈ। ਏਥੇ ਹੀ ਟੀਨਾ ਵੈਸਟਿਨ ਦੀ ਸ਼ਾਗਿਰਦ,

ਟੀਨਾ ਮੋਦੋਤੀ ਦੀ ਲੋਕ-ਫੋਟੋਗ੍ਰਾਫੀ







ਸਹਾਇਕ ਤੇ ਪ੍ਰੇਮਣ ਬਣ ਗਈ ਤੇ ਉਸ ਕੋਲੋਂ ਬੜੀ ਲਗਨ ਨਾਲ ਫੋਟੋ ਕਲਾ ਸਿੱਖਣ ਲੱਗੀ। ਮੈਕਸੀਕੋ ਵਿਚ ਉਹਨਾ ਵਰ੍ਹਿਆਂ ਵਿਚ ਕੰਧ ਚਿੱਤਰ ਬਣਾਉਣ ਲਈ ਠੇਕੇ ਮਿਲ ਰਹੇ ਸਨ। ਇੱਥੇ ਹੀ ਟੀਨਾ ਮੈਕਸੀਕੋ ਦੇ ਸੰਸਾਰ ਪ੍ਰਸਿੱਧ ਕਰਾਂਤੀਕਾਰੀ, ਚਿੱਤਰਕਾਰ ਡੀਗੋ ਰਿਵੇਰਾ ਦੇ ਸੰਪਰਕ ਵਿਚ ਆਈ ਤੇ ਉਸ ਲਈ ਮਾਡਲ ਬਣੀ।

ਉਹਨੀਂ ਦਿਨੀਂ ਅਰਥਾਤ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਕਲਾਤਮਿਕ ਹਲਕਿਆਂ ਵਿਚ ਪ੍ਰਗਤੀਵਾਦੀ, ਵਿਚਾਰਾਂ ਦਾ ਬੜਾ ਚਰਚਾ ਸੀ। ਇਸ ਮਾਹੌਲ ਉੱਤੇ ਰੂਸ ਦੀ ਬਾਲਸ਼ਵਿਕ ਕਰਾਂਤੀ ਦਾ ਪ੍ਰਭਾਵ ਵੀ ਪੈ ਰਿਹਾ ਸੀ। ਪ੍ਰਸਿੱਧ ਸਰਕਾਰੀ ਇਮਾਰਤਾਂ ਉੱਤੇ ਬਣ ਰਹੇ ਮਿਊਰਿਲ, ਫੋਟੋਗਰਾਫਰਾਂ ਲਈ ਬੜੀ ਖਿੱਚ ਅਤੇ ਰੁਜ਼ਗਾਰ ਦਾ ਵਸੀਲਾ ਬਣ ਰਹੇ ਸਨ। ਏਸ ਮਾਹੌਲ ਵਿਚ ਟੀਨਾ ਆਪਣੇ ਉਸਤਾਦ ਤੇ ਪ੍ਰੇਮੀ ਨਾਲ ਮੈਕਸੀਕੋ ਦੀ ਪੇਸ਼ ਕਰਨਾ ਸ਼ੁਰੂ ਕੀਤਾ। ਉਸ ਦੀਆਂ ਖਿੱਚੀਆਂ ਤਸਵੀਰਾਂ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਪੱਤ੍ਰਿਕਾ ਨਿਊ ਮੈਸਿਜ਼ ਵਿਚ ਛਪਣ ਲੱਗੀਆਂ। ਟੀਨਾ ਨੇ ਮਜ਼ਦੂਰ ਬਸਤੀਆਂ ਵਿਚ ਹਨੇਰੇ ਤੇ ਰੋਸ਼ਨ ਪੱਖਾਂ ਨੂੰ ਕੈਮਰੇ ਦੀ ਅੱਖ ਵਿਚ ਪਕੜਨਾ ਚਾਹਿਆ। ਉਸ ਨੇ ਆਪਣੇ ਕੈਮਰੇ ਆਮ ਗਲੀਆਂ, ਬਜ਼ਾਰਾਂ ਤੇ ਵਿਰੋਧੀ-ਜੁਟਾਂਵੇ ਦ੍ਰਿਸ਼ਾਂ ਨਾਲ ਜੋੜਨ ਦੀ ਚੇਸ਼ਟਾ ਕੀਤੀ।

ਉਸ ਦੀ ਇਕ ਤਸਵੀਰ ਵਿਚ ਇਕ ਮਜ਼ਦੂਰ ਔਰਤ ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀ ਹੈ। ਦੁੱਧ ਨਾਲ ਭਰੀ ਮਾਂ ਦੀ ਛਾਤੀ ਬੱਚੇ ਲਈ ਰੱਜਵੀਂ ਤ੍ਰਿਪਤੀ ਦਾ ਕਾਰਨ ਬਣਦੀ ਹੈ। ਇਕ ਹੋਰ ਮੂਰਤ ਵਿਚ ਇਕ ਧੋਬਣ ਕੱਪੜੇ ਧੋ ਰਹੀ ਹੈ। ਇਸ ਵਿਚ ਧੋਬਣ ਦੇ ਹੱਥ ਤੇ ਭਿੱਜੇ ਹੋਏ ਕੱਪੜੇ ਵੀ ਨਜ਼ਰ ਆ ਰਹੇ ਹਨ। ਧੋਬਣ ਦੇ ਕਾਲੇ ਹੱਥ ਤੇ ਕੱਪੜੇ ਚਟਿਆਈ ਤੇ ਸਾਬਣ ਦੀ ਚਿੱਟੀ ਝੱਗ ਚਟਿਆਈ ਤੇ ਕੁਲਿੱਤਣ ਦਾ ਟਕਰਾ ਪੇਸ਼ ਕਰਦੀ ਨਿਰਮਾਣ ਸਮਝੇ ਜਾਂਦੇ ਹਨ।

ਪਰ ਟੀਨਾ ਦੀ ਕਲਾਤਮਿਕ ਪ੍ਰਤਿਭਾ ਦਾ ਇਕ ਹੋਰ ਖੇਤਰ ਵੀ ਸੀ, ਜੋ ਉਸ ਦੀ ਸਮੁੱਚੀ ਸਰੀਰਕ ਸੁੰਦਰਤਾ ਨਾਲ ਸਬੰਧਤ ਸੀ। ਉਹ ਫੋਟੋਗਰਾਫਰਾਂ, ਬੁੱਤ ਘਾੜਿਆਂ ਅਤੇ ਚਿੱਤਰਕਾਰਾਂ ਲਈ ਮਾਡਲਿੰਗ ਦਾ ਕੰਮ ਕਰਦੀ ਸੀ। ਭਾਵੇਂ ਮਾਡਲਿੰਗ ਵੀ ਕੋਮਲ-ਕਲਾਵਾਂ ਦੇ ਘੇਰੇ ਵਿਚ ਹੀ ਆਉਂਦੀ ਹੈ, ਪਰ ਇਸ ਨੂੰ ਉਸ ਵੇਲੇ ਦੇ ਮੈਕਸੀਕੋ ਦੇ ਕਲਾਤਮਿਕ ਵਾਤਾਵਰਨ ਵਿਚ ਬਹੁਤਾ ਮਾਣ ਯੋਗ ਅਤੇ ਇੱਜ਼ਤ ਵਾਲਾ ਕਾਰਜ ਨਹੀਂ ਸਮਝਿਆ ਜਾਂਦਾ ਸੀ। ਟੀਨਾ ਨੇ ਐਡਵਰਡ ਵੈਸਟਿਨ ਦੇ ਕੈਮਰੇ ਅਤੇ ਡੀਗੋ ਰਿਵੇਰਾ ਦੇ ਕੰਧ ਚਿੱਤਰਾਂ ਲਈ ਮਾਡਲਿੰਗ ਦਾ ਕੰਮ ਕੀਤਾ ਸੀ। ਪਰ ਇਸ ਖੇਤਰ ਵਿਚ ਕੰਮ ਕਰਨ ਨਾਲ ਟੀਨਾ ਦੀ ਸ਼ੋਭਾ ਵਧੀ ਨਹੀਂ, ਸਗੋਂ ਘਟੀ ਹੀ ਸੀ। 'ਮੇਲਾ' ਦੀ ਮੌਤ ਸਮੇਂ ਗ੍ਰਿਫਤਾਰੀ ਵੇਲੇ ਜਾਂ ਟੀਨਾ ਦੀ ਆਪਣੀ ਮੌਤ ਵੇਲੇ, ਕਮਿਊਨਿਸਟ ਵਿਰੋਧੀ ਪ੍ਰੈਸ ਨੇ ਉਸ ਦੇ ਇਸ ਖੇਤਰ ਵਿਚ ਪ੍ਰਵੇਸ਼ ਨੂੰ ਚਿੱਕੜ ਵਾਗ ਉਛਾਲਿਆ ਸੀ।

**

ਮੈਕਸੀਕੋ ਵਿਚ ਸੱਜ-ਪਿਛਾਖੜ ਦਾ ਪ੍ਰਭਾਵ ਵਧਣ ਨਾਲ ਪ੍ਰੈਸ ਵਿਚ ਇਹ ਪ੍ਰਚਾਰ ਅਕਸਰ ਹੀ ਪੜ੍ਹਨ ਨੂੰ ਮਿਲਦਾ ਸੀ ਕਿ ਬਾਹਰਲੇ ਦੇਸ਼ਾਂ ਦੇ ਰਾਜਸੀ ਸ਼ਰਨਾਰਥੀਆਂ, ਇਨਕਲਾਬੀਆਂ ਅਤੇ ਕਲਾਕਾਰਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ। ਜਦੋਂ ਕਮਿਊਨਿਸਟ ਖਿਆਲਾਂ ਵਾਲੇ ਵਰਕਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ, ਤਾਂ 1930 ਵਿਚ ਟੀਨਾ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਕੁਝ ਦਿਨਾਂ ਦੀ ਕੈਦ ਤੋਂ ਪਿੱਛੋਂ ਉਸ ਨੂੰ ਦੋ ਦਿਨਾਂ ਦੇ ਵਿਚ ਵਿਚ ਆਪਣਾ ਘਰ ਸਮੇਟਣ ਅਤੇ ਤਿਆਰੀ ਕਰਨ ਲਈ ਆਖਿਆ ਗਿਆ। ਪਰ ਉਸ ਅੱਗੇ ਪ੍ਰਸ਼ਨ ਇਹ ਸੀ ਕਿ ਉਹ ਜਾਵੇ ਤਾਂ ਕਿਸ ਦੇਸ਼ ਜਾਵੇ। ਸਾਰੇ ਸੰਸਾਰ ਵਿਚ ਅਮਨ, ਦੋਸਤੀ ਅਤੇ ਮੁਹੱਬਤ ਦਾ ਸੰਦੇਸ਼ ਦੇਣ ਵਾਲੀ ਟੀਨਾ ਦਾ ਆਪਣਾ ਕਿਹੜਾ ਦੇਸ਼ ਸੀ, ਜਿੱਥੇ ਉਹ ਸ਼ਰਨ ਲੈ ਸਕਦੀ, ਜਿਸ ਧਰਤੀ ਮਾਂ ਨੂੰ ਉਹ ਆਪਣਾ ਆਖ ਸਕਦੀ।

ਉਸ ਨੂੰ ਧੱਕੇ ਨਾਲ ਇਕ ਸਮੁੰਦਰੀ ਜਹਾਜ਼ ਵਿਚ ਬਿਠਾ ਕੇ ਮੈਕਸੀਕੋ ਵਿਚੋਂ ਕੱਢ ਦਿੱਤਾ ਗਿਆ। ਚੂਹਿਆਂ ਦਾ ਭਰਿਆ, ਟੁੱਟਾ ਚੀਂ ਚੀਂ ਕਰਦਾ ਇਹ ਸਮੁੰਦਰੀ ਜਹਾਜ਼ ਪਤਾ ਨਹੀਂ ਸੀ ਕਦੋਂ ਟੁੱਟ ਕੇ ਬਿਖਰ ਜਾਂਦਾ। ਉਸ ਨਾਲ ਦੋ ਹੋਰ ਜਣੇ ਵੀ ਦੇਸ਼-ਬਦਰ ਕੀਤੇ ਜਾ ਰਹੇ ਸਨ। ਭਾਵੇਂ ਟੀਨਾ ਵਿਸ਼ੇਸ਼ ਤੇ ਖਤਰਨਾਕ ਮੁਸਾਫਰ ਸੀ, ਪਰ ਜਹਾਜ਼ੀਆਂ ਨੇ ਉਸ ਨੂੰ ਪੂਰੀ ਖੁੱਲ੍ਹ ਦੇ ਰੱਖੀ ਸੀ। ਉਸ ਬਾਰੇ ਹਦਾਇਤ ਸੀ ਕਿ "ਬੰਦਰਗਾਹ 'ਤੇ ਸਖਤੀ ਨਾਲ ਨਿਗਾਹ ਰੱਖੀ ਜਾਵੇ ਤੇ ਕਿਤੇ ਵੀ ਉਸ ਨੂੰ ਸਮੁੰਦਰੀ ਤੱਟ ਨੂੰ ਛੂਹਣ ਦੀ ਆਗਿਆ ਨਹੀਂ।"

ਐਪਰ ਪਾਰਟੀ ਨੇ ਵੀ ਟੀਨਾ ਦੀ ਸਹਾਹਿਤਾ ਲਈ ਆਪਣੇ ਹਮਦਰਦਾਂ ਨੂੰ ਸਾਵਧਾਨ ਕਰ ਦਿੱਤਾ ਸੀ। ਹਾਲੈਂਡ ਦੀ ਬੰਦਰਗਾਹ 'ਤੇ ਟੀਨਾ ਦੇ ਦੋ ਵਕੀਲਾਂ ਦੀ ਸਹਾਇਤਾ ਨਾਲ ਉਸ ਨੂੰ ਬਾਹਰ ਕੱਢ ਲਿਆ ਗਿਆ, ਭਾਵੇਂ ਕਿ ਸਰਕਾਰੀ ਅਧਿਕਾਰੀਆਂ ਨੇ ਬਥੇਰੇ ਅੜਿੱਕੇ ਡਾਹੇ। ਉਹ ਹਾਲੈਂਡ ਤੋਂ ਗੱਡੀ ਰਾਹੀਂ ਬਰਲਿਨ ਪਹੁੰਚ ਗਈ। ਉਸ ਦੇ ਸਾਥੀਆਂ ਨੇ ਰਿਹਾਇਸ਼ ਲਈ ਉਸ ਦੀ ਹਰ ਸੰਭਵ ਸਹਾਇਤਾ ਕੀਤੀ। ਟੀਨਾ ਪੱਲੇ 420 ਡਾਲਰ ਸਨ, ਪਰ ਪਰਾਏ ਦੇਸ਼ ਦੇ ਖਰਚੇ ਬੜੇ ਸਨ। ਉਸ ਨੂੰ ਪੈਸਿਆਂ ਦੇ ਮੁੱਕ ਜਾਣ ਦੀ ਚਿੰਤਾ ਲੱਗੀ ਰਹਿੰਦੀ। ਅਸਲ ਵਿਚ ਸੋਵੀਅਤ ਰੂਸ ਵਲੋਂ ਚਲਦੀ ਰੈੱਡ ਕਰਾਸ ਵਰਗੀ ਇਕ ਸੰਸਥਾ ਰੈੱਡ ਏਡ ਉਸ ਨਾਲ ਸੰਪਰਕ ਰੱਖ ਰਹੀ ਸੀ। ਏਥੇ ਬਰਨਿਲ ਵਿਚ ਉਸ ਨੇ ਆਪਣੀ ਇਕ ਸਹੇਲੀ ਰਾਹੀਂ ਆਪਣੀਆਂ ਤਸਵੀਰਾਂ ਦੀ ਨੁਮਾਇਸ਼ ਦਾ ਪ੍ਰਬੰਧ ਕੀਤਾ। ਟੀਨਾ ਦਾ ਛੇ ਮਹੀਨੇ ਦਾ ਵੀਜ਼ਾ ਮੁੱਕਣ ਵਾਲਾ ਸੀ ਤੇ ਇਹ ਦੁਬਾਰਾ ਨਵਿਆਹਿਆ ਨਹੀਂ ਸੀ ਜਾ ਸਕਦਾ। ਉਸ ਦਾ ਮਿੱਤਰ ਵੀਦਾਲੀ, ਟੀਨਾ ਦੀ ਸਹਾਇਤਾ ਲਈ ਪਹੁੰਚ ਗਿਆ। ਉਸ ਦੇ ਰੂਸੀ ਸਰਕਾਰ ਨਾਲ ਸੰਪਰਕ ਸਨ। ਹੋਰ ਕਿਸੇ ਦੇਸ਼ ਸ਼ਰਨ ਲੈਣੀ ਸੰਭਵ ਨਹੀਂ ਸੀ। ਵੀਦਾਲੀ ਤੇ ਟੀਨਾ ਮਾਸਕੋ ਲਈ ਚੱਲ ਪਏ।

**

ਮਾਸਕੋ ਵਿਚ ਸਾਥੀਆਂ ਦੀ ਸਹਾਇਤਾ ਨਾਲ ਟੀਨਾ ਨੂੰ ਠਹਿਰਣ ਤੇ ਪਾਰਟੀ ਦਾ ਕੰਮ ਕਰਨ ਦੀ ਆਗਿਆ ਮਿਲ ਗਈ। ਰੂਸ ਵਿਚ ਪਹਿਲੀ ਪੰਜ ਸਾਲਾ ਯੋਜਨਾ ਆਰੰਭ ਹੋ ਰਹੀ ਸੀ ਤੇ ਪਾਰਟੀ ਦਾ ਨਾਹਰਾ ਸੀ ਕਿ ਇਹ ਚਹੁੰ ਸਾਲਾਂ ਵਿਚ ਪੂਰੀ ਹੋ ਜਾਵੇ। ਸਾਰਾ ਰੂਸ ਸਰਗਰਮੀਆਂ ਦਾ ਵਿਕਾਸ ਕੇਂਦਰ ਬਣਿਆ ਹੋਇਆ ਸੀ। ਟੀਨਾ ਨੂੰ ਕੌਮਾਂਤਰੀ ਰੈਡ ਏਡ ਅਥਵਾ ਰੈਡ ਕਰਾਸ ਵਰਗੀ ਸੰਸਥਾ ਵਿਚ ਕੰਮ ਕਰਨ ਦੀ ਆਗਿਆ ਮਿਲ ਗਈ। ਉਸ ਨੂੰ ਸੋਵੀਅਤ ਕਮਿਊਨਿਸਟ ਪਾਰਟੀ ਦੀ ਸਰਕਾਰੀ ਫੋਟੋਗਰਾਫਰ ਬਣਨ ਦੀ ਪੇਸ਼ਕਸ਼ ਕੀਤੀ ਗਈ, ਜੋ ਉਸ ਨੇ ਅਪ੍ਰਵਾਨ ਕਰ ਦਿੱਤੀ। ਅਸਲ ਵਿਚ ਫੋਟੋਗਰਾਫੀ ਉਸ ਲਈ ਕਦੇ ਵੀ ਪੇਸ਼ਾ ਨਾ ਬਣ ਸਕੀ। ਇਹ ਉਸ ਦਾ ਕਲਾਤਮਕ ਸ਼ੌਕ ਸੀ।

ਭਾਵੇਂ ਪਾਬਲੋ ਨੇਰੂਦਾ ਨੇ ਆਪਣੀ ਸਵੈ ਜੀਵਨੀ ਵਿਚ ਲਿਖਿਆ ਹੈ ਕਿ "ਟੀਨਾ ਨੇ ਆਪਣਾ ਕੈਮਰਾ ਮਾਸਕੋ ਦਰਿਆ ਵਿਚ ਸੁੱਟ ਦਿੱਤਾ ਅਤੇ ਕਮਿਊਨਿਸਟ ਪਾਰਟੀ ਦੇ ਨਿਗੂਣੇ ਕੰਮਾਂ ਨੂੰ ਆਪਣਾ ਆਪਾ ਸਮਰਪਣ ਕਰ ਦਿੱਤਾ।"

ਪਰ ਸ਼ਾਇਦ ਇਹ ਗੱਲ ਠੀਕ ਨਹੀਂ ਸੀ। ਟੀਨਾ ਫੋਟੋ ਗਰਾਫੀ

***ਉਹ ਕੋਈ ਬਲਾ ਨਹੀਂ ਸੀ ਬੜੀ ਪਿਆਰੀ, ਬੇਹੱਦ ਤੇ ਅਦੁੱਤੀ ਫੋਟੋਗਰਾਫਰ ਹੋਣ ਦੇ ਨਾਲ ਨਾਲ ਇਕ ਕਰਾਂਤੀਕਾਰੀ ਔਰਤ ਸੀ, ਜਿਸ ਦੀ ਮਹਿਮਾ ਇਟਲੀ ਤੋਂ ਨਿਊਯਾਰਕ ਅਤੇ ਮਾਸਕੋ ਤੋਂ ਲੈ ਕੇ ਸਪੇਨ ਅਤੇ ਮੈਕਸੀਕੋ ਤੱਕ ਫੈਲੀ ਹੋਈ ਸੀ। ਹੈਰਾਨ ਹੋਈਦਾ ਹੈ ਕਿ 46 ਸਾਲ ਦੀ ਆਪਣੀ ਛੋਟੀ ਉਮਰ 'ਚ ਉਸ ਨੇ ਆਪਣੀਆਂ ਸਰਗਰਮੀਆਂ ਅਤੇ ਰਚਨਾਤਮਿਕ ਪ੍ਰਤਿਭਾ ਨੂੰ ਕਿਵੇਂ ਏਨਾ ਫੈਲਾ ਤੇ ਵਿਕਸਿਤ ਕਰ ਲਿਆ ਸੀ।***

ਸਭਿਆਚਾਰਕ ਕਰਾਂਤੀ ਦਾ ਅੰਗ ਬਣ, ਨਵੇਂ ਮਾਹੌਲ ਵਿਚ ਖੁੱਭ ਗਈ। ਉਸ ਦਾ ਘਰ ਰਾਜਸੀ ਵਰਕਰਾਂ, ਕਲਾਕਾਰਾਂ ਤੇ ਦਾਨਸ਼ਵਰਾਂ ਦਾ ਮਿਲਣ ਸਥਾਨ ਬਣ ਗਿਆ। ਏਥੇ ਹੀ ਟੀਨਾ ਦੀ ਦੋਸਤੀ ਇਕ ਹੋਰ ਔਰਤ ਫਰੀਦਾ ਕਾਹਲੋਂ ਨਾਲ ਹੋਈ ਜਿਹੜੀ ਬਾਅਦ ਵਿਚ, ਡੀਗੋ ਰਿਵੇਰਾ ਦੀ ਪਤਨੀ ਬਣੀ ਤੇ ਇਕ ਚਿੱਤਰਕਾਰ ਦੇ ਤੌਰ 'ਤੇ ਕਾਫੀ ਪ੍ਰਸਿੱਧ ਹੋਈ।

1929 ਵਿਚ ਟੀਨਾ ਦੀ ਦੋਸਤੀ ਕਿਊਬਾ ਦੇ ਇਕ ਨੌਜਵਾਨ ਬਾਗੀ 'ਮੇਲਾ' ਨਾਲ ਹੋ ਗਈ। ਇਸ ਅਦੁੱਤੀ ਬੁਲਾਰੇ ਅਤੇ ਕਰਾਂਤੀਕਾਰੀ ਨੌਜਵਾਨ ਨੂੰ ਕਿਊਬਾ ਦੇ ਰਾਸ਼ਟਰਪਤੀ ਨੇ ਇਨਕਲਾਬੀ ਸਰਗਰਮੀਆਂ ਕਾਰਨ ਦੇਸ਼ ਨਿਕਾਲਾ ਦੇ ਦਿੱਤਾ ਸੀ। ਮੈਕਸੀਕੋ ਵਿਚ ਆ ਕੇ ਵੀ 'ਮੇਲਾ' ਨੇ ਆਪਣੀਆਂ ਸਰਗਰਮੀਆਂ ਘੱਟ ਨਹੀਂ ਸੀ ਕੀਤੀਆਂ ਤੇ ਨਾ ਹੀ ਗੁਪਤ ਰੱਖੀਆਂ ਸਨ। ਕਿਊਬਾ ਦੇ ਰਾਸ਼ਟਰਪਤੀ ਨੇ ਮੇਲਾ ਦੇ ਕਤਲ ਲਈ ਕਾਤਲ-ਟੋਲੇ ਭੇਜੇ। ਇਕ ਸ਼ਾਮ ਜਦੋਂ ਕਿਸੇ ਮੀਟਿੰਗ ਤੋਂ ਮੇਲਾ ਅਤੇ ਟੀਨਾ ਘਰ ਵਾਪਸ ਪਰਤ ਰਹੇ ਸਨ ਤਾਂ ਕਾਤਲਾਂ ਨੇ ਪਿੱਛੋਂ ਗੋਲੀ ਮਾਰ ਕੇ ਮੇਲਾ ਨੂੰ ਮਾਰ ਦਿੱਤਾ। ਪੁਲਿਸ ਨੇ ਜਾਣ ਬੁੱਝ ਕੇ ਇਹ ਕਤਲ ਟੀਨਾ ਉੱਤੇ ਪਾ ਦਿੱਤਾ। ਮੁਕੱਦਮਾ ਚੱਲ ਪਿਆ ਤੇ ਟੀਨਾ ਨੂੰ ਮੁੱਖ ਦੋਸ਼ੀ ਕਰਾਰ ਦੇ ਕੇ ਗ੍ਰਿਫਤਾਰ ਕਰ ਲਿਆ ਗਿਆ। ਕਈ ਦਿਨ ਪੜਤਾਲ ਚੱਲਦੀ ਰਹੀ ਤੇ ਨਾਲ ਹੀ ਪ੍ਰੈਸ ਵਿਚ ਟੀਨਾ ਦੇ ਆਚਰਨ ਅਤੇ ਪਿਆਰ ਦੇ ਝੂਠੇ ਕਿੱਸੇ ਚਸਕੇ ਲੈ ਕੇ ਉਛਾਲੇ ਜਾਣ ਲੱਗੇ। ਮੈਕਸੀਕੋ ਦੀ ਕਮਿਊਨਿਸਟ ਪਾਰਟੀ ਨੇ ਸੰਸਾਰ ਪ੍ਰਸਿੱਧ ਕੰਧ-ਚਿੱਤਰਕਾਰ ਡੀਗੋ ਰਿਵੇਰਾ ਦੀ ਡਿਊਟੀ ਲਾਈ ਕਿ ਉਹ ਇਸ ਝੂਠੇ ਕੇਸ ਦੀ ਪੜਤਾਲ ਕਰੇ। ਅਖੀਰ ਕੁਝ ਦਿਨਾਂ ਦੀ ਪੜਤਾਲ ਤੋਂ ਬਾਅਦ ਇਹ ਸਾਬਤ ਹੋ ਗਿਆ ਕਿ ਟੀਨਾ ਨੂੰ ਜਾਣ ਬੁਝ ਕੇ ਇਸ ਝੂਠੇ ਕੇਸ ਵਿਚ ਫਸਾਇਆ ਗਿਆ ਸੀ। ਨਤੀਜੇ ਵਜੋਂ ਟੀਨਾ ਨੂੰ ਰਿਹਾਅ ਕਰਨਾ ਪਿਆ। ਰਿਹਾਈ ਤੋਂ ਬਾਅਦ, ਬਾਹਰ ਆਉਣ ਉੱਤੇ ਟੀਨਾ ਮਾਨਸਿਕ ਅਤੇ ਸਰੀਰਕ ਤੌਰ 'ਤੇ ਬੇਹੱਦ ਪ੍ਰੇਸ਼ਾਨ ਤੇ ਟੁੱਟੀ ਹੋਈ ਅਨੁਭਵ ਕਰਦੀ ਰਹੀ।

ਕੁਝ ਦੇਰ ਬਾਅਦ ਟੀਨਾ ਦਾ ਉਸਤਾਦ ਫੋਟੋ ਗਰਾਫਰ ਵੈਸਟਿਨ ਵਾਪਸ ਅਮਰੀਕਾ ਚਲਾ ਗਿਆ ਤੇ ਟੀਨਾ ਇਕੱਲੀ ਰਹਿ ਗਈ। ਉਸ ਨੇ ਆਪਣੇ ਆਪ ਨੂੰ ਇਕ ਪੇਸ਼ਾਵਰ ਫੋਟੋਗਰਾਫਰ ਦੇ ਤੌਰ ਉੱਤੇ ਸਥਾਪਤ ਕਰਨ ਲਈ ਪੂਰੀ ਤਿਆਰੀ ਅਤੇ ਮਿਹਨਤ ਕੀਤੀ ਤੇ ਆਪਣਾ ਸਟੂਡੀਓ ਸਥਾਪਤ ਕਰ ਲਿਆ। ਉਹ ਪੇਸ਼ਾਵਰ ਫੋਟੋਗਰਾਫੀ ਦੇ ਨਾਲ ਨਾਲ ਸ਼ੌਕੀਆ ਫੋਟੋਗਰਾਫੀ ਵੀ ਕਰਦੀ ਸੀ। ਇਹ ਗੱਲ ਉਸਦੀ ਪ੍ਰਤਿਭਾ ਦਾ ਪ੍ਰਮਾਣ ਹੀ ਸਮਝਣਾ ਚਾਹੀਦਾ ਹੈ ਕਿ ਫੋਟੋਗਰਾਫੀ ਦੇ ਖੇਤਰ ਵਿਚ ਭਾਵੇਂ ਟੀਨਾ ਨੂੰ ਟਰੇਨਿੰਗ ਲੈਣ ਦਾ ਵਧੇਰੇ ਸਮਾਂ ਨਹੀਂ ਸੀ ਮਿਲਿਆ, ਪਰ ਟੀਨਾ ਨੇ ਇਸ ਖੇਤਰ ਵਿਚ ਜੋ ਕੰਮ ਕੀਤਾ, ਉਹ ਵਿਲੱਖਣ ਸੀ।

ਕਤਲ ਦੇ ਕੇਸ ਵਿਚ ਗ੍ਰਿਫਤਾਰੀ ਤੇ ਫਿਰ ਰਿਹਾਈ ਨੇ ਪ੍ਰੇਸ਼ਾਨ ਕਰਨ ਦੇ ਨਾਲ ਨਾਲ ਟੀਨਾ ਨੂੰ ਇਖਲਾਕੀ ਤੌਰ ਉੱਤੇ ਤਕੜਿਆਂ ਵੀ ਕੀਤਾ ਅਤੇ ਉਸ ਨੂੰ ਲਿਖਿਆ, "ਜੋ ਚੀਜ਼ ਮੈਨੂੰ ਜਾਨੋਂ ਨਹੀਂ ਮਾਰਦੀ, ਉਹ ਮੈਨੂੰ ਤਕੜਿਆਂ ਕਰਦੀ ਹੈ।"

ਟੀਨਾ ਨੇ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਜਾਣ ਪਿੱਛੋਂ ਆਪਣੀ ਫੋਟੋਗਰਾਫੀ ਦੀ ਕਲਾ ਨੂੰ ਮੈਕਸੀਕੋ ਦੇ ਜਨ ਜੀਵਨ ਅਤੇ ਲੋਕ ਅੰਦੋਲਨ ਨਾਲ ਜੋੜ ਲਿਆ ਅਤੇ ਫੋਟੋ ਪੱਤਰਕਾਰੀ ਵਿਚ ਆਪਣੀ ਕਲਾ ਦੇ ਜੌਹਰ ਵਿਖਾਉਣੇ ਆਰੰਭ ਕੀਤੇ। ਉਸ ਨੇ ਮੈਕਸੀਕੋ ਵਿਚ ਛਪਦੇ ਲੋਕ ਕਲਾ ਬਾਰੇ ਪੱਤ੍ਰਿਕਾ ਵਿਚ ਆਪਣੀਆਂ ਖਿੱਚੀਆਂ ਤਸਵੀਰਾਂ ਛਪਵਾਈਆਂ, ਉਸ ਨੇ ਆਪਣੀ ਕਲਾਤਮਿਕ ਪ੍ਰਤਿਭਾ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜ ਲਿਆ। ਉਸ ਵਰਕਰਾਂ ਦੀਆਂ ਰੈਲੀਆਂ ਨੂੰ ਕਵਰ ਕਰਨਾ ਸ਼ੁਰੂ ਕੀਤਾ ਤੇ ਕਲਾ ਦੇ ਪ੍ਰਗਟਾਵੇ ਲਈ ਨਵੇਂ ਖੇਤਰਾਂ ਦੀ ਤਲਾਸ਼ ਕੀਤੀ। ਗਰੀਬ ਕਿਸਾਨਾਂ ਦੀਆਂ ਤਸਵੀਰਾਂ, ਜਹਾਜ਼ਾਂ ਉੱਤੇ ਭਾਰ ਅਥਵਾ ਕੇਲੇ ਲੱਦਦੇ ਕਾਮਿਆਂ ਦੇ ਮੁਸ਼ੱਕਤ ਭਰੇ ਨਿਤਾ ਪ੍ਰਤੀ ਜੀਵਨ ਨੂੰ ਹੈ। ਹੈਂਡਜ਼ ਹੋਲਡਿੰਗ ਟੂਲਜ਼ ਤਸਵੀਰ ਵਿਚ, ਮਜ਼ਦੂਰ ਤੇ ਤਗੜੇ ਹੱਥ ਤੇ ਉਹਨਾਂ ਵਿਚ ਫੜੀ ਗੈਂਤੀ ਹੈ। ਇਕ ਹੋਰ ਮੂਰਤ ਵਿਚ ਇਕ ਲੱਠ ਵਰਗਾ ਮਜ਼ਦੂਰ ਮੋਢੇ 'ਤੇ ਸ਼ਤੀਰੀ ਵਾਂਗ ਸਿੱਧਾ ਹੈ। ਉਸ ਦਾ ਸਮੁੱਚਾ ਜਿਸਮ ਸ਼ਤੀਰ ਵਾਂਗ ਸਿੱਧਾ ਹੈ। ਇਕ ਤਸਵੀਰ ਵਿਚ ਇਕ ਦਾਤਰੀ, ਇਕ ਛੱਲੀ ਤੇ ਇਕ ਕਾਰਤੂਸਾਂ ਦੀ ਪੇਟੀ ਹੈ। ਇਕ ਵੱਖਰੀ ਤਸਵੀਰ ਵਿਚ ਇਕ ਕਿਸਾਨ ਪਰਿਵਾਰ ਵਿਖਾਇਆ ਹੈ, ਜੋ ਆਪਣੇ ਘਰ ਦੀ ਕੰਧ ਲਾਗੇ ਖਲੋਤਾ ਹੈ ਤੇ ਵਿਹੜੇ ਵਿਚ ਛੱਲੀਆਂ ਸੁੱਕ ਰਹੀਆਂ ਹਨ। ਹਥੌੜੇ ਤੇ ਦਾਤਰੀ ਵਾਲੀ ਮੂਰਤ ਬਹੁਤ ਹੀ ਸਪੱਸ਼ਟ ਪੇਸ਼ ਕੀਤੀ ਗਈ ਹੈ। ਇਕ ਹੋਰ ਤਸਵੀਰ ਵਿਚ ਮੈਕਸੀਕੋ ਦੇ ਕਿਸਾਨ ਸਿਰਾਂ ਉੱਤੇ ਛਤਰੀਆਂ ਵਰਗੀਆਂ ਟੋਪੀਆਂ ਪਾਈ ਪਾਰਟੀ ਦੀ ਅਖਬਾਰ ਪੜ੍ਹਦੇ ਵਿਖਾਲੇ ਗਏ ਹਨ।

ਇਹਨਾਂ ਕੁਝ ਤਸਵੀਰਾਂ ਦੇ ਜ਼ਿਕਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਫੋਟੋਗਰਾਫੀ ਦੇ ਖੇਤਰ ਵਿਚ ਟੀਨਾ ਦੀ ਆਮਦ ਨਾਲ ਕਿਸ ਭਾਂਤ ਦੀ ਇਕ ਨਵੀਂ ਪਰੰਪਰਾ ਦਾ ਵਿਕਾਸ ਆਰੰਭ ਹੋਇਆ ਸੀ। ਇਹ ਤਸਵੀਰਾਂ ਕਿਰਤ ਦੀਆਂ ਪੇਂਟਿੰਗਜ਼ ਹਨ, ਮਿਹਨਤ ਦੀ ਮਹਿਮਾਂ ਦੀਆਂ ਕਵਿਤਾਵਾਂ। ਇਹਨਾਂ ਦੇ ਨਾਇਕ ਮੈਕਸੀਕੋ ਦੇ ਸਧਾਰਨ ਕਿਰਤੀ ਬੱਚੇ, ਮਰਦ ਤੇ ਔਰਤਾਂ ਹਨ, ਜਿਹੜੇ ਆਪਣੀ ਮਿਹਨਤ, ਸੰਘਰਸ਼ ਅਤੇ ਕੁਰਬਾਨੀ ਨਾਲ ਨਵੇਂ ਇਤਿਹਾਸ ਨੂੰ ਸਿਰਜਦੇ ਹਨ।

ਇਹਨਾਂ ਤਸਵੀਰਾਂ ਤੋਂ ਬਿਨਾ ਟੀਨਾ ਨੇ ਇਕ ਵੱਖਰੀ ਭਾਂਤ ਦੀ ਫੋਟੋਗਰਾਫੀ ਵੀ ਕੀਤੀ, ਜਿਸ ਵਿਚ ਦੋ ਵਿਰੋਧੀ ਸਥਿਤੀਆਂ ਦੇ ਟਕਰਾ ਨੂੰ ਦਰਸਾ ਕੇ, ਸਮਾਜਿਕ ਜ਼ਿੰਦਗੀ ਦੇ ਵਖਰੇਵੇਂ ਪੇਸ਼ ਕੀਤੇ ਹਨ। ਅਜਿਹੀ ਹੀ ਇਕ ਤਸਵੀਰ ਵਿਚ ਇਕ ਨਿਰਾਸ਼ ਆਦਮੀ ਪਟੜੀ ਦੀ ਬੰਨੀ 'ਤੇ ਬੈਠਾ ਹੈ ਤੇ ਉਸ ਦੇ ਸਿਰ ਉੱਪਰ ਪਿੱਛਲੀ ਕੰਧ ਉੱਤੇ ਇਕ ਹੋਟਲ ਵਿਚ ਹੋ ਰਹੇ ਨਾਚ ਗਾਣੇ ਦੀ ਮਹਿਫਲ ਦਾ ਇਸ਼ਤਿਹਾਰ ਹੈ। ਅਜਿਹੀ ਹੀ ਲੜੀ ਦੀ ਇਕ ਤਸਵੀਰ ਵਿਚ ਗਲੀ ਵਿਚ ਇਕ ਸ਼ਰਾਬੀ ਹੋਈ ਔਰਤ ਪਈ ਹੈ ਤੇ ਲਾਗੇ ਇਕ ਹੋਰ ਔਰਤ ਮੂੰਹ ਢੱਕੀ ਬੈਠੀ ਹੈ। ਇਕ ਤਸਵੀਰ ਵਿਚ ਰੇਲਵੇ ਵਰਕਰ ਦੀ ਇਕ ਛੋਟੀ ਬੱਚੀ ਪਾਣੀ ਦੀ ਭਰੀ ਬਾਲਟੀ ਚੁੱਕੀ ਖਲੋਤੀ ਹੈ। ਉਸ ਦੀ ਸਮੁੱਚੀ ਦਿੱਖ ਅਤੇ ਪਹਿਰਾਵੇ ਤੋਂ ਰੇਲਵੇ ਵਰਕਰ ਦੇ ਪਰਿਵਾਰ ਦੀ ਆਰਥਿਕ ਦਸ਼ਾ ਦਾ ਸਹੀ ਅਨੁਮਾਨ ਲਾਇਆ ਜਾ ਸਕਦਾ ਹੈ।

ਟੀਨਾ ਨੇ ਜੂਝਦੇ ਜੁਝਾਰ ਲੋਕਾਂ ਦੀਆਂ ਤਸਵੀਰਾਂ ਵੀ ਖਿੱਚੀਆਂ। ਉਹ ਜਲੂਸਾਂ ਵਿਚ ਨਾਹਰੇ ਲਾਉਂਦੇ, ਰੋਸ ਕਰਦੇ ਲੋਕਾਂ ਦੇ ਪ੍ਰਦਰਸ਼ਨਾਂ ਵਿਚ ਖੁਦ ਵੀ ਸ਼ਰੀਕ ਹੁੰਦੀ ਸੀ ਤੇ ਉਹਨਾਂ ਦੀਆਂ ਮੂਰਤਾਂ ਵੀ ਖਿੱਚਦੀ ਸੀ। ਉਸ ਦੀ ਖਿੱਚੀ ਇਕ ਪ੍ਰਭਾਵਸ਼ਾਲੀ ਮੂਰਤ ਵਿਚ ਇਕ ਨੌਜਵਾਨ ਮੁਟਿਆਰ ਝੰਡਾ ਚੁੱਕੀ ਮਾਰਚ ਕਰਦੀ ਜਾ ਰਹੀ ਹੈ। ਟੀਨਾ ਨੇ ਪੋਰਟਰੇਟ ਖਿੱਚਣ ਵਿਚ ਵੀ ਕਮਾਲ ਦੀ ਪ੍ਰਾਪਤੀ ਕੀਤੀ ਹੈ। ਉਸ ਦੀਆਂ ਮੂਰਤਾਂ ਵਿਚ ਪੇਸ਼ ਵਿਅਕਤੀ ਦੇ ਨਿੱਜੀ ਗੁਣ ਰੂਪਮਾਨ ਹੋ ਉੱਠਦੇ ਹਨ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਇਕ ਕੈਮਰੇ ਨਾਲ ਖਿੱਚੀਆਂ ਮੂਰਤਾਂ ਨਹੀਂ ਸਗੋਂ ਚਿੱਤਰਕਾਰਾਂ ਦੀਆਂ ਬਣਾਈਆਂ ਪੇਂਟਿੰਗਜ਼ ਹਨ।

ਫੋਟੋਗਰਾਫੀ ਦੇ ਖੇਤਰ ਵਿਚ ਟੀਨਾ ਦੀ ਕਲਾ ਦਾ ਇਕ ਹੋਰ ਪੱਖ ਵੀ ਉਜਾਗਰ ਹੁੰਦਾ ਹੈ। ਉਸ ਨੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਵੀ ਪੇਸ਼ ਕੀਤਾ ਹੈ। 'ਖਿੜੇ ਗੁਲਾਬ' ਉਸਦੀ ਖਿੱਚੀ ਤਸਵੀਰ ਤਾਂ ਸੰਸਾਰ ਪੱਧਰ ਦਾ ਸ਼ਾਹਕਾਰ ਦਾ ਦਰਜਾ ਪ੍ਰਾਪਤ ਕਰ ਚੁੱਕੀ ਹੈ ਅਤੇ ਇਸ ਨੂੰ ਉਤਮ ਭਾਂਤ ਦੀ ਕਲਾ ਦਾ ਸਥਾਨ ਪ੍ਰਾਪਤ ਹੋ ਚੁੱਕਾ ਹੈ। ਏਸੇ ਪ੍ਰਸੰਗ ਵਿਚ ਲਿਲੀ ਫੁੱਲਾਂ ਦੀਆਂ ਖਿੜੀਆਂ ਡੋਡੀਆਂ ਵੀ ਖਾਸ ਮਹੱਤਵ ਰੱਖਦੀਆਂ ਨੇ। ਭਾਵੇਂ ਟੀਨਾ ਨੂੰ ਫੋਟੋਗਰਾਫੀ ਦੇ ਖੇਤਰ ਵਿਚ ਪੰਜ ਸੱਤ ਸਾਲ ਹੀ ਕੰਮ ਕਰਨ ਦਾ ਮੌਕਾ ਮਿਲਿਆ ਸੀ, ਪਰ ਏਨੇ ਥੋੜ੍ਹੇ ਸਮੇਂ ਵਿਚ ਵੀ ਉਸ ਨੇ ਕੈਮਰੇ ਦੇ ਅਜਿਹੇ ਚਮਤਕਾਰ ਕੀਤੇ ਸਨ ਕਿ ਅੱਜ ਇਹ ਯਤਨ ਇਕ ਨਵੀਂ ਪਰੰਪਰਾ ਦਾ


Radio 24 Hours SurSangam
Punjabi, Hindi & Urdu
ਰੇਡੀਓ ਸੁਰਸੰਗਮ
ਕੈਲਗਰੀ ਦਾ ਆਪਣਾ 24 ਘੰਟੇ ਚੱਲਣ ਵਾਲਾ ਪੰਜਾਬੀ, ਹਿੰਦੀ ਅਤੇ ਉਰਦੂ ਰੇਡੀਓ।
ਗੁਰਬਾਣੀ, ਖਬਰਾਂ, ਗੀਤ, ਸੰਗੀਤ, ਟਾਕ ਸ਼ੋਅ ਤੋ ਇਲਾਵਾ ਮਨੋਰੰਜਨ ਅਤੇ ਜਾਣਕਾਰੀ ਭਰਪੂਰ ਹੋਰ ਪ੍ਰੋਗਰਾਮਾਂ ਦਾ ਅਨੰਦ ਮਾਣੋ!

DIRECTOR: KULDEEP SINGH
Calgary's 24 Hours Radio Station
Enjoy Punjabi, Hindi & Urdu
Programs 24 Hours
News, Talkshows, Songs
& Information
LISTEN ONLINE @
www.radiosursangam.com
For Advertising & more info call:
TEL: (403) 236-7426
FAX: (403) 280-0768
#501, 4656 WESTWINDS DRIVE NE CALGARY ALBERTA T3J 3Z5

ਤਾਂ ਕਰਨਾ ਚਾਹੁੰਦੀ ਸੀ, ਪਰ ਉਹ ਪਾਰਟੀ ਦੇ ਹੁਕਮਾਂ ਜਾਂ ਲੋੜਾਂ ਅਧੀਨ ਨਹੀਂ ਸੀ ਕਰਨਾ ਚਾਹੁੰਦੀ। ਉਸ ਨੇ ਜਿਹੜੇ ਦ੍ਰਿਸ਼ ਜਾਂ ਸਥਿਤੀ ਦੀ ਫੋਟੋ ਖਿੱਚਣੀ ਸੀ, ਉਹ ਉਸ ਦੇ ਮਨ ਵਿਚਲੇ ਆਵੇਸ਼ ਜਾਂ ਉਸ ਦੀ ਅੱਖ ਨੇ ਨਿਰਣਾ ਕਰਨਾ ਸੀ, ਨਾ ਕਿ ਕਿਸੇ ਪਾਰਟੀ ਨੇ।

ਸਾਲ ਭਰ ਦੇ ਕੰਮ ਤੋਂ ਬਾਅਦ ਟੀਨਾ ਦਾ ਕਾਰਜ ਖੇਤਰ ਬਦਲ ਦਿੱਤਾ ਗਿਆ। ਉਹ ਯੂਰਪ ਦੀਆਂ ਕੁਝ ਭਾਸ਼ਾਵਾਂ ਜਾਣਦੀ ਸੀ। ਸਿੱਟੇ ਵਜੋਂ ਕੌਮਿਨ ਤਾਰਨ ਦੇ ਅਧਿਕਾਰੀਆਂ ਨੇ ਉਸ ਨੂੰ ਜਾਹਲੀ ਨਾਵਾਂ ਅਤੇ ਜਾਹਲੀ ਪਾਸਪੋਰਟਾਂ ਦੇ ਅਧਾਰ ਉੱਤੇ ਖਤਰਨਾਕ ਡਿਊਟੀਆਂ 'ਤੇ ਭੇਜਣਾ ਸ਼ੁਰੂ ਕਰ ਦਿੱਤਾ। ਇਸ ਵਿਚ ਸੰਦੇਹ ਨਹੀਂ ਸੀ ਕਿ ਅਜਿਹੇ ਗੁਪਤ ਕੰਮਾਂ ਵਿਚ ਗ੍ਰਿਫਤਾਰੀ ਤੇ ਕੈਦ ਅਥਵਾ ਮੌਤ ਵੀ ਹੋ ਸਕਦੀ ਸੀ, ਪਰ ਟੀਨਾ ਆਪਣੇ ਫਰਜ਼ ਸੁਹਿਰਦਤਾ ਨਾਲ ਨਿਭਾਉਂਦੀ ਰਹੀ।

ਯੂਰਪ ਦੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਸਪੇਨ ਦਾ ਗ੍ਰਹਿ ਯੁੱਧ ਸ਼ੁਰੂ ਹੋ ਚੁੱਕਾ ਸੀ। ਬਦਲਦੀਆ ਪ੍ਰਸਥਿਤੀਆਂ ਵਿਚ ਟੀਨਾ ਦੀ ਡਿਊਟੀ ਸਪੇਨ ਵਿਚ ਲਾ ਦਿੱਤੀ ਗਈ। ਉੱਥੇ ਉਹ ਰੈੱਡ ਕਰਾਸ ਦੇ ਪਰਦੇ ਹੇਠ ਕੰਮ ਕਰਦੀ ਰਹੀ। ਨਿਰੰਤਰ ਕੰਮ ਕਰਦੇ ਰਹਿਣ ਕਾਰਨ ਟੀਨਾ ਦੀਆਂ ਲੱਤਾਂ ਸੁੱਜਣ ਲਗ ਪਈਆਂ ਤੇ ਉਸ ਨੂੰ ਹਸਪਤਾਲ ਵਿਚ ਦਾਖਲ ਹੋਣਾ ਪਿਆ। ਠੀਕ ਹੋਣ ਉੱਤੇ ਉਸ ਦੀ ਡਿਊਟੀ ਹਥਿਆਰ ਸਪਲਾਈ ਕਰਨ 'ਤੇ ਲੱਗ ਗਈ।

ਪਰ ਸਪੇਨ ਵਿਚ ਫਾਸਿਸਟ ਤਾਕਤਾਂ ਦਾ ਪੱਲਾ ਭਾਰੂ ਹੋ ਰਿਹਾ ਸੀ। ਸਥਿਤੀ ਪ੍ਰੀਵਰਤਨ ਨਾਲ ਟੀਨਾ ਦਾ ਕਾਰਜ ਖੇਤਰ ਵੀ ਬਦਲਿਆ। ਹੁਣ ਉਹ ਰੈੱਡ ਏਡ ਅਖਬਾਰ ਲਈ ਲੇਖ ਲਿਖਦੀ ਤੇ ਹੋਰ ਕਈ ਕਾਰਜ ਸਿਰੇ ਚਾੜ੍ਹਦੀ। ਪਰ ਹਾਲਾਤ ਮਾੜੇ ਤੋਂ ਮਾੜੇ ਹੋ ਰਹੇ ਸਨ। ਅਖੀਰ ਲੋਕ ਰਾਜ਼ੀ ਸ਼ਕਤੀਆਂ ਦੀ ਹਾਰ ਕਾਰਨ ਟੀਨਾ ਨੂੰ ਹੋਰਨਾਂ ਸ਼ਕਤੀਆਂ ਨਾਲ ਫਰਾਂਸ ਵਿਚ ਸ਼ਰਨ ਲੈਣੀ ਪਈ।

**

ਟੀਨਾ ਹੁਣ ਫਿਰ ਦੇਸ਼ ਵਿਹੂਣੀ ਸੀ। ਉਸ ਨੂੰ ਕੋਈ ਵੀ ਦੇਸ਼ ਝਾਲੂ ਨਹੀਂ ਸੀ। ਉਹ ਜਾਵੇ ਤਾਂ ਕਿੱਥੇ ਜਾਵੇ। ਕਰੇ ਤਾਂ ਕੀ ਕਰੇ। ਫੋਟੋਗਰਾਫੀ ਪਿੱਛੇ ਰਹਿ ਗਈ ਸੀ। ਉਸ ਦਾ ਪਰਿਵਾਰ ਅਮਰੀਕਾ ਵਿਚਲੇ ਵੱਖ ਵੱਖ ਸ਼ਹਿਰਾਂ ਵਿਚ ਖਿੰਡਿਆ ਪਿਆ ਸੀ। ਕੋਈ ਮਿੱਤਰ, ਮਦਦਗਾਰ ਨਜ਼ਰ ਨਹੀਂ ਸੀ ਆਉਂਦਾ। ਉਹ ਹੋਰਨਾਂ ਸ਼ਰਨਾਰਥੀਆਂ ਨਾਲ ਇਕ ਸਮੁੰਦਰੀ ਜਹਾਜ਼ ਰਾਹੀਂ ਨਿਊਯਾਰਕ ਵੱਲ ਠਿੱਲ ਪਈ। ਉਸ ਨੇ ਆਪਣਾ ਨਾਂ ਬਦਲ ਲਿਆ। ਇਹ 1936-42 ਦੇ ਸਾਲ ਸਨ। ਲਗਭਗ ਸਾਰੇ ਦੇਸ਼ ਉਸ ਲਈ ਬੂਹੇ ਬੰਦ ਕਰੀ ਜਾ ਰਹੇ ਸਨ। ਉਸ ਨੂੰ ਅਜਿਹੇ ਸਮੁੰਦਰੀ ਜਹਾਜ਼ 'ਤੇ ਧੱਕੇ ਨਾਲ ਚਾੜ੍ਹ ਦਿੱਤਾ ਗਿਆ, ਜੋ ਮੈਕਸੀਕੋ ਨੂੰ ਜਾ ਰਿਹਾ ਸੀ। ਟੀਨਾ ਪ੍ਰੇਸ਼ਾਨ ਤੇ ਚਿੰਤਤ ਸੀ। ਅਜੇ ਕੁਝ ਸਾਲ ਪਹਿਲਾਂ ਉਸ ਨੂੰ ਮੈਕਸੀਕੋ ਵਿਚੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਟੀਨਾ ਦੀ ਉਹ ਹਾਲਤ ਸੀ, 'ਪਹੁੰਚੀ ਵਹਾਂ ਪੇ ਖ਼ਾਕ', ਜਹਾਂ ਕਾ ਖ਼ਮੀਰ ਥਾ।' ਹਾਲਾਤ ਦੇ ਥਪੇੜਿਆਂ ਨੇ ਟੀਨਾ, ਉਸ ਦੀ ਸੁੰਦਰਤਾ, ਜਵਾਨੀ ਅਤੇ ਉਸ ਦੀ ਫੋਟੋਗਰਾਫੀ ਦੇ ਹੁਨਰ ਨੂੰ ਰੋਲ ਕੇ ਰੱਖ ਦਿੱਤਾ ਸੀ। ਉਸ ਲਈ ਹਰ ਕਦਮ ਉੱਤੇ ਸਰਸਾ ਦੀ ਨਦੀ ਸੀ। ਪਰ ਔਖੇ ਇਮਤਿਹਾਨਾਂ ਦੀ ਅਣਟੁੱਟ ਲੜੀ ਨੇ ਉਸ ਨੂੰ ਕਮਜ਼ੋਰ ਨਹੀਂ, ਸਗੋਂ ਤਕੜਾ ਹੀ ਕੀਤਾ ਸੀ। ਕੋਮਲ ਚਿੱਤ, ਸੰਵੇਦਨਸ਼ੀਲ, ਸੁੰਦਰ ਅਤੇ ਪ੍ਰਤਿਭਾਵਾਨ ਔਰਤ ਨੇ ਨਿੱਤ ਨਵੇਂ ਪਹਾੜਾਂ ਨੂੰ ਸਰ ਕੀਤਾ। ਉਸ ਦੀ ਪਾਰਟੀ ਨੇ ਵੀ ਹਰ ਮੋੜ ਉੱਤੇ ਉਸ ਨੂੰ ਮੋਢਾ ਦਿੱਤਾ ਸੀ। ਸਮਾਜਵਾਦ ਦੇ ਸੁਪਨੇ ਵਿਚ ਉਸ ਦਾ ਵਿਸ਼ਵਾਸ ਅੰਤ ਤੀਕ ਡੋਲਿਆ ਨਹੀਂ ਸੀ।

**

ਹੁਣ ਉਮਰ ਦੇ ਆਖਰੀ ਪੜ੍ਹਾਅ 'ਤੇ ਫਿਰ ਉਸ ਲਈ ਇਕ ਵੱਖਰੀ ਭਾਂਤ ਦੀ ਪ੍ਰੀਖਿਆ ਸਾਹਮਣੇ ਵੰਗਾਰ ਬਣ ਕੇ ਖੜ੍ਹੀ ਸੀ। ਮੈਕਸੀਕੋ ਪਹੁੰਚਣ ਉੱਤੇ ਉਸ ਨੂੰ ਗੈਰ ਕਾਨੂੰਨੀ ਤੌਰ ਉੱਤੇ ਦੇਸ਼ ਆਉਣ 'ਤੇ ਗ੍ਰਿਫਤਾਰ ਕਰਕੇ ਫਿਰ ਦੇਸ਼ ਬਦਰ ਕੀਤਾ ਜਾ ਸਕਦਾ ਸੀ। ਪਰ ਉਹ ਜਾਵੇ ਤੇ ਕਿਸ ਦੇਸ਼ ਜਾਵੇ? ਪਰ ਉਸ ਦੀ ਖੁਸ਼ਕਿਸਮਤੀ ਨੂੰ, ਹੁਣ ਤੀਕ ਸਰਕਾਰ ਨੇ ਕਮਿਊਨਿਸਟ ਪਾਰਟੀ ਉੱਤੋਂ ਪਾਬੰਦੀ ਚੁੱਕ ਲਈ ਹੋਈ ਸੀ। ਟੀਨਾ ਨੂੰ ਕਾਫੀ ਦੇਰ ਆਪਣੀ ਪਛਾਣ ਨੂੰ ਗੁਪਤ ਰੱਖਣਾ ਪਿਆ। ਪਰ ਆਖਰ ਕਦੋਂ ਤੀਕ? 'ਚੰਨ ਚੜ੍ਹਿਆ ਕੁੱਲ ਆਲਮ ਵੇਲੇ' ਅਖੀਰ ਉਸ ਦੇ ਦੋ ਸਾਬਕਾ ਸ਼ੁਭ ਚਿੰਤਕ ਉੱਚ ਅਧਿਕਾਰੀਆਂ ਨੇ ਦੇਸ਼ ਨਿਕਾਲੇ ਦੇ ਉਸ ਬਾਰੇ ਪੁਰਾਣੇ ਸਰਕਾਰੀ ਹੁਕਮ ਨੂੰ ਰੱਦ ਕਰਾਉਣ ਲਈ ਗ੍ਰਹਿ ਮੰਤਰੀ ਨਾਲ ਟੀਨਾ ਦੀ ਮੁਲਾਕਾਤ ਦਾ ਪ੍ਰਬੰਧ ਕੀਤਾ। ਸਿੱਟੇ ਵਜੋਂ ਉਸ ਵਿਰੁੱਧ ਪੁਰਾਣੇ ਹੁਕਮ ਵਾਪਸ ਲੈ ਲਏ ਗਏ ਤੇ ਉਹ ਮੈਕਸੀਕੋ ਵਿਚ ਆਮ ਨਾਗਰਿਕਾਂ ਵਾਂਗ ਵਿਚਰਨ ਲੱਗ ਪਈ।

ਟੀਨਾ ਦੀ ਹੋਰ ਵੀ ਮੁਸੀਬਤ ਸੀ। ਜੀਵਨ ਦੇ ਹਰ ਮੋੜ ਉੱਤੇ ਉਸ ਨੂੰ ਕਿਸੇ ਪਿਆਰ ਭਰੇ ਸਹਾਰੇ ਦੀ ਲੋੜ ਪੈਂਦੀ ਰਹੀ, ਪਰ ਹਰ ਵਾਰ, ਹਾਲਾਤ ਦੇ ਬਦਲਣ ਨਾਲ, ਉਸ ਦਾ ਇਹ ਸਨੇਹ ਭਰਿਆ ਰਿਸ਼ਤਾ ਤਿੜਕ ਜਾਂਦਾ ਰਿਹਾ ਸੀ।

1940 ਦਾ ਸਾਲ ਲੰਘ ਰਿਹਾ ਸੀ, ਜਦੋਂ 24 ਮਈ ਨੂੰ ਟਰਾਟਸਕੀ 'ਤੇ ਜੋ ਉੱਥੇ ਰਾਜਸੀ ਸ਼ਰਨਾਰਥੀ ਵਜੋਂ ਰਹਿ ਰਿਹਾ ਸੀ, ਕਾਤਲਾਨਾ ਹਮਲਾ ਹੋਇਆ। ਪੁਲਿਸ ਨੂੰ ਕਮਿਊਨਿਸਟ ਵਰਕਰਾਂ ਉੱਤੇ ਸ਼ੱਕ ਸੀ, ਪਰ ਏਥੇ ਵੀ ਟੀਨਾ ਜਿਵੇਂ ਕਿਵੇਂ ਗ੍ਰਿਫਤਾਰੀ ਤੋਂ ਬਚ ਗਈ।

ਮੈਕਸੀਕੋ ਦਾ ਰਾਜਸੀ ਵਾਤਾਵਰਨ ਢੇਰ ਸਾਰਾ ਬਦਲ ਚੁੱਕਾ ਸੀ। ਟੀਨਾ ਨੇ ਦੁਬਾਰਾ ਫੋਟੋਗਰਾਫੀ ਦੇ ਆਪਣੇ ਸ਼ੌਕ ਨੂੰ ਜੀਵੰਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਟੀਨਾ ਦੇ ਆਖਰੀ ਇਹ ਦੋ ਵਰ੍ਹੇ ਬਿਮਾਰੀ ਦੇ ਸਿੱਟੇ ਵਜੋਂ ਬਹੁਤ ਉਦਾਸੀ ਭਰੇ ਸਨ। ਕਿਸੇ ਪੱਕੇ ਰੁਜ਼ਗਾਰ ਦੀ ਅਣਹੋਂਦ ਕਾਰਨ ਮਾਇਕ ਪ੍ਰੇਸ਼ਾਨੀਆਂ ਵਧ ਰਹੀਆਂ ਸਨ। ਸਿਆਸੀ ਤੌਰ 'ਤੇ ਟੀਨਾ ਹੁਣ ਪਹਿਲਾਂ ਵਾਂਗ ਸਰਗਰਮ ਨਾ ਹੋ ਸਕੀ ਤੇ ਨਾਲ ਦੀ ਨਾਲ ਉਸ ਦੀ ਲੱਤਾਂ ਦੀ ਸੋਜ ਵਧਣ ਅਤੇ ਦਿਲ ਦੀ ਤਕਲੀਫ ਕਾਰਨ ਟੀਨਾ ਅਕਸਰ ਆਪਣੇ ਤੰਗ ਜੇਹੇ ਘਰ ਵਿਚ ਹੀ ਲੰਮੀ ਪਈ ਰਹਿੰਦੀ। ਪੁਰਾਣੇ ਦੋਸਤ ਮਿੱਤਰ ਸਾਰੇ ਹੀ ਖਿੰਡ ਪੁੰਡ ਗਏ ਸਨ ਤੇ ਚਾਰੇ ਪਾਸੇ ਬੇਵਿਸ਼ਵਾਸੀ ਦਾ ਮਾਹੌਲ ਭਾਰੂ ਹੋ ਗਿਆ ਸੀ। ਕਮਿਊਨਿਸਟ ਪਾਰਟੀ ਦੀ ਪਹਿਲੀ ਚੜ੍ਹਤ ਹੁਣ ਨਹੀਂ ਰਹੀ ਸੀ। ਸਿੱਟੇ ਵਜੋਂ ਟੀਨਾ ਦੇ ਆਖਰੀ ਸਾਲ (1941-42) ਬੜੇ ਨਿਰਾਸ਼ਤਾ ਭਰੇ ਤੇ ਸਰਗਰਮੀ ਵਿਹੂਣੇ ਸਨ।



*ਟੀਨਾ ਮੋਦੋਤੀ ਦਾ ਇਕ ਦਿਲਕਸ਼ ਅੰਦਾਜ਼*

ਅੰਤ ਸਮੇਂ ਰਾਤ ਦੇਰ ਗਏ ਟੀਨਾ ਇਕ ਮੀਟਿੰਗ ਤੋਂ ਵਾਪਸ ਮੁੜ ਰਹੀ ਸੀ। ਉਸ ਨੇ ਇਕ ਟੈਕਸੀ ਕੀਤੀ ਤੇ ਆਪਣੇ ਘਰ ਦਾ ਪਤਾ ਦੱਸਿਆ। ਰਸਤੇ ਵਿਚ ਹੀ ਦਿਲ ਦੇ ਦੌਰੇ ਨਾਲ ਉਸ ਦੀ ਮੌਤ ਹੋ ਗਈ। ਇਹ ਪੰਜ ਜਨਵਰੀ 1942 ਦੀ ਰਾਤ ਸੀ। 46 ਸਾਲ ਦੀ ਉਮਰ ਭਲਾ ਕੀ ਹੁੰਦੀ ਹੈ? ਪਰ ਅਜੇ ਤੱਕ ਵੀ ਲੋਕ ਤੇ ਕਲਾ ਪ੍ਰੇਮੀ ਟੀਨਾ ਦੇ ਕੀਤੇ ਕੰਮ ਤੇ ਉਸ ਦੀਆਂ ਖਿੱਚੀਆਂ ਤਸਵੀਰਾਂ ਨੂੰ ਭੁੱਲੇ ਨਹੀਂ। ਇਟਲੀ ਉਸ ਦੀ ਜਨਮ ਭੂਮੀ ਵਿਚ ਟੀਨਾ ਦੇ ਕੀਤੇ ਰਚਨਾਤਮਿਕ ਕੰਮ ਬਾਰੇ ਕਈ ਖੋਜ ਨਿਬੰਧ ਲਿਖੇ ਜਾ ਚੁੱਕੇ ਹਨ ਤੇ ਸੰਸਾਰ ਦੇ ਕਈ ਦੇਸ਼ਾਂ ਵਿਚ ਉਸ ਦੀਆਂ ਖਿੱਚੀਆਂ ਮੂਰਤਾਂ ਦੀਆਂ ਨੁਮਾਇਸ਼ਾਂ ਹੁੰਦੀਆਂ ਰਹਿੰਦੀਆਂ ਹਨ।

ਖਿੜੇ ਗੁਲਾਬਾਂ ਦੀ ਸਿਰਜਣਹਾਰ ਟੀਨਾ ਮੋਦੋਤੀ ਖੁਦ ਇਕ ਸੁਰਖ ਸੱਜਰੇ ਖਿੜੇ ਗੁਲਾਬ ਵਰਗੀ ਸੀ। ਉਸ ਦੇ ਪੇਸ਼ ਗੁਲਾਬਾਂ ਦੀ ਮਹਿਕ ਮਰਨ ਵਾਲੀ ਨਹੀਂ ਹੈ। ਸ਼ਾਇਦ ਏਸੇ ਕਾਰਨ ਹੀ ਚਿੱਲੀ ਦੇ ਸੰਸਾਰ ਪ੍ਰਸਿੱਧ ਕਵੀ ਪਾਬਲੋ ਨੇਰੂਦਾ ਨੇ ਟੀਨਾ ਦੇ ਮਰਸੀਏ ਵਿਚ ਲਿਖਿਆ ਸੀ :

***ਸ਼ਾਇਦ ਤੇਰਾ ਦਿਲ***
***ਬੀਤ ਗਏ ਕੱਲ੍ਹ ਦੇ ਗੁਲਾਬ ਨੂੰ***
***ਖਿੜਦਾ ਸੁਣਦਾ ਹੈ***
***ਕੱਲ੍ਹ ਦੇ ਆਖਰੀ ਗੁਲਾਬ ਨੂੰ***
***ਨਵੇਂ ਖਿੜੇ ਗੁਲਾਬ ਨੂੰ***
***ਨਵਾਂ ਗੁਲਾਬ ਤੇਰਾ ਹੈ***
***ਨਵੀਂ ਧਰਤੀ ਤੇਰੀ ਹੈ।***

ਟੀਨਾ ਦੀ ਮਿੱਥ ਭੰਗ ਹੋਣ ਵਾਲੀ ਨਹੀਂ ਹੈ। ਆਪਣੇ ਜੀਵਨ ਵਿਚ ਬੀਰ ਗਾਥਾ ਬਣੀ ਟੀਨਾ ਮੋਦੋਤੀ ਦਾ ਬਿੰਬ ਨਿੱਤ ਦਿਨ ਹੋਰ ਉਜਾਗਰ ਹੁੰਦਾ ਜਾ ਰਿਹਾ ਹੈ। ਜਨ ਜੀਵਨ ਲਈ ਜੂਝਣ ਵਾਲੇ ਸੂਰਮੇ ਕਲਾਕਾਰਾਂ ਨੂੰ ਲੋਕ ਭੁੱਲਦੇ ਨਹੀਂ ਹੁੰਦੇ। ਖਿੜਦੇ ਗੁਲਾਬਾਂ ਦੀ ਸਿਰਜਣਹਾਰੀ ਟੀਨਾ ਦੀ ਯਾਦ ਅੱਜ ਵੀ ਸਾਡੇ ਹਿਰਦਿਆਂ ਵਿਚ ਸੂਹੇ ਗੁਲਾਬ ਵਾਂਗ ਮਹਿਕਦੀ ਪਈ ਹੈ। ਟੀਨਾ! ਤੇਰੇ ਗੁਲਾਬਾਂ ਦੀ ਮਹਿਕ ਧੁੰਦਲੀ ਪੈਣ ਵਾਲੀ ਨਹੀਂ ਹੈ!! ਮੇਰੀਏ ਭੈਣੇ! ਵੇਖ 66 ਸਾਲਾਂ ਬਾਅਦ ਵੀ, ਅਸੀਂ ਤੈਨੂੰ ਭੁੱਲੇ ਨਹੀਂ ਹਾਂ।


# Ace Immigration Services

## Bring your relatives to Canada in 6-12 months*

**Nurses, College & Polytechnic Teachers, Restaurant Managers and many more occupations eligible.**

**Competent Services, Reasonable Fee**

**Avail our services for:**

- Family Sponsorship
- Work Permit
- Point System
- Business & Investor Class
- Provincial Nominee
- Study Permit
- Nanny

**Shamsher Buttar**
**Certified Canadian Immigration Consultant**
**Member CSIC**

**Edmonton 780-465-6900**
**Toronto 1-416-740-3186**
Email: ss_buttar@yahoo.com

*Conditions apply

# ਇਕ ਅਨੋਖੀ ਸ਼ਨਾਖਤੀ ਪਰੇਡ

**ਪ੍ਰੀਤਮ ਸਿੰਘ (ਆਈ. ਏ. ਐਸ.)**

**ਇਹ ਕਿੱਸਾ 1962 ਦਾ ਹੈ।**

ਰਾਮ ਸਰਨ ਦਾਸ ਮੈਜਿਸਟਰੇਟ ਦਰਜਾ ਅੱਵਲ, ਹਿਸਾਰ, ਆਪਣੇ ਅਦਾਲਤੀ ਕਮਰੇ ਵਿਚ ਡਾਇਸ ’ਤੇ ਬੈਠਾ ਸਾਹਮਣੇ ਪਈਆਂ ਫਾਈਲਾਂ ਦੇ ਢੇਰ ਦੀ ਵਰਕ ਗਰਦਾਨੀ ਵਿਚ ਬੁਰੀ ਤਰ੍ਹਾਂ ਰੁੱਝਾ ਹੋਇਆ ਸੀ। ਇਕ ਤਾਂ ਉਸ ਦਿਨ ਸਬੱਬੀਂ, ਫ਼ੌਜਦਾਰੀ ਮੁਕੱਦਮੇ ਨਿਪਟਾਉਣ ਦੀ ਫਹਿਰਿਸਤ ਵੀ ਬਹੁਤ ਲੰਮੀ ਸੀ ਅਤੇ ਦੂਜੇ ਪਾਸੇ ਉਹ ਡਿਪਟੀ ਕਮਿਸ਼ਨਰ ਦੇ ਦਫਤਰ ਦੀ ਮਾਲ ਵਿਭਾਗ ਦੀ ਸ਼ਾਖਾ ਦਾ ਵੀ ਇੰਚਾਰਜ ਸੀ ਅਤੇ ਮਾਲ ਵਿਭਾਗ ਨਾਲ ਸਬੰਧਤ ਕਈ ਮੁੱਦੇ ਨਿਪਟਾਉਣ ਲਈ ਉਸਦੇ ਵਿਚਾਰ ਅਧੀਨ ਸਨ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਮੀਨ ਜਾਇਦਾਦ ਨਾਲ ਸਬੰਧਤ ਮਾਮਲਿਆਂ ਨੂੰ ਪਹਿਲ ਦੇ ਅਧਾਰ ’ਤੇ ਨਿਪਟਾਉਣ ਦੀ ਸਖ਼ਤ ਹਦਾਇਤ ਸੀ ਤਾਂ ਜੋ ਕਿਸਾਨ ਐਵੇਂ ਹੀ ਕਚਹਿਰੀਆਂ ਵਿਚ ਖ਼ੱਜਲ ਖਵਾਰ ਨਾ ਹੁੰਦੇ ਰਹਿਣ। ਅਚਨਚੇਤ ਅਦਾਲਤ ਵਿਚ ਕੁਝ ਹਲਚਲ ਜਿਹੀ ਹੋਈ ਅਤੇ ਇਕ ਸੁਹਣਾ ਸੁਨੱਖਾ, ਉੱਚਾ ਲੰਬਾ ਸਿੱਖ ਨੌਜਵਾਨ ਅਦਾਲਤੀ ਮੰਚ ਦੀਆਂ ਪੌੜੀਆਂ ਚੜ੍ਹ ਕੇ ਬਗ਼ੈਰ ਕਿਸੇ ਸਾਹਿਬ ਸਲਾਮ ਦੇ ਬੜੀ ਬੇਪਰਵਾਹੀ ਨਾਲ ਤੇ ਲੰਮੀਆਂ ਲਾਂਘਾਂ ਪੁੱਟਦਾ ਮੰਚ ਨੂੰ ਲੰਘ ਕੇ ਮੈਜਿਸਟਰੇਟ ਦੇ ਚੈਂਬਰ ਵੱਲ ਚਲਾ ਗਿਆ। ਰਾਮ ਸਰਨ ਦਾਸ ਨੂੰ ਇਹ ਕੁਝ ਅਟਪਟਾ ਜਿਹਾ ਤਾਂ ਲੱਗਾ ਪਰ ਕੰਮ ਦੇ ਜ਼ੋਰ ਕਰਕੇ ਉਸ ਨੇ ਇਸ ਆਸਧਾਰਨ ਸਥਿਤੀ ਵੱਲ ਕੋਈ ਧਿਆਨ ਨਾ ਦਿੱਤਾ। ਇਸ ਨੂੰ ਅਣਗੌਲਿਆਂ ਕਰ ਛੱਡਿਆ ਅਤੇ ਆਪਣੇ ਸਾਹਮਣੇ ਪਈਆਂ ਮਿਸਲਾਂ ਦੀ ਵਰਕ ਗਰਦਾਨੀ ਵਿਚ ਫੇਰ ਸਿਰ ਸੁੱਟ ਕੇ ਰੁੱਝ ਗਿਆ।

ਥੋੜ੍ਹੀ ਦੇਰ ਬਾਅਦ ਚਪੜਾਸੀ ਨੇ ਆ ਕੇ ਸਲਾਮ ਕਰਦਿਆਂ ਕਿਹਾ, ''ਹਜ਼ੂਰ ਚੈਂਬਰ ਵਿਚ ਕੈਰੋਂ ਸਾਹਿਬ ਤੁਹਾਡਾ ਇੰਤਜ਼ਾਰ ਕਰ ਰਹੇ ਹਨ, ਤੁਸੀਂ ਕ੍ਰਿਪਾ ਕਰਕੇ ਉਹਨਾਂ ਦੀ ਪਹਿਲਾਂ ਗੱਲ ਸੁਣ ਲਵੋ।'' ਪਰ ਰਾਮ ਸਰਨ ਦਾਸ ਨੇ ਇਹ ਗੱਲ ਇਕ ਕੰਨ ਸੁਣੀ ਅਤੇ ਦੂਸਰੇ ਕੰਨ ਵਿਚੋਂ ਦੀ ਕੱਢ ਦਿੱਤੀ ਅਤੇ ਵਿਚਾਰ ਅਧੀਨ ਮਿਸਲਾਂ ਦੀ ਵਰਕ ਗਰਦਾਨੀ ਵਿਚ ਪਹਿਲਾਂ ਵਾਂਗ ਹੀ ਰੁੱਝ ਗਿਆ। ਕੁੱਝ ਸਮਾਂ ਬੀਤਿਆ ਅਤੇ ਫੇਰ ਨਾਇਬ ਕੋਰਟ ਨੇ ਆ ਸਲੂਟ ਮਾਰਿਆ ਅਤੇ ਅਰਜ਼ ਗੁਜ਼ਾਰੀ, ''ਜਨਾਬ, ਸਾਹਿਬਜ਼ਾਦਾ ਤੁਹਾਡੀ ਉਡੀਕ ਕਰ ਰਿਹਾ ਹੈ, ਮਿਹਰਬਾਨੀ ਕਰਕੇ ਉਹਨਾਂ ਦੀ ਗੱਲ ਸੁਣ ਲਵੋ।'' ਰਾਮ ਸਰਨ ਦਾਸ ਨੇ ਕਿਹਾ, ''ਮੈਂ ਕੰਮ ਤੋਂ ਵਿਹਲਾ ਹੋ ਜਾਵਾਂ ਫਿਰ ਉਹਨਾਂ ਦੀ ਵੀ ਗੱਲ ਸੁਣ ਲਵਾਂਗਾ।'' ਅਤੇ ਫਿਰ ਉਸੇ ਤਰ੍ਹਾਂ ਆਪਣੇ ਕੰਮ ਵਿਚ ਰੁੱਝ ਗਿਆ। ਅਜੇ ਥੋੜ੍ਹਾ ਹੀ ਸਮਾਂ ਹੀ ਗੁਜ਼ਰਿਆ ਸੀ ਕਿ ਰੀਡਰ ਨੇ ਆ ਕੇ ਦਸਤ ਬਸਤਾ ਗੁਜ਼ਾਰਿਸ਼ ਕੀਤੀ, ''ਜਨਾਬ ਇਹ ਕੰਮ ਫੇਰ ਵੀ ਨਿਪਟਾ ਸਕਦੇ ਹੋ, ਤੁਸੀਂ ਪਹਿਲਾਂ ਰੱਬ ਦੇ ਵਾਸਤੇ ਸਹਿਬਜ਼ਾਦੇ ਦੀ ਗੱਲ ਸੁਣ ਲਵੋ। ਉਹ ਬਹੁਤ ਉਤਾਵਲਾ ਹੋ ਰਿਹਾ ਹੈ। ਮੈਨੂੰ ਡਰ ਹੈ ਕਿ ਤੁਹਾਡੀ ਇਸ ਬੇਰੁਖੀ ਨਾਲ ਕੋਈ ਪੁਆੜਾ ਨਾ ਖੜ੍ਹਾ ਹੋ ਜਾਵੇ'' ਅਤੇ ਰੀਡਰ ਉਦੋਂ ਤੱਕ ਆਪਣੀ ਥਾਂ ਤੋਂ ਨਾ ਹਿੱਲਿਆ ਜਦੋਂ ਤੱਕ ਰਾਮ ਸਰਨ ਦਾਸ ਮਿਸਲਾਂ ਨੂੰ ਇਕ ਪਾਸੇ ਰੱਖ ਕੇ ਰੀਡਰ ਦੇ ਪਿੱਛੇ ਪਿੱਛੇ ਆਪਣੇ ਚੈਂਬਰ ਵੱਲ ਨਾ ਤੁਰ ਪਿਆ। ਜਦੋਂ ਰਾਮ ਸਰਨ ਦਾਸ ਆਪਣੇ ਚੈਂਬਰ ਵਿਚ ਪੁੱਜਾ ਤਾਂ ਉਸ ਨੇ ਦੇਖਿਆ ਕਿ ਸਾਹਿਬਜ਼ਾਦਾ ਮੇਜ਼ ’ਤੇ ਲੱਤਾਂ ਟਿਕਾਈ ਕੁਰਸੀ ’ਤੇ ਬਿਰਾਜਮਾਨ ਸੀ। ਰਾਮ ਸਰਨ ਦਾਸ ਨੂੰ ਦੇਖ ਕੇ ਨਾ ਤੇ ਉਹ ਉਸਦੇ ਸਤਿਕਾਰ ਵਜੋਂ ਕੁਰਸੀ ਤੋਂ ਉੱਠਿਆ ਅਤੇ ਨਾ ਹੀ ਉਸ ਨੇ ਰਸਮੀ ਨਮਸਕਾਰ ਹੀ ਕੀਤੀ। ਰਾਮ ਸਰਨ ਦਾਸ ਦੇ ਕੁਰਸੀ ’ਤੇ ਬੈਠਦਿਆਂ ਹੀ ਸਹਿਬਜ਼ਾਦੇ ਨੇ ਕਿਹਾ, ''ਮਿਸਟਰ ਦਾਸ, ਮੈਂ ਤੁਹਾਡੇ ਪਾਸ ਕੋਈ ਸਿਫਾਰਸ਼ ਕਰਨ ਨਹੀਂ ਆਇਆ, ਮੈਂ ਸਿਰਫ਼ ਇਹ ਚਾਹੁੰਦਾ ਹਾਂ ਕਿ ਅੱਜ ਤੁਹਾਡੀ ਸ਼ਨਾਖ਼ਤੀ ਪਰੇਡ ਕਰਾਉਣ ਦੀ ਡਿਊਟੀ ਲੱਗੀ ਹੈ, ਤੁਸੀਂ ਬਗ਼ੈਰ ਕਿਸੇ ਦੇਰੀ ਦੇ, ਉਹ



ਸ਼ਨਾਖਤੀ ਪਰੇਡ ਕਰਵਾ ਕੇ ਅੱਜ ਹੀ ਆਪਣੀ ਰਿਪੋਰਟ ਸੈਸ਼ਨ ਜੱਜ ਨੂੰ ਪੁੱਜਦੀ ਕਰ ਦਿਓ। ਇਸ ਕੰਮ ਵਿਚ ਕੋਈ ਦੇਰ ਨਹੀਂ ਹੋਣੀ ਚਾਹੀਦੀ।'' ਇਹ ਕਹਿ ਕੇ ਸਾਹਿਬਜ਼ਾਦਾ ਬਿਨਾ ਰਾਮ ਸਰਨ ਦਾਸ ਦਾ ਉੱਤਰ ਸੁਣੇ ਕੁਰਸੀ ਤੋਂ ਉੱਠਿਆ ਅਤੇ ਰਵਾਂ-ਰਵੀਂ ਅਦਾਲਤ ਤੋਂ ਬਾਹਰ ਚਲਾ ਗਿਆ। ਰਾਮ ਸਰਨ ਦਾਸ ਨੂੰ ਸਾਹਿਬਜ਼ਾਦੇ ਦਾ ਵਤੀਰਾ ਬਹੁਤ ਅੱਖਰਿਆ। ਅਦਾਲਤ ਵਿਚ ਮੈਜਿਸਟਰੇਟ ਨੂੰ ਵਕੀਲਾਂ ਅਤੇ ਮੁਵੱਕਲਾਂ ਤੋਂ, ''ਸਰ, ਜਨਾਬ, ਹਜ਼ੂਰ'' ਸੁਣਨ ਦੀ ਆਦਤ ਜਿਹੀ ਪੈ ਜਾਂਦੀ ਹੈ, ਇਸ ਲਈ ਸਾਹਿਬਜ਼ਾਦੇ ਦੇ ਵਤੀਰੇ ਨੇ ਉਸ ਨੂੰ ਕੀਤੀ ਗਈ ਬੇਨਤੀ ਨੂੰ ਅਣਗੌਲਿਆਂ ਕਰਨ ਲਈ ਉਕਸਾਇਆ। ਉਸ ਲਈ ਵਿਚਾਰ ਅਧੀਨ ਮਿਸਲਾਂ ਦੇ ਢੇਰ ਨੂੰ ਨਿਪਟਾਉਣ ਅਤੇ ਹੋਰ ਕਿਸੇ ਕੰਮ ਵੱਲ ਧਿਆਨ ਨਾ ਦੇਣ ਦਾ ਇਹ ਇਕ ਹੋਰ ਤਕੜਾ ਬਹਾਨਾ ਬਣ ਗਿਆ। ਰਾਮ ਸਰਨ ਦਾਸ ਆਪਣੀ ਅਦਾਲਤੀ ਕੁਰਸੀ ’ਤੇ ਬੈਠ ਕੇ ਫੇਰ ਮਿਸਲਾਂ ਦੀ ਵਰਕ ਗਰਦਾਨੀ ਵਿਚ ਰੁੱਝ ਗਿਆ। ਅਜੇ ਥੋੜ੍ਹੀ ਦੇਰ ਹੀ ਗੁਜ਼ਰੀ ਸੀ ਕਿ ਰੀਡਰ ਨੇ ਉਹ ਮਿਸਲ ਸਾਹਮਣੇ ਲਿਆ ਧਰੀ, ਜਿਸ ਵਿਚ ਸ਼ਨਾਖਤੀ ਪਰੇਡ ਕਰਵਾਉਣ ਦੀ ਰਾਮਸਰਨ ਦਾਸ ਦੀ ਡਿਊਟੀ ਲਗਾਈ ਗਈ ਸੀ। ਰਾਮ ਸਰਨ ਦਾਸ ਨੇ ਮਿਸਲ ਨੂੰ ਘੋਖ ਕੇ ਰੀਡਰ ਨੂੰ ਕਿਹਾ, ''ਸੁਪਰਡੈਂਟ ਜੇਲ੍ਹ ਨੂੰ ਸੂਚਤ ਕਰ ਦਿਓ ਕਿ ਮੈਂ ਸ਼ਨਾਖਤੀ ਪਰੇਡ ਕਰਵਾਉਣ ਸ਼ਾਮ ਨੂੰ ਆ ਸਕਾਂਗਾ ਅਤੇ ਇਸ ਲਈ ਸ਼ਨਾਖਤੀ ਪਰੇਡ ਸ਼ਾਮ ਨੂੰ ਕਰਵਾਉਣ ਲਈ ਸਾਰੇ ਪ੍ਰਬੰਧ ਕਰ ਲਏ ਜਾਣ।'' ਰੀਡਰ ਨੇ ਹੁਕਮ ਦੀ ਤਾਮੀਲ ਕਰਦਿਆਂ ਉਸੇ ਵਕਤ ਸੁਪਰਡੈਂਟ ਜੇਲ੍ਹ ਨੂੰ ਟੈਲੀਫੋਨ ਖੜਕਾ ਦਿੱਤਾ। ਅਜੇ ਥੋੜ੍ਹੀ ਦੇਰ ਹੀ ਗੁਜ਼ਰੀ ਸੀ ਕਿ ਡਿਪਟੀ ਕਮਿਸ਼ਨਰ ਦੇ ਚਪੜਾਸੀ ਨੇ ਆ ਸਲਾਮ ਕੀਤੀ ਅਤੇ ਕਿਹਾ, ''ਜਨਾਬ ਤੁਹਾਨੂੰ ਡਿਪਟੀ ਕਮਿਸ਼ਨਰ ਸਾਹਿਬ ਨੇ ਬੁਲਾਇਆ ਹੈ ਅਤੇ ਹੁਣੇ ਗੱਲ ਸੁਣਨ ਦੀ ਤਾਕੀਦ ਕੀਤੀ ਹੈ।'' ਰਾਮ ਸਰਨ ਦਾਸ ਆਪਣਾ ਸਾਰਾ ਕੰਮ ਵਿਚੇ ਛੱਡ ਕੇ ਚਪੜਾਸੀ ਦੇ ਪਿੱਛੇ ਪਿੱਛੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਲਈ ਤੁਰ ਪਿਆ। ਡਿਪਟੀ ਕਮਿਸ਼ਨਰ ਨੇ ਰਾਮ ਸਰਨ ਦਾਸ ਨੂੰ ਦੇਖਦਿਆਂ ਹੀ ਆਖਿਆ, ''ਮਿਸਟਰ ਦਾਸ, ਤੁਸੀਂ ਸਾਰਾ ਕੰਮ ਛੱਡ ਕੇ ਪਹਿਲਾਂ ਸ਼ਨਾਖਤੀ ਪਰੇਡ ਦਾ ਕਾਰਜ ਨਿਪਟਾ ਦਿਓ। ਇਹ ਬਹੁਤ ਜ਼ਰੂਰੀ ਹੈ। ਇਸ ਕਾਰਜ ਤੋਂ ਵਿਹਲੇ ਹੋ ਕੇ ਤੁਸੀਂ ਬਾਕੀ ਦੇ ਕੰਮਾਂ ਕਾਰਾਂ ਵੱਲ ਧਿਆਨ ਦੇਣਾ।'' ਇਹ ਸੁਣ ਕੇ ਰਾਮ ਸਰਨ ਦਾਸ ਉਹਨੀਂ ਪੈਰੀਂ ਮੁੜ ਆਇਆ ਅਤੇ ਆਪਣੀ ਸਾਈਕਲ ਚੁੱਕ ਕੇ ਜੇਲ੍ਹ ਵੱਲ ਰਵਾਨਾ ਹੋ ਗਿਆ। ਜੇਲ੍ਹ ਵੱਲ ਜਾਂਦਿਆਂ ਉਸ ਸੋਚਿਆ ਕਿ ਸ਼ਨਾਖਤੀ ਪਰੇਡ ਕਿਹੜੀ ਹੁਣੇ ਹੋ ਜਾਣੀ ਹੈ। ਮੇਰਾ ਪਹਿਲਾਂ ਦਾ ਟੈਲੀਫੋਨ ਸੰਦੇਸ਼ ਪੁੱਜਣ ’ਤੇ ਸੁਪਰਡੈਂਟ ਜੇਲ੍ਹ ਨੇ ਸ਼ਨਾਖਤੀ ਪਰੇਡ ਲਈ ਜੋ ਤਿਆਰੀ ਕਰਨੀ ਹੁੰਦੀ ਹੈ, ਉਹ ਤਾਂ ਸ਼ਾਮ ਤੱਕ ਅੱਗੇ ਪਾ ਦਿੱਤੀ ਹੋਣੀ ਹੈ। ਪਰ ਜੇਲ੍ਹ ਦੀ ਇਸ ਫੇਰੀ ਨਾਲ ਡਿਪਟੀ ਕਮਿਸ਼ਨਰ ਸਾਹਿਬ ਦੇ ਹੁਕਮ ਦੀ ਤਾਮੀਲ ਵੀ ਹੋ ਜਾਵੇਗੀ ਅਤੇ ਮੈਂ ਜਿਵੇਂ ਆਪਣਾ ਅਦਾਲਤੀ ਕੰਮ ਨਿਪਟਾਉਣ ਦੀ ਯੋਜਨਾ ਬਣਾਈ ਹੋਈ ਹੈ, ਉਹ ਵੀ ਉਵੇਂ ਸਿਰੇ ਚੜ੍ਹ ਜਾਵੇਗੀ।

ਜੇਲ੍ਹ ਵਿਚ ਦਾਖਲ ਹੁੰਦਿਆਂ ਹੀ ਰਾਮ ਸਰਨ ਦਾਸ ਨੇ ਸੁਪਰਡੈਂਟ ਜੇਲ੍ਹ ਨੂੰ ਕਿਹਾ, ''ਕੀ ਸ਼ਨਾਖਤੀ ਪਰੇਡ ਦੀ ਪੂਰੀ ਪੂਰੀ ਤਿਆਰੀ ਕਰ ਲਈ ਹੈ? ਮੇਰਾ ਖ਼ਿਆਲ ਹੈ ਕਿ ਮੇਰਾ ਸਵੇਰ ਵਾਲਾ ਟੈਲੀਫੋਨ ਆਉਣ ’ਤੇ ਤੁਸੀਂ ਕੰਮ ਅੱਗੇ ਪਾ ਦਿੱਤਾ ਹੋਵੇਗਾ?'' ਸੁਪਰਡੈਂਟ ਜੇਲ੍ਹ ਨੇ ਮੁਸਕਰਾਉਂਦਿਆਂ ਕਿਹਾ, ''ਨਹੀਂ, ਦਾਸ ਸਾਹਿਬ ਭਾਵੇਂ ਤੁਹਾਡਾ ਟੈਲੀਫੋਨ ਆ ਵੀ ਗਿਆ ਸੀ ਤਦ ਵੀ ਅਸੀਂ ਤਿਆਰੀ ਪੂਰੀ ਤਰ੍ਹਾਂ ਕੀਤੀ ਹੋਈ ਹੈ, ਸਾਨੂੰ ਪਤਾ ਸੀ ਕਿ ਇਸ ਸ਼ਨਾਖਤੀ ਪਰੇਡ ਵਿਚ ਕੋਈ ਦੇਰ ਨਹੀਂ ਹੋ ਸਕਦੀ। ਇਸ ਲਈ ਅਸੀਂ ਸਾਰਾ ਪ੍ਰਬੰਧ ਉਸੇ ਤਰ੍ਹਾਂ ਕਾਇਮ ਰੱਖਿਆ। ਤੁਸੀਂ ਕਾਨੂੰਨ ਅਨੁਸਾਰ ਆਪਣੀ ਕਾਰਵਾਈ ਆਰੰਭ ਕਰਕੇ ਆਪਣੀ ਰਿਪੋਰਟ ਤਿਆਰ ਕਰਨ ਦੀ ਤਿਆਰੀ ਕਰ ਲਵੋ।''

ਜੇਲ੍ਹ ਵਿਚ ਸ਼ਨਾਖਤੀ ਪਰੇਡ ਕਰਵਾਉਣ ਲਈ ਮੁਸਤਗੀਸ (ਪੀੜਤ ਵਿਅਕਤੀ) ਨੇ ਬਹੁਤ ਸਾਰੇ ਵਿਅਕਤੀਆਂ ਵਿਚੋਂ ਮੁਲਜ਼ਮ ਦੀ ਸ਼ਨਾਖਤ ਕਰਨੀ ਹੁੰਦੀ ਹੈ। ਇਸ ਲਈ ਮੁਸਤਗੀਸ ਦੀ ਹਾਜ਼ਰੀ ਵਿਚ ਪੁਲਿਸ ਵਲੋਂ ਨਾਮਜ਼ਦ ਮੁਲਜ਼ਮ ਨੂੰ ਕੁਝ ਹੋਰ ਵਿਅਕਤੀਆਂ ਵਿਚ ਸ਼ਾਮਲ ਕਰਕੇ ਮੁਸਤਗੀਸ ਦੇ ਸਾਹਮਣੇ ਦੀ ਲੰਘਾਇਆ ਜਾਂਦਾ ਹੈ ਤਾਂ ਜੋ ਅਸਲ ਮੁਲਜ਼ਮ ਦੀ ਪਛਾਣ ਹੋ ਸਕੇ। ਇਸ ਪਰੇਡ ਵਿਚ ਆਮ ਤੌਰ ’ਤੇ ਨਾਮਜ਼ਦ ਮੁਲਜ਼ਮ ਨਾਲ ਮਿਲਦੀ ਜੁਲਦੀ ਸ਼ਕਲ ਸੂਰਤ, ਕੱਦ ਕਾਠ ਅਤੇ ਪਹਿਰਾਵੇ ਵਾਲੇ ਵਿਅਕਤੀ ਦੀ ਲੋੜ ਹੁੰਦੀ ਹੈ। ਰਾਮ ਸਰਨ ਦਾਸ ਦਾ ਅਨੁਮਾਨ ਸੀ ਕਿ ਅਜਿਹਾ ਪ੍ਰਬੰਧ ਕਰਦਿਆਂ ਜੇਲ੍ਹ ਦੇ ਅਮਲੇ ਨੂੰ ਕੁਝ ਦੇਰ ਲੱਗ ਜਾਵੇਗੀ ਅਤੇ ਉਹ ਆਪਣੀ ਕਾਰਵਾਈ ਪਾ ਕੇ ਝੱਬਦੇ ਹੀ ਮੁੜ ਜਾਵੇਗਾ ਅਤੇ ਸ਼ਾਮ ਨੂੰ ਆ ਕੇ ਸ਼ਨਾਖਤੀ ਪਰੇਡ ਕਰਵਾ ਲਵੇਗਾ। ਪਰ ਸੁਪਰਡੈਂਟ ਜੇਲ੍ਹ ਦਾ ਉੱਤਰ ਸੁਣ ਕੇ ਉਸ ਦੀਆਂ ਉਮੀਦਾਂ ’ਤੇ ਪਾਣੀ ਫਿਰ ਗਿਆ।

ਜੇਲ੍ਹ ਦੇ ਇਹਾਤੇ ਵਿਚ ਜਾ ਕੇ ਉਸਨੇ ਦੇਖਿਆ ਕਿ ਪਰੇਡ ਦੀ ਵਾਕਈ ਮੁਕੰਮਲ ਤਿਆਰੀ ਸੀ। ਇਹ ਇਕ ਬਲਾਤਕਾਰ ਦਾ ਮੁਕੱਦਮਾ ਸੀ। ਮੁਸਤਗੀਸਾ (ਬਲਾਤਕਾਰ ਦੀ ਪੀੜਤ ਯੁਵਤੀ) ਅਤੇ ਨਾਮਜ਼ਦ ਮੁਲਜ਼ਮ ਸਣੇ ਬਾਕੀ ਦੇ ਵਿਅਕਤੀ ਵੀ ਹਾਜ਼ਰ ਸਨ। ਰਾਮ ਸਰਨ ਦਾਸ ਨੇ ਇਹ ਤਸੱਲੀ ਕਰਨ ਉਪਰੰਤ ਕਿ ਪਰੇਡ ਦੀ ਤਿਆਰੀ ਵਾਕਈ ਨਿਯਮਾਂ ਅਨੁਸਾਰ ਹੈ, ਮੁਸਤਗੀਸਾ ਨੂੰ ਕਿਹਾ, ''ਬੀਬੀ ਗਹੁ ਨਾਲ ਦੇਖ ਲੈ ਅਤੇ ਇਹ ਪਛਾਣ ਕਿ ਕਿਸ ਮੁਲਜ਼ਮ ਨੇ ਤੇਰੇ ਨਾਲ ਜਬਰ ਜ਼ਨਾਹ ਕੀਤਾ ਸੀ।'' ਉਸ



ਯੁਵਤੀ ਨੇ ਜੋ ਕਿ ਕਾਲੀ ਕਲੂਟੀ ਸੀ, ਬੜੀ ਬੇਪਰਵਾਹੀ ਨਾਲ ਕਿਹਾ, ''ਜੀ ਮੈਂ ਨਜ਼ਰ ਮਾਰ ਲਈ ਹੈ। ਇਹਨਾਂ ਵਿਚ ਉਹ ਵਿਅਕਤੀ ਮੌਜੂਦ ਨਹੀਂ ਹੈ।'' ਰਾਮ ਸਰਨ ਦਾਸ ਨੂੰ ਮੁਸਤਗੀਸਾ ਦਾ ਵਤੀਰਾ ਕੁਝ ਅਜੀਬ ਲੱਗਾ, ਉਸ ਨੇ ਫੇਰ ਕਿਹਾ, ''ਬੀਬਾ, ਤੂੰ ਚੰਗੀ ਤਰ੍ਹਾਂ ਘੋਖ ਕੇ ਜਵਾਬ ਦੇਹ। ਆਪਣੀ ਪੂਰੀ ਤਸੱਲੀ ਕਰ ਲੈ ਕਿ ਇਹਨਾਂ ਵਿਚੋਂ ਕਿਸ ਵਿਅਕਤੀ ਨੇ ਤੇਰੇ ਨਾਲ ਜ਼ਬਰਦਸਤੀ ਕੀਤੀ ਸੀ।'' ਉਸ ਨੇ ਤੜਾਕ ਉੱਤਰ ਦਿੱਤਾ, ''ਮੈਂ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਇਹਨਾਂ ਵਿਚ ਉਹ ਵਿਅਕਤੀ ਨਹੀਂ ਹੈ ਜਿਸ ਨੇ ਮੇਰੇ ਨਾਲ ਜ਼ਬਰਦਸਤੀ ਮੂੰਹ ਕਾਲਾ ਕੀਤਾ ਸੀ। ਮੈਂ ਆਪਣੀ ਪੂਰੀ ਤਰ੍ਹਾਂ ਤਸੱਲੀ ਕਰਕੇ ਹੀ ਤੁਹਾਨੂੰ ਪਹਿਲਾਂ ਉੱਤਰ ਦਿੱਤਾ ਸੀ।'' ਮੁਸਤਗੀਸਾ ਦੇ ਇਸ ਉੱਤਰ ਨਾਲ ਸ਼ਨਾਖਤੀ ਪਰੇਡ ਦੀ ਕਾਰਵਾਈ ਸਮਾਪਤ ਹੋ ਗਈ ਅਤੇ ਸਾਰੇ ਕੈਦੀ ਵਾਪਸ ਆਪਣੀਆਂ ਬੈਰਕਾਂ ਵਿਚ ਚਲੇ ਗਏ।

ਰਾਮਸਰਨ ਦਾਸ ਨੇ ਸ਼ਨਾਖਤੀ ਪਰੇਡ ਦੀ ਕਾਰਵਾਈ ਲਿਖਦਿਆਂ ਸਾਰੀ ਤਫਸੀਲ ਕਲਮਬੰਦ ਕੀਤੀ ਅਤੇ ਅੰਤ ਵਿਚ ਇਹ ਨਿਰਣਾ ਦਿੱਤਾ ਕਿ ਇਹ ਸ਼ਨਾਖਤੀ ਪਰੇਡ ਇਕ ਢੌਂਗ ਹੈ ਅਤੇ ਇਸਦੇ ਅਧਾਰ 'ਤੇ ਇਸ ਮੁਕੱਦਮੇ ਦਾ ਫ਼ੈਸਲਾ ਨਹੀਂ ਹੋਣਾ ਚਾਹੀਦਾ।'' ਇਹ ਰਿਪੋਰਟ ਜਦੋਂ ਸਪੈਸ਼ਲ ਜੱਜ ਕੋਲ ਪੁੱਜੀ ਤਾਂ ਉਸ ਨੇ ਸ਼ਨਾਖਤੀ ਪਰੇਡ ਦਾ ਸਾਰਾ ਵੇਰਵਾ ਪੜ੍ਹ ਕੇ ਮੁਲਜ਼ਮ ਦੀ ਜ਼ਮਾਨਤ ਦੀ ਦਰਖਾਸਤ ਰੱਦ ਕਰ ਦਿੱਤੀ।

ਰਾਮ ਸਰਨ ਦਾਸ ਅਤੇ ਐਡੀਸ਼ਨਲ ਡਿਸਟਰਿਕਟ ਮੈਜਿਸਟਰੇਟ ਅਮਰਨਾਥ ਭੋਇਲ, ਨਾਲੋ ਨਾਲ ਲੱਗਦੀਆਂ ਕੋਠੀਆਂ ਵਿਚ ਰਹਿੰਦੇ ਸਨ ਅਤੇ ਦੋਨੋਂ ਛੜੇ ਛਾਂਟ ਹੋਣ ਕਾਰਨ ਸ਼ਾਮ ਦੀ ਚਾਹ ਇਕੱਠੇ ਹੀ ਪੀਂਦੇ ਸਨ। ਸ਼ਾਮ ਨੂੰ ਜਦੋਂ ਦੋਨੋਂ ਚਾਹ 'ਤੇ ਇਕੱਠੇ ਹੋਏ ਤਾਂ ਭੋਇਲ ਨੇ ਪੈਂਦੀ ਸੱਟੇ ਕਿਹਾ, ''ਦਾਸ ਸਾਹਿਬ, ਤੁਸੀਂ ਅੱਜ ਕੀ ਲੋਹੜਾ ਮਾਰਿਆ ਹੈ?'' ਦਾਸ ਨੇ ਹੈਰਾਨ ਹੋ ਕੇ ਪੁੱਛਿਆ, ''ਕਿਉਂ ਕੀ ਗੱਲ ਹੋ ਗਈ?'' ਉਸ ਨੇ ਕਿਹਾ, ''ਤੁਸੀਂ ਸ਼ਨਾਖਤੀ ਪਰੇਡ ਰੱਦ ਕਰਕੇ ਆਪਣੇ ਗਲ਼ ਤਕੜੀ ਮੁਸੀਬਤ ਪਾ ਲਈ ਹੈ।'' ਦਾਸ ਨੇ ਬੇਪਰਵਾਹੀ ਨਾਲ ਉੱਤਰ ਦਿੱਤਾ, ''ਮੁਸੀਬਤ ਵਾਲੀ ਕਿਹੜੀ ਗੱਲ ਹੈ? ਮੈਂ ਜੋ ਠੀਕ ਸਮਝਿਆ ਉਹ ਆਪਣੀ ਰਿਪੋਰਟ ਵਿਚ ਦਰਜ ਕਰ ਦਿੱਤਾ। ਮੈਂ ਕੋਈ ਗ਼ਲਤ ਕੰਮ ਨਹੀਂ ਕੀਤਾ। ਇਸ ਨਾਲ ਮੁਸੀਬਤ ਕਿਵੇਂ ਖੜ੍ਹੀ ਹੋ ਜਾਵੇਗੀ?'' ਭੋਇਲ ਨੇ ਬੜੇ ਰਾਜ਼ਦਾਰਾਨਾ ਲਹਿਜੇ ਵਿਚ ਕਿਹਾ, ''ਮੁਸੀਬਤ ਕਿਉਂ ਨਹੀਂ ਖੜ੍ਹੀ ਹੋਵੇਗੀ? ਤੁਸੀਂ ਸਾਹਿਬਜ਼ਾਦੇ ਦੇ ਹੁਕਮ ਅਤੇ ਇੱਛਾ ਦੀ ਅਣਦੇਖੀ ਕੀਤੀ ਹੈ। ਇਸ ਲਈ ਤੁਹਾਨੂੰ ਹੁਣ ਤਕੜੀ ਸਜ਼ਾ ਭੁਗਤਣੀ ਪਵੇਗੀ। ਤੁਸੀਂ ਨਹੀਂ ਜਾਣਦੇ ਕਿ ਤੁਸੀਂ ਸਾਹਿਬਜ਼ਾਦੇ ਦਾ ਕਿੰਨਾ ਵੱਡਾ ਨੁਕਸਾਨ ਅੱਜ ਕਰ ਛੱਡਿਆ ਹੈ। ਜਿਸ ਵਿਅਕਤੀ ਦੀ ਜ਼ਮਾਨਤ ਦੀ ਦਰਖਾਸਤ ਰੱਦ ਹੋਈ, ਉਸ ਨੇ ਮਾਲ ਮਮਨੂਆ ਦੀ ਇਕ ਵੱਡੀ ਖੇਪ ਲੈ ਕੇ ਅੱਜ ਹੀ ਬੰਬਈ ਰਵਾਨਾ ਹੋਣਾ ਸੀ। ਤੁਸੀਂ ਵਿਆਹ ਵਿਚ ਬੀ ਦਾ ਲੇਖਾ ਖੜ੍ਹਾ ਕਰ ਦਿੱਤਾ ਹੈ। ਰੰਗ ਵਿਚ ਭੰਗ ਪਾਇਆ ਹੈ। ਇਸ ਲਈ ਤੁਸੀਂ ਖਾਮਿਆਜ਼ਾ ਭੁਗਤਣ ਲਈ ਤਿਆਰ ਹੋ ਜਾਓ।'' ਦਾਸ ਨੇ ਹੈਰਾਨ ਹੋ ਕੇ ਪੁੱਛਿਆ, ''ਤੁਹਾਨੂੰ ਕਿਵੇਂ ਪਤਾ ਲੱਗਾ ਕਿ ਉਸ ਮੁਲਜ਼ਮ ਨੇ ਮਾਲ ਦੀ ਖੇਪ ਲੈ ਕੇ ਅੱਜ ਬੰਬਈ ਜਾਣਾ ਸੀ? ਅਤੇ ਇਸ ਨਾਲ ਸਹਿਬਜ਼ਾਦੇ ਦਾ ਤਕੜਾ ਨੁਕਸਾਨ ਹੋ ਗਿਆ ਹੈ। ਮੈਂ ਕਿਸੇ ਦੇ ਨੁਕਸਾਨ ਦੀ ਪਰਵਾਹ ਕੀ ਕਰਾਂ? ਮੈਂ ਤੇ ਜੋ ਸਹੀ ਸੀ, ਉਹ ਲਿਖ ਦਿੱਤਾ। ਇਸ ਨਾਲ ਮੈਨੂੰ ਕਿਉਂ ਕੋਈ ਸਜ਼ਾ ਭੁਗਤਣੀ ਪਵੇਗੀ? ਮੈਂ ਕੋਈ ਕੰਮ ਕਾਨੂੰਨ ਦੇ ਉਲਟ ਤਾਂ ਕੀਤਾ ਨਹੀਂ।'' ਭੋਇਲ ਨੇ ਬੜੇ ਅੰਦਾਜ਼ ਨਾਲ ਕਿਹਾ, ''ਹਮੇ ਮੁਅਤਬਰ ਜ਼ਰਾਏ ਸੇ ਮਾਲੂਮ ਹੂਆ ਹੈ ਕਿ ਉਸ ਵਿਅਕਤੀ ਨੇ ਅੱਜ ਬੰਬਈ ਮਾਲ ਲੈ ਕੇ ਜਾਣਾ ਸੀ। ਇਸ ਨਾਲ ਸਾਹਿਬਜ਼ਾਦੇ ਨੂੰ ਤਕੜਾ ਮਾਲੀ ਫ਼ਾਇਦਾ ਹੋਣਾ ਸੀ'' ਦਾਸ ਨੇ ਪਰਤ ਕੇ ਉੱਤਰ ਦਿੱਤਾ, ''ਮੈਂ ਕੋਈ ਕੰਮ ਕਾਨੂੰਨ ਦੇ ਖ਼ਿਲਾਫ਼ ਤਾਂ ਕੀਤਾ ਨਹੀਂ ਮੈਨੂੰ ਸਜ਼ਾ ਕਿਵੇਂ ਮਿਲ ਜਾਵੇਗੀ? ਭੋਇਲ ਨੇ ਕਿਹਾ, ''ਦਾਸ ਸਾਹਿਬ ਤੁਹਾਡੀ ਸ਼ਨਾਖਤ ਇਕ ਅੜਬੈਂਗ ਅਫ਼ਸਰ ਵਜੋਂ ਤਾਂ ਹੋ ਗਈ ਹੈ, ਹੁਣ ਤੁਸੀਂ ਸਾਹਿਬਜ਼ਾਦੇ ਦੀ ਹੁਕਮ ਅਦੂਲੀ ਦੀ ਸਜ਼ਾ ਭੁਗਤਣ ਲਈ ਤਿਆਰ ਹੋ ਜਾਓ।'' ਦਾਸ ਨੇ, ਲਾਪਰਵਾਹੀ ਨਾਲ ਉੱਤਰ ਦਿੱਤਾ, ''ਦੇਖੀ ਜਾਏਗੀ, ਮੈਂ ਦੇਖਾਂਗਾ ਕਿ ਕਿਹੜਾ ਮਾਈ ਦਾ ਲਾਲ ਮੈਨੂੰ ਕਾਨੂੰਨ ਦੀ ਰਖਵਾਲੀ ਕਰਨ ਲਈ ਸਜ਼ਾ ਦੇ ਸਕਦਾ ਹੈ?'' ਗੱਲ ਇੱਥੇ ਆ ਕੇ ਖ਼ਤਮ ਹੋ ਗਈ।

ਰਾਮ ਸਰਨ ਦਾਸ ਅਜੇ ਕਵਾਰਾ ਸੀ। ਇਸ ਲਈ ਉਸ ਦੇ ਵਿਆਹ ਦੀ ਗੱਲਬਾਤ ਚੱਲ ਰਹੀ ਸੀ। ਕਈ ਧਿਰਾਂ ਤੋਂ ਰਿਸ਼ਤੇ ਆ ਰਹੇ ਸਨ। ਇਹਨਾਂ ਵਿਚ ਚੰਗੀਆਂ ਪੜ੍ਹੀਆਂ ਲਿਖੀਆਂ, ਖ਼ੂਬਸੂਰਤ, ਸੁਸ਼ੀਲ ਅਤੇ ਧਨਾਢ ਘਰਾਣਿਆਂ ਦੀਆਂ ਲੜਕੀਆਂ ਸਨ। ਅੰਤ ਵਿਚ ਦਾਸ ਨੇ ਇਕ ਧਿਰ ਨਾਲ ਪੱਕ ਠੱਕ ਕਰ ਗਈ। ਸਗਾਈ ਦਾ ਦਿਨ ਤੈਅ ਹੋ ਗਿਆ। ਦਾਸ ਇਕ ਦਿਨ ਆਪਣੀ ਅਦਾਲਤ ਵਿਚ ਬੈਠਾ ਮੁਕੱਦਮਿਆਂ ਦੀ ਸਮਾਇਤ ਵਿਚ ਰੁੱਝਾ ਹੋਇਆ ਸੀ ਕਿ ਪੰਜਾਬ ਸਰਕਾਰ ਵਲੋਂ ਇਕ ਰਜਿਸਟਰਡ ਲੈਟਰ ਵਸੂਲ ਹੋਇਆ। ਰੀਡਰ ਨੇ ਆਪਣੇ ਹਸਤਾਖ਼ਰ ਕਰਕੇ ਇਹ ਰਜਿਸਟਰਡ ਪਰਵਾਨਾ ਵਸੂਲ ਕਰ ਲਿਆ ਅਤੇ ਵਸੂਲਣ ਤੋਂ ਬਾਅਦ ਇਹ ਖ਼ਤ ਦਾਸ ਵੱਲ ਸਰਕਾ ਦਿੱਤਾ। ਦਾਸ ਨੇ ਖੋਲ੍ਹਿਆ ਤਾਂ ਉਸ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ। ਇਸ ਖ਼ਤ ਵਿਚ ਲਿਖਿਆ ਹੋਇਆ ਸੀ, ''ਸਰਕਾਰ ਨੂੰ ਤੁਹਾਡੀਆਂ ਸੇਵਾਵਾਂ ਦੀ ਲੋੜ ਨਹੀਂ।'' (ਯੋਰ ਸਰਵਿਸਜ਼ ਆਰ ਨੋ ਲੌਂਗਰ ਰੀਕੁਆਇਰਡ।) ਇਸ ਇਕ ਸਤਰ ਦੇ ਖਤ ਨੇ ਦਾਸ ਦੇ ਹੋਸ਼ ਹਵਾਸ ਗੁੰਮ ਕਰ ਦਿੱਤੇ। ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਅਜੇ ਉਹ ਹਵਾਸ ਬਾਖਤਾ ਬੈਠਾ ਹੀ ਸੀ ਕਿ ਉਹ ਧਿਰ ਵੀ ਆ ਗਈ ਜਿਸ ਦੀ ਧੀ ਧਿਆਣੀ ਨਾਲ ਸਬੰਧ ਜੋੜਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਸਨ। ਉਹ ਸਗਾਈ ਦੀਆਂ ਤਿਆਰੀਆਂ ਦਾ ਵੇਰਵਾ ਤੈਅ ਕਰਨ ਅਤੇ ਉਹ ਸ਼ੁਭ ਦਿਨ ਨਿਸ਼ਚਿਤ ਕਰਨ ਆਏ ਸਨ। ਅਜੇ ਉਹਨਾਂ ਨੇ ਗੱਲ ਛੇੜੀ ਹੀ ਸੀ ਕਿ ਦਾਸ ਨੇ ਚੁੱਪ ਚੁਪੀਤੇ ਸਰਕਾਰੀ ਪਰਵਾਨਾ ਉਹਨਾਂ ਦੇ ਅੱਗੇ ਧਰ ਦਿੱਤਾ। ਉਹ ਪਰਵਾਨਾ ਪੜ੍ਹਦੇ ਸਾਰ ਹੀ ਸੁੰਨ ਹੋ ਗਏ ਅਤੇ ਅੱਗੋਂ ਕੋਈ ਗੱਲ ਬਾਤ ਕੀਤੇ ਬਗੈਰ ਜਿਨ੍ਹੀਂ ਪੈਰੀਂ ਆਏ ਸੀ, ਉਨ੍ਹੀਂ ਪੈਰੀਂ ਮੁੜ ਗਏ। ਦਾਸ ਨੇ ਚਪੜਾਸੀ ਤੋਂ ਠੰਡੇ ਪਾਣੀ ਦਾ ਇਕ ਗਲਾਸ ਮੰਗਵਾਇਆ ਅਤੇ ਪੀ ਕੇ ਸਾਈਕਲ 'ਤੇ ਸਵਾਰ ਹੋ ਕੇ ਘਰ ਪਰਤ ਆਇਆ ਅਤੇ ਚਲਣ ਤੋਂ ਪਹਿਲਾਂ ਰੀਡਰ ਨੂੰ ਹਦਾਇਤ ਕਰ ਦਿੱਤੀ ਕਿ ਸਾਰੇ ਮੁਕੱਦਮੇ ਜਿਹਨਾਂ ਦੀ ਉਸ ਦਿਨ ਤਾਰੀਖ ਲੱਗੀ ਹੋਈ ਸੀ, ਉਹਨਾਂ ਨੂੰ ਮੁਲਤਵੀ ਕਰਕੇ ਨਵੀਆਂ ਤਾਰੀਖਾਂ ਪਾ ਦਿੱਤੀਆਂ ਜਾਣ।



ਰਾਮ ਸਰਨ ਦਾਸ

ਸ਼ਾਮ ਤੱਕ ਸਾਰੇ ਸ਼ਹਿਰ ਵਿਚ ਇਹ ਖ਼ਬਰ ਧੁੰਮ ਚੁੱਕੀ ਸੀ। ਦਫਤਰ ਬੰਦ ਹੋਣ ਬਾਅਦ ਸਾਰੇ ਯਾਰ ਦੋਸਤ ਦਾਸ ਦੀ ਕੋਠੀ 'ਤੇ ਜਮ੍ਹਾਂ ਹੋ ਗਏ ਅਤੇ ਸਲਾਹ ਮਸ਼ਵਰੇ ਹੋਣ ਲੱਗੇ ਕਿ ਕਿਸ ਤਰ੍ਹਾਂ ਇਸ ਮੁਸੀਬਤ ਤੋਂ ਛੁਟਕਾਰਾ ਪਾਇਆ ਜਾਵੇ। ਆਖ਼ਰ ਫ਼ੈਸਲਾ ਹੋਇਆ ਕਿ ਇਸ ਨਾਦਰ ਸ਼ਾਹੀ ਹੁਕਮ ਨੂੰ ਪੰਜਾਬ ਹਾਈਕੋਰਟ ਵਿਚ ਚੁਣੌਤੀ ਦਿੱਤੀ ਜਾਵੇ। ਅਗਲੇ ਹੀ ਦਿਨ ਦਾਸ ਆਪਣੇ ਦੋ ਦੋਸਤਾਂ ਨਾਲ ਚੰਡੀਗੜ੍ਹ ਪਹੁੰਚ ਗਿਆ ਅਤੇ ਚੰਡੀਗੜ੍ਹ ਵਿਚਲੇ ਦੋਸਤਾਂ ਨਾਲ ਸਲਾਹ ਮਸ਼ਵਰਾ ਕਰਕੇ ਇਕ ਵਕੀਲ ਨੂੰ ਆਪਣਾ ਸਾਰਾ ਕਿੱਸਾ ਜਾ ਸੁਣਾਇਆ। ਵਕੀਲ ਵੀ ਸਾਰੀ ਰਾਮ ਕਹਾਣੀ ਸੁਣ ਕੇ ਬੜਾ ਹੈਰਾਨ ਹੋਇਆ। ਭਾਰਤ ਦੇ ਸੰਵਿਧਾਨ ਦੀ ਧਾਰਾ 311 (1) ਵਿਚ ਪਬਲਿਕ ਸਰਵੈਂਟ ਨੂੰ ਵਿਸ਼ੇਸ਼ ਪ੍ਰੋਟੈਕਸ਼ਨ ਦਿੱਤੀ ਗਈ ਹੈ ਤਾਂ ਜੋ ਕੋਈ ਤਾਨਾਸ਼ਾਹ ਕਿਸੇ ਪਬਲਿਕ ਸਰਵੈਂਟ ਨੂੰ ਡਰਾ ਧਮਕਾ ਕੇ ਆਪਣਾ ਉੱਲੂ ਸਿੱਧਾ ਕਰਨ ਲਈ ਨਾ ਵਰਤ ਸਕੇ। ਇਸ ਉਪਬੰਧ ਅਨੁਸਾਰ ਕਿਸੇ ਵੀ ਪਬਲਿਕ ਸਰਵੈਂਟ ਨੂੰ ਉਸ ਦੀ ਨੌਕਰੀ ਤੋਂ ਉਨਾ ਚਿਰ ਬਰਖ਼ਾਸਤ ਨਹੀਂ ਕੀਤਾ ਜਾ ਸਕਦਾ ਜਿੰਨਾ ਚਿਰ ਤੱਕ ਕਿ ਉਸ ਨੂੰ ਕਸੂਰ ਨਾ ਦੱਸਿਆ ਜਾਵੇ ਅਤੇ ਉਸ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਪੂਰਾ ਮੌਕਾ ਨਾ ਦਿੱਤਾ ਜਾਵੇ। ਸਰਕਾਰ ਦਾ ਰਾਮਸਰਨ ਦਾਸ ਦੀਆਂ ਸੇਵਾਵਾਂ ਸਮਾਪਤ ਕਰਨ ਦਾ ਆਦੇਸ਼ ਇਸ ਸੰਵਿਧਾਨਕ ਉਪਬੰਧ ਦੀ ਖੁੱਲ੍ਹ-ਮ-ਖੁੱਲ੍ਹਾ ਉਲੰਘਣਾ ਸੀ। ਵਕੀਲ ਨੇ ਦਾਸ ਨੂੰ ਆਪਣਾ ਸਾਰਾ ਸਰਵਿਸ ਰਿਕਾਰਡ ਲਿਆਉਣ ਅਤੇ ਇਹ ਪਤਾ ਕਰਨ ਦੀ ਸਲਾਹ ਦਿੱਤੀ ਕਿ ਆਖ਼ਰ ਸਰਕਾਰ ਨੇ ਕਿਸ ਅਧਾਰ 'ਤੇ ਇਹ ਆਦੇਸ਼ ਜਾਰੀ ਕੀਤਾ ਸੀ। ਦਾਸ ਨੇ ਆਪਣੇ ਚੰਡੀਗੜ੍ਹ ਵਾਲੇ ਦੋਸਤਾਂ ਅਤੇ ਵਾਕਿਫਕਾਰਾਂ ਨੂੰ ਸਾਰੀ ਕਾਰਵਾਈ ਦਾ ਨਿਮਾ ਖਿਮਾ ਲਗਾਉਣ ਦੀ ਬੇਨਤੀ ਕੀਤੀ ਤਾਂ ਪਤਾ ਲੱਗਾ ਕਿ ਮੁੱਖ ਮੰਤਰੀ ਨੇ ਅਚਾਨਕ ਇਸ ਦਿਨ ਦਾਸ ਦੀ ਫ਼ਾਈਲ ਤਲਬ ਕਰਕੇ ਉਸ ਨੂੰ ਸੇਵਾ ਮੁਕਤ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਸਨ। ਦਫਤਰ ਵਲੋਂ ਅਜਿਹੀ ਕੋਈ ਤਜਵੀਜ਼ ਮੁੱਖ ਮੰਤਰੀ ਨੂੰ ਨਹੀਂ ਭੇਜੀ ਗਈ ਸੀ ਅਤੇ ਨਾ ਹੀ ਫੀਲਡ ਵਿਚੋਂ ਕਿਸੇ ਅਫਸਰ ਨੇ ਅਜਿਹੀ ਤਜਵੀਜ਼ ਭੇਜੀ ਸੀ। ਮੁੱਖ ਮੰਤਰੀ ਦਾ ਇਹ ਆਦੇਸ਼ ਜਦੋਂ ਮੁੱਖ ਸਕੱਤਰ ਕੋਲ ਪੁੱਜਾ ਤਾਂ ਉਹ ਵੀ ਬਹੁਤ ਹੈਰਾਨ ਅਤੇ ਪ੍ਰੇਸ਼ਾਨ ਹੋਇਆ। ਉਸ ਨੇ ਕੁਛ ਦਿਨ ਫਾਈਲ ਆਪਣੇ ਪਾਸ ਰੱਖੀ ਅਤੇ ਹੇਠਾਂ ਦਫਤਰ ਵਿਚ ਨਾ ਭੇਜੀ। ਮੁੱਖ ਸਕੱਤਰ ਈ. ਐਨ. ਮੰਗਤਰਾਏ ਬੜਾ ਸੁੱਘੜ, ਸਿਆਣਾ ਅਤੇ ਇਨਸਾਫ ਪਸੰਦ ਅਫ਼ਸਰ ਸੀ। ਉਸ ਨੇ ਮਿਸਲ 'ਤੇ ਟਿੱਪਣੀ ਕੀਤੀ ਕਿ ਸ਼ਾਇਦ ਮੁੱਖ ਮੰਤਰੀ ਜੀ ਤੋਂ ਉਕਤ ਆਦੇਸ਼ ਬੇਧਿਆਨੀ ਵਿਚ ਪਾਸ ਹੋ ਗਿਆ ਹੈ। ਇਸ ਅਫਸਰ ਦੇ ਖ਼ਿਲਾਫ਼ ਸਰਕਾਰੀ ਰਿਕਾਰਡ ਵਿਚ ਅਜਿਹੀ ਕੋਈ ਸਮੱਗਰੀ ਨਹੀਂ ਜਿਸ ਦੇ ਅਧਾਰ 'ਤੇ ਇਸ ਵਿਰੁੱਧ ਅਜਿਹੀ ਸਖ਼ਤ ਕਾਰਵਾਈ ਕੀਤੀ ਜਾਵੇ। ਜਾਪਦਾ ਹੈ ਕਿ ਮੁੱਖ ਮੰਤਰੀ ਜੀ ਪਾਸੋਂ ਇਹ ਆਦੇਸ਼ ਬੇਧਿਆਨੀ ਵਿਚ ਜਾਰੀ ਹੋ ਗਿਆ ਹੈ, ਇਸ ਲਈ ਇਸ 'ਤੇ ਪੁਨਰ ਵਿਚਾਰ ਲਈ ਫਾਈਲ ਦੁਬਾਰਾ ਮੁੱਖ ਮੰਤਰੀ ਸਾਹਿਬ ਨੂੰ ਯੋਗ ਆਦੇਸ਼ ਲਈ ਪੇਸ਼ ਕੀਤੀ ਜਾਂਦੀ ਹੈ।'' ਮੁੱਖ ਮੰਤਰੀ ਜੀ ਨੇ ਫਾਈਲ ਪੁੱਜਦਿਆਂ ਹੀ ਉਸ 'ਤੇ ਟਿੱਪਣੀ ਕੀਤੀ, ''ਮੈਂ ਆਪਣੇ ਪੂਰੇ ਹੋਸ਼ ਹਵਾਸ ਵਿਚ ਇਹ ਆਦੇਸ਼ ਦਿੱਤੇ ਹਨ। ਇਹਨਾਂ ਦੀ ਤੁਰੰਤ ਪਾਲਣਾ ਕੀਤੀ ਜਾਵੇ।'' ਇਹਨਾਂ ਆਦੇਸ਼ਾਂ ਨਾਲ ਮਿਸਲ ਵਾਪਸ ਆ ਗਈ ਅਤੇ ਦਾਸ ਦੀ ਸੇਵਾ ਮੁਕਤੀ ਦੇ ਆਰਡਰ ਜਾਰੀ ਹੋ ਗਏ। ਇਹ ਸਾਰੀ ਵਿੱਥਿਆ ਨੇ ਵਕੀਲ ਨੂੰ ਵੀ ਹੈਰਾਨ ਅਤੇ ਪ੍ਰੇਸ਼ਾਨ ਕਰ ਦਿੱਤਾ। ਉਸ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਹਾਈਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਹਾਈਕੋਰਟ ਨੇ ਰਿੱਟ 'ਤੇ ਵਿਚਾਰ ਕਰਨ ਉਪਰੰਤ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ।

ਸਰਕਾਰ ਨੇ ਆਪਣੇ ਉੱਤਰ ਵਿਚ ਕਿਹਾ ਕਿ ਇਸ ਅਫਸਰ ਨੇ ਦੂਸਰੇ ਮੈਜਿਸਟਰੇਟਾਂ ਨਾਲ ਮਿਲ ਕੇ ਇਕ ਜੁੰਡਲੀ ਬਣਾਈ ਹੋਈ ਸੀ ਜਿਸ ਦਾ ਕੰਮ ਹਰ ਹੀਲੇ ਪੁਲਿਸ ਦੀ ਮੁਖ਼ਾਲਫ਼ਤ ਕਰਨਾ ਸੀ ਅਤੇ ਅਮਨ ਕਾਨੂੰਨ ਦੀ ਸਥਾਪਨਾ ਦੇ ਰਸਤੇ ਵਿਚ ਰੋੜੇ ਅਟਕਾਉਣਾ ਸੀ। ਇਹ ਅਫਸਰ ਅਜੇ ਕਨਫਰਮ ਨਹੀਂ ਹੋਇਆ ਅਤੇ ਇਸ ਲਈ ਸਰਕਾਰ ਇਸ ਨੂੰ ਬਿਨਾ ''ਕਾਰਨ ਦੱਸੋ ਨੋਟਿਸ'' ਜਾਰੀ ਕੀਤੇ ਇਸ ਦੀਆਂ ਸੇਵਾਵਾਂ ਸਮਾਪਤ ਕਰਨ ਦੀ ਮਜਾਜ਼ ਹੈ।'' ਵਕੀਲ ਨੇ ਬਥੇਰਾ ਰੌਲਾ ਪਾਇਆ। ਕਈ ਦਲੀਲਾਂ ਦਿੱਤੀਆਂ ਪਰ ਹਾਈਕੋਰਟ ਨੇ ਸਭ ਦਲੀਲਾਂ ਅਣਸੁਣੀਆਂ ਕਰਕੇ ਸਰਕਾਰ ਦਾ ਆਦੇਸ਼ ਬਹਾਲ ਰੱਖਿਆ। ਹੁਣ ਦਾਸ 'ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਜਮਾਂ ਪੂੰਜੀ ਵਕੀਲ ਦੀਆਂ ਫੀਸਾਂ ਵਿਚ ਚਲੀ ਗਈ ਸੀ। ਇਸ ਲਈ ਉਹ ਹਿਸਾਰ ਤੋਂ ਬੋਰੀਆ ਬਿਸਤਰਾ ਸਮੇਟ ਕੇ ਆਪਣੇ ਪਿੰਡ ਸੂੰਢ (ਜ਼ਿਲ੍ਹਾ ਜਲੰਧਰ) ਚਲਾ ਗਿਆ। ਇਹ ਪਿੰਡ ਬੰਗੇ ਦੇ ਲਾਗੇ ਹੈ। ਹੁਣ ਉਸ ਪਾਸ ਕੋਈ ਹੋਰ ਚਾਰਾ ਨਹੀਂ ਸੀ ਸਿਵਾਏ ਇਸਦੇ ਕਿ ਹਾਈਕੋਰਟ ਦੇ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਪੀਲ ਕਰੇ। ਪਰ ਪੈਸਾ ਧੇਲਾ ਕੋਈ ਨਹੀਂ ਸੀ ਅਤੇ ਘਰੋਂ ਵੀ ਏਨਾ ਅਮੀਰ ਨਹੀਂ ਸੀ ਕਿ ਸੁਪਰੀਮ ਕੋਰਟ ਦੇ ਵਕੀਲਾਂ ਦੀਆਂ ਫੀਸਾਂ ਦੇ ਸਕੇ। ਇਸ ਲਈ ਉਸ ਨੇ ਆਪਣਾ ਮੁਕੱਦਮਾ ਆਪ ਲੜਨ ਦਾ ਫ਼ੈਸਲਾ ਕੀਤਾ। ਉਸ ਦੀ ਅਪੀਲ ਪੜ੍ਹ ਕੇ ਸੁਪਰੀਮ ਕੋਰਟ ਦੇ ਜੱਜ ਵੀ ਹੈਰਾਨ ਰਹਿ ਗਏ। ਪੰਜਾਬ ਸਰਕਾਰ ਨੂੰ ਫੇਰ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕਰ ਦਿੱਤਾ। ਪੰਜਾਬ ਸਰਕਾਰ ਨੇ ਉਹੀਓ ਜਵਾਬ ਦਾਗ ਦਿੱਤਾ ਜੋ ਹਾਈਕੋਰਟ ਵਿਚ ਦਿੱਤਾ ਸੀ। ਸੁਪਰੀਮ ਕੋਰਟ ਦੇ ਜੱਜਾਂ ਨੇ ਦਾਸ ਨੂੰ ਪੁੱਛਿਆ, ''ਕੀ ਤੁਹਾਨੂੰ ਸਰਕਾਰ ਨੇ ਕਦੇ ਇਹ ਪੁੱਛਿਆ ਸੀ ਕਿ ਤੁਸੀਂ ਪੁਲਿਸ ਵਿਰੁੱਧ ਜੁੰਡਲੀ ਕਿਉਂ ਬਣਾਈ ਹੋਈ ਸੀ?'' ਤਾਂ ਦਾਸ ਨੇ ਨਾਂਹ ਵਿਚ ਉੱਤਰ ਦਿੱਤਾ। ਦਾਸ ਨੇ ਇਹ ਵੀ ਕਿਹਾ ਕਿ ਭਾਵੇਂ ਮੈਨੂੰ ਸਰਕਾਰ ਨੇ ਕਨਫਰਮ ਨਹੀਂ ਸੀ ਕੀਤਾ ਪਰ ਮੇਰਾ ਪ੍ਰੋਬੇਸ਼ਨ ਪੀਰੀਅਡ ਕਦੋ ਦਾ ਲੰਘ ਚੁੱਕਾ ਹੈ।'' ਸੁਪਰੀਮ ਕੋਰਟ ਨੇ ਕੇਸ ਹਾਈਕੋਰਟ ਨੂੰ ਰੀਮਾਂਡ ਕਰ ਦਿੱਤਾ ਅਤੇ ਇਹ ਟਿੱਪਣੀ ਕੀਤੀ ਕਿ ਇਸ ਅਫ਼ਸਰ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਪੂਰਾ ਪੂਰਾ ਮੌਕਾ ਦਿੱਤਾ ਜਾਵੇ।'' ਜਦੋਂ ਇਹ ਆਦੇਸ਼ ਪਾਸ ਹੋਇਆ ਤਾਂ ਦਾਸ ਨੇ ਕਿਹਾ, ''ਮਾਈਲਾਰਡ, ਓਥੇ ਮੇਰੇ ਨਾਲ ਫੇਰ ਇਨਸਾਫ ਨਹੀਂ ਹੋਣਾ। ਕਿਰਪਾ ਕਰਕੇ ਤੁਸੀਂ ਇਸ ਮੁਕੱਦਮੇ ਦੀ ਸਮਾਇਤ ਆਪ ਹੀ ਕਰਕੇ ਯੋਗ ਫ਼ੈਸਲਾ ਕਰ ਦੇਵੋ।'' ਸੁਪਰੀਮ ਕੋਰਟ ਦੇ ਜੱਜਾਂ ਨੇ ਕਿਹਾ, ''ਮਿਸਟਰ ਦਾਸ, ਅਸੀਂ ਇਹੋ ਤਾਂ ਦੇਖਣਾ ਚਾਹੁੰਦੇ ਹਾਂ ਕਿ ਹਾਈਕੋਰਟ ਕਾਨੂੰਨ ਦੀ ਪਾਲਣਾ ਕਿਵੇਂ ਕਰਦੀ ਹੈ। ਜੇ ਕੋਈ ਗੱਲ ਕਾਨੂੰਨ ਦੇ ਵਿਰੁੱਧ ਹੋਈ ਤਾਂ ਅਸੀਂ ਬੈਠੇ ਹਾਂ।''

ਮੁਕੱਦਮਾ ਫੇਰ ਹਾਈਕੋਰਟ ਵਿਚ ਆ ਗਿਆ ਅਤੇ ਦਾਸ ਫੇਰ ਆਪਣੇ ਮੁਕੱਦਮੇ ਦੀ ਪੈਰਵੀ ਲਈ ਹਾਈਕੋਰਟ ਵਿਚ ਪੇਸ਼ ਹੋ ਗਿਆ। ਹਾਈਕੋਰਟ ਨੇ ਇਹ ਫ਼ੈਸਲਾ ਕੀਤਾ ਕਿ ਜਿਸ ਅਫਸਰ ਨੇ ਦਾਸ ਦੇ ਸਬੰਧ ਵਿਚ ਇਹ ਟਿੱਪਣੀ ਕੀਤੀ ਸੀ ਕਿ ਇਹ ਪੁਲਸ ਵਿਰੁੱਧ ਜੁੰਡਲੀ ਬਣਾ ਕੇ ਪੁਲਿਸ ਨੂੰ ਪ੍ਰੇਸ਼ਾਨ ਕਰਦਾ ਸੀ, ਉਹਨਾਂ ਨੂੰ ਬੁਲਾਇਆ ਜਾਵੇ ਅਤੇ ਦਾਸ ਨੂੰ ਉਹਨਾਂ ਉੱਤੇ ਜਿਰਹ ਕਰਨ ਦਾ ਮੌਕਾ ਦਿੱਤਾ ਜਾਵੇ। ਪੰਜਾਬ ਸਰਕਾਰ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਤਦੋਕੇ ਡਿਪਟੀ ਕਮਿਸ਼ਨਰ ਭੀਮ ਸਿੰਘ ਅਤੇ ਪੁਲਿਸ ਕਪਤਾਨ ਪੂਰਨ ਸਿੰਘ ਨੂੰ ਤਲਬ ਕੀਤਾ। ਦਾਸ ਨੇ ਡਿਪਟੀ ਕਮਿਸ਼ਨਰ ਤੇ ਜਿਰਹ ਕਰਦਿਆਂ ਪੁੱਛਿਆ, ''ਕੀ ਤੁਹਾਡੇ ਪਾਸ ਮੇਰੇ ਵਿਰੁੱਧ ਕਿਸੇ ਨੇ ਸ਼ਿਕਾਇਤ ਕੀਤੀ ਸੀ ਕਿ ਮੈਂ ਪੁਲਿਸ ਨੂੰ ਦੂਸਰੇ ਮੈਜਿਸਟਰੇਟਾਂ ਨਾਲ ਮਿਲ ਕੇ ਪ੍ਰੇਸ਼ਾਨ ਕਰਦਾ ਹਾਂ ਅਤੇ ਜੇ ਅਜਿਹਾ ਸੀ ਤਾਂ ਕੀ ਤੁਸੀਂ ਕਦੀ ਮੈਥੋਂ ਇਸ ਸਬੰਧੀ ਪੁੱਛਗਿੱਛ ਕੀਤੀ ਸੀ?'' ਡਿਪਟੀ ਕਮਿਸ਼ਨਰ ਨੇ ਉੱਤਰ ਦਿੱਤਾ, ''ਨਹੀਂ ਮੇਰੇ ਪਾਸ ਅਜਿਹੀ ਕੋਈ ਸ਼ਿਕਾਇਤ ਨਹੀਂ ਪੁੱਜੀ ਸੀ ਅਤੇ ਨਾ ਹੀ ਮੈਂ ਇਸ ਸਬੰਧੀ ਕਦੀ ਤੁਹਾਨੂੰ ਕੋਈ ਤਾੜਨਾ ਕੀਤੀ ਸੀ। ਮੈਨੂੰ ਤਾਂ ਪੁਲਿਸ ਕਪਤਾਨ ਨੇ ਇਕ ਵਾਰ ਕਿਹਾ ਸੀ ਕਿ ਤੁਸੀਂ ਪੁਲਿਸ ਨੂੰ ਬਹੁਤ ਪ੍ਰੇਸ਼ਾਨ ਕਰਦੇ ਹੋ ਅਤੇ ਬਹੁਤਿਆਂ ਮੁਕੱਦਮਿਆਂ ਵਿਚ ਤੁਸੀਂ ਮੁਲਜ਼ਮਾਂ ਨੂੰ ਬਰੀ ਕਰ ਦਿੰਦੇ ਹੋ। ਇਸ ਲਈ ਮੈਂ ਤੁਹਾਡੀ ਸਲਾਨਾ ਰਿਪੋਰਟ ਵਿਚ ਇਹ ਟਿੱਪਣੀ ਕਰ ਦਿੱਤੀ ਸੀ।'' ਦਾਸ ਨੇ ਕਿਹਾ, ''ਮਾਈ ਲਾਰਡ ਕੀ ਮੁਕੱਦਮੇ ਦਾ ਫੈਸਲਾ ਤੱਥਾਂ ਦੇ ਅਧਾਰ 'ਤੇ ਹੋਣਾ ਚਾਹੀਦਾ ਹੈ ਜਾਂ ਕਿ ਪੁਲਿਸ ਦੀਆਂ ਇੱਛਾਵਾਂ ਅਨੁਸਾਰ?'' ਹਾਈਕੋਰਟ ਨੇ ਪੁਲਿਸ ਕਪਤਾਨ ਨੂੰ ਤਲਬ ਕੀਤਾ। ਦਾਸ ਨੇ ਜਿਰਹ ਕਰਦਿਆਂ ਪੁੱਛਿਆ, ''ਕੀ ਇਹ ਠੀਕ ਹੈ ਕਿ ਤੁਸੀਂ ਇਕ ਮੁਕੱਦਮਾ ਖੜ੍ਹਾ ਕੀਤਾ ਸੀ ਜਿਸ ਵਿਚ ਇਕ ਆਦਮੀ 'ਤੇ ਕਤਲ ਦਾ ਇਲਜ਼ਾਮ ਸੀ ਅਤੇ ਜਦੋਂ ਸਾਰੀਆਂ ਗਵਾਹੀਆਂ ਉਸ ਵਿਰੁੱਧ ਭੁਗਤ ਗਈਆਂ ਅਤੇ ਅਦਾਲਤ ਉਸ ਨੂੰ ਤੁਹਾਡੇ ਵਲੋਂ ਪੇਸ਼ ਕੀਤੇ ਗਏ ਸਬੂਤਾਂ ਦੇ ਅਧਾਰ 'ਤੇ ਸਜ਼ਾ ਦੇਣ ਦੇ ਮੂਡ ਵਿਚ ਸੀ ਤਾਂ ਕਥਿਤ ਮਕਤੂਲ ਅਦਾਲਤ ਵਿਚ ਪੇਸ਼ ਹੋ ਗਿਆ।'' ਜੱਜਾਂ ਨੇ ਹੈਰਾਨ ਹੋ ਕੇ ਪੁੱਛਿਆ, ''ਕੀ ਮਕਤੂਲ ਅਦਾਲਤ ਵਿਚ ਪੇਸ਼ ਹੋ ਗਿਆ? ਇਹ ਕਿਵੇਂ ਹੋ ਸਕਦਾ ਹੈ?'' ਦਾਸ ਨੇ ਕਿਹਾ, ਮਾਈ ਲਾਰਡ ਪੁਲਿਸ ਕਪਤਾਨ ਸਾਹਿਬ ਤੋਂ ਪੁੱਛਿਆ ਜਾਵੇ ਕਿ ਕੀ ਅਜਿਹਾ ਨਹੀਂ ਸੀ ਹੋਇਆ? ਅਤੇ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਜੇ ਅਜਿਹੇ ਹਾਲਾਤ ਵਿਚ ਪੁਲਿਸ ਦੀ ਚਲਦੀ ਰਹੇ ਤਾਂ ਕੀ ਇਹ ਦੇਸ਼ ਰਹਿਣ ਯੋਗ ਰਹਿ ਜਾਵੇਗਾ?'' ਇਸ ਸਵਾਲ ਦਾ ਉੱਤਰ ਪੁਲਿਸ ਕਪਤਾਨ ਲਈ ਦੇਣਾ ਮੁਸ਼ਕਲ ਹੋ ਗਿਆ। ਉਸ ਨੇ ਕਿਹਾ, ''ਹਾਂ ਕਦੇ ਕਦੇ ਅਜਿਹਾ ਹੋ ਜਾਂਦਾ ਹੈ। ਪਰ ਇਸ ਦੇ ਬਾਵਜੂਦ ਸਰਕਾਰ ਨੇ ਮੈਨੂੰ ਤਰੱਕੀ ਦੇ ਦਿੱਤੀ ਸੀ।'' ਜੱਜਾਂ ਨੇ ਇਹ ਸੁਣਦੇ ਸਾਰ ਕਿਹਾ, ''ਸਰਕਾਰੀ ਵਕੀਲ ਇਹ ਗੱਲ ਨੋਟ ਕਰੇ ਕਿ ਜੇ ਪੁਲਿਸ ਏਦਾਂ ਦੀਆਂ ਕਾਰਵਾਈਆਂ ਕਰੇਗੀ ਤਾਂ ਇਸ ਦੇਸ਼ ਵਿਚ ਅਮਨ ਕਾਨੂੰਨ ਦੀ ਹਾਲਤ ਕਦੇ ਨਹੀਂ ਸੁਧਰ ਸਕਦੀ। ਸਰਕਾਰ ਤੱਕ ਸਾਡਾ ਇਹ ਪ੍ਰੇਖਣ ਪਹੁੰਚਾ ਦਿੱਤਾ ਜਾਵੇ ਕਿ ਸਾਡੇ ਦੇਸ਼ ਨੂੰ ਦਾਸ ਵਰਗੇ ਅਫਸਰਾਂ ਦੀ ਲੋੜ ਹੈ।'' ਇਸ ਨਾਲ ਮੁਕੱਦਮੇ ਦਾ ਫੈਸਲਾ ਹੋ ਗਿਆ ਅਤੇ ਰਾਮ ਸਰਨ ਦਾਸ ਆਪਣੀ ਨੌਕਰੀ 'ਤੇ ਬਹਾਲ ਹੋ ਗਿਆ।

ਇਸ ਸੰਘਰਸ਼ ਵਿਚ ਤਿੰਨ ਸਾਲ ਬੀਤ ਗਏ। ਰਾਮ ਸਰਨ ਦਾਸ 1962 ਵਿਚ ਆਪਣੀ ਨੌਕਰੀ ਤੋਂ ਬਰਖ਼ਾਸਤ ਹੋਇਆ ਸੀ ਅਤੇ ਉਸ ਦੀ ਬਹਾਲੀ 1965 ਵਿਚ ਹੋਈ। ਪਰ ਉਹ ਅਜਿਹਾ ਲੀਹੋਂ ਲੱਥਾ ਕਿ ਸਾਰੀ ਉਮਰ ਉਸਦਾ ਵਿਆਹ ਨਾ ਹੋਇਆ ਅਤੇ ਉਹ ਅੱਜ ਵੀ ਕਵਾਰਾ ਹੀ ਬੈਠਾ ਹੈ। ਉਸਨੂੰ ਰੀਟਾਇਰ ਹੋਇਆਂ 18 ਸਾਲ ਹੋ ਚੁੱਕੇ ਹਨ ਅਤੇ ਅੱਜ ਕੱਲ੍ਹ ਉਹ ਕੱਲਾ ਵੀਲ੍ਹ ਚੇਅਰ 'ਤੇ ਬੈਠਾ ਆਪਣੇ ਅਧਰੰਗ ਨਾਲ ਸੰਘਰਸ਼ ਕਰ ਰਿਹਾ ਹੈ। ਮੈਂ ਉਸ ਨੂੰ ਪੁੱਛਿਆ, ''ਦਾਸ ਸਾਹਿਬ, ਕਦੇ ਤੁਹਾਨੂੰ ਇਸ ਗੱਲ ਦਾ ਅਫ਼ਸੋਸ ਨਹੀਂ ਹੋਇਆ ਕਿ ਤੁਸੀਂ ਸਾਹਿਬਜ਼ਾਦੇ ਨਾਲ ਪੰਗਾ ਲੈ ਕੇ ਏਨਾ ਵੱਡਾ ਮੁੱਲ ਤਾਰਨ ਵਿਚ ਗ਼ਲਤੀ ਕੀਤੀ?'' ਦਾਸ ਨੇ ਉੱਤਰ ਦਿੱਤਾ, ''ਦੇਖੋ ਮੇਰੇ ਪਿਤਾ ਜੀ ਦੇਸ਼ ਭਗਤ ਸਨ। ਉਹਨਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਬਹੁਤ ਸਾਲ ਜੇਲ੍ਹ ਕੱਟੀ। ਉਹਨਾਂ ਨੂੰ ਦੇਸ਼ ਪ੍ਰਤੀ ਆਪਣੀਆਂ ਸੇਵਾਵਾਂ ਸਦਕਾ ਤਾਮਰ ਪੱਤਰ ਵੀ ਮਿਲਿਆ ਅਤੇ ਜੇਲ੍ਹ ਵਿਚ ਪ੍ਰਤਾਪ ਸਿੰਘ ਕੈਰੋਂ ਦੇ ਸਾਥੀ ਵੀ ਸਨ, ਪਰ ਜਦੋਂ ਉਹਨਾਂ ਨੇ ਮੇਰੀ ਵਿੱਥਿਆ ਸੁਣੀ ਤਾਂ ਉਹਨਾਂ ਫਰੀਡਮ ਫਾਈਟਰਜ਼ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਵਾਰ ਵਾਰ ਇਹੋ ਕਹਿੰਦੇ ਸਨ ਕਿ ਕੀ ਮੈਂ ਜੇਲ ਵਿਚ ਆਪਣੀ ਜੂਨ ਇਸ ਲਈ ਗਾਲ਼ੀ ਸੀ ਕਿ ਦੇਸ਼ ਵਿਚ ਇਹੋ ਜਿਹਾ ਰਾਜ ਸਥਾਪਤ ਹੋਵੇ? ਅਜਿਹੀ ਧੱਕੇਸ਼ਾਹੀ ਤਾਂ ਅੰਗਰੇਜ਼ਾਂ ਦੇ ਰਾਜ ਵਿਚ ਵੀ ਨਹੀਂ ਸੀ ਹੁੰਦੀ।'' ਦਾਸ ਨੇ ਇਹ ਕਹਿ ਕੇ ਗੱਲ ਮੁਕਾਈ, ''ਮੈਂ ਆਪਣੇ ਸੰਸਕਾਰਾਂ ਤੋਂ ਕਿਵੇਂ ਪਿੱਛਾ ਛੁਡਾ ਸਕਦਾ ਸਾਂ। ਮੈਨੂੰ ਜੋ ਗੁੜ੍ਹਤੀ ਆਪਣੇ ਬਜ਼ੁਰਗਾਂ ਤੋਂ ਮਿਲੀ ਸੀ ਉਸ ਨੇ ਮੈਨੂੰ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕਰਨ ਲਈ ਮਜਬੂਰ ਕਰ ਦਿੱਤਾ ਸੀ।''

**ਟੇਲ ਪੀਸ:** 1963 ਵਿਚ ਰਾਮ ਸਰਨ ਦਾਸ ਨੂੰ ਅਦਾਲਤ ਨੇ ਗਵਾਹ ਇਸਤਗਾਸਾ ਦੇ ਤੌਰ 'ਤੇ ਗਵਾਹੀ ਲਈ ਬਲਾਤਕਾਰ ਦੇ ਉਕਤ ਮੁਕੱਦਮੇ ਵਿਚ ਤਲਬ ਕੀਤਾ। ਉਸੇ ਦਿਨ ਮੁਸਤਗੀਸਾ ਦੀ ਵੀ ਗਵਾਹੀ ਸੀ। ਅਦਾਲਤ ਨੇ ਉਸ ਨੂੰ ਵੀ ਤਲਬ ਕੀਤਾ ਹੋਇਆ ਸੀ। ਰਾਮ ਸਰਨ ਦਾਸ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਉਹ ਕਾਲੀ ਕਲੂਟੀ ਯੁਵਤੀ ਜਿਸ ਨੇ ਸ਼ਨਾਖਤੀ ਪਰੇਡ ਵਿਚ ਭਾਗ ਲਿਆ ਸੀ, ਉਸ ਦੀ ਥਾਂ ਇਕ ਨੌਜਵਾਨ, ਉੱਚੀ ਲੰਮੀ, ਖ਼ੂਬਸੂਰਤ ਨੱਢੀ ਗਵਾਹੀ ਲਈ ਅਦਾਲਤ ਵਿਚ ਹਾਜ਼ਰ ਸੀ। ਰਾਮ ਸਰਨ ਦਾਸ ਨੇ ਇਹ ਮਾਜਰਾ ਦੇਖਦੇ ਸਾਰ ਹੀ ਅਦਾਲਤ ਨੂੰ ਕਿਹਾ, ''ਇਹ ਮੁਸਤਗੀਸਾ ਜੋ ਅੱਜ ਅਦਾਲਤ ਵਿਚ ਪੇਸ਼ ਹੋਈ, ਇਸ ਨੇ ਉਸ ਸ਼ਨਾਖਤੀ ਪਰੇਡ ਵਿਚ ਭਾਗ ਨਹੀਂ ਸੀ ਲਿਆ ਜੋ ਮੈਂ ਕਰਵਾਈ ਸੀ।'' ਇਹ ਸੁਣਦੇ ਸਾਰ ਹੀ ਪੁਲਿਸ ਤੇ ਤੋਤੇ ਉੱਡ ਗਏ। ਸਰਕਾਰੀ ਵਕੀਲ ਨੇ ਕਿਹਾ, ''ਅਸੀਂ ਰਾਮ ਸਰਨ ਦਾਸ ਦੀ ਗਵਾਹੀ ਨਹੀਂ ਕਰਵਾਉਣਾ ਚਾਹੁੰਦੇ। ਇਸ ਨੂੰ ਬਤੌਰ ਗਵਾਹ ਫ਼ਾਰਗ ਕਰ ਦਿੱਤਾ ਜਾਵੇ।'' ਅਦਾਲਤ ਨੇ ਉਵੇਂ ਹੀ ਆਦੇਸ਼ ਜਾਰੀ ਕਰ ਦਿੱਤਾ। ਤਦ ਰਾਮ ਸਰਨ ਦਾਸ ਨੂੰ ਇਸ ਗੱਲ ਦੀ ਸਮਝ ਪਈ ਕਿ ਪੁਲਿਸ ਅਤੇ ਸਾਰਾ ਅਮਲਾ ਫ਼ੈਲਾ ਉਸ ਦਿਨ ਛੇਤੀ ਤੋਂ ਛੇਤੀ ਸ਼ਨਾਖਤੀ ਪਰੇਡ ਕਿਉਂ ਕਰਵਾਉਣਾ ਚਾਹੁੰਦਾ ਸੀ। ਪਰ ਆਪਣੀ ਕਾਰਵਾਈ ਰਿਪੋਰਟ ਨਾਲ ਦਾਸ ਨੇ ਸਾਰੇ ਕੀਤੇ ਕਰਾਏ 'ਤੇ ਪਾਣੀ ਫੇਰ ਦਿੱਤਾ। ਦਾਸ ਨੂੰ ਫੇਰ ਸਮਝ ਆਈ ਕਿ ਸਰਕਾਰ ਦੀ ਕਰੋਪੀ ਦਾ ਕੀ ਕਾਰਨ ਸੀ?

ਸੰਜੇ ਸਗੰਬਾਈ

# ਗੁਲਾਮੀ ਦੀ ਨਵੀਂ ਇਬਾਰਤ

ਵਿਸ਼ੇਸ਼ ਆਰਥਿਕ ਖੇਤਰ (ਸਪੈਸ਼ਲ ਇਕਨਾਮਿਕ ਜ਼ੋਨ) ਦੇ ਬਾਰੇ ਦਿੱਲੀ ਅਤੇ ਉੱਤਰ ਭਾਰਤ ਦੇ ਪ੍ਰਸਾਰ ਮਾਧਿਅਮ ਅਤੇ ਆਮ ਜਨਤਾ ਵਿਚ ਜਿਸ ਤਰ੍ਹਾਂ ਦੀਆਂ ਚਰਚਾਵਾਂ ਚੱਲ ਰਹੀਆਂ ਹਨ, ਉਸ ਨਾਲ ਜਿਨ੍ਹਾਂ ਵਿਸ਼ੇਸ਼ ਅਤੇ ਆਮ ਵਿਅਕਤੀਆਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਹੈ, ਉਹਨਾਂ ਦੀ ਬੇਚੈਨੀ ਲਗਾਤਾਰ ਵਧ ਰਹੀ ਹੈ। ਵਿਸ਼ੇਸ਼ ਆਰਥਿਕ ਖੇਤਰ (ਸੇਜ਼) ਦੇ ਸਮਰਥਕ ਤਾਂ ਇਸ ਦਾ ਸਮਰਥਨ ਕਰ ਹੀ ਰਹੇ ਹਨ ਪਰ ਸੇਜ਼ ਦਾ ਵਿਰੋਧ ਕਰਨ ਵਾਲੇ ਕਿਸਾਨ ਇਸ ਖੇਤਰ 'ਚ ਕੰਮ ਕਰਨ ਵਾਲੇ ਅਤੇ ਪੱਤਰਕਾਰ ਜਿਸ ਤਰ੍ਹਾਂ ਦੀਆਂ ਦਲੀਲਾਂ ਦੇ ਰਹੇ ਹਨ ਅਤੇ ਇਸ ਤਰ੍ਹਾਂ ਦੀਆਂ ਚਰਚਾਵਾਂ 'ਚ ਟੀ.ਵੀ. ਚੈਨਲਾਂ ਜਾਂ ਅਖਬਾਰੀ ਪੱਤਰਕਾਰ ਅਰਥਾਤ ਐਂਕਰ ਜਿਸ ਤਰ੍ਹਾਂ ਦਾ ਰੋਲ ਨਿਭਾਅ ਰਹੇ ਹਨ ਅਤੇ ਉਹ ਵੀ ਜੋ ਸਥਿਤੀਆਂ ਅਨੁਸਾਰ ਸਵੀਕਾਰ ਕਰਦੇ ਹਨ ਜਾਂ ਮੰਨ ਕੇ ਚੱਲਦੇ ਹਨ, ਉਸ ਤੋਂ ਤਾਂ ਇਕ ਤਰ੍ਹਾਂ ਉਹ ਸੇਜ਼ ਦੇ ਹੱਕ ਵਿਚ ਹੀ ਭੁਗਤਦੇ ਹਨ। ਸੇਜ਼ ਦੇ ਪ੍ਰਯੋਜਨ ਦਾ ਉਦੇਸ਼ ਉਸ ਦਾ ਕਾਨੂੰਨ ਅਤੇ ਉਸ ਦੇ ਮਹੱਤਵਪੂਰਨ ਪ੍ਰਾਵਧਾਨਾਂ ਨੂੰ ਨਜ਼ਰ ਅੰਦਾਜ਼ ਕਰਕੇ ਸਿਰਫ ਖੇਤੀ ਯੋਗ ਜ਼ਮੀਨ ਅਤੇ ਵਿਕਾਸ ਦੇ ਮੁੱਦਿਆਂ 'ਤੇ ਸਾਨੂੰ ਇਕ ਦੂਜੇ ਦੇ ਵਿਰੁੱਧ ਖੜ੍ਹਾ ਕੀਤਾ ਜਾਂਦਾ ਹੈ।

ਨਹੀਂ ਕਿਹਾ ਜਾਂਦਾ ਹੈ ਕਿ ਸੇਜ਼ ਦੇ ਕਾਰਨ ਪਿਛੜੇ ਖੇਤਰਾਂ ਵਿਚ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ ਕਿਉਂਕਿ ਇਹਨਾਂ ਖੇਤਰਾਂ ਵਿਚ ਜੇ ਉਦਯੋਗ ਲੱਭਣਗੇ ਤਾਂ ਵਿਕਾਸ ਹੋਵੇਗਾ। ਇਸ ਗੱਲ ਉੱਤੇ ਦੋਵੇਂ ਧਿਰਾਂ ਭਿੜ ਜਾਂਦੀਆਂ ਹਨ ਤਾਂ ਡਰ ਲੱਗਣ ਲੱਗਦਾ ਹੈ। ਹੁਣੇ ਹੁਣੇ ਹੀ ਇਕ ਦੋ ਸਿਰ ਕੱਢ ਚੈਨਲਾਂ 'ਤੇ ਕਾਫੀ ਸੁਲਝੇ ਹੋਏ ਐਂਕਰ ਵੀ ਅਜਿਹੀ ਹੀ ਖੇਡ ਖੇਡਦੇ ਹੋਏ ਇਕ ਦੂਜੇ ਨੂੰ ਆਪਸ ਵਿਚ ਭਿੜਵਾ ਰਹੇ ਸਨ। ਅਸਲ ਗੱਲ ਤਾਂ ਇਹ ਹੈ ਕਿ ਸੇਜ਼ ਦਾ ਮਕਸਦ ਨਾ ਤਾਂ ਰੋਜ਼ਗਾਰ ਹੈ, ਨਾ ਹੀ ਪਛੜੇ ਖੇਤਰ ਅੰਦਰ ਉਦਯੋਗ ਲਾਉਣਾ। ਸੇਜ਼ ਕਾਨੂੰਨ 2005 ਪਾਰਲੀਮੈਂਟ ਵਿਚ ਬਿਨਾ ਪੂਰੀ ਚਰਚਾ ਅਤੇ ਸੋਚ ਵਿਚਾਰ ਤੋਂ ਸਿਰਫ ਚਾਰ ਪੰਜ ਦਿਨਾਂ ਵਿਚ ਪਾਸ ਹੋਇਆ ਅਤੇ ਰਾਜ ਸਭਾ ਨੇ ਤਾਂ ਇਸ ਨੂੰ ਤਿੰਨ ਚਾਰ ਘੰਟੇ ਦੀ ਬਹਿਸ ਵਿਚ ਹੀ ਪਾਸ ਕਰ ਦਿੱਤਾ। ਦੂਜੇ ਪਾਸੇ ਪ੍ਰਗਤੀਸ਼ੀਲ ਕਾਨੂੰਨ ਪਿਛਲੇ ਪੰਜ ਤੋਂ ਵੀਹ ਸਾਲਾਂ ਤੱਕ ਅਧਵਾਟੇ ਲਟਕੇ ਹੋਏ ਹਨ। ਸਿਰਫ ਤਿੰਨ ਚਾਰ ਦਿਨਾਂ ਵਿਚ ਪਾਸ ਸੇਜ਼ ਕਾਨੂੰਨ ਦਾ ਮੁੱਖ ਉਦੇਸ਼ ਦੇਸ਼ ਦੇ ਦਰਾਮਦ ਦੇ ਵਾਧੇ ਲਈ ਸਾਡੇ ਇੱਥੇ ਵਸਤੂ ਜਾਂ ਸੇਵਾਵਾਂ ਦੀ ਕੀਮਤ ਘੱਟ ਰੱਖਣਾ ਹੈ, ਜਿਸ ਨਾਲ ਸਸਤੇ ਨਿਰਯਾਤ ਦਾ ਰਸਤਾ ਖੁੱਲ੍ਹੇ। ਇਹੋ ਸੇਜ਼ ਦਾ ਮੂਲ ਉਦੇਸ਼ ਹੈ।

ਦੂਜਾ ਸੇਜ਼ ਪਛੜੇ ਇਲਾਕਿਆਂ ਵਿਚ ਨਹੀਂ, ਸਗੋਂ ਜਿੱਥੇ ਸਹਿਜ ਰੂਪ ਵਿਚ ਆਵਾਜਾਈ ਦੀ ਸਹੂਲਤ, ਹਾਈਵੇ, ਬੰਦਰਗਾਹ, ਹਵਾਈ ਅੱਡੇ ਮੁਹੱਈਆ ਹਨ, ਉੱਥੇ ਹੀ ਸਥਾਪਤ ਹੋ ਰਹੇ ਹਨ। ਇਸ ਲਈ ਅੱਜ ਤੱਕ ਕੋਈ ਵੀ ਸੇਜ਼ ਪਛੜੇ ਖੇਤਰ ਵਿਚ ਸਥਾਪਤ ਨਹੀਂ ਹੋਇਆ। ਮਹਾਰਾਸ਼ਟਰ ਵਿਚ ਮੁੰਬਈ, ਥਾਣੇ, ਪੂਨੇ, ਨਾਸਿਕ, ਨਾਗਪੁਰ ਅਤੇ ਔਰੰਗਾਬਾਦ ਦੇ ਨੇੜੇ ਨਿੱਜੀ ਸੇਜ਼ ਧਾਰਕਾਂ ਨੂੰ ਜ਼ਮੀਨ ਦਿੱਤੀ ਗਈ ਹੈ ਕਿਉਂਕਿ ਉਦਯੋਗ ਅਤੇ ਰੋਜ਼ਗਾਰ ਵਿਕਾਸ ਸੇਜ਼ ਦਾ ਮੂਲ ਅਤੇ ਪਹਿਲਾ ਉਦੇਸ਼ ਅਤੇ ਮਕਸਦ ਹੀ ਨਹੀਂ ਹੈ। ਇਸ ਦੁਆਰਾ ਤਾਂ ਬਹੁਤ ਘੱਟ ਰੋਜ਼ਗਾਰ ਪੈਦਾ ਹੋਏਗਾ। ਜੇ ਸਸਤੇ ਵਿਚ ਨਿਰਯਾਤ ਯੋਗ ਵਸਤ ਪੈਦਾ ਕਰਨੀ ਹੈ ਤਾਂ ਵੱਡੀ ਗਿਣਤੀ ਵਿਚ ਰੋਜ਼ਗਾਰ ਨਿਰਮਾਣ ਕਿਵੇਂ ਸੰਭਵ ਹੋਹੇਗਾ? ਉੱਥੇ ਇਸ ਕਾਨੂੰਨ ਤਹਿਤ ਅਤੇ ਉਸ ਦੇ ਆਧਾਰ ਉੱਤੇ ਤਿਆਰ ਹੋਈ ਰਾਜਾਂ ਦੀਆਂ ਨੀਤੀਆਂ ਨੇ, ਲੇਬਰ ਕਾਨੂੰਨਾਂ ਅਤੇ ਲੇਬਰ ਅਧਿਕਾਰਾਂ ਵਲੋਂ ਸ਼ਰ੍ਹੇਆਮ ਪੱਲਾ ਝਾੜ ਦਿੱਤਾ ਹੈ। ਰਾਏਗੜ੍ਹ (ਮਹਾਰਾਸ਼ਟਰ) 'ਚ ਮੁਕੇਸ਼ ਅੰਬਾਨੀ ਨੇ 35000 ਏਕੜ ਦੇ ਸੇਜ਼ ਵਿਚ ਸਥਾਨਕ ਨਿਵਾਸੀਆਂ ਨੂੰ ਰੋਜ਼ਗਾਰ ਦੀ ਗਰੰਟੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸੇ ਤਰ੍ਹਾਂ ਹੀ ਸੇਜ਼ ਵਰਗੀ ਸਥਿਤੀ ਵਾਲੇ ਵਿਵਾਦਪੂਰਨ ਸਿੰਗੂਰ ਵਿਚ ਟਾਟਾ ਨੇ ਵੀ ਸਥਾਨਕ ਰੋਜ਼ਗਾਰ ਦਾ ਕੋਈ ਵਾਅਦਾ ਨਹੀਂ ਕੀਤਾ ਸੀ।

**ਉਤਪਾਦਨ ਦਾ ਅਰਥ:** ਸੇਜ਼ ਵਿਚ ਕਿਸੇ ਵੀ ਚੀਜ਼ ਦਾ ਉਤਪਾਦਨ ਹੋਣਾ ਜ਼ਰੂਰੀ ਨਹੀਂ ਹੈ। ਸੇਜ਼ ਕਾਨੂੰਨ 2005 ਸਬ ਸੈਕਸ਼ਨ 2 (1,2,3) ਵਿਚ ਉਦਯੋਗ ਦੀ ਪਰਿਭਾਸ਼ਾ ਅੰਦਰ ਹੇਠ ਲਿਖੀਆਂ ਸੇਵਾਵਾਂ ਜਾਂ ਕੰਮ ਵੀ ਸ਼ਾਮਲ ਹੈ ਜਿਵੇਂ ਕੱਟਣਾ, ਪਾਲਸ਼ ਕਰਨਾ ਰੈਫਰੀਜੇਸ਼ਨ, ਬਲੈਡਿੰਗ, ਮੁਰੰਮਤ, ਰੀ-ਇੰਜਨੀਅਰਿੰਗ, ਖੇਤੀ, ਝੀਂਗਾ ਧੰਦਾ, ਮੱਛੀ ਉਤਪਾਦਨ, ਮੁਰਗੀ ਪਾਲਣ, ਫੁੱਲ ਫਲ ਉਤਪਾਦਨ, ਖਾਣ ਵਾਲੇ ਅਨਾਜ ਆਦਿ। ਇਨ੍ਹਾਂ ਵਿਚੋਂ ਕਿਸੇ ਵੀ ਪ੍ਰਕਿਰਿਆ ਨੂੰ ਸੇਜ਼ ਤੋਂ ਬਾਹਰ ਦੇ ਖੇਤਰ ਵਿਚ ਆਊਟ ਸੋਰਸਿੰਗ ਵੀ ਕਰ ਸਕਦੇ ਹਨ ਅਤੇ ਪੈਕਿੰਗ ਅਤੇ ਮੁੱਲ ਵਧਾਉਣ ਲਈ ਸੇਜ਼ ਖੇਤਰ ਵਿਚ ਲਿਆ ਸਕਦੇ ਹਨ।

ਇਸ ਨਾਲ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਵਿਸ਼ਵ ਵਪਾਰ ਸੰਗਠਨ ਦੇ ਕਰਾਕਸ ਪ੍ਰਭਾਵ (1994) ਇਹ ਸਾਰੇ ਸੇਵਾ ਉਦਯੋਗ ਵੀ ਸੇਜ਼ ਖੇਤਰ ਵਿਚ ਲਗਾਏ ਜਾ ਸਕਦੇ ਹਨ। ਸਾਰੇ ਸਮਝਦਾਰ ਲੋਕ ਜਾਣ ਬੁੱਝ ਕੇ ਇਹ ਨਹੀਂ ਦੱਸਦੇ ਹਨ। ਇਨ੍ਹਾਂ ਸੇਵਾ ਉਦਯੋਗਾਂ ਵਿਚ ਕਾਲ ਸੈਟਰਸ, ਕੰਪਿਊਟਰ ਸਰਵਿਸਜ਼, ਬੀਮਾ ਦਾਵਿਆਂ ਦਾ ਨਿਪਟਾਉਣਾ, ਮੈਡੀਕਲ ਟਰਾਂਸਕਰਿਪਸ਼ਨ, ਰੈਵਨਿਊ ਅਕਾਊਟਿੰਗ, ਕੋਰੀਅਰ ਸੇਵਾ, ਦੂਜੀਆਂ ਵਪਾਰਕ ਸੇਵਾਵਾਂ, ਕਾਨੂੰਨੀ ਸੇਵਾਵਾਂ, ਬੈਂਕ, ਸਾਈਟ ਸੀਇੰਗ ਸੇਵਾਵਾਂ, ਨਿਰਮਾਣ ਕੰਮ ਸਮੇਂ ਮੁਹੱਈਆ ਕਰਾਈਆਂ ਜਾਣ ਵਾਲੀਆਂ ਸੇਵਾਵਾਂ, ਵਾਤਾਵਰਣ ਦੇ ਰੱਖ ਰਖਾਓ ਲਈ ਟਰੇਨਿੰਗ ਅਤੇ ਸਿਹਤ ਸੇਵਾਵਾਂ, ਮਨੋਰੰਜਨ ਸੇਵਾਵਾਂ, ਆਵਾਜਾਈ ਅਤੇ ਪਾਈਪ ਲਾਈਨ ਸੇਵਾਵਾ ਸ਼ਾਮਲ ਹਨ।

ਇਹ ਸਾਰੇ ਉਦਯੋਗ ਸੇਜ਼ ਖੇਤਰ ਵਿਚ ਸਥਾਪਤ ਹੋ ਸਕਦੇ ਹਨ ਜਦਕਿ ਇਹ ਸਭ ਵਪਾਰਕ ਸੇਵਾਵਾਂ ਹਨ। ਸਿੱਖਿਆ, ਸਿਹਤ, ਵਾਤਾਵਰਣ, ਆਵਾਜਾਈ ਨੂੰ ਵਪਾਰਕ ਸੇਵਾ ਦਾ ਦਰਜਾ ਦੇਣਾ ਉਸ ਦਾ ਨਿੱਜੀ ਵਪਾਰ ਕਰਨ ਅਤੇ ਉਸ ਨੂੰ ਸੈਰ ਸਪਾਟਾ ਅਤੇ ਮਨੋਰੰਜਨ ਦੇ ਸਮਾਨ ਰੱਖਣ ਦਾ ਅਨੋਖਾ ਤਰੀਕਾ ਵੀ ਸੇਜ਼ ਵਿਚ ਨਿਹਿਤ ਹੈ।

ਉਦਯੋਗਾਂ ਦੀ ਇਸ ਪਰਿਭਾਸ਼ਾ ਤੋਂ ਪੂਰਾ ਦੇਸ਼ ਅਣਜਾਣ ਹੈ ਅਤੇ ਸਾਡੇ ਮੀਡੀਆ ਕਰਮੀ ਤਾਂ ਸੇਜ਼ ਨੂੰ ਦੇਸ਼ ਦਾ ਵਿਕਾਸ ਮੰਨੀ ਬੈਠੇ ਹਨ।

ਇਕ ਪਾਸੇ ਦੇਸ਼ ਅਤੇ ਪਰਦੇਸ ਦੀਆਂ ਸਰਕਾਰਾਂ ਤੇ ਨਾਲ ਅਰਥ ਸ਼ਾਸਤਰੀ ਸਿੱਖਿਆ, ਸਿਹਤ, ਰੋਜ਼ਗਾਰ, ਖੇਤੀ, ਪਾਣੀ, ਸਿੰਜਾਈ, ਬਿਜਲੀ, ਆਮ ਆਵਾਜਾਈ ਵਰਗੀਆਂ ਮਹੱਤਵਪੂਰਨ ਸਰਵਜਨਕ ਸੇਵਾਂ ਲਈ ਪੈਸਾ ਨਾ ਹੋਣ ਦੀ ਗੱਲ ਕਰਦੇ ਹਨ ਦੂਜੇ ਪਾਸੇ ਸੇਜ਼ ਦੇ ਨਾਂ 'ਤੇ ਇਨ੍ਹਾਂ ਪੂੰਜੀਪਤੀਆਂ ਉੱਤੇ ਦੇਸ਼ ਦੇ ਦੋ ਲੱਖ ਕਰੋੜ ਰੁਪਏ ਵਹਾ ਦੇਣ ਦੀ ਵਕਾਲਤ ਕਰਦੇ ਨਹੀਂ ਥੱਕਦੇ। ਇਸ ਨਾਲ ਦੇਸ਼ ਨੂੰ ਲਾਭ ਹੋਏਗਾ ਜਾਂ ਨਿੱਜੀ ਮੁਨਾਫਾਖੋਰਾਂ ਨੂੰ?

ਇਨ੍ਹਾਂ ਸੇਜ਼ ਪਤੀਆਂ ਲਈ ਦੂਜੀ ਖਿੱਚ ਦਾ ਕਾਰਨ ਇਸ ਕਾਨੂੰਨ ਵਿਚ ਰੱਖਿਆ ਹੈ, ਉਹ ਹੈ ਜ਼ਮੀਨ ਦੇ ਵਿਸ਼ੇਸ਼ ਉਤਪਾਦ ਅਤੇ ਆਈ ਟੀ ਉਦਯੋਗਾਂ ਨੂੰ ਛੱਡ ਕੇ ਜ਼ਿਆਦਾਤਰ ਉਤਪਾਦ ਸੇਜ਼ ਲਈ ਘੱਟ ਤੋਂ ਘੱਟ ਇਕ ਹਜ਼ਾਰ ਹੈਕਟੇਅਰ ਜ਼ਮੀਨ ਜ਼ਰੂਰੀ ਹੈ। ਇਸ ਨੂੰ ਦੇਖਦੇ ਹੋਏ ਦੇਸ਼ ਦੀਆਂ ਵੱਡੀਆਂ ਪੂੰਜੀਵਾਦੀ ਕੰਪਨੀਆਂ ਨੇ ਜ਼ਮੀਨਾਂ ਦੇ ਵੱਡੇ ਵੱਡੇ ਪੱਟਿਆਂ ਨੂੰ ਹੜੱਪਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਇਨ੍ਹਾਂ ਜ਼ਮੀਨਾਂ ਨੂੰ ਹੜੱਪਣ ਦਾ ਅਸਾਨ ਤਰੀਕਾ ਸਾਰੀਆਂ ਕੰਪਨੀਆਂ ਨੂੰ ਮਿਲ ਗਿਆ ਹੈ। ਭੂ-ਅਰਜਨ (ਜ਼ਮੀਨ ਪ੍ਰਾਪਤੀ) ਕਾਨੂੰਨ ਤਹਿਤ ਸਰਕਾਰ ਕੋਲੋਂ ਹੀ ਸਖਤੀ ਨਾਲ ਜ਼ਮੀਨ ਅਧਿਗ੍ਰਹਿਤ ਕਰਾਉਣਾ ਅਤੇ ਕੰਪਨੀਆਂ ਨੂੰ ਟਰਾਂਸਫਰ ਕਰਨਾ। ਨਿੱਜੀ ਉਦਯੋਗ ਦੇ ਮੁਨਾਫੇ ਲਈ ਸਰਕਾਰ ਦੁਆਰਾ ਜ਼ਮੀਨ ਅਧਿਗ੍ਰਹਿਣ ਕਰਨਾ ਸਾਫ ਤੌਰ 'ਤੇ ਗੈਰ ਕਾਨੂੰਨੀ ਹੈ ਕਿਉਂਕਿ ਕਾਨੂੰਨ ਅਨੁਸਾਰ ਜ਼ਮੀਨ ਅਧਿਗ੍ਰਹਿਣ ਸਿਰਫ ਸਰਬਜਨਕ ਹਿੱਤ ਲਈ ਹੀ ਕੀਤਾ ਜਾ ਸਕਦਾ ਹੈ। ਸੇਜ਼ ਅਧੀਨ ਸਾਰੇ ਨਿੱਜੀ ਉਦਯੋਗਾਂ ਨੂੰ ਸਰਬਜਨਕ ਵਰਤੋਂ ਦੀ ਸੇਵਾ ਘੋਸ਼ਿਤ ਕਰ ਦਿੱਤਾ ਗਿਆ ਹੈ।

ਇਹ ਜ਼ਮੀਨ ਪੁਰਾਣ ਇੱਥੇ ਹੀ ਖਤਮ ਨਹੀਂ ਹੁੰਦਾ। ਸੇਜ਼ ਨੂੰ ਦਿੱਤੀ ਹੋਈ ਜ਼ਮੀਨ ਦੇ 25 ਪ੍ਰਤੀਸ਼ਤ ਖੇਤਰ 'ਤੇ ਹੀ ਪ੍ਰਕ੍ਰਿਆਗਤ ਯੂਨਿਟ ਖੜ੍ਹੀ ਕਰਨਾ ਜ਼ਰੂਰੀ ਹੈ। ਬਾਕੀ 75 ਫੀਸਦੀ ਜ਼ਮੀਨ ਉਸ ਕੰਪਨੀ ਜਾਂ ਸੇਜ਼ ਪ੍ਰਵਰਤਕ ਜਿਵੇਂ ਚਾਹੇ ਉਸ ਤਰ੍ਹਾਂ ਵਰਤੋਂ ਦੀ ਛੋਟ ਹੈ। ਇਸ ਲਈ ਇਕ ਹਜ਼ਾਰ ਹੈਕਟੇਅਰ ਤੋਂ ਜ਼ਿਆਦਾ ਜ਼ਮੀਨ ਹੜੱਪਣ ਦੀ ਕੰਪਨੀਆਂ ਦੀ ਦੌੜ ਲੱਗੀ ਹੋਈ ਹੈ। ਇਹ ਜ਼ਮੀਨਾਂ ਖਰੀਦਣ ਦੀ ਬਜਾਏ ਸਰਕਾਰ ਨੂੰ ਧਿਰ ਬਣਾ ਕੇ ਜ਼ਮੀਨ ਹੜੱਪੀ ਜਾ ਰਹੀ ਹੈ। ਜਿਸ ਨਾਲ ਜਨਤਾ, ਕਿਸਾਨ ਆਦਿ ਨੂੰ ਪੁਲਿਸ ਬਲ ਦੀ ਵਰਤੋਂ ਨਾਲ ਅਸਾਨੀ ਨਾਲ ਦਬਾਇਆ ਜਾ ਸਕਦਾ ਹੈ।

**ਰਾਜ ਦਾ ਵਿਲੋਪਨ:** ਸੇਜ਼ ਦੇ ਸਮਰਥਕਾਂ ਜਾਂ ਵਿਰੋਧੀਆਂ ਨੂੰ ਇਹ ਗੱਲ ਠੀਕ ਤਰ੍ਹਾਂ ਨਾਲ ਸਮਝਣੀ ਚਾਹੀਦੀ ਹੈ ਕਿ ਇਹ ਸਿਰਫ਼ ਉਤਪਾਦਨ ਜਾਂ ਨਿਰਯਾਤ ਨੂੰ ਵਧਾਉਣ ਲਈ ਜ਼ਮੀਨਾਂ ਲੈਣ ਜਾਂ ਵਿੱਤੀ ਸਹਿਮਤੀ ਲੈਣ ਦਾ ਮਾਮਲਾ ਨਹੀਂ ਹੈ। ਇਹ ਪੂਰਾ ਅਰਥ ਸ਼ਾਸਤਰ ਦਾ ਮਾਮਲਾ ਹੈ। ਸੇਜ਼ ਸਥਾਪਤ ਕਰਨ ਉੱਤੇ 100 ਪ੍ਰਤੀਸ਼ਤ ਵਿਦੇਸ਼ੀ ਪੂੰਜੀ ਆ ਸਕਦੀ ਹੈ ਅਤੇ ਉਸ ਵਿਚ ਵਿਦੇਸ਼ੀ ਬੈਂਕ ਬੇ ਰੋਕ ਟੋਕ ਵਿਚਰ ਸਕਦੇ ਹਨ। ਇਹ ਤਾਂ ਇਕ ਪ੍ਰਾਵਧਾਨ ਹੈ ਪਰ ਉਸ ਨਾਲੋਂ ਵੀ ਵੱਡੀ ਗੱਲ ਇਹ ਹੈ ਕਿ ਸੇਜ਼ ਖੇਤਰ ਵਪਾਰ, ਸਰਬਮਾਨਯ ਟੈਕਸ ਪ੍ਰਣਾਲੀ ਅਤੇ ਟੈਰਿਫ ਦੀ ਦ੍ਰਿਸ਼ਟੀ ਤੋਂ ਪੂਰੇ ਤੌਰ 'ਤੇ ਵਿਦੇਸ਼ੀ ਅਮਲ ਹੈ। ਇੱਥੇ ਭਾਰਤੀ ਪੂੰਜੀਪਤੀ ਜਾਂ ਸਰਕਾਰਾਂ ਦੇ ਨਾਲ ਕੋਈ ਵੀ ਵਿਦੇਸ਼ੀ ਕੰਪਨੀ ਉਨ੍ਹਾਂ ਦੇ ਹੀ ਦੇਸ਼ ਵਿਚ ਪ੍ਰਾਪਤ ਅਧਿਕਾਰ ਅਤੇ ਸਹੂਲਤਾਂ ਨਾਲ ਕਾਰ ਵਿਹਾਰ ਕਰ ਸਕਦੀ ਹੈ। ਭਾਰਤੀ ਰਿਜ਼ਰਵ ਬੈਂਕ ਦਾ ਇਥੋਂ ਦੇ ਵਿੱਤੀ ਮਾਮਲਿਆਂ 'ਤੇ ਕੋਈ ਕੰਟਰੋਲ ਨਹੀਂ ਹੋਵੇਗਾ।

ਭਾਰਤ ਦੇ ਲਗਭਗ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਸੇਜ਼ ਦੇ ਤਹਿਤ ਸਥਾਪਤ ਉਦਯੋਗਾਂ ਨੂੰ ਛੋਟ ਦਿੱਤੀ ਗਈ ਹੈ। ਲੇਬਰ ਵਿਸ਼ੇ ਨਾਲ ਸਬੰਧਿਤ ਰਾਜ ਦੇ ਜਿਨ੍ਹਾਂ ਕਾਨੂੰਨਾਂ ਤਹਿਤ ਜਿਹੜੀ ਮਨਜ਼ੂਰੀ ਲੈਣੀ ਹੁੰਦੀ ਹੈ, ਉਹ ਅਧਿਕਾਰ ਉਸ ਸੇਜ਼ ਵਿਸ਼ੇਸ਼ ਦੇ ਡਿਵੈਲਪਮੈਂਟ ਕਮਿਸ਼ਨਰ ਦੀ ਮਨਜ਼ੂਰੀ ਬਿਨਾ ਮਜ਼ਦੂਰਾਂ ਦੀ ਸੁਰੱਖਿਆ ਵਿਸ਼ੇ ਨਾਲ ਸਬੰਧਿਤ ਸਥਿਤੀ ਦਾ ਮੁਆਇਨਾ ਕਰਨ ਦਾ ਅਧਿਕਾਰ ਰਾਜ ਦੇ ਲੇਬਰ ਕਮਿਸ਼ਨਰ ਨੂੰ ਵੀ ਨਹੀਂ ਹੈ।

ਦੇਸ਼ ਦੇ ਸਾਰੇ ਵਾਤਾਵਰਣ ਨਾਲ ਸਬੰਧਿਤ ਕਾਨੂੰਨਾਂ ਦੀ ਮਨਜ਼ੂਰੀ ਸਥਾਨਕ ਡਿਵੈਲਪਮੈਂਟ ਕਮਿਸ਼ਨਰ ਹੀ ਦੇਵੇਗਾ। ਉਥੋਂ ਦੇ ਉਦਯੋਗ ਦੀ ਵਾਤਾਵਰਣ ਸਬੰਧੀ ਸਮੀਖਿਆ ਨਹੀਂ ਹੋਵੇਗੀ ਅਤੇ ਉਸ ਲਈ ਲੋਕ ਸੁਣਵਾਈ ਵੀ ਨਹੀਂ ਹੋਵੇਗੀ।

ਸਮੁੰਦਰੀ ਕਿਨਾਰਾ ਕੰਟਰੋਲ ਖੇਤਰ ਕਾਨੂੰਨ (ਸੀ.ਆਰ.ਜੈਡ.) ਨੂੰ ਬੇਕਾਰ ਫਾਲੂਤ ਦਾ ਆਖ ਕੇ ਇਸ ਖੇਤਰ ਵਿਚ ਆਈ ਟੀ ਉਦਯੋਗ, ਰੇਸਤਰਾਂ, ਗੋਲਫ ਕੋਰਸਜ਼ ਆਦਿ ਜਿਹੇ ਉਦਯੋਗ ਸਥਾਪਤ ਹੋ ਸਕਦੇ ਹਨ।

**ਸਰਬਭੌਮਿਕਤਾ ਦਾ ਪ੍ਰਸ਼ਨ:** ਇਸ ਕਾਨੂੰਨ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਹਰ ਇਕ ਸੇਜ਼ ਇਕ ਖੁਦਮੁਖਤਾਰ ਖੇਤਰ ਹੋਵੇਗਾ ਅਤੇ ਉੱਥੇ ਪਿੰਡ, ਪੰਚਾਇਤ, ਨਗਰ ਪਾਲਿਕਾ ਜਾਂ ਨਿਗਮ, ਜ਼ਿਲ੍ਹਾ ਪੰਚਾਇਤ ਜਾਂ ਰਾਜ ਸਰਕਾਰ ਦਾ ਅਧਿਕਾਰ ਨਹੀਂ ਰਹੇਗਾ। ਹਰ ਇਕ ਸੇਜ਼ ਖੇਤਰ ਦਾ ਕਾਰੋਬਾਰ ਪੂਰੇ ਤੌਰ 'ਤੇ ਸਥਾਨਕ ਡਿਵੈਲਪਮੈਂਟ ਕਮਿਸ਼ਨਰ ਅਤੇ ਉਸ ਦੇ ਖੁਦਮੁਖਤਾਰ ਅਥਾਰਟੀ ਦੇ ਹੱਥਾਂ ਵਿਚ ਹੋਵੇਗਾ। ਇਸ ਵਿਚ ਉੱਥੋਂ ਦੇ ਸਥਾਨਕ ਨਿਵਾਸੀਆਂ ਦਾ ਕੋਈ ਪ੍ਰਤੀਨਿਧ ਨਹੀਂ ਰਹੇਗਾ। ਕੇਵਲ ਉਦਯੋਗਾਂ ਦੇ ਪ੍ਰਤੀਨਿਧੀ ਇਸ ਵਿਚ ਹਿੱਸੇਦਾਰੀ ਕਰਨ ਦੇ ਪਾਤਰ ਹੋਣਗੇ। ਸੇਜ਼ ਖੇਤਰ ਵਿਚ ਪਾਣੀ, ਬਿਜਲੀ, ਆਵਾਜਾਈ, ਨਿਰਮਾਣ ਦੇ ਕੰਮ ਆਦਿ ਦਾ ਕੰਟਰੋਲ ਉਨ੍ਹਾਂ ਦੀਆਂ ਦਰਾਂ ਸਥਾਨਕ ਕਮਿਸ਼ਨਰ ਹੀ ਤੈਅ ਕਰੇਗਾ। ਉਥੋਂ ਦੀ ਸੁਰੱਖਿਆ ਵਿਵਸਥਾ, ਨਿਆਇ, ਪ੍ਰਬੰਧ, ਦੰਡ ਪ੍ਰਣਾਲੀ, ਖੋਜ, ਹਿਰਾਸਤ ਪ੍ਰਣਾਲੀ ਪੂਰੇ ਤੌਰ 'ਤੇ ਖੁਦਮੁਖਤਾਰ ਅਤੇ ਦੇਸ਼ ਪ੍ਰਦੇਸ ਦੀ ਪ੍ਰਕਿਰਿਆ ਤੋਂ ਅਲੱਗ ਰਹੇਗੀ। ਸੇਜ਼ 'ਚ ਹਰ ਇਕ ਵਿਅਕਤੀ ਨੂੰ ਇਕ ਅਲੱਗ ਪਛਾਣ ਪੱਤਰ ਰੱਖਣਾ ਪਏਗਾ। ਕਈ ਰਾਜਾਂ ਨੇ ਆਪਣੀ ਸੇਜ਼ ਨੀਤੀ ਵਿਚ ਪੰਚਾਇਤ ਰਾਜ ਨੂੰ ਵੀ ਰੱਦ ਕਰ ਦਿੱਤਾ ਹੈ।

ਇਹ ਸਭ ਕੁਝ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸੇਜ਼ ਦੀ ਨੀਤੀ ਅਤੇ ਉਸ ਦਾ ਕਾਨੂੰਨ ਜਾਂ ਉਸ ਉੱਤੇ ਅਮਲ ਜਿਵੇਂ ਕਿ ਪ੍ਰਸਾਰ ਮਾਧਿਅਮਾਂ ਵਿਚ ਦਿਖਾਇਆ ਜਾਂਦਾ ਹੈ, ਸਿਰਫ ਇਕ ਆਰਥਿਕ ਜਾਂ ਵਿੱਤੀ ਪ੍ਰਕਿਰਿਆ ਨਹੀਂ ਹੈ। ਇਹ ਇਕ ਵਪਾਰ ਆਰਥਿਕ ਰਾਜਨੀਤੀ ਦਾ ਸਭ ਤੋਂ ਤੇਜ਼ ਅਤੇ ਸਰਵਾਂਗੀਣ ਸਰੂਪ ਹੈ। ਵਰ੍ਹਾ 1990 ਦੇ ਦਹਾਕੇ ਤੋਂ ਭਾਰਤ 'ਚ ਚੱਲੇ ਆ ਰਹੇ ਨਿੱਜੀਕਰਨ, ਗਲੋਬਲਾਈਜੇਸ਼ਨ ਅਤੇ ਉਦਾਰੀਕਰਨ ਦੀ ਪ੍ਰਕਿਰਿਆ ਦਾ ਇਹ ਅਗਲਾ ਕਦਮ ਵੀ ਹੈ। ਸੇਜ਼ ਨੀਤੀ ਤੋਂ ਪਹਿਲਾਂ ਦੇਸ਼ ਦੇ ਅਨੇਕ ਕਾਨੂੰਨਾਂ ਅਤੇ ਨੀਤੀਆਂ ਵਿਚ ਬਦਲਾਵ ਲਿਆਂਦੇ ਗਏ ਹਨ। ਸ਼ਹਿਰੀ ਅਤੇ ਖੇਤੀ ਦੀ ਜ਼ਮੀਨ, ਸੀਲਿੰਗ ਕਾਨੂੰਨ ਨੂੰ ਇਕ ਕੋਨੇ ਵਿਚ ਰੱਖ ਦਿੱਤਾ ਗਿਆ । ਪਾਣੀ, ਬਿਜਲੀ, ਆਵਾਜਾਈ ਆਦਿ ਦਾ ਨਿੱਜੀਕਰਨ ਹੋ ਰਿਹਾ ਹੈ। ਸਿੱਖਿਆ ਅਤੇ ਸਿਹਤ ਵੀ ਨਿੱਜੀ ਹੱਥਾਂ ਵਿਚ ਦਿੱਤੇ ਜਾ ਰਹੇ ਹਨ। ਸਰਬਜਨਕ ਵੰਡ ਪ੍ਰਣਾਲੀ ਨੂੰ ਤਾਂ ਕੇਵਲ ਨਾਂ ਵਾਸਤੇ ਜਿਉਂਦਾ ਰੱਖਿਆ ਗਿਆ ਹੈ। ਹੁਣ ਦੇਸ਼ ਅਤੇ ਵਿਦੇਸ਼ ਦੇ ਪੂੰਜੀਪਤੀਆਂ ਦਾ ਉਦੇਸ਼ ਇਥੋਂ ਦਾ ਪਾਣੀ ਅਤੇ ਜ਼ਮੀਨ ਹੈ। ਖੇਤੀ ਵਿਚ ਠੇਕਾ ਖੇਤੀ ਲਿਆਂਦੀ ਜਾ ਰਹੀ ਹੈ। ਖੇਤੀ ਨੂੰ ਲਾਗਤ ਮੁੱਲ ਅਤੇ ਸਰਕਾਰੀ ਖਰੀਦ ਅਤੇ ਬਰਾਮਦ ਉੱਤੇ ਪਾਬੰਦੀ ਦੁਆਰਾ ਸੁਰੱਖਿਆ ਦੇਣ ਦੀ ਥਾਂ ਉਸ ਨੂੰ ਅਸੁਰੱਖਿਅਤ ਬਣਾ ਕੇ ਮਸਲਾ 7 ਪ੍ਰਤੀਸ਼ਤ ਵਿਆਜ਼ ਉੱਤੇ ਕਰਜ਼ਾ ਮੁਹੱਈਆ ਕਰਾਉਣ ਨੂੰ ਬਣਾਇਆ ਜਾ ਰਿਹਾ ਹੈ।

ਅੱਜ ਦੁਨੀਆ ਦੀ ਰੀਅਲਇਸਟੇਟ ਕੰਪਨੀਆਂ ਦੀ ਨਜ਼ਰ ਭਾਰਤ ਦੀ ਜ਼ਮੀਨ ਉੱਤੇ ਹੈ। ਅਰਬਾਂ ਰੁਪਏ ਦਾ ਬਹੁਰਾਸ਼ਟਰੀ ਪੂੰਜੀ ਨਿਵੇਸ਼ ਭਾਰਤ ਦੇ ਰੀਅਲ ਇਸਟੇਟ ਬਜ਼ਾਰ ਵਿਚ ਚੱਲ ਰਿਹਾ ਹੈ। ਮੇਰਨਿ ਲਿੰਚ ਨਾਂ ਦੀ ਵਿੱਤੀ ਕੰਪਨੀ ਦੇ ਕਹਿਣ ਅਨੁਸਾਰ ਸੰਨ 2005 ਵਿਚ ਭਾਰਤ ਦਾ ਰੀਅਲ ਇਸਟੇਟ ਧੰਦਾ 1200 ਕਰੋੜ ਡਾਲਰ ਦਾ ਸੀ, ਜੋ ਸੰਨ 2012 ਵਿਚ ਵਧ ਕੇ 9000 ਕਰੋੜ ਡਾਲਰ ਤੱਕ ਹੋ ਜਾਏਗਾ। ਹਾਲੇ ਭਾਰਤ ਵਿਚ ਸਸਤੀਆਂ ਦਰਾਂ ਉੱਤੇ ਜ਼ਮੀਨ ਲੈ ਕੇ ਬਾਅਦ ਵਿਚ ਉਸਦੀ ਦਰ ਵਧਾਉਣ ਦਾ ਵਪਾਰ ਚੱਲ ਰਿਹਾ ਹੈ। ਸੇਜ਼ ਦੀ ਨੀਤੀ ਇਸ ਦ੍ਰਿਸ਼ਟੀ 'ਚ ਮਹੱਤਵਪੂਰਨ ਹੈ।

ਇਨ੍ਹਾਂ ਸਾਰੇ ਪਹਿਲੂਆਂ ਨੂੰ ਸਾਹਮਣੇ ਰੱਖ ਕੇ ਸੇਜ਼ ਬਾਰੇ ਵਿਚਾਰ ਚਰਚਾ ਹੋਵੇ ਤਾਂ ਕੋਈ ਸਾਰਥਕ ਨਤੀਜਾ ਨਿਕਲ ਸਕਦਾ ਹੈ। ਨਹੀਂ ਤਾਂ ਟੀ. ਵੀ. ਚੈਨਲਾਂ ਦੇ ਇਕ ਪ੍ਰੋਗਰਾਮਾਂ ਤੱਕ ਹੀ ਸੇਜ਼ ਸੀਮਤ ਰਹੇਗਾ ਜਿਵੇਂ ਕਿ ਪੂੰਜੀਪਤੀ ਚਾਹੁੰਦਾ ਹਨ।



## ਸੇਜ਼ ਵਿਦੇਸ਼ੀ ਇਲਾਕੇ ਹੋਣਗੇ

ਸੇਜ਼ ਐਕਟ ਦੇ ਪ੍ਰਾਵਧਾਨ ਈਸਟ ਇੰਡੀਆ ਕੰਪਨੀ ਦੀਆਂ ਕੋਠੀਆਂ ਲਈ ਬਣੇ ਪ੍ਰਾਵਧਾਨਾਂ ਨਾਲ ਮੇਲ ਖਾਂਦੇ ਹਨ। ਈਸਟ ਇੰਡੀਆ ਕੰਪਨੀ ਨੇ ਜੋ ਨੀਤੀਆਂ ਆਪਣੀਆਂ ਕੋਠੀਆਂ ਅਤੇ ਫੈਕਟਰੀਆਂ ਦੇ ਲਈ ਬਣਾਈਆਂ ਸਨ ਅਤੇ ਜਿਨ੍ਹਾਂ ਨੂੰ ਨਵਾਬ ਤੋਂ ਲਾਗੂ ਕਰਵਾਇਆ ਸੀ, ਉਹੋ ਨੀਤੀਆਂ ਬਹੁਰਾਸ਼ਟਰੀ ਕੰਪਨੀਆਂ ਦੇ ਕਹਿਣ ਉੱਤੇ ਸੇਜ਼ ਲਈ ਬਣਾਈਆਂ ਗਈਆਂ ਹਨ ਅਤੇ ਸਰਕਾਰ ਤੋਂ ਉਹਨਾਂ ਨੂੰ ਲਾਗੂ ਕਰਾਇਆ ਜਾ ਰਿਹਾ ਹੈ। ਇਹਨਾਂ ਕੋਠੀਆਂ ਅਤੇ ਫੈਕਟਰੀਆਂ ਦੇ ਸਰੂਪ, ਉਨ੍ਹਾਂ ਦਾ ਅੰਦਰੂਨੀ ਪ੍ਰਸ਼ਾਸਨ, ਉਹਨਾਂ ਦੀ ਸਥਾਪਨਾ ਦੇ ਖੇਤਰ, ਬਾਹਰ ਦੀ ਦੁਨੀਆ ਨਾਲ ਉਨ੍ਹਾਂ ਦੇ ਸਬੰਧ, ਸਥਾਨਕ ਨਵਾਬਾਂ ਅਤੇ ਰਾਜਿਆਂ ਨਾਲ ਉਨ੍ਹਾਂ ਦੇ ਰਿਸ਼ਤੇ, ਵਪਾਰ ਅਤੇ ਕਾਰੋਬਾਰ ਦਾ ਉਹਨਾਂ ਦਾ ਤਰੀਕਾ ਅਤੇ ਆਮ ਭਾਰਤੀਆਂ ਨਾਲ ਉਨ੍ਹਾਂ ਦੇ ਰਿਸ਼ਤੇ ਸਭ ਕੁਝ ਇਨ੍ਹਾਂ ਨਵੇਂ ਸੇਜ਼ ਦੀਆਂ ਵਿਵਸਥਾਵਾਂ ਨਾਲ ਮੇਲ ਖਾਂਦੇ ਹਨ।

250 ਸਾਲ ਪਹਿਲਾਂ ਵਾਂਗ ਹੀ ਬਾਹਰ ਦੀ ਰਾਜਨੀਤਕ, ਸਮਾਜਿਕ ਸਥਿਤੀਆਂ ਬਹੁਤ ਅਸਥਿਰ ਹਨ। ਸ਼ਾਇਦ ਸੇਜ਼ ਦੇ ਅੰਦਰ ਉਹ ਇਕ ਨਵੀਂ ਤਰ੍ਹਾਂ ਦੀ ਸੁਰੱਖਿਆ ਦਾ ਅਹਿਸਾਸ ਕਰਨਗੇ। ਜਿਸ ਤਰ੍ਹਾਂ ਕੋਠੀਆਂ ਅੰਦਰ ਅੰਗਰੇਜ਼ਾਂ ਦੀ ਆਪਣੀ ਸੁਰੱਖਿਆ ਵਿਵਸਥਾ ਸੀ ਅਤੇ ਉਹਨਾਂ ਦੇ ਸਿਪਾਹੀ ਉਸ ਨੂੰ ਚਲਾਉਂਦੇ ਸਨ, ਉਸੇ ਤਰ੍ਹਾਂ ਸੇਜ਼ ਅੰਦਰ ਉਹਨਾਂ ਦੀ ਆਪਣੀ ਸੁਰੱਖੀਆ ਵਿਵਸਥਾ ਹੋਵੇਗੀ। ਭਾਰਤ ਦੀ ਸੁਰੱਖਿਆ ਪੁਲਿਸ ਅੰਦਰ ਨਹੀਂ ਜਾ ਸਕੇਗੀ।

ਇਸ ਤਰ੍ਹਾਂ ਸੇਜ਼ ਦੇਸ਼ ਦੇ ਅੰਦਰ ਹੀ ਵਿਦੇਸ਼ੀ ਇਲਾਕੇ ਹੋਣਗੇ। ਸੇਜ਼ ਐਕਟ 2005 ਦੇ ਸੈਕਸ਼ਨ 53 ਬਕਾਇਦਾ ਇਸ ਵਿਦੇਸ਼ੀ ਇਲਾਕੇ ਨੂੰ ਪਰਿਭਾਸ਼ਤ ਕਰਦਾ ਹੈ।

"A Special Economic Zone Shall, on and from the appointed day, be deemed to be a territory outside the Custome territory of India..."

ਅਤੇ ਉੱਥੇ ਭਾਰਤ ਦਾ ਕੋਈ ਕਾਨੂੰਨ ਨਹੀਂ ਚੱਲੇਗਾ ਅਤੇ ਇਨ੍ਹਾਂ ਇਲਾਕਿਆਂ ਦੇ ਖਤਰਨਾਕ ਪ੍ਰਭਾਵ ਪੂਰੇ ਦੇਸ਼ 'ਤੇ ਪੈਣਗੇ। ਇਹ ਪ੍ਰਭਾਵ ਅਜਿਹੇ ਹੀ ਹੋਣਗੇ ਜਿਹੋ ਜਿਹੇ ਈਸਟ ਇੰਡੀਆ ਕੰਪਨੀ ਦੀਆਂ ਕੋਠੀਆਂ ਅਤੇ ਫੈਕਟਰੀਆਂ ਦੀ ਸਥਾਪਨਾ ਦੇ ਬਾਅਦ ਹੋਏ ਸਨ।

# ਰੇਤੇ ਦੇ ਨਕਸ਼



ਛੋਟੀ ਜਿਹੀ ਸਾਂ। ਢੋਲਕੀ ਦੀ ਥਾਪ 'ਤੇ ਭਾਰੀ ਅਵਾਜ਼ 'ਚ ਗਾਉਣ ਦੀ ਅਵਾਜ਼ ਆਉਣੀ। ਪੂਰੀ ਫੁਰਤੀ ਨਾਲ ਦਗੜ ਦਗੜ ਪੌੜੀਆਂ ਉਤਰਦੇ ਜਾਣਾ। ਸਾਰੇ ਬੱਚਿਆਂ ਦੇ ਨਾਲ ਉਥੇ ਜਾ ਪਹੁੰਚਣਾ ਜਿੱਥੇ ਅਵਾਜ਼ 'ਤੇ ਥਾਪ ਛਮ ਛਮ ਨੱਚ ਰਹੇ ਹੋਣ। ਨੱਚਣ ਵਾਲੇ ਨੇ ਅੱਖਾਂ ਮਟਕਾ ਮਟਕਾ ਕੇ ਸਾਡੇ ਵੱਲ ਤੱਕਣਾ । ਬੱਚਿਆਂ ਨੇ ਡਰਦਿਆਂ ਮੂੰਹ 'ਚ ਉਂਗਲਾਂ ਪਾ ਕੇ, ਨੌਂਹ ਟੁੱਕਦਿਆਂ ਉਸ ਦੀਆਂ ਅਜੀਬ ਹਰਕਤਾਂ ਨੂੰ ਵੇਖਣਾ । ਇਕ ਦੂਜੇ ਵੱਲ ਝਾਕਣਾ ਜਿਵੇਂ ਪੁੱਛ ਰਹੇ ਹੋਈਏ, ਇਹ ਕੌਣ ਹੈ ?



ਬਿਪਨਪ੍ਰੀਤ

ਹੌਲੀ ਹੌਲੀ ਪਤਾ ਲੱਗਣਾ ਸ਼ੁਰੂ ਹੋਇਆ । ਫੇਰ ਜਦੋਂ ਵੀ ਕੋਈ ਭਾਰੀ ਅਵਾਜ਼ ਨੂੰ ਗਾਉਂਦਿਆਂ ਸੁਣਨਾ, ਇਹ ਕਹਿ ਕੇ ਭੱਜੇ ਜਾਣਾ ਖੁਸਰਾ ਆਇਆ ਏ ਖੁਸਰਾ । ਕੁਝ ਚਿਰ 'ਚ ਇਹ ਵੀ ਪਤਾ ਲੱਗ ਗਿਆ ਕਿ ਇਹ ਮੁੰਡੇ ਦੇ ਵਿਆਹ ਅਤੇ ਮੁੰਡਾ ਜੰਮਣ ਵਾਲੇ ਘਰ 'ਚ ਆਉਂਦੇ ਨੇ । ਥੋੜ੍ਹਾ ਸੰਭਲੀ ਤਾਂ ਮਾਂ ਨੂੰ ਪੁੱਛਿਆ ਮਾਂ ਖੁਸਰੇ ਕੌਣ ਹੁੰਦੇ ਨੇ । ਉਸ ਮੈਨੂੰ ਬੜੀ ਬੁਰੀ ਤਰ੍ਹਾਂ ਡਾਂਟਿਆ ਤੇ ਭਜਾ ਦਿੱਤਾ ਕਿ ਤੁਸੀਂ ਬੱਚੇ ਹੋ । 'ਬੱਚੇ ਨਹੀਂ ਪੁੱਛਦੇ ਇਹੋ ਜਹੇ ਸਵਾਲ।' ਜਵਾਬ ਨਾਂ ਮਿਲਣ 'ਤੇ ਮਨ ਹੋਰ ਬੇਚੈਨ ਹੋ ਗਿਆ । ਇਹੋ ਜਹੇ ਬਹੁਤ ਸਾਰੇ ਸਵਾਲ ਇੰਝ ਹੀ ਦਫਨਾਏ ਜਾਂਦੇ ਨੇ ਮਾਸੂਮ ਮਿੱਟੀ ਦੇ ਕੁੱਜੇ 'ਚ, ਪਰ ਮਾਂਵਾ ਜਵਾਬ ਨਹੀਂ ਦੇਂਦੀਆਂ ।

ਤੀਹ ਸਾਲਾਂ ਬਾਅਦ ਮੈਂ ਅਚਾਨਕ ਉਸੇ ਮਾਂ ਦੇ ਥੜ੍ਹੇ 'ਤੇ ਉਸੇ ਸਵਾਲ ਨਾਲ ਫਿਰ ਰੂਬਰੂ ਹੋ ਗਈ । ਉਸ ਵਕਤ ਨਾਂ ਮੈਂ ਡਰੀ ਨਾ ਕੋਈ ਮੇਰੀ ਸਹੇਲੀ ਸੀ ਕੋਲ । ਬਸ ਮਾਂ ਅਤੇ ਮਨ ਵਿਚ ਵਰ੍ਹਿਆਂ ਤੋਂ ਦਫਨ ਉਹ ਸਵਾਲ ਸੀ । ਤਾੜੀਆਂ ਤੇ ਭਾਰੀ ਅਵਾਜ਼ ਸੁਣ ਪੌੜੀਆਂ ਉਤਰਦੀ ਹੇਠਾਂ ਗਈ। ਉਸ ਨੂੰ ਪਹਿਲੀ ਵੇਰ ਏਨੀ ਨੇੜਿਉਂ ਤੱਕਿਆ। ਬੰਦੇ ਵਰਗੇ ਜਿਸਮ 'ਤੇ ਔਰਤ ਦਾ ਪਹਿਰਾਵਾ, ਮੂੰਹ ਮੇਕਅਪ ਨਾਲ ਲਥਪਥ, ਵੱਡੇ ਵੱਡੇ ਗਹਿਣੇ ਪਰ ਚਾਲ ਢਾਲ 'ਚ ਬੰਦੇ ਜਿਹਾ ਰੋਹਬ । ਗੁਆਂਢੀ ਦੇ ਘਰ ਵਧਾਈ ਲੈਣ ਆਈ ਘੜੀ ਪਲ ਸਾਡੇ ਥੜ੍ਹੇ 'ਤੇ ਬੈਠ ਗਈ ਉਹ । ਸਮਝ ਨਾ ਆਈ ਗੱਲ ਕਿੱਥੋਂ ਸ਼ੁਰੂ ਕਰਾਂ। ਪਰ ਪਾਣੀ ਨੇ ਰਾਹ ਬਣਾ ਦਿੱਤਾ । ਮੱਥੇ ਤੋਂ ਪਸੀਨਾ ਚੋਂਦਾ ਵੇਖ ਪੁੱਛਿਆ 'ਪਾਣੀ ਪੀਓਗੇ?' ਉਹ ਕਰੜੀ ਅਵਾਜ਼ 'ਚ ਬੋਲੀ- ਲਿਆ ਨੀ ਕੁੜੀਏ ਜ਼ਰੂਰ ਪੀਆਂਗੇ। ਮੈਨੂੰ ਲੱਗਾ ਮੇਰਾ ਸਵਾਲ ਬਚਪਨ ਦੀ ਸਰਦਲ ਟੱਪਦਾ ਇਕ ਦਮ ਮੇਰੇ ਕਮਰੇ 'ਚ ਪਹੁੰਚ ਗਿਆ ਹੋਵੇ । ਪਾਣੀ ਪਿਆਉਂਦਿਆਂ ਮੈਂ ਉਹਦੇ ਕੋਲ ਮੰਜੇ 'ਤੇ ਬੈਠ ਗਈ । ਉਹਦੇ ਢੋਲਚੀ ਵੀ ਉੱਥੇ ਆ ਬੈਠੇ। ਉਹ ਜ਼ਮੀਨ 'ਤੇ ਹੀ ਬੈਠੇ ਰਹੇ, ਕਹਿਣ 'ਤੇ ਵੀ ਕੁਰਸੀਆਂ 'ਤੇ ਨਾ ਬੈਠੇ । ਉਹਦੇ ਕੋਲ ਬੈਠਦਿਆਂ ਹੀ ਮੇਰਾ ਬਚਪਨ ਦਾ ਅੰਦਰ ਬੈਠਾ ਡਰ ਵੀ ਨਿਕਲ ਗਿਆ ਤੇ ਲੱਗਾ ਇਹ ਵੀ ਸਾਡੇ ਵਾਂਗ ਆਮ ਮਨੁੱਖ ਹੀ ਨੇ, ਆਪਣੇ ਢੰਗ ਨਾਲ ਮਿਹਨਤ ਕਰਦੇ ਨੇ। ਮੈਂ ਗੱਲ ਸ਼ੁਰੂ ਕੀਤੀ 'ਦੀਦੀ ਤੁਸੀਂ ਥੱਕਦੇ ਨਹੀਂ ?'

'ਸਾਰਾ ਦਿਨ ਗਲੀ ਗਲੀ, ਘਰ ਘਰ ਫਿਰਨਾ, ਨੱਚਣਾ।' ਉਸ ਦੀ ਭਾਰੀ ਅਵਾਜ਼ ਗਿੱਲੀ ਮਿੱਟੀ ਦੀ ਢਿੱਗ ਵਾਂਗ ਡਿੱਗ ਪਈ, ਜਿਵੇਂ ਹੱਥ ਲਾਉਣ ਦੀ ਹੀ ਦੇਰ ਸੀ। ਬਿਨਾ ਕਿਸੇ ਅਦਾ ਜਾਂ ਅੱਖ ਮਟਕਾ ਕਰਨ ਦੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕਹਿਣ ਲੱਗੀ "ਲੈ ਥੱਕਣਾ ਹੀ ਤਾਂ ਆਪਣਾ ਨਸੀਬ ਏ, ਤਨ ਵੀ ਥੱਕਦਾ ਤੇ ਮਨ ਵੀ, ਤਨ ਨੂੰ ਵੀ ਰੋਟੀ ਖਵਾਉਣੀ ਮਨ ਨੂੰ ਵੀ। ਕੁੜੀਏ ਜੇ ਪੈਸੇ ਕਮਾ ਕੇ ਗੁਰੂ ਨੂੰ ਨਾ ਦੇਈਏ ਤਾਂ ਪਿੱਠ 'ਤੇ ਚਿਮਟਾ ਲਾਉਂਦਾ ਗਰਮ ਗਰਮ । ਕੁੱਟ ਵੀ ਪੈਂਦੀ ਕਈਆਂ ਨੂੰ,ਉਹਦੇ ਨਾਲੋਂ ਤਾਂ ਚੰਗਾ ਨੰਗੀਆਂ ਸੜਕਾਂ ਹੀ ਸਾੜ ਲੈਣ ਸਾਡੇ ਪੈਰ, ਨਾਲੇ ਆਪਾਂ ਨੂੰ ਤਾਂ ਆਪਣੀ ਉਦਾਸੀ ਤੇ ਖੁਸ਼ੀ ਕੰਨਾਂ 'ਚ ਹੀ ਵਾਲੀਆਂ ਵਾਂਗ ਵਿੰਨਣੀ ਪੈਂਦੀ। ਤਿੰਨ ਚਾਰ ਦਿਨ ਪਹਿਲਾਂ ਦੀ ਗੱਲ ਸੁਣਾਵਾਂ, ਹਸਪਤਾਲੋ ਫੋਨ ਆਇਆ, ਕੁੜੀ ਰਾਮਗੜੀਆਂ ਦੀ ਏ। ਸਾਡੇ ਕੁਨਬੇ 'ਚ ਖੁਸ਼ੀ ਦੀ ਲਹਿਰ ਦੌੜ ਗਈ । ਪੈਰ ਧਰਤੀ 'ਤੇ ਨਾ ਲੱਗਣ, ਗੁਰੁ ਜੀ ਨੇ ਹੁਕਮ ਕਰ ਦਿੱਤਾ - ਹੁਣੇ ਹੀ ਲੈ ਕੇ ਆਉ। ਪਹੁੰਚ ਗਏ ਉਸ ਘਰ। ਕੁੜੀ ਦੋ ਦਿਨਾਂ ਦੀ ਸੀ। ਮਾਂ ਦਾ ਅੱਗੇ ਹੀ ਰੋ ਰੋ ਕੇ ਬੁਰਾ ਹਾਲ ਸੀ । ਉਸ ਨੂੰ ਪਤਾ ਲੱਗ ਗਿਆ ਅਸੀਂ ਆਏ ਹਾਂ, ਕੀ ਕਰੀਏ ਪੁੱਤ ਜਦੋਂ ਤੱਕ ਤਾੜੀ ਨਾ ਮਾਰੀਏ ਆਪਣੇ ਜੀਊਂਦੇ ਹੋਣ ਦਾ ਅਹਿਸਾਸ ਹੀ ਨਹੀਂ ਹੁੰਦਾ । ਸੁਣ ਲਈ ਉਸ ਤਾੜੀ ਦੀ ਅਵਾਜ਼। ਬੜਾ ਰੋਈ ਪਿੱਟੀ। ਪੰਦਰਾ ਸਾਲਾਂ ਬਾਅਦ ਔਲਾਦ ਹੋਈ ਸੀ ਤੇ ਉਹ ਵੀ ਸਾਡੇ ਵਰਗੀ, ਤਰਸ ਤਾਂ ਬੜਾ ਆਵੇ, ਸਿਰ 'ਤੇ ਪਿਆਰ ਦਿੱਤਾ ਤੇ ਕੁੜੀ ਚੁੱਕ ਲਿਆਏ। ਲੈ ਅਜੇ ਦਹਿਲੀਜ਼ ਵੀ ਨਾ ਸੀ ਟੱਪੀ, ਮਾਂ ਦਾ ਹਉਕਾ ਨਿਕਲ ਗਿਆ। ਉਥੇ ਹੀ ਪੂਰੀ ਹੋ ਗਈ । ਉਸ ਵਕਤ ਜੀਅ ਕਰਦਾ ਸੀ ਆਪਣੇ ਸਿਰ 'ਤੇ ਛਿੱਤਰ ਮਾਰਾਂ, ਨੋਚ ਲਵਾਂ ਆਪਣਾ ਆਪ, ਪਰ ਕੀ ਕਰਦੀ ਮੇਰਾ ਤਾਂ ਧਰਮ ਕੰਮ ਹੀ ਇਹ। ਕੁੜੀ ਲੈ ਆਂਦੀ, ਪੰਘੂੜੇ ਪਾਈ ਸਾਰਾ ਕੁਨਬਾ ਆਇਆ ਕੁੜੀ ਨੂੰ 'ਦਾਜੀ ਦੇਣ'। ਮੈਂ ਵਿਚੋਂ ਟੋਕ ਪੁੱਛਿਆਂ ਇਹ ਦਾਜੀ ਕੀ ਹੁੰਦੀ ? ਬੋਲੀ- ਕੁੜੀ ਦੇ ਨਾਂ ਪੈਸਾ ਲਗਾਇਆ ਜਾਂਦਾ, ਸ਼ਗਨ ਦਿੱਤੇ ਜਾਂਦੇ, ਰੀਝਾਂ ਕੀਤੀਆਂ ਜਾਂਦੀਆਂ, ਜਸ਼ਨ ਹੁੰਦਾ। ਪਰ ਮੇਰੇ ਅੰਦਰ ਤਾਂ ਉਥਲ ਪੁਥਲ ਚਲ ਰਹੀ ਸੀ, ਕੁੜੀ ਦਾ ਰੋਣਾ ਤੇ ਮਾਂ ਦਾ ਹਉਕਾ ਮੇਰੇ ਕੰਨਾਂ ਨੂੰ ਪਿਘਲਾ ਰਿਹਾ ਸੀ। ਖੂਬ ਨਾਚ ਹੋਇਆ, ਸਾਰਾ ਕੁਨਬਾ ਨੱਚਿਆ ਪਰ ਮੈਂ ਤੇ ਬੱਚੀ ਸਾਰੀ ਰਾਤ ਨਾ ਸੋਏ, ਉਸ ਨੂੰ ਚੁੱਕਾਂ ਉਹ ਮੇਰੀਆਂ ਛਾਤੀਆ ਲੱਭੇ, ਪਰ ਪੁੱਤ ਉਸਨੂੰ ਕੌਣ ਸਮਝਾਏ ਇਹ ਤਾਂ ਰੇਤੇ ਦੇ ਨਕਸ਼ ਨੇ, ਮਾਰੂਥਲ ਏ, ਦੂਰ ਦੂਰ ਤੀਕ ਦੁੱਧ ਤਾਂ ਕੀ ਪਾਣੀ ਦੀ ਇਕ ਬੂੰਦ ਵੀ ਨਹੀਂ ਮਿਲਣੀ ਏਥੇ, ਅੰਮ੍ਰਿਤ ਵੇਲੇ ਉਹ ਆਪੇ ਹੀ ਸੌਂ ਗਈ ਰੋਂਦੀ ਰੋਂਦੀ । ਸੁੱਤੀ ਕਦੇ ਹੱਸਦੀ ਕਦੇ ਰੋਂਦੀ,ਹੁਣ ਕੀ ਪਤਾ ਵਿਧ ਮਾਤਾ ਨਾਲ ਗੱਲਾਂ ਕਰਦੀ ਏ ਜਾਂ ਜਨਮਦਾਤੀ ਨਾਲ ।ਪਰ ਹੁਣ ਤਾਂ ਉਸ ਨੂੰ ਇਸੇ ਮਾਂ ਨਾਲ ਗੱਲਾਂ ਕਰਨੀਆਂ ਪੈਣੀਆਂ, ਇਸੇ ਰੇਤੇ 'ਚ ਖੇਡਣਾ ਪੈਣਾਂ । ਮਨ ਬੜਾ ਉਦਾਸ ਸੀ । ਗੁਰੂ ਜੀ ਨੂੰ ਕਿਹਾ -ਅੱਜ ਨਹੀਂ ਜਾਣਾ ਵਧਾਈ ਲੈਣ। ਪਰ ਕੋਈ ਪੇਸ਼ ਨਾ ਗਈ, ਜਾਣਾ ਹੀ ਪਿਆ ।

ਅਚਾਨਕ ਮੈਨੂੰ ਯਾਦ ਆਇਆ, 'ਅੱਛਾ ਤਾਂ ਤੁਸੀ ਨੱਚਦੇ ਨੱਚਦੇ ਦੁੱਧ ਪਿਲਾਉਣ ਦੇ ਅੰਦਾਜ਼ 'ਚ ਬੱਚੇ ਨੂੰ ਲੋਰੀ ਦਿੰਦੇ ਹੋ,ਇਸ ਦਾ ਮਤਲਬ ਤੁਹਾਡੇ ਅੰਦਰ ਮਮਤਾ ਹੈਗੀ। ਸਾਰੀ ਰਾਤ ਜਾਗਣਾ,ਕੁੜੀ ਨੂੰ ਬਹਿਲਾਉਣਾ,ਨਵਜੰਮੇ ਮੁੰਡੇ ਨੂੰ ਲੋਰੀਆ ਦੇਣੀਆਂ, ਦੁੱਧ ਪਿਲਾਉਣ ਦੀ ਐਕਟਿੰਗ ਕਰਨੀ, ਖੁਸ਼ੀ, ਦੁੱਖ, ਉਦਾਸੀ ਫਿਰ ਜਿਸਮਾਨੀ ਫਰਕ ਨਾਲ ਹੀ ਤੁਸੀਂ ਆਮ ਮਨੁੱਖ ਤੋਂ ਸਮਾਜ ਤੋਂ ਛੇਕ ਦਿੱਤੇ ਜਾਂਦੇ ਹੋ ਤੇ ਆਪਣਾ ਸਮਾਜ ਬਣਾਉਂਦੇ ਓ।

ਮੇਰੀ ਗੱਲ ਟੋਕਦਿਆਂ ਬੋਲੀ "ਲੈ ਤੂੰ ਕੀ ਸਮਝਦੀਏਂ,ਸਾਨੂੰ ਭੁੱਖ ਨਹੀਂ ਲਗਦੀ, ਪਿਆਸ ਨਹੀਂ ਲਗਦੀ। ਸਾਡੀਆ ਇਛਾਵਾਂ ਨਹੀਂ, ਸਾਡੇ ਵੀ ਪਲਾਟ ਨੇ, ਕੋਠੀਆਂ, ਗਹਿਣੇ, ਕਾਰਾਂ, ਜਾਤਪਾਤ, ਬੱਸ ਜੰਮਣ ਕਰਕੇ ਤੁਸੀਂ ਬਹੁਤੀਆਂ ਚੌਧਰਾਣੀਆਂ ਜੇ। ਸਾਡੀਆ ਵੀ ਜਾਤਾਂ ਹੁੰਦੀਆਂ, ਮੰਨਦ, ਮੋਲੇ, ਜਾਟ, ਵਜੀਰ ਬਾਬੇ । ਅਸੀ ਵਜੀਰ ਬਾਬੇ ਹੁੰਦੇ ਹਾਂ ਸਭ ਤੋਂ ਉੱਚੀ ਗੋਤ । ਸਾਡੇ ਕੁਨਬੇ ਵਿਚ ਕੋਈ ਜਸ਼ਨ ਹੋਵੇ ਜਦੋਂ ਤੱਕ ਵਜੀਰ ਨਾ ਪਹੁੰਚਣ, ਰੋਟੀ ਤੋਂ ਕੱਪੜਾ ਨਹੀਂ ਚੁੱਕਦੇ । ਅਸੀਂ ਪਹੁੰਚਾਗੇ ਤਾਂ ਰੋਟੀ ਸ਼ੁਰੂ ਕਰਨੀ। ਨਹੀਂ ਪਹੁੰਚੇ ਤਾਂ ਭਾਵੇਂ ਲੱਖਾਂ ਲੱਗੇ ਹੋਣ ਸਾਰੀ ਰੋਟੀ ਮੰਦਰ ਗੁਰਦਵਾਰੇ ਚੜ੍ਹਾ ਆਉਣੀ। ਆਹ ਜਿਹੜੇ ਰੇਲ ਗੱਡੀਆਂ 'ਚ ਧੇਲੀ ਧੇਲੀ ਮੰਗਦੇ ਫਿਰਦੇ ਇਹ ਸਭ ਤੋਂ ਹੇਠਲੀ ਜਾਤ ਹੈ। ਮਿਹਨਤ ਕਰਨ ਤੋਂ ਭੱਜਦੀ, ਕਿਤੇ ਕੁੜੀਏ ਨੱਕ ਤੇਰੀ ਹੀ ਲੱਗੀ ਏ, ਨੱਕ ਸਾਡੀ ਵੀ ਲੱਗੀ ਏ, ਆਪਾਂ ਤਾਂ ਦਾਗ ਨਹੀਂ ਆਉਣ ਦੇਂਦੇ।'

ਇਹ ਕਹਿ ਕੇ ਉਹ ਖਿੜ ਖਿੜਾ ਹੱਸਣ ਲੱਗੀ। ਗੱਲਾਂ ਕਰਦੀ ਨੇ ਮੇਰੀ ਬਾਂਹ 'ਤੇ ਥਪਾਕੀ ਜਿਹੀ ਮਾਰ ਦਿੱਤੀ । ਮੈਂ ਗੱਲ ਬਦਲੀ "ਦੀਦੀ ਤੁਹਾਡੇ ਪਰਿਵਾਰ ਕਿਹੋ ਜਹੇ ਹੁੰਦੇ?"

'ਕੁੜੀਏ ਆਹ ਵੇਖ ਆਹ ਢੋਲਕੀ ਵਜਾਉਂਦੈ, ਮਚਲਾ ਈ ਮਚਲਾ ਏ, ਏਨੀ ਜ਼ੋਰ ਦੀ ਵਜਾਉਂਦਾ ਏ ਢੋਲਕੀ, ਨਾਲੇ ਆਪਣਾ ਰੁੱਗ ਕੱਢ ਲੈਂਦਾ ਨਾਲੇ ਮੇਰੇ ਪੈਰਾ 'ਚ ਛਾਲੇ ਪਾ ਦਿੰਦਾ । ਇਹ ਛੈਣੇ ਵਜਾਉਂਦਾ, ਨਾਲਦਾ, ਇਹਨੂੰ ਘਰੋਂ ਕੱਢਿਆ ਈ ਤੇ ਸਾਡੀ ਦੁਨੀਆ ਨੇ ਪਨਾਹ ਦਿੱਤੀ ਸੂ ਏਹਨੂੰ । ਵੀਹ ਸਾਲ ਪਹਿਲਾਂ ਮੈਂ ਵੀ ਇਕ ਕੁੜੀ ਲਾਈ ਸੀ ਘਰ ਕੰਮ ਕਾਜ ਲਈ, ਆਰਤੀ ਨਾਂ ਸੀ ਉਹਦਾ। ਮਾਂ ਬਾਪ ਗਰੀਬ ਸੀ, ਫੁੱਟਪਾਥ'ਤੇ ਰਹਿੰਦੇ। ਲੈ, ਦੇਖਿਆਂ ਨਾਂ ਜਾਵੇ ਤੇ ਮੈਂ ਗੋਦ ਲੈ ਲਈ। ਲਿਖਾ ਪੜ੍ਹੀ ਕਰਵਾਈ । ਸੁਹਣੇ ਕੱਪੜੇ ਪੁਆਏ, ਮੈਨੂੰ ਮੰਮੀ ਕਹਿਣ ਲੱਗੀ, ਵੱਡੀ ਹੋਈ ਵਿਆਹੀ, ਅੰਨ੍ਹਾ ਦਾਜ ਦਿੱਤਾ । ਪੰਜਾਹ ਲੱਖ ਦੀ ਕੋਠੀ ਲੈ ਕੇ ਦਿੱਤੀ। ਲੈ ਬਈ ਹੁਣ ਤਾਂ ਮੈਂ ਨਾਨੀ ਵੀ ਹਾਂ। ਇਕ ਮੁੰਡਾ ਤੇ ਇਕ ਕੁੜੀ ਏ ਉਹਦੀ । ਪਰ ਉਹੀ ਕੁੜੀ ਜਿਹੜੀ ਮੰਮੀ ਕਹਿੰਦੀ ਸੀ, ਹੁਣ ਸੁਹਰਿਆਂ ਵਾਲੀ ਹੋ ਗਈ। ਘਰ ਆਲੇ ਨੂੰ ਹੁਣ ਪਸੰਦ ਨਹੀਂ। ਕੁੜੀ ਖੁਸਰਿਆਂ ਦੇ ਘਰ ਜਾਵੇ।ਪਰ ਆ ਜਾਂਦੀ ਏ ਚੋਰੀ ਕਿਤੇ ਬੱਚਿਆਂ ਨੂੰ ਲੈ ਕੇ । ਉਹ ਆਰਤੀ ਨੂੰ ਗੋਦ ਲੈਣ ਤੋਂ ਛੇ ਸੱਤ ਸਾਲਾਂ ਬਾਅਦ ਫਿਰ ਇਕ ਕੁੜੀ ਮਿਲੀ, ਹੈਲਥ ਡਿਪਾਰਟਮੈਂਟ ਤੋਂ ਫੋਨ ਆਇਆ। 'ਕੁੜੀ ਏ ਲੈ ਜਾਉ ਆ ਕੇ ਚਾਰ ਦਿਨਾ ਦੀ'। ਨਾਂ 'ਬੇਬੀ' ਰੱਖਿਆ, ਮੁਸਲਮਾਨਾਂ ਦੀ ਸੀ। ਵੱਡੀ ਹੋਈ, ਕਹਿੰਦੀ ਪੜ੍ਹਨਾ ਏ ਆਰਤੀ ਦੀਦੀ ਵਾਂਗ। ਕਿੱਥੇ ਭੇਜਦੀ? ਦੂਰ ਘੱਲਤੀ ਪੜ੍ਹਨ ਲਈ। ਅੱਠ ਜਮਾਤਾਂ ਪਾਸ ਕਰ ਗਈ। ਅੱਠ ਵੀ ਅਠਾਂਰਾ ਜਿੱਡੀਆ ਨੇ ਉਹਦੀਆਂ। ਹੁਣ ਕਹਿੰਦੀ ਏ,ਮੈਂ ਨਹੀਂ ਨੱਚਣਾ ਘਰ ਘਰ ਜਾ ਕੇ, ਮੈਂ ਹੋਰ ਪੜ੍ਹਨਾ ਏ ।"

ਮੈਂ ਵਿਚ ਗੱਲ ਟੋਕੀ "ਉਹਨੂੰ ਮੇਰੇ ਕੋਲ ਭੇਜ ਦਿਉ। ਪੜ੍ਹਾ ਦਿਆ ਕਰੂੰ। ਪੜ੍ਹ ਲਿਖ ਕੇ ਮਾੜੀ ਮੋਟੀ ਨੌਕਰੀ ਲੱਗਜੂ"

ਥਪ ਥਪ ਤਾੜੀਆ ਮਾਰਦੀ ਹੱਸਣ ਲੱਗ ਪਈ "ਨੀ ਬੀਬਾ ਪੜ੍ਹਾ ਤਾਂ ਲਏਂਗੀ, ਫਾਰਮ ਦਾ ਕੀ ਕਰੇਗੀ ਜਦੋਂ ਭਰਨਾ ਪਿਆ, ਮੇਲ ਜਾਂ ਫੀਮੇਲ।"

ਤੇ ਠੰਢਾ ਹਉਕਾ ਭਰਦੀ ਉਹ ਚੁੱਪ ਹੋ ਗਈ । ਤੇ ਫੇਰ ਬੋਲੀ- 'ਕੀ ਕਰਦਾ ਏ ਤੇਰਾ ਘਰਆਲਾ। ਨੌਕਰੀ ਨਾ, ਸਰਕਾਰੀ। ਦੱਸਿਆ ਨਹੀਂ। ਪੜ੍ਹਾਈ ਤੇ ਨੌਕਰੀ ਉਹੋ ਕਰ ਸਕਦੇ ਜਿਹੜੇ ਮਰਦ ਜਾ ਔਰਤ ਹੋਣ। ਮੈਡੀਕਲ ਟੈਸਟ ਤੋਂ ਬਿਨਾ ਨੌਕਰੀ ਪੱਕੀ ਨਹੀਂ ਹੁੰਦੀ। ਸਾਡੇ ਡਿਪਾਰਟਮੈਂਟ 'ਚ ਜ਼ਰੂਰ ਮਿਲ ਸਕਦੀ ਊ ਸਾਰਿਆਂ ਨੂੰ ਨੌਕਰੀ ਭਾਵੇ ਉਹ ਮਰਦ ਏ, ਔਰਤ ਏ ਜਾਂ ਖੁਸਰਾ । ਸਾਡੇ ਕੁਨਬੇ ਦੀ ਇਕੋ ਜਾਤ ਏ । ਸਾਡਾ ਇਕ ਗੁਰੂ ਹੁੰਦਾ ।'

ਮੈਂ ਪੁੱਛਿਆ, 'ਦੀਦੀ ਨੌਕਰੀਆਂ ਕਿਉਂ ਨਹੀਂ ਹਨ ਤੁਹਾਡੇ ਲਈ? ਕੀ ਕਦੇ ਤੁਸੀਂ ਇਸ ਖਿਲਾਫ ਪ੍ਰੋਟੈਸਟ ਨਹੀਂ ਕੀਤਾ। ਜਿਸਮਾਨੀ ਫਰਕ ਨਾਲ ਏਨਾ ਵੱਡਾ ਵਿਤਕਰਾ ।

ਬੋਲੀ "ਨਿਖੱਤੇ ਇੰਡੀਆ 'ਚ ਹੀ ਹੈ। ਲੰਡਨ ਚਲੇ ਜਾ, ਅਮਰੀਕਾ ਚਲੇ ਜਾ ਸਾਡੀ ਜਾਤ ਲਈ ਸਭ ਕੁਝ ਹੈ । ਉੱਥੇ ਸਾਡੇ ਕੁਨਬੇ ਨੂੰ ਰੋਟੀ ਖਾਣ ਲਈ ਨੱਚਣਾ ਨਹੀਂ ਪੈਂਦਾ। ਉੱਥੇ ਕੁਨਬਾ ਹੈ ਹੀ ਨਹੀਂ । ਸਾਡੇ ਵਰਗੇ ਸਭ ਪੜ੍ਹਦੇ, ਨੌਕਰੀਆਂ ਕਰਦੇ, ਪੜ੍ਹਾਈ ਵੀ। ਜਿਹੜੇ ਕੁਝ ਨਹੀਂ ਕਰ ਸਕਦੇ ਉਹ ਕਲੱਬਾਂ ਹੋਟਲ'ਚ ਨੱਚ ਕੇ ਆਪਣਾ ਨਿਰਬਾਹ ਕਰਦੇ । ਸਿੰਘਾਪੁਰ 'ਚ ਹੈਗਾ ਏ ਰਿਵਾਜ ਨੱਚ ਨੱਚ ਕੇ ਵਧਾਈ ਲੈਣ ਦਾ । ਅਸਲ 'ਚ ਕੁੜੀਏ ਤੇਰੇ ਕੋਲ ਜੋ ਨਹੀਂ ਉਹ ਤੂੰ ਮੰਗਦੀ। ਮੇਰੇ ਕੋਲ ਜੋ ਨਹੀਂ ਮੈਂ ਉਹ ਮੰਗਦੀ। ਜ਼ਬਾਨ ਉਥੇ ਹੀ ਜਣੀ ਜਿੱਥੇ ਦੰਦ ਨਾ ਹੋਣ । ਸਮੱਸਿਆਵਾਂ ਆਪੋ ਆਪਣੀਆਂ, ਮੰਗਾਂ ਆਪੋ ਆਪਣੀਆਂ ।"

ਗੱਲ ਬਦਲਦਿਆ ਮੈਂ ਪੁੱਛਿਆ, "ਦੀਦੀ ਕਹਿੰਦੇ ਨੇ ਜਿਸ ਘਰ 'ਚ ਤੁਹਾਨੂੰ ਇੱਛਾ ਮੁਤਾਬਿਕ ਨਾ ਮਿਲੇ, ਤੁਸੀਂ ਬਦਦੁਆ ਦੇਂਦੇ ਹੋ। ਤੁਹਾਡੇ ਮੂੰਹੋ ਨਿਕਲੀ ਹਰ ਬਦਦੁਆ ਪੂਰੀ ਹੋ ਜਾਂਦੀ ਹੈ। ਉਸ ਘਰ 'ਚ ਉਸ ਤੋਂ ਬਾਅਦ ਕੋਈ ਔਲਾਦ ਨਹੀਂ ਹੁੰਦੀ । ਕੀ ਇਹ ਸੱਚ ਏ...?।"

'ਹਾਏ ਹਾਏ ਨੀ ਕੁੜੀਏ,ਤੂੰ ਤਾਂ ਦੁਖਦੀ ਰਗ ਉਧੇੜਨ ਲੱਗ ਪਈ। ਜੇ ਇਹ ਸੱਚ ਹੋਵੇ ਤਾਂ ਪਹਿਲਾਂ ਇਹ ਨਾ ਮੰਗੀਏ, ਮੈਂ ਔਲਾਦ ਜੰਮਣ ਜੋਗੀ ਹੋ ਜਾਂ । ਮੈਂ ਵੀ ਕਿਤੇ ਕੁਰਸੀ 'ਤੇ ਬਹਿ ਕੇ ਬੈਲ ਮਾਰਾਂ 'ਮੁਝੇ ਕੋਈ ਡਿਸਟਰਬ ਨਾ ਕਰੇ, ਇਸ ਵਕਤ ਮੈਂ ਮੀਟਿੰਗ ਮੇਂ ਹੂੰ" ਕਿਤੇ ਸਾਨੂੰ ਵੀ ਸਲੂਟ ਵੱਜਣ, ਕਿਤੇ ਸਾਡੀਆਂ ਛਾਤੀਆਂ 'ਚੋਂ ਵੀ ਝਰਨੇ ਫੁੱਟਣ।'

ਇਹ ਕਹਿੰਦਿਆਂ ਉਹਦੀਆਂ ਅੱਖਾਂ ਫੁੱਟ ਪਈਆਂ । ਇਕ ਝਰਨਾ ਸਖਤ ਚਮੜੀ ਦੀਆਂ ਢਲਾਨਾਂ 'ਤੇ ਡਿੱਗਦਾ ਡਿੱਗਦਾ ਲਾਲ ਸੁਰਖ ਬੁੱਲ੍ਹਾਂ ਨੂੰ ਨਮਕੀਨ ਕਰ ਗਿਆ । ਮੈਂ ਅਗਾਂਹ ਹੋ ਕੇ ਚੁੱਪ ਕਰਾਉਂਦਿਆਂ ਕਿਹਾ-ਆਖਰੀ ਇਕ ਸਵਾਲ ਹੋਰ, ਤੁਹਾਡੇ 'ਚ ਮਰਨ ਵੇਲੇ ਕੀ ਕੀ ਸੰਸਕਾਰ ਕਰਦੇ?

ਬੋਲੀ, "ਸਾਡੇ 'ਚ ਜਦ ਕੋਈ ਮਰ ਜਾਏ ਤਾਂ ਉੱਚੀ ਉੱਚੀ ਇਕ ਹੇਕ 'ਚ ਰੋਂਦੇ, ਜਿਵੇਂ ਰਾਤ ਨੂੰ ਕੁੱਤੇ । ਫਿਰ ਆਪਣੇ ਸਿਰ 'ਤੇ ਛਿੱਤਰ ਮਾਰਦੇ । ਸਾਡੇ ਭਾਵੇਂ ਇਕੋ ਨਾਮ 'ਖੁਸਰਾ' ਕਹਾਉਂਦੇ ਪਰ ਉਨ੍ਹਾਂ ਦੀ ਜਨਮ, ਜਾਤ, ਧਰਮ, ਨਿਸ਼ਾਨੀਆਂ ਰੱਖੀਆ ਜਾਂਦੀਆਂ। ਫਿਰ ਮਰਨ ਵੇਲੇ ਉਨ੍ਹਾਂ ਨਿਸ਼ਾਨੀਆਂ ਨਾਲ ਹੀ ਉਨ੍ਹਾਂ ਦਾ ਸਸਕਾਰ ਕੀਤਾ ਜਾਂਦਾ । ਹਿੰਦੂਆ ਤੋਂ ਆਏ ਸਾੜੇ ਜਾਂਦੇ, ਮੁਸਲਮਾਨਾਂ ਤੋਂ ਆਏ ਦਫਨਾਏ ਜਾਂਦੇ । ਅੰਤਿਮ ਸਮੇਂ ਮੁਰਦੇ ਨੂੰ ਛਿੱਤਰ ਮਾਰੇ ਜਾਂਦੇ ਤਾਂ ਕਿ ਇਹ ਰੂਹ ਦੁਬਾਰਾ ਖੁਸਰੇ ਦੇ ਪਹਿਰਾਵੇ 'ਚ ਨਾ ਆਵੇ।

ਮੈਂ ਕਿਹਾ, 'ਫਿਰ ਤਾਂ ਮਰੇ ਹੋਏ ਸਰੀਰ 'ਚੋ ਰੂਹ ਨਿਕਲ ਜਾਂਦੀ। ਛਿੱਤਰ ਤਾਂ ਸਰੀਰ ਨੂੰ ਪੈਂਦੇ, ਰੂਹ ਨੂੰ ਨਹੀਂ।'

ਉਹ ਬੋਲੀ, 'ਮੁਰਦਾ ਸਰੀਰ ਨੂੰ ਮਰਕੇ ਛਿੱਤਰ ਵੱਜਦੇ,ਖੁਸਰਾ ਸਰੀਰ 'ਚ ਆਈਆਂ ਰੂਹਾਂ ਤਾਂ ਸਾਰੀ ਊਮਰ ਛਿੱਤਰ ਖਾਂਦੀਆ, ਆਪਣੇ ਸਰੀਰ ਹੱਥੋਂ । ਪਿਛਲੇ ਦਿਨੀਂ ਹੀ ਇਕ ਗੁਰੂ ਜੀ ਦਾ ਦਾਹ ਸੰਸਕਾਰ ਕੀਤਾ, ਪੂਰਾ ਕੱਠ ਕੀਤਾ, ਲੱਖਾਂ ਲਗਾਏ। ਉਸ ਦਿਨ ਨੱਚਣ ਦੀ ਛੁੱਟੀ ਸੀ ।"



ਗੱਲਾਂ ਸੁਣਦਿਆ ਅਚਾਨਕ ਮੇਰੇ ਚੇਤਿਆਂ 'ਚ ਇਕ ਖਰੀਂਢ ਛਿੱਲਿਆ ਗਿਆ । ਪਿਛਲੇ ਦਿਨੀਂ ਘਰ ਦੇ ਬੂਹੇ ਅੱਗੇ ਗੁਆਂਢਣਾ ਬੈਠੀਆਂ ਆਪੋ ਆਪਣੇ ਦੁੱਖੜੇ ਰੋ ਰਹੀਆਂ ਸਨ। ਗੱਲ ਚੱਲੀ ਕਿ ਕਿਸੇ ਜਗ੍ਹਾਂ 'ਤੇ ਔਰਤ ਦੇ ਮਰਨ 'ਤੇ ਦਾਹ ਸੰਸਕਾਰ ਵੇਲੇ ਆਟੇ ਦਾ ਮੋਟਾ ਸਾਰਾ ਦੀਵਾ ਬਣਾ ਉਸਦੀ ਯੋਨੀ ਅੱਗੇ ਥੱਪ ਦਿੱਤਾ ਜਾਂਦਾ । ਮੇਰੇ ਸਾਰੇ ਸਰੀਰ ਅੰਦਰ ਝੁਣਝੁਣੀ ਛਿੜ ਗਈ,ਮੂੰਹੋਂ ਇਕ ਦਮ ਨਿਕਲਿਆ ਇਹ ਕਿਉਂ...? ਇਕ ਸਿਆਣੀ ਉਮਰ ਦੀ ਜ਼ਨਾਨੀ ਬੋਲੀ "ਪੁੱਤ ਇਸ ਕਰਕੇ ਕਿ ਇਹ ਮਰੀ ਹੋਈ ਔਰਤ ਮੁੜ ਔਰਤ ਦੇ ਜਨਮ 'ਚ ਨਾ ਆਵੇ । ਇਕ ਸਵਾਲ ਦੇ ਖ਼ਤਮ ਹੋਣ ਨਾਲ ਸਵਾਲਾਂ ਦੀ ਇਕ ਨਵੀਂ ਕੈਕਟਸ ਮੱਥੇ 'ਚ ਉੱਗ ਪਈ । ਉਹ ਛਿੱਤਰ ਮਾਰਦੇ ਹਨ ਕਿ ਦੁਬਾਰਾ ਖੁਸਰਾ ਨਾ ਬਣਾਈਂ, ਔਰਤ ਜਾਂ ਮਰਦ ਕੋਈ ਵੀ ਰੂਪ ਦੇ ਦੇਈਂ। ਤੇ ਇਹ ਰੱਬ ਦੀ ਕੁਦਰਤ ਦਾ ਕ੍ਰਿਸ਼ਮਾ, ਜ਼ਿੰਦਗੀ 'ਚ ਕਿਹੜੇ ਕਿਹੜੇ ਦੁੱਖ ਸਹਾਰ ਅੰਤਿਮ ਇਹ ਫੈਸਲਾ ਲੈਂਦੀਆਂ ਕਿ ਰੱਬਾ ਅਗਲੇ ਜਨਮ ਸਾਨੂੰ ਔਰਤ ਨਾ ਬਣਾਈਂ । ਹੁਣ ਮੇਰੇ ਅੰਦਰ ਇਕ ਜ਼ਲਜਲਾ ਸੀ ਰੇਗਿਸਤਾਨ 'ਚੋਂ ਲੰਘਦਾ। ਰੇਤੇ ਦੇ ਨਕਸ਼ ਬਹੁਤ ਪਿੱਛੇ ਰਹਿ ਗਏ ਸਨ।

'ਸਾਰਾ ਦਿਨ ਗਲੀ ਗਲੀ, ਘਰ ਘਰ ਫਿਰਨਾ, ਨੱਚਣਾ।' ਉਸ ਦੀ ਭਾਰੀ ਅਵਾਜ਼ ਗਿੱਲੀ ਮਿੱਟੀ ਦੀ ਢਿੱਗ ਵਾਂਗ ਡਿੱਗ ਪਈ, ਜਿਵੇਂ ਹੱਥ ਲਾਉਣ ਦੀ ਹੀ ਦੇਰ ਸੀ। ਬਿਨਾ ਕਿਸੇ ਅਦਾ ਜਾਂ ਅੱਖ ਮਟਕਾ ਕਰਨ ਦੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕਹਿਣ ਲੱਗੀ "ਲੈ ਥੱਕਣਾ ਹੀ ਤਾਂ ਆਪਣਾ ਨਸੀਬ ਏ, ਤਨ ਵੀ ਥੱਕਦਾ ਤੇ ਮਨ ਵੀ, ਤਨ ਨੂੰ ਵੀ ਰੋਟੀ ਖਵਾਉਣੀ ਮਨ ਨੂੰ ਵੀ। ਕੁੜੀਏ ਜੇ ਪੈਸੇ ਕਮਾ ਕੇ ਗੁਰੂ ਨੂੰ ਨਾ ਦੇਈਏ ਤਾਂ ਪਿੱਠ 'ਤੇ ਚਿਮਟਾ ਲਾਉਂਦਾ ਗਰਮ ਗਰਮ । ਕੁੱਟ ਵੀ ਪੈਂਦੀ ਕਈਆਂ ਨੂੰ,ਉਹਦੇ ਨਾਲੋਂ ਤਾਂ ਚੰਗਾ ਨੰਗੀਆਂ ਸੜਕਾਂ ਹੀ ਸਾੜ ਲੈਣ ਸਾਡੇ ਪੈਰ, ਨਾਲੇ ਆਪਾਂ ਨੂੰ ਤਾਂ ਆਪਣੀ ਉਦਾਸੀ ਤੇ ਖੁਸ਼ੀ ਕੰਨਾਂ 'ਚ ਹੀ ਵਾਲੀਆਂ ਵਾਂਗ ਵਿੰਨਣੀ ਪੈਂਦੀ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ









## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀਂ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ


Maharaja
Banquet Facility & Sultan Banquet Hall
Welcome to
The Maharaja Banquet Facility and
The Sultan Banquet Hall.
We Can accomodate all your functions,
whether they are small or big. We can
accomodate upto 1,000 People.
ਜੀ ਆਇਆਂ ਨੂੰ
* Reception, * Birthday Parties,
* Special Occasions, * Christmas Parties,
* Catering Service, * Great Music System,
* Big Dance Floor, * Excellent Bridal Chair
For reservation please contact us at:
9257-34A Ave. Edmonton, AB (Maharaja Banquet Facility)
Call: (780) 485 8585
www.sultanhall.com 9241-34A Avenue, Edmonton (Sultan Banquet Hall)
Ph. 780 496-9696, (780) 695-7200


Millbourne Road
Medical Clinic
WALK - INS WELCOME
Tel: 780-462-4229
Dr. Vijay Thapar (M.D., CCFP)*
Family Physician
By Appointment Only
Dr. B. Jassar (M.D., Ph.D, CCFP)*
Family Physician Cell: 780-918-0516
Dr. B. Jassar
Dr. Vijay Thapar
Tel: 780-462-4229
Fax: 780-462-3315
131 Millbourne Road East, Lee Ridge Plaza
Edmonton, AB. T6K 1P6
*Professional Corporation


Fancy Doors & Mouldings
Interior & Exterior, Prehung Unit, Locks & Hardware, French Doors, Bi-Folds, Mouldinghs & Accessories
French Doors
Cascade with Zinc Bars
Deco Frosted Clear
Heritage V-Groove Fully Sandblasted
Heritage V-Groove Clear
Montana Clear Slab
Pantry Slab
Interior Doors
2-Panel Curved Top
3-Panel MDF Shaker-Slab
3-Panel Shaker-Mission
6-Panel Oak-Slab
Stratos-Slab
Fibreglass Exterior Door
Alexandria Moulding
Moulding
Available in MDF, Oak & Maple
Baseboards
Casings
Crowns
Chair Rails
Architrave
094 Base 5/8" x 4" MDF Primed BDL-6
092 Casing 5/8" x 2-1/2" MDF Primed BDL-6
47 Crown 9/16" x 4-1/4" MDF Primed BDL-6
297 Chair Rail 11/16" x 3" MDF Primed BDL-5
5010 Architrave 1-1/4" x 4-3/16" MDF Primed BDL-4
095 Base 5/8" x 5" MDF Primed BDL-6
093 Casing 5/8" x 3-1/4" MDF Primed BDL-6
47D Crown 9/16" x 4-3/16" Ultralite BDL-8
238 Base 1/2" x 5" MDF Primed BDL-1
338 Casing 5/8" x 3" MDF Primed BDL-6
51 Crown 5/8" x 3-1/4" MDF Primed BDL-6
387 Casing 9/16" x 3-1/4" MDF Primed BDL-6
386 Base 9/16" x 3-1/4" MDF Primed BDL-6
512 Crown 9/16" x 5-1/4" MDF Primed BDL-4
405 Base 1/2" x 4" MDF Primed BDL-10
403 Casing 5/8" x 3" MDF Primed BDL-6
712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4
412 Base 5/8" x 4-1/4" MDF Primed BDL-6
411 Casing 11/16" x 3" MDF Primed BDL-6
425 Base 1/2" x 4" MDF Primed BDL-10
423 Casing 5/8" x 3" MDF Primed BDL-6
545 Base 9/16" x 5" Ultralite Primed BDL - 5 5/8 x 5" MDF Primed BDL-4
535 Casing 1/16" x 3-1/2" Ultralite BDL - 5 11/16"x3-1/2" MDF Primed BDL-6
3140 Base 3/8" x 3-1/4" MDF Primed BDL-10
8263 Base 9/16" x 6-1/2" Ultralite BDL-4
356 Casing MDF 356 Casing Oak 356 Casing Maple
908 Casing 9/16" x 3-1/4" Ultralite BDL-7
8063 Casing 11/16" x 3-1/4" Ultralite BDL-8
New Stock!
24" White Medallion
24" Coloured Medallion
Bath Fixtures
Pearl
Lux
Door Locks
WEISER LOCK
Ask about our finishing packages!
* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories
Alberta Location: 9129-35 Avenue, Edmonton, AB T6E 5Y1
Phone: 780-432-770 Fax: 780-432-7710
We Supply and install Building Materials!
www.fancy-doors.com





# ALPHA Tent Rentals

**All Events Big or Small**

**Tents** All Size and Different Colours,
**Tables** Rectangular & Round,
**Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots
(Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

Ladies Sangeet Jago Equipment

Guaranteed Low Prices Open Seven Days a Week

**ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ**

We are in this Business Since 2001

www.alphatentrentals.com

**Umrao Ghinger: 780 237 5556**
**Rana Pandher: 780 498 6375**
**Office: 780 490 5354**

# A Class Tiles Inc.

**For any Kinds of Tiles, Hardwood & Granite Work in**

- Kitchen
- Bath
- Walls
- Flooring
- Fireplaces



**Commercial & Residential Renovations**



ਹਰ ਤਰ੍ਹਾਂ ਦੀਆਂ ਟਾਈਲਾਂ, ਹਾਰਡਵੁੱਡ ਅਤੇ ਗਰੇਨਾਈਟ
ਘੱਟ ਰੇਟ, ਵਧੀਆ ਅਤੇ ਤਸੱਲੀ ਬਖਸ਼ ਕੰਮ ਲਈ ਫੋਨ ਕਰੋ

**Ranjit Matharu: 780-907-9889**
**Gurmail Matharu: 780-990-9349**



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmounton

**(780) 485-1213 or (780) 485-1231**

**Chicken Wings Hot, Honey Garlic**

**ਸੁਪਰੀਮ ਪੀਜ਼ਾ**

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

*ਪੰਜਾਬੀ ਸਟਾਈਲ ਪੀਜ਼ਾ*



1 Large Pizza with
4 Toppings & 2 Can Coke

**Paneer Pizza**
Paneer, Onion, Green Peppers, Mushrooms, Tomatoes, Cheese & Tomato sauce

**Vegetarian**
Olives, Mushrooms, Pineapple, Tomatoes Green Peppers onions, cheese & Tomato sauce

**Supreme Special**
Ham, pepperoni, Salami, Mushrooms, Pineapple, Tomatoes, Olive, Onion, Green Peppers & Tomato Sauce

**Chicken Special**
Tandoori Chicken, Onions, Green peppers, Mushrooms, Tomatoes, Cheese & Tomato Salice

**The Pasta Niche**
Baked Lasagna with Meal Sauce and Vaggi Sauce

Delivery Charges Will Apply to All Areas

**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**

**3 For 1**

Any 3 Toppings
12" Medium - 14" Large

**Buy 1 Get 1 Free**

**List of Toppings**

Paneer, BBQ Chicken, Tandoori Chicken, Hot Pepperoni, Pepperoni, Ham, Mushrooms, Beef, Capacolli, Onions, Shrimps, Italian Sausage, Olives, Green Peppers, Anchovies, Tomatoes, Salami, Jalapinos, Feta Cheese, Pineapple

For Delivery: Please Call 1 hr. Before we close! its Faster if you order by Number. Call: (780) 485 1213

ਅਧਰਕ, ਧਨੀਆ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ ਸਵਾਦੀ ਪੀਜ਼ਾ
ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

Supreme Pizza Rebate Coupon
Call (780) 485-1213
Order Anything From Menu
Get 5% Off on Your Order
Coupons will be required upon Order
One Coupon Per Order

Supreme Pizza Coupon
Call (780) 485-1213
Order Anything From Menu
Get 5% Off on Your Order
Coupons will be required upon Order
One Coupon Per Order

Learn to be Collision Free

# Advance Driving School



## Misha Sooch
DRIVER EDUCATION COUNCILLOR

* Lady Instructor Available
* Defensive Training Classes Available to Restore Demerits

ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ
ਐਡਵਾਂਸ ਡਰਾਈਵਿੰਗ ਸਕੂਲ

FREE PICK UP & DROP OFF SERVICE

Edmonton & Sherwood Park

Contact: (780) 660 4090

Sherwood Park, AB, Canada, T8C1H3 www.advancedrivingschool.ca

# Advance Limos Ltd.

Phone: 780 236 5000, Fax: 780 922 2705

www.advancelimos.ca

The Services we Provide
- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact

Aman Sooch

Book Your LIMO Now & Enjoy the Luxurious Ride

(780) 236 5000



## ਅੰਤਰ-ਰਾਜੀ ਮਜ਼ਦੂਰ

# ਦਰੁਸਤ ਦ੍ਰਿਸ਼ਟੀਕੋਣ ਅਪਨਾਉਣ ਦੀ ਲੋੜ

ਡਾ. ਸੁਖਪਾਲ ਸਿੰਘ

ਮਨੁੱਖ ਦਾ ਇਕ ਥਾਂ ਤੋਂ ਦੂਜੇ ਥਾਂ 'ਤੇ ਪ੍ਰਵਾਸ ਕਰਨਾ ਯੁੱਗਾਂ-ਯੁਗਾਂਤਰਾਂ ਤੋਂ ਚੱਲ ਰਿਹਾ ਵਰਤਾਰਾ ਹੈ। ਮਨੁੱਖ ਦੇ ਇਸ ਪ੍ਰਵਾਸ ਪਿੱਛੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤੱਤ ਮਹੱਤਵਪੂਰਨ ਹਨ। ਕਿਸੇ ਦੇਸ਼ ਦੇ ਇਕ ਖਿੱਤੇ ਵਿਚ ਰਹਿ ਰਹੇ ਵਿਅਕਤੀਆਂ ਦਾ ਦੂਜੇ ਖਿੱਤੇ ਵਿਚ ਜਾ ਕੇ ਵਸਣਾ ਜਾਂ ਇਕ ਰਾਸ਼ਟਰ ਤੋਂ ਦੂਜੇ ਰਾਸ਼ਟਰ ਵਿਚ ਪ੍ਰਵਾਸ ਕਰਨ ਪਿੱਛੇ ਮੁੱਖ ਰੂਪ ਵਿਚ ਆਰਥਿਕ ਤੱਤ ਹੀ ਹਨ। ਭਾਵੇਂ ਕਿ ਇਹਨਾਂ ਤੱਤਾਂ ਦਾ ਪੱਧਰ ਵੱਖਰੇ-ਵੱਖਰੇ ਖਿੱਤਿਆਂ, ਵਿਅਕਤੀਆਂ ਜਾਂ ਗਰੁੱਪਾਂ ਲਈ ਵੱਖਰਾ-ਵੱਖਰਾ ਹੁੰਦਾ ਹੈ। ਸਮਾਜ ਦੇ ਵੱਖ ਵੱਖ ਹਿੱਸਿਆਂ ਵਿਚ ਵਿਕਾਸ ਦੇ ਪੱਧਰ ਵਿਚ ਵਖਰੇਵੇਂ ਕਾਰਨ ਮਨੁੱਖ ਇਕ ਥਾਂ ਤੋਂ ਦੂਜੀ ਥਾਂ 'ਤੇ ਪ੍ਰਵਾਸ ਕਰਦਾ ਹੈ। ਕਈ ਖਿੱਤੇ ਵੱਧ ਵਿਕਸਤ ਹੋ ਜਾਂਦੇ ਹਨ, ਕਈ ਘੱਟ ਅਤੇ ਕਈ ਖਿੱਤੇ ਪਛੜੇ ਹੀ ਰਹਿ ਜਾਂਦੇ ਹਨ। ਪਛੜੇ ਖਿੱਤਿਆਂ ਵਿਚ ਗੁਰਬਤ ਦੀ ਹਾਲਤ ਵਿਚ ਰਹਿੰਦੇ ਲੋਕ ਆਪਣੀ ਉਪਜੀਵਕਾ ਕਮਾਉਣ ਲਈ ਘੱਟ ਵਿਕਸਿਤ ਖਿੱਤਿਆਂ ਵੱਲ ਪ੍ਰਵੇਸ਼ ਕਰਦੇ ਹਨ। ਇਸੇ ਤਰ੍ਹਾਂ ਘੱਟ ਵਿਕਸਿਤ ਇਲਾਕਿਆਂ ਵਿਚੋਂ ਲੋਕ ਆਪਣੀ ਸਿੱਖਿਆ, ਹੁਨਰ ਅਤੇ ਆਰਥਿਕਤਾ ਦੇ ਸਹਾਰੇ ਵੱਧ ਵਿਕਸਿਤ ਇਲਾਕਿਆਂ ਵੱਲ ਪ੍ਰਵਾਸ ਕਰਦੇ ਹਨ ਤਾਂ ਕਿ ਉਹਨਾਂ ਦੇ ਜੀਵਨ ਦਾ ਪੱਧਰ ਪਹਿਲਾਂ ਨਾਲੋਂ ਉੱਚਾ ਹੋ ਜਾਵੇ। ਠੀਕ ਇਸੇ ਤਰ੍ਹਾਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚੋਂ ਮਜ਼ਦੂਰ ਖੇਤੀ ਵਿਚ ਵਿਕਸਿਤ ਹੋ ਚੁੱਕੇ ਰਾਜਾਂ ਜਿਵੇਂ ਪੰਜਾਬ ਵੱਲ ਪ੍ਰਵਾਸ ਕਰਦੇ ਹਨ ਅਤੇ ਪੰਜਾਬੀ ਮਜ਼ਦੂਰ ਦੂਸਰੇ ਦੇਸ਼ਾਂ ਜਿਵੇਂ ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਵੱਲ ਪ੍ਰਵਾਸ ਕਰਦੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹਨਾਂ ਮਜ਼ਦੂਰਾਂ ਦੀ ਆਰਥਿਕ-ਸਮਾਜਿਕ ਜ਼ਿੰਦਗੀ ਕਿੰਨੀ ਸੰਘਰਸ਼ ਭਰੀ ਹੈ। ਪੰਜਾਬ ਦੀ ਖੇਤੀ ਵਿਚ ਇਸ ਵੇਲੇ ਲਗਭਗ 8.5 ਲੱਖ ਪ੍ਰਵਾਸੀ ਮਜ਼ਦੂਰ ਹਨ, ਜਿਹਨਾਂ ਦਾ ਵੱਡਾ ਹਿੱਸਾ (92 ਪ੍ਰਤੀਸ਼ਤ) ਬਿਹਾਰ ਤੋਂ ਆਉਂਦਾ ਹੈ। ਅੰਤਰ-ਰਾਜੀ ਮਜ਼ਦੂਰ ਮੁੱਖ ਤੌਰ 'ਤੇ ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਨਾਲ ਸਬੰਧਤ ਹਨ, ਫਿਰ ਵੀ ਲਗਭਗ ਪੰਜ ਪ੍ਰਤੀਸ਼ਤ ਮਜ਼ਦੂਰ ਉੱਚ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਹਨ। 1983-84 ਦੇ ਸਰਵੇ ਅਨੁਸਾਰ ਉਸ ਸਮੇਂ ਖੇਤੀ 'ਚ ਅੰਤਰ-ਰਾਜੀ ਮਜ਼ਦੂਰਾਂ ਵਿਚੋਂ ਹਿੰਦੂ ਜਾਤਾਂ ਨਾਲ ਸਬੰਧ ਰੱਖਣ ਵਾਲਿਆਂ ਦੀ ਗਿਣਤੀ 34 ਸੀ ਜੋ ਕਿ ਹੁਣ ਨਾ-ਮਾਤਰ ਹੀ ਰਹਿ ਗਈ ਕਿਉਂਕਿ ਇਹ ਲੋਕ ਪੇਂਡੂ ਖੇਤਰ ਵਿਚ ਕੰਮ ਕਰਨ ਦੀ ਬਜਾਏ ਸ਼ਹਿਰੀ ਖੇਤਰ ਵਿਚ ਕੰਮ ਕਰਨਾ ਵੱਧ ਸੁਰੱਖਿਅਤ ਸਮਝਦੇ ਹਨ। ਦੂਜੇ ਪਾਸੇ ਨਿਮਨ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਇਹ ਲੋਕ ਆਰਥਿਕ ਮਜਬੂਰੀਆਂ ਕਰਕੇ ਹਰ ਥਾਂ 'ਤੇ ਕੰਮ ਕਰਨ ਲਈ ਤਿਆਰ ਹਨ। ਖੇਤੀ ਵਿਚ ਅੰਤਰ-ਰਾਜੀ ਮਜ਼ਦੂਰਾਂ ਦਾ ਤਿੰਨ-ਚੌਥਾਈ ਹਿੱਸਾ ਅਨਪੜ੍ਹ ਹੈ। ਇਹਨਾਂ ਦਾ ਨਿਗੂਣਾ ਹਿੱਸਾ ਹੀ ਪੰਜ ਜਮਾਤਾਂ ਤੋਂ ਵੱਧ ਪੜ੍ਹਿਆ ਲਿਖਿਆ ਹੈ। ਇਸ ਕਰਕੇ ਇਹ ਲੋਕ ਤਕਨੀਕੀ ਯੋਗਤਾ ਦੀ ਅਣਹੋਂਦ ਕਰਕੇ ਖੇਤੀ ਵਿਚੋਂ ਹੀ ਆਪਣੀ ਉਪਜੀਵਕਾ ਕਮਾਉਂਦੇ ਹਨ। ਪੰਜਾਬ ਦੀ ਖੇਤੀ ਵਿਚ ਆਉਣ ਵਾਲੇ ਅੰਤਰ-ਰਾਜੀ ਮਜ਼ਦੂਰਾਂ ਦਾ ਲਗਭਗ 80 ਪ੍ਰਤੀਸ਼ਤ ਹਿੱਸਾ ਸ਼ਾਦੀਸ਼ੁਦਾ ਹੈ, ਪ੍ਰੰਤੂ ਇਹਨਾਂ ਵਿਚੋਂ ਸਿਰਫ਼ 18 ਪ੍ਰਤੀਸ਼ਤ ਨੇ ਹੀ ਆਪਣੇ ਪਰਿਵਾਰ ਨਾਲ ਰੱਖੇ ਹੋਏ ਹਨ, ਜਦੋਂ ਕਿ ਬਾਕੀਆਂ ਨੇ ਪਰਿਵਾਰਾਂ ਨੂੰ ਨਾਲ ਰੱਖਣ ਦੀ ਇੱਛਾ ਤਾਂ ਜਤਾਈ ਪ੍ਰੰਤੂ ਆਰਥਿਕ ਮਜਬੂਰੀਆਂ ਕਰਕੇ ਪਰਿਵਾਰਾਂ ਨੂੰ ਨਾਲ ਰੱਖਣ ਦੀ ਅਸਮਰਥਾ ਨੂੰ ਭਰੇ ਮਨ ਨਾਲ ਦਰਸਾਇਆ। ਕੁਝ ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਉਹ ਆਪਣੇ ਪਰਿਵਾਰਾਂ ਨੂੰ ਆਪਣੇ ਨਾਲ ਇਸ ਕਰਕੇ ਵੀ ਨਹੀਂ ਰੱਖਦੇ ਕਿਉਂਕਿ ਉਹਨਾਂ ਨੇ ਜੱਦੀ ਇਲਾਕੇ ਵਿਚ ਆਪਣੀ ਜਾਇਦਾਦ, ਪਸ਼ੂ ਅਤੇ ਹੋਰ ਘਰੇਲੂ ਕੰਮ ਕਾਜ ਦੀ ਵੀ ਦੇਖਭਾਲ ਕਰਨੀ ਹੁੰਦੀ ਹੈ। ਇਸ ਤਰ੍ਹਾਂ ਰੇਲਵੇ ਦੇ ਵੱਧ ਕਿਰਾਏ, ਰਹਿਣ ਲਈ ਸੁਰੱਖਿਅਤ ਥਾਂ ਦੀ ਅਣਹੋਂਦ, ਕੰਮ ਦੀ ਭਾਲ ਵਿਚ ਇੱਧਰ ਉੱਧਰ ਭਟਕਣ ਅਤੇ ਸਾਰੇ ਪਰਿਵਾਰ ਦੀ ਖਰਚਾ ਝੱਲਣ ਦੀ ਅਣਹੋਂਦ ਕਾਰਨ ਆਪਣੇ ਪਰਿਵਾਰ ਨੂੰ ਨਾਲ ਰੱਖਣਾ ਬੜਾ ਹੀ ਮੁਸ਼ਕਲ ਹੈ। ਪ੍ਰਵਾਸੀ ਮਜ਼ਦੂਰਾਂ ਦੇ ਸਿਰਫ਼ 36 ਪ੍ਰਤੀਸ਼ਤ ਹਿੱਸੇ ਕੋਲ ਮਾਮੂਲੀ ਜਿਹੀ ਜ਼ਮੀਨ ਦੀ ਮਾਲਕੀ ਵੀ ਹੈ, ਜਦੋਂ ਕਿ ਵੱਡਾ ਹਿੱਸਾ ਬੇਜ਼ਮੀਨਾ ਹੀ ਹੈ। ਇਹ ਤੱਥ ਸਾਬਤ ਕਰਦੇ ਹਨ ਕਿ ਇਹਨਾਂ ਮਜ਼ਦੂਰਾਂ ਦਾ ਪਰਵਾਸ ਇਕ ਆਰਥਿਕ ਪ੍ਰਕਿਰਿਆ ਵਿਚ ਹੀ ਉਪਜਿਆ ਹੋਇਆ ਹੈ।



ਜਿੱਥੇ ਪੰਜਾਬ ਦੀ ਕਿਸਾਨ ਅਤੇ ਮਜ਼ਦੂਰ ਜਮਾਤ ਕਰਜ਼ੇ ਥੱਲੇ ਦੱਬੀ ਹੋਈ ਹੈ, ਉੱਥੇ ਇਹ ਵੀ ਸਾਫ਼ ਹੈ ਕਿ ਪ੍ਰਵਾਸੀ ਮਜ਼ਦੂਰ ਵੀ ਕਰਜ਼ੇ ਤੋਂ ਮੁਕਤ ਨਹੀਂ ਹਨ। ਇਹਨਾਂ ਦਾ ਲਗਭਗ 75 ਪ੍ਰਤੀਸ਼ਤ ਹਿੱਸਾ ਕਰਜ਼ਾਈ ਹੈ, ਜਿਹਨਾਂ ਸਿਰ ਔਸਤਨ ਕਰਜ਼ਾ 12,508 ਹੈ। ਅਸਲ ਵਿਚ ਮਜ਼ਦੂਰਾਂ ਕੋਲ ਕੋਈ ਸਾਧਨ ਨਾ ਹੋਣ ਕਰਕੇ ਇਹਨਾਂ ਨੂੰ ਕੋਈ ਵੀ ਅਦਾਰਾ ਕਰਜ਼ਾ ਨਹੀਂ ਦਿੰਦਾ ਇਸੇ ਲਈ ਇਹ ਬਹੁਤ ਘੱਟ ਖਰਚ ਨਾਲ ਆਪਣੀ ਜ਼ਿੰਦਗੀ ਨੂੰ ਰੋੜ੍ਹ ਰਹੇ ਹਨ।

ਅੰਤਰ-ਰਾਜੀ ਮਜ਼ਦੂਰਾਂ ਦਾ ਪੰਜਾਬ ਦੀ ਖੇਤੀ ਵਿਚ ਆ ਕੇ ਕੰਮ ਕਰਨ ਦਾ ਸਭ ਤੋਂ ਮੁੱਖ ਕਾਰਨ ਵੱਧ ਮਜ਼ਦੂਰੀ ਦਰਾਂ ਦਾ ਮਿਲਣਾ ਹੈ। ਇਹਨਾਂ ਵਿਚੋਂ ਸਥਾਈ ਮਜ਼ਦੂਰਾਂ ਨੂੰ ਆਪਣੀ ਜੱਦੀ ਭੂਮੀ 'ਤੇ ਸਿਰਫ਼ 861 ਰੁਪਏ ਮਹੀਨਾ ਔਸਤਨ ਮਜ਼ਦੂਰੀ ਮਿਲਦੀ ਹੈ। ਇਹ ਮਜ਼ਦੂਰੀ 1983-84 ਵਿਚ 106 ਰੁਪਏ ਪ੍ਰਤੀ ਮਹੀਨਾ ਅਤੇ 1995-96 ਵਿਚ 332 ਰੁਪਏ ਪ੍ਰਤੀ ਮਹੀਨਾ ਸੀ। ਕੀਮਤ ਸੂਚਕ ਅੰਕ ਤੋਂ ਸਪੱਸ਼ਟ ਹੈ ਕਿ ਮਜ਼ਦੂਰੀ ਦਰਾਂ ਵਿਚ ਅਸਲ ਵਾਧਾ ਬਿਲਕੁਲ ਨਹੀਂ ਹੋਇਆ। ਇਸ ਤੋਂ ਇਲਾਵਾ ਉਹਨਾਂ ਇਲਾਕਿਆਂ ਵਿਚ ਮਜ਼ਦੂਰੀ ਸਾਰਾ ਸਾਲ ਉਪਲਬਧ ਵੀ ਨਹੀਂ ਹੁੰਦੀ। ਇਹ ਦਿਹਾੜੀ ਸਾਲ ਵਿਚ ਸਿਰਫ਼ 2-3 ਮਹੀਨੇ ਹੀ ਮਿਲਦੀ ਹੈ ਅਤੇ ਬਾਕੀ ਸਮਾਂ ਲਗਭਗ ਵਿਹਲੇ ਹੀ ਰਹਿਣਾ ਪੈਂਦਾ ਹੈ। ਪੰਜਾਬ ਦੇ ਉਲਟ ਸਥਾਈ ਮਜ਼ਦੂਰਾਂ ਨੂੰ ਵੀ ਉਹਨਾਂ ਰਾਜਾਂ ਵਿਚ ਦਿਹਾੜੀ ਤੋਂ ਇਲਾਵਾ ਰੋਟੀ ਜਾਂ ਚਾਹ ਪਾਣੀ ਨਹੀਂ ਦਿੱਤਾ ਜਾਂਦਾ। ਦਿਹਾੜੀਵਾਰ ਅਸਥਾਈ ਮਜ਼ਦੂਰਾਂ ਨੂੰ ਮਜ਼ਦੂਰੀ ਹੋਰ ਵੀ ਘੱਟ ਮਿਲਦੀ ਹੈ। ਬਿਹਾਰ, ਯੂ.ਪੀ. ਅਤੇ ਹੋਰ ਰਾਜਾਂ ਵਿਚ ਜਿੱਥੋਂ ਇਹ ਮਜ਼ਦੂਰ ਆਉਂਦੇ ਹਨ, ਉਹਨਾਂ ਵਿਚ ਲਗਭਗ 50 ਰੁਪਏ ਔਸਤਨ ਦਿਹਾੜੀ ਮਿਲਦੀ ਹੈ ਅਤੇ ਇੱਥੇ ਕੰਮ ਦੀ ਉਪਲਬਧਤਾ ਵੀ ਸਿਰਫ਼ ਖੇਤੀ ਦੇ ਭਰ ਸੀਜ਼ਨ ਵਿਚ ਹੀ ਹੁੰਦੀ ਹੈ। ਜਿੱਥੇ ਅੰਤਰ-ਰਾਜੀ ਮਜ਼ਦੂਰਾਂ ਨੂੰ ਉਹਨਾਂ ਦੇ ਜੱਦੀ ਇਲਾਕਿਆਂ ਵਿਚ ਮਜ਼ਦੂਰੀ ਘੱਟ ਅਤੇ ਕੰਮ ਦੀ ਅਨਿਸ਼ਚਤਤਾ ਬਣੀ ਰਹਿੰਦੀ ਹੈ, ਉੱਥੇ ਪੰਜਾਬ ਵਿਚ ਕੰਮ ਅਤੇ ਮਜ਼ਦੂਰੀ ਵੀ ਮੁਕਾਬਲਤਨ ਵੱਧ ਮਿਲਦੀ ਹੈ। 2006-07 ਦੌਰਾਨ ਪ੍ਰਵਾਸੀ ਮਜ਼ਦੂਰਾਂ ਨੂੰ ਖੇਤੀ ਦੇ ਭਰ ਸੀਜ਼ਨ ਵਿਚ ਔਸਤਨ 103 ਰੁਪਏ ਦਿਹਾੜੀ ਮਿਲਦੀ ਰਹੀ ਹੈ। ਇਹ ਦਿਹਾੜੀ ਲੁਧਿਆਣਾ ਜ਼ਿਲ੍ਹੇ ਵਿਚ ਸਭ ਤੋਂ ਵੱਧ (ਲਗਭਗ 110 ਰੁਪਏ) ਔਸਤਨ ਸੀ। ਜਦੋਂ ਕਿ ਆਫ ਸੀਜ਼ਨ ਵਿਚ ਸਿਰਫ਼ 77 ਰੁਪਏ ਦਿਹਾੜੀ ਹੀ ਮਿਲਦੀ ਹੈ। ਇਸੇ ਤਰ੍ਹਾਂ ਪੱਕੇ ਮਜ਼ਦੂਰਾਂ ਨੂੰ 23 ਹਜ਼ਾਰ ਰੁਪਏ ਸਲਾਨਾ ਮਿਲਦੇ ਹਨ। ਦਿਹਾੜੀ ਦੀ ਦਰ 1995-96 ਤੱਕ ਵਧਦੀ ਰਹੀ ਹੈ ਜਦੋਂ ਕਿ ਇਸ ਸਮੇਂ ਤੋਂ ਬਾਅਦ ਵਿਸ਼ਵੀਕਰਨ ਦੇ ਦੌਰ ਦੌਰਾਨ ਮਜ਼ਦੂਰਾਂ ਵਿਚ 4.38 ਪ੍ਰਤੀਸ਼ਤ ਸਲਾਨਾ ਦੀ ਦਰ ਨਾਲ ਕਮੀ ਆਈ ਹੈ।

ਇਸ ਤੋਂ ਇਲਾਵਾ ਪੰਜਾਬ ਦੀ ਖੇਤੀ ਵਿਚ ਅੰਤਰ-ਰਾਜੀ ਮਜ਼ਦੂਰਾਂ ਨੂੰ ਸਥਾਈ ਮਜ਼ਦੂਰ ਦੇ ਤੌਰ 'ਤੇ ਵੀ ਕੰਮ 'ਤੇ ਰੱਖਿਆ ਜਾਂਦਾ ਹੈ, ਜਿਹੜਾ ਕਿ ਸਲਾਨਾ ਜਾਂ ਮਹੀਨੇ ਵਾਰ ਆਪਣੀ ਉਜਰਤ ਹਾਸਲ ਕਰਦਾ ਹੈ। ਸਥਾਈ ਮਜ਼ਦੂਰਾਂ ਨੂੰ ਔਸਤਨ 1915 ਰੁਪਏ ਪ੍ਰਤੀ ਮਹੀਨਾ ਮਜ਼ਦੂਰੀ ਦਿੱਤੀ ਜਾਂਦੀ ਹੈ। ਇਹ ਮਜ਼ਦੂਰੀ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਵਿਚ ਲਗਭਗ 2100 ਰੁਪਏ ਪ੍ਰਤੀ ਮਹੀਨਾ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡਾਂ ਵਿਚ ਲਗਭਗ 1593 ਰੁਪਏ ਪ੍ਰਤੀ ਮਹੀਨਾ ਹੈ। ਲੁਧਿਆਣਾ ਜ਼ਿਲ੍ਹੇ ਵਿਚ ਕਈ ਤਰ੍ਹਾਂ ਦੇ ਕੰਮ ਮਿਲਣ ਕਰਕੇ ਇੱਥੇ ਮਜ਼ਦੂਰਾਂ ਲਈ ਕੰਮ ਮਿਲ ਜਾਂਦਾ ਹੈ। ਇਸੇ ਕਰਕੇ ਮੰਗ ਅਤੇ ਪੂਰਤੀ ਦੇ ਨਿਯਮ ਅਨੁਸਾਰ ਉਹ ਮੁਕਾਬਲਤਨ ਵੱਧ ਮਜ਼ਦੂਰੀ ਹਾਸਲ ਕਰਦੇ ਹਨ। ਪੰਜਾਬ ਵਿਚ ਔਸਤਨ ਅੰਤਰ-ਰਾਜੀ ਮਜ਼ਦੂਰ ਲਗਭਗ 18,000 ਰੁਪਏ ਸਾਲਾਨਾ ਕਮਾਉਂਦਾ ਹੈ। ਇਸ ਕਮਾਈ ਵਿਚ 1995-96 ਤੋਂ 2006-07 ਵਿਚ 6.27 ਪ੍ਰਤੀਸ਼ਤ ਸਲਾਨਾ ਦੀ ਦਰ ਕਮੀ ਆਈ ਹੈ। ਇੰਨੀ ਘੱਟ ਆਮਦਨ ਦੇ ਬਾਵਜੂਦ ਇਹ ਗਰੀਬ ਮਜ਼ਦੂਰ ਸਿਰਫ਼ ਪੰਜ ਹਜ਼ਾਰ ਰੁਪਏ ਸਲਾਨਾ ਖਰਚ ਕਰਕੇ ਲਗਭਗ 13 ਹਜ਼ਾਰ ਰੁਪਏ ਬਚਤ ਕਰਦੇ ਹਨ। ਇਸ ਹਿਸਾਬ ਨਾਲ ਇਨ੍ਹਾਂ ਮਜ਼ਦੂਰਾਂ ਦੀ ਕੁੱਲ ਆਮਦਨ 1,142 ਕਰੋੜ ਰੁਪਏ ਅਤੇ ਕੁੱਲ ਖਰਚ 313 ਕਰੋੜ ਰੁਪਏ ਬਣਦਾ ਹੈ। ਇਸ ਤਰ੍ਹਾਂ ਇਹ 829 ਕਰੋੜ ਰੁਪਏ ਬਚਾ ਕੇ ਆਪਣੇ ਜੱਦੀ ਇਲਾਕੇ ਨੂੰ ਭੇਜਦੇ ਹਨ। ਸਧਾਰਨ ਲੋਕਾਂ ਅਤੇ ਅਖੌਤੀ ਬੁੱਧੀਜੀਵੀਆਂ ਵਲੋਂ ਇਹ ਪੂਰੇ ਜ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਅੰਤਰ-ਰਾਜੀ ਮਜ਼ਦੂਰ ਪੰਜਾਬ ਦੀ ਅਰਥ ਵਿਵਸਥਾ ਵਿਚੋਂ ਬੜੇ ਪੈਸੇ ਕਮਾ ਕੇ ਲੈ ਜਾਂਦੇ ਹਨ। ਉਹਨਾਂ ਅਨੁਸਾਰ ਅੰਤਰ-ਰਾਜੀ ਮਜ਼ਦੂਰਾਂ 'ਤੇ ਨਿਰਭਰ ਹੋਣ ਕਰਕੇ ਹੀ ਖੇਤੀ ਅਰਥ ਵਿਵਸਥਾ ਸੰਕਟ ਗ੍ਰਸਤ ਹੋਈ ਪਈ ਹੈ। ਇਸ ਸਾਲ ਅੰਤਰ-ਰਾਜੀ ਮਜ਼ਦੂਰਾਂ ਦੀ ਆਮਦ ਘੱਟ ਹੋਣ ਕਰਕੇ ਬੜੀ ਹੀ ਹਾਹਾਕਾਰ ਮੱਚੀ ਕਿ 'ਅੰਤਰ-ਰਾਜੀ ਮਜ਼ਦੂਰਾਂ ਨੂੰ ਮੌਜਾਂ ਲੱਗੀਆਂ ਹੋਈਆਂ ਹਨ। ਕਿਸਾਨ ਉਹਨਾਂ ਦੀ ਮੀਟ ਅਤੇ ਸ਼ਰਾਬ ਨਾਲ ਆਓ ਭਗਤ ਕਰਦੇ ਹਨ, ਦਿਹਾੜੀ ਬਹੁਤ ਉੱਚੀ ਹੈ, ਪੰਜਾਬ ਨੂੰ ਇਹ ਲੋਕ ਲੁੱਟ ਕੇ ਲੈ ਜਾਣਗੇ। 'ਅਸਲ ਵਿਚ ਇਹ ਕਿਸਾਨੀ ਦੇ ਸੰਕਟ ਦੇ ਅਸਲ ਕਾਰਨਾਂ 'ਤੇ ਪਰਦਾ ਪਾਉਣ ਦੀ ਚਾਲ ਹੈ। ਉਤਪਾਦਨ ਵਿਚ ਮਜ਼ਦੂਰਾਂ ਦੇ ਯੋਗਦਾਨ ਨੂੰ ਉਹਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਉਜਰਤਾਂ ਦੇ ਅਨੁਪਾਤ ਵਿਚ ਦੇਖਣਾ ਬਣਦਾ ਹੈ। ਮਾਰਕਸੀ ਸਿਧਾਂਤ ਅਨੁਸਾਰ ਮਜ਼ਦੂਰਾਂ ਦੇ ਕੰਮ ਬਦਲੇ ਵਿਚ ਉਹਨਾਂ ਨੂੰ ਦਿੱਤਾ ਜਾਣ ਵਾਲਾ ਇਵਜ਼ਾਨਾ ਕਾਫੀ ਘੱਟ ਹੁੰਦਾ ਹੈ। ਇਹ ਇਵਜ਼ਾਨਾ ਬਣਦੇ ਇਵਜ਼ਾਨੇ ਤੋਂ ਜਿੰਨਾ ਘੱਟ ਹੁੰਦਾ ਹੈ ਉਨਾ ਹੀ ਉਦਮੀ ਜਾਂ ਮਾਲਕ ਨੂੰ ਲਾਭ ਹੁੰਦਾ ਹੈ, ਇਸੇ ਨੂੰ ਹੀ ਮਜ਼ਦੂਰ ਦਾ ਸ਼ੋਸ਼ਣ ਕਿਹਾ ਜਾਂਦਾ ਹੈ। ਅਸਲ ਵਿਚ ਇਹ ਮਜ਼ਦੂਰ ਘੱਟ ਆਮਦਨ ਹੋਣ ਕਰਕੇ ਬਹੁਤ ਹੀ ਘੱਟ ਖਰਚ ਨਾਲ ਆਪਣੇ ਸਰੀਰ ਨੂੰ ਜੀਵਤ ਰੱਖਦੇ ਅਤੇ ਢਿੱਡ ਨੂੰ ਗੰਢਾਂ ਦੇ ਕੇ ਨਿਗੂਣੇ ਜਿਹੇ ਪੈਸੇ ਬਚਾਉਂਦੇ ਹਨ, ਜਿਸ ਨੂੰ ਬੁੱਧੀਜੀਵੀਆਂ ਵਲੋਂ ਪੰਜਾਬ ਦੀ ਆਰਥਿਕਤਾ ਦੀ ਲੁੱਟ ਕਿਹਾ ਜਾਂਦਾ ਹੈ।

ਪੀ. ਏ. ਯੂ. ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਖੇਤੀ ਵਿਚ ਲੱਗੇ ਅੰਤਰ-ਰਾਜੀ ਮਜ਼ਦੂਰਾਂ ਦਾ ਖਾਣ ਪੀਣ ਦਾ ਪੱਧਰ ਆਪਣੇ ਜੱਦੀ ਰਾਜਾਂ ਨਾਲੋਂ ਘੱਟ ਪੌਸ਼ਟਿਕ ਹੈ। ਇਸ ਕਰਕੇ ਇਹ ਮਜ਼ਦੂਰ ਇੱਥੇ ਰਹਿ ਕੇ ਆਪਣੀ ਆਰਥਿਕ ਅਤੇ ਸਮਾਜਿਕ ਜ਼ਿੰਦਗੀ ਤੋਂ ਬਹੁਤਾ ਸੰਤੁਸ਼ਟ ਨਹੀਂ ਹਨ। ਸਿਰਫ਼ ਮਜਬੂਰੀ ਵੱਸ ਹੀ ਉਹ ਇੱਥੇ ਰਹਿ ਰਹੇ ਹਨ। ਸਾਡੇ ਆਪਣੇ ਸਰਵੇ ਮੁਤਾਬਕ ਅੰਤਰ-ਰਾਜੀ ਮਜ਼ਦੂਰਾਂ ਵਿਚੋਂ ਵੱਡੀ ਗਿਣਤੀ ਨੂੰ ਅੱਠ ਘੰਟੇ ਕੰਮ, ਸਿਹਤ ਸਹੂਲਤਾਂ, ਬੀਮਾ ਸਹੂਲਤਾਂ, ਮਜ਼ਦੂਰ ਦਿਵਸ ਅਤੇ ਮਜ਼ਦੂਰਾਂ ਦੇ ਸੰਗਠਨਾਂ ਬਾਰੇ ਕੋਈ ਗਿਆਨ ਨਹੀਂ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਲੋਕ ਕਿੰਨੇ ਅਣਭੋਲ ਅਤੇ ਅਣਜਾਣ ਹਨ ਜਿਹੜੇ ਆਪਣੇ ਅਧਿਕਾਰਾਂ ਪ੍ਰਤੀ ਬਿਲਕੁਲ ਸੁਚੇਤ ਨਹੀਂ ਹਨ।

ਅੰਤਰ-ਰਾਜੀ ਮਜ਼ਦੂਰਾਂ ਦਾ ਪੰਜਾਬ ਦੀ ਖੇਤੀ ਵਿਚ ਵੱਡਮੁੱਲਾ ਰੋਲ ਹੈ। ਜਿਹੜੇ ਲੋਕ ਅੰਤਰ-ਰਾਜੀ ਮਜ਼ਦੂਰਾਂ ਨੂੰ ਘ੍ਰਿਣਾ ਕਰਦੇ ਹਨ, ਉੱਥੇ ਉਹੀ ਵਿਅਕਤੀ ਪੰਜਾਬੀਆਂ ਦੇ ਦੂਸਰੇ ਦੇਸ਼ਾਂ ਵਿਚ ਜਾ ਕੇ ਸਥਾਪਤ ਹੋ ਜਾਣ ਨੂੰ ਬੜੇ ਹੀ ਸਤਿਕਾਰ ਨਾਲ ਵੇਖਦੇ ਹਨ। ਜਿੱਥੇ ਉਹ ਦੂਸਰੇ ਦੇਸ਼ ਵਿਚ ਜਾ ਕੇ ਮਨਿਸਟਰ, ਚੀਫ ਮਨਿਸਟਰ ਅਤੇ ਪ੍ਰਧਾਨ ਮੰਤਰੀ ਤੱਕ ਬਣਦੇ ਹਨ, ਉੱਥੇ ਅੰਤਰ-ਰਾਜੀ ਮਜ਼ਦੂਰਾਂ ਨੂੰ ਆਪਣੇ ਹੀ ਦੇਸ਼ ਦੇ ਕਿਸੇ ਹਿੱਸੇ ਵਿਚ ਘ੍ਰਿਣਾ ਨਾਲ ਵੇਖਣਾ ਕਦਾਚਿਤ ਠੀਕ ਨਹੀਂ ਕਿਹਾ ਜਾ ਸਕਦਾ। ਕਈ ਰਾਜਨੀਤਕ ਤਾਕਤਾਂ ਇਨ੍ਹਾਂ ਅੰਤਰ-ਰਾਜੀ ਮਜ਼ਦੂਰਾਂ ਨੂੰ ਸਥਾਨਕ ਮਜ਼ਦੂਰਾਂ ਜਾਂ ਕਈ ਵਾਰ ਕਿਸਾਨਾਂ ਦੇ ਵਿਰੋਧੀ ਵੀ ਦਰਸਾਉਂਦੀਆਂ ਹਨ ਤਾਂ ਕਿ ਲੋਕਾਂ ਦੀ ਆਰਥਿਕਤਾ ਦੇ ਸਵਾਲ ਨੂੰ ਕਿਸੇ ਹੋਰ ਪਾਸੇ ਲਾਇਆ ਜਾ ਸਕੇ। ਇਹ ਠੀਕ ਹੈ ਕਿ ਅੰਤਰ-ਰਾਜੀ ਮਜ਼ਦੂਰਾਂ ਦੀ ਆਮਦ ਨਾਲ ਸਥਾਨਕ ਵਿਅਕਤੀਆਂ ਦੀ ਵੱਧ ਮਜ਼ਦੂਰੀ ਲੈਣ ਦੀ ਸੌਦੇਬਾਜ਼ੀ 'ਤੇ ਮਾੜਾ ਅਸਰ ਪੈਂਦਾ ਹੈ। ਇੱਥ ਥਾਂ ਤੋਂ ਦੂਜੇ ਥਾਂ ਪ੍ਰਵਾਸ ਕਰਨਾ ਇਕ ਦਰਦਨਾਕ ਅਤੇ ਦੁਖਦਾਈ ਵਰਤਾਰਾ ਹੈ। ਆਮ ਤੌਰ 'ਤੇ ਵਿਅਕਤੀ ਦੂਜੇ ਥਾਂ 'ਤੇ ਜਾ ਕੇ ਪੌੜੀ ਦੇ ਹੇਠਲੇ ਡੰਡੇ ਤੋਂ ਆਪਣੀ ਜ਼ਿੰਦਗੀ ਸ਼ੁਰੂ ਕਰਦਾ ਹੈ ਅਤੇ ਆਪਣੀ ਸਰੀਰਕ ਕਿਰਤ ਵੇਚ ਕੇ ਉਤਪਾਦਨ ਪ੍ਰਕਿਰਿਆ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ। ਇਸ ਕਰਕੇ ਮਾਨਵਤਾ ਦੇ ਇਸ ਵਰਗ ਦੀ ਵੱਡਮੁੱਲੀ ਦੇਣ ਨੂੰ ਮਾਣ ਅਤੇ ਸਤਿਕਾਰ ਨਾਲ ਦੇਖਣਾ ਕਰਨਾ ਚਾਹੀਦਾ ਹੈ। □

## ਕੀ ਚਾਹੀਦੈ, ਕਹੋ, ਏਥੇ ਰਹੋ

### ਮਜ਼ਦੂਰਾਂ ਦੇ ਪੰਜਾਬ ਤੋਂ ਹਿਜਰਤ ਕਰਨ ਦੇ ਖ਼ਤਰੇ ਨਾਲ ਉਦਯੋਗ ਜਗਤ ਦੀ ਨੀਂਦ ਉੱਡੀ

ਲੁਧਿਆਣਾ- ਪੰਜਾਬ ਤੋਂ ਬਿਹਾਰ ਅਤੇ ਉਤਰ ਪ੍ਰਦੇਸ਼ ਨੂੰ ਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਵਿਚ ਅੱਜ-ਕਲ ਕੋਈ ਸੀਟ ਖਾਲੀ ਨਹੀਂ। ਇਸ ਕਰਕੇ ਉਦਯੋਗ ਜਗਤ ਵਿਚ ਖਲਬਲੀ ਮਚੀ ਹੋਈ ਹੈ।

ਕਾਰਨ ਇਹ ਹੈ ਕਿ ਪੰਜਾਬ ਦੀ ਆਰਥਕ ਰਾਜਧਾਨੀ ਲੁਧਿਆਣਾ ਵਿਚ ਪਿਛਲੇ ਜਿਹੇ ਹੋਈਆਂ ਹਿੰਸਕ ਘਟਨਾਵਾਂ ਤੋਂ ਬਾਅਦ ਬਹੁਤੇ ਅੰਤਰ-ਰਾਜੀ ਮਜ਼ਦੂਰ ਵਾਪਿਸ ਆਪੋ ਆਪਣੇ ਘਰੀਂ ਜਾ ਰਹੇ ਹਨ।

ਉਦਯੋਗਪਤੀਆਂ ਨੂੰ ਇਹ ਡਰ ਸਤਾ ਰਿਹਾ ਹੈ ਕਿ ਇਹ ਮਜ਼ਦੂਰ ਸ਼ਾਇਦ ਹੁਣ ਵਾਪਿਸ ਨਹੀਂ ਆਉਣਗੇ। ਇਸੇ ਲਈ ਇਨ੍ਹਾਂ ਨੂੰ ਰੋਕਣ ਲਈ ਉਦਯੋਗ ਪਤੀਆਂ ਨੇ ਆਪਣੇ ਪੱਧਰ 'ਤੇ ਹੀ ਨਵੇਂ-ਨਵੇਂ ਉਪਾਅ ਕਰਨੇ ਆਰੰਭ ਦਿੱਤੇ ਹਨ। ਇਨ੍ਹਾਂ ਨੂੰ ਤਨਖ਼ਾਹਾਂ ਵਧਾਉਣ ਸਣੇ ਕੁਝ ਹੋਰ ਅਜਿਹੀਆਂ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਬਾਰੇ ਪਹਿਲਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ। ਇਨ੍ਹਾਂ ਸਹੂਲਤਾਂ ਨਾਲ ਉਦਯੋਗਾਂ ਉਪਰ 10 ਫੀਸਦੀ ਤੱਕ ਵਿੱਤੀ ਬੋਝ ਵੱਧ ਜਾਵੇਗਾ। ਜ਼ਿਕਰ ਯੋਗ ਹੈ ਕਿ 40 ਲੱਖ ਦੀ ਅਬਾਦੀ ਵਾਲੇ ਲੁਧਿਆਣਾ ਸ਼ਹਿਰ ਵਿਚ 4000 ਤੋਂ ਜ਼ਿਆਦਾ ਫੈਕਟਰੀਆਂ ਹਨ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਮਜ਼ਦੂਰ ਕੰਮ ਕਰਦੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਇਨ੍ਹਾਂ ਮਜ਼ਦੂਰਾਂ ਨਾਲ ਲੁੱਟਾਂ ਅਤੇ ਮਾਰਕੁਟਾਈ ਦੀਆਂ ਘਟਨਾਵਾਂ ਵਧੀਆਂ ਤਾਂ ਇਨ੍ਹਾਂ ਮਾਮਲਿਆਂ ਵਿਚ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਔਖੇ ਇਹ ਮਜ਼ਦੂਰ ਹਿੰਸਕ ਹੋ ਗਏ ਸਨ। ਕੁਝ ਗ਼ੈਰ ਸਮਾਜੀ ਤੱਤਾਂ ਦੀ ਇਸ ਵਿਚ ਸ਼ਮੂਲੀਅਤ ਨੇ ਮਾਮਲਾ ਹੋਰ ਵੀ ਗੰਭੀਰ ਬਣਾ ਦਿੱਤਾ। ਇਸ ਤੋਂ ਬਾਅਦ ਪੁਲਿਸ ਨੇ ਜਿਹੜਾ ਜ਼ਾਲਮਾਨਾ ਰੂਪ ਦਿਖਾਇਆ ਉਸ ਤੋਂ ਇਹ ਮਜ਼ਦੂਰ ਖ਼ੌਫਜ਼ਦਾ ਹਨ। ਇਸੇ ਲਈ ਹੁਣ ਇਹ ਆਪਣੇ ਘਰਾਂ ਨੂੰ ਵਾਪਿਸ ਜਾਣ ਲਈ ਕਾਹਲੇ ਹਨ।

#### ਲੁਧਿਆਣਾ ਦੇ ਉਦਯੋਗਪਤੀਆਂ ਵੱਲੋਂ ਮਜ਼ਦੂਰਾਂ ਨੂੰ ਪੇਸ਼ਕਸ਼

* ਤਨਖ਼ਾਹ 'ਚ 400 ਤੋਂ 600 ਰੁਪਏ ਦਾ ਵਾਧਾ
* ਨਾਜ਼ੁਕ ਇਲਾਕਿਆਂ ਵਿਚ ਰਹਿ ਰਹੇ ਮਜ਼ਦੂਰਾਂ ਨੂੰ ਗ਼ੈਰ ਨਾਜ਼ੁਕ ਇਲਾਕਿਆਂ ਵਿਚ ਰਹਾਇਸ਼ ਦਾ ਪ੍ਰਬੰਧ
* ਕੰਮ 'ਤੇ ਆਉਣ ਜਾਣ ਲਈ ਆਟੋ ਅਤੇ ਟੈਂਪੂ
* ਲੁੱਟ ਖੋਹ ਤੋਂ ਬਚਾਉਣ ਲਈ ਤਨਖ਼ਾਹ ਦੁਪਹਿਰ ਵੇਲੇ ਦੇਣ ਦੀ ਵਿਵਸਥਾ
* ਸ਼ਾਮ 5 ਵਜੇ ਤੱਕ ਹਰ ਹਾਲ ਵਿਚ ਛੁੱਟੀ
* ਆਪਣੇ ਘਰਾਂ ਨੂੰ ਪੈਸੇ ਭਿਜਵਾਉਣ ਲਈ ਮਨੀ ਟਰਾਂਸਫਰ ਏਜੰਟਾਂ ਨਾਲ ਸੰਪਰਕ ਕਰਵਾਉਣ ਦਾ ਪ੍ਰਬੰਧ
* ਬੈਂਕਾਂ ਵਿਚ ਖਾਤੇ ਖੁਲਵਾਉਣ ਦੀ ਪਹਿਲ। ਜਿਨ੍ਹਾਂ ਦੇ ਪਹਿਲਾਂ ਹੀ ਖਾਤੇ ਹਨ ਉਨ੍ਹਾਂ ਨੂੰ ਬੈਂਕ ਰਾਹੀਂ ਭੁਗਤਾਨ।

## ਕਹਾਣੀ

# ਮੇਲਣਾ

'ਆਖਿਰ ਸਿਕੰਦਰ ਜਿੱਤ ਗਿਆ' ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਦੇ ਸਮਕਾਲੀ ਦ੍ਰਿਸ਼ ਵਿਚ ਦਸਤਕ ਦੇਣ ਵਾਲੀ ਵਿਸ਼ਵ ਜੋਤੀ ਧੀਰ ਦੀਆਂ ਕਹਾਣੀਆਂ, ਔਰਤ ਮਨ ਦੇ ਧਰਾਤਲ 'ਤੇ ਵਾਪਰਦੇ ਹਾਦਸਿਆਂ ਦਾ ਸ਼ੋਰ ਨਹੀਂ ਸੰਗੀਤ ਹਨ।



**ਵਿਸ਼ਵ ਜੋਤੀ ਧੀਰ**

ਬਾਬੇ ਜਾਗਰ ਨੇ ਵੱਡੇ ਦਰਵਾਜ਼ੇ ਅੰਦਰ ਵੜਦਿਆਂ ਹੀ ਖੰਘੂਰਾ ਮਾਰ ਦੇਣਾ। ਘਰ ਦੇ ਸਾਰੇ ਨਿਆਣੇ ਬੁੱਕ ਅੱਡ ਕੇ ਦੁਆਲੇ ਹੋ ਜਾਂਦੇ-ਬਾਬਾ ਖਿੱਲਾਂ ਦੇ... ਪਹਿਲਾਂ ਮੈਨੂੰ ਦੇ... ਬਾਬਾ ਹੋਰ ਦੇ। ਇਹ ਤਾਂ ਬਾਬੇ ਜਾਗਰ ਦਾ ਨਿੱਤ ਦਾ ਕੰਮ ਸੀ। ਰੋਜ਼ ਗੁਰਦੁਆਰੇ ਮੱਥਾ ਟੇਕ ਕੇ ਆਉਂਦਾ ਤੇ ਜਵਾਕਾਂ ਦੇ ਹੱਥ 'ਤੇ ਚਾਰ-ਚਾਰ ਦਾਣੇ ਮਿੱਠੀਆਂ ਖਿੱਲਾਂ ਦੇ ਧਰ ਦਿੰਦਾ। ਬਾਕੀ ਦੀਆਂ ਖਿੱਲਾਂ ਸੰਤੀ ਵਾਸਤੇ ਗੀਝੇ 'ਚ ਪਾ ਲੈਂਦਾ। ਰੋਟੀ ਖਾਣ ਮਗਰੋਂ ਜਾਗਰ ਤੇ ਸੰਤੀ ਰੋਜ਼ ਮਿੱਠੀਆਂ ਖਿੱਲਾਂ ਖਾਂਦੇ। ਖਿੱਲਾਂ ਮੂੰਹ ਵਿਚ ਖੁਰਦੀਆਂ ਰਹਿੰਦੀਆਂ ਤੇ ਦੋਵੇਂ ਬੁੜ੍ਹਾ-ਬੁੜ੍ਹੀ ਘੰਟਿਆਂ ਬੱਧੀ ਬੀਤੇ ਵਰ੍ਹਿਆਂ ਦਾ ਸੁਆਦਲਾ ਸਿਮਰਨ ਕਰਕੇ। ਜਾਗਰ ਮੰਜੇ 'ਤੇ ਪਿਆ-ਪਿਆ ਸੰਤੀ ਨੂੰ ਕਹਿੰਦਾ, ''ਸੰਤੀਏ ਜਾਣੈਂ ਐਤਕੀਂ ਵਿਸਾਖੀ ਦੇ ਮੇਲੇ 'ਤੇ। ਅਗਲੇ ਮਹੀਨੇ ਆਉਣ ਵਾਲਾ ਐ। ਬਾਜੀਗਰਾਂ ਨੇ ਤਾਂ ਪਿੜਾਂ 'ਚ ਡੇਰੇ ਵੀ ਲਾ ਲਏ।''

ਸੰਤੀ ਚੁੱਪ ਕੀਤੀ ਭਾਂਡੇ ਭਾਂਜੀ ਗਈ। ਜਾਗਰ ਨੇ ਫੇਰ ਗੱਲ ਤੋਰ ਲਈ, ''ਕਿਉਂ ਸੰਤੀਏ ਤੈਨੂੰ ਜਾਦ ਐ... ਇੱਕ ਵੇਰਾਂ ਜੀਤ ਛੋਟਾ ਹੁੰਦਾ ਸੀ ਜਦੋਂ। ਸਹੁਰੀ ਦਾ ਮੇਲੇ 'ਚ ਗੁਆਚ ਗਿਆ। ਡੂਢ ਘੰਟਾ ਨਾ ਲੱਭਿਆ। ਤੂੰ ਤਾਂ ਰੋ-ਰੋ ਕੇ ਭੋਇ 'ਤੇ ਡਿੱਗ ਪਈ। ਫੇਰ ਕਰਤਾਰੇ ਨੇ ਦੱਸਿਆ-ਬਈ ਜਾਗਰਾ ਤੂੰ ਬੇਹਾਲ ਹੋਇਆ ਫਿਰਦੈਂ। ਤੇਰਾ ਮੁੰਡਾ ਤਾਂ ਔਹ ਬੈਠਾ ਖੁੰਡ 'ਤੇ। ਜਦੋਂ ਮੈਂ ਗਿਆ ਤਾਂ ਮੌਜ ਨਾਲ ਬੈਠਾ ਜਲੇਬੀਆਂ ਖਾਈ ਜਾਵੇ। ਬਾਹਲਾ ਸ਼ਕੀਨ ਸੀ ਜਲੇਬੀਆਂ ਖਾਣ ਦਾ।'' ਜਾਗਰ, ਜੀਤ ਦਾ ਬਚਪਨ ਯਾਦ ਕਰਕੇ ਹੱਸ ਪਿਆ। ਸੰਤੀ ਹਾਲੇ ਵੀ ਕੰਮ ਕਾਰ 'ਚ ਰੁੱਝੀ ਗੱਲ ਸੁਣੀ ਗਈ ਪਰ ਬੋਲੀ ਕੁਝ ਨਾ। ਨੀਵੀਂ ਜਿਹੀ ਕੰਧ ਦੇ ਪਰਲੇ ਪਾਸੇ ਬੈਠਾ ਜੀਤ ਬਾਪੂ ਦੇ ਮੂੰਹੋਂ ਆਪਣੇ ਬਚਪਨ ਦੀ ਗੱਲ ਸੁਣ ਕੇ ਮੋਹ ਨਾਲ ਭਿੱਜ ਗਿਆ। ਜੀਅ ਕੀਤਾ ਭੱਜ ਕੇ ਬਾਪੂ ਦੇ ਵਿਹੜੇ ਚਲਾ ਜਾਵੇ। ਹੋਰ ਵੀ ਬਚਪਨ ਦੀਆਂ ਗੱਲਾਂ ਸਾਂਝੀਆਂ ਕਰੇ ਪਰ ਜਦੋਂ ਦੀ ਅੱਡ-ਵਿੱਢ ਹੋਈ ਸੀ, ਉਦੋਂ ਦਾ ਚਰਨੋਂ ਦੇ ਕਲੇਸ਼ ਤੋਂ ਡਰਦਾ ਸੀ। ਕਦੇ ਉਸ ਨੂੰ ਮਮਤਾ ਦੀ ਛੱਲ ਅੰਦਰੋਂ ਵੱਜਦੀ ਤਾਂ ਡਾਹਢਾ ਤੜਫਦਾ। ਵੱਡੇ ਬਾਈ ਬਿੰਦਰ ਤੇ ਸੁਖੋ ਭਰਜਾਈ ਨੇ ਵੰਡੀਆਂ ਪਾਉਣ ਦਾ ਚਾਹਗਾ ਚੁੱਕਿਆ ਸੀ। ਚਰਨੋਂ ਵੀ ਸੁਭਾਅ ਦੀ ਖਰ੍ਹਵੀ। ਉਹ ਵੀ ਨਾਲ ਰਲਗੀ। ਨਾ ਚਾਹੁੰਦਿਆਂ ਹੋਇਆਂ ਵੀ ਜੀਤ ਨੂੰ ਸਾਥ ਦੇਣਾ ਪਿਆ। ਨਿੱਤ ਦਾ ਰੇੜਕਾ ਮੁੱਕੂ। ਇਹੀ ਸੋਚ ਕੇ ਪਹਿਲਾਂ ਦੋਹਾਂ ਭਰਾਵਾਂ ਨੇ ਜ਼ਮੀਨ ਵੰਡਣ ਦਾ ਫ਼ੈਸਲਾ ਕੀਤਾ। ਫੇਰ ਘਰ। ਫੇਰ ਬੀਬੀ ਤੇ ਬਾਪੂ ਨੂੰ ਵੀ ਵੰਡਣ ਦਾ ਫ਼ੈਸਲਾ ਕੀਤਾ। ਚਰਨੋ ਆਂਹਦੀ ਸੀ-''ਕਬੀਲਦਾਰੀ ਤਾਂ ਨਬੇੜੀ ਬੈਠੇ ਐ। ਇਕ ਕੁੜੀ ਸੀ ਵਿਆਹ ਦਿੱਤੀ। ਬੀਬੀ ਸਾਡੇ ਨਾਲ ਰਹੇ ਤੇ ਬਾਪੂ ਬਿੰਦਰ ਹੁਰਾਂ ਵੱਲ। ਹੁਣ ਐਸ ਉਮਰੇ ਦੋ ਟੁੱਕ ਈ ਤਾਂ ਖਾਣੇ ਐ।'' ਜਾਗਰ ਨੂੰ ਇਹ ਫੈਸਲਾ ਮਨਜ਼ੂਰ ਨਹੀਂ ਸੀ। ਉਹ ਨੂੰਹਾਂ ਦੇ ਵਿਹਾਰ ਤੇ ਸੰਤੀ ਦੇ ਧੀਰਜ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਸ ਨੇ ਸਾਫ਼ ਲਫਜ਼ਾਂ ਵਿਚ ਕਹਿ ਦਿੱਤਾ-''ਬਈ ਅਸੀਂ ਥੋਡੀ ਲੜਾਈ 'ਚ ਪੈ ਕੇ ਪਿਛਲੇ ਪਹਿਰੇ ਇਹ ਸੰਤਾਪ ਨਹੀਂ ਭੋਗਣਾ। ਪੁੱਤਾਂ ਦੇ ਸ਼ਰੀਕਪੁਣੇ ਦੇ ਪੁੜਾਂ ਵਿਚ ਫਸ ਕੇ ਉਹ ਤੇ ਸੰਤੀ ਕਿਉਂ ਅੱਡ-ਅੱਡ ਰਹਿਣ। ਜਦੋਂ ਤੱਕ ਅਸੀਂ ਜਿਉਂਦੇ ਆਂ... ਆਪਣਾ ਤੀਜਾ ਹਿੱਸਾ ਰੱਖਾਂਗੇ। ਪੈਲੀ ਠੇਕੇ ਹਿੱਸੇ ਦੇਈਏ... ਭਾਵੇਂ ਕਿਮੇਂ ਕਰੀਏ। ਅਸੀਂ ਮੁਥਾਜ ਨਹੀਂ ਹੋਣਾ।''

ਜ਼ਮੀਨ ਦੇ ਤਿੰਨ ਹਿੱਸੇ ਹੋ ਗਏ ਤੇ ਨੂੰਹਾਂ-ਪੁੱਤਾਂ ਦੇ ਮੂੰਹ ਮੋਟੇ। ਨਿੱਤ ਦੇ ਤਾਹਨੇ ਮਿਹਣੇ, ਕਜੀਏ-ਕਲੇਸ਼ ਨੇ ਬਾਬੇ ਜਾਗਰ ਦੇ ਵਿਹੜੇ 'ਚ ਦੋ ਨਫ਼ਰਤ ਭਰੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ। ਬਿੰਦਰ ਨੇ ਤਾਂ ਵਿਹੜੇ ਵਿਚ ਸਵਾਰ ਕੇ ਉੱਚੀ ਕੰਧ ਕੱਢ ਲਈ। ਕੋਈ ਬੂਹਾ ਬਾਰੀ ਵੀ ਨਾ ਛੱਡਿਆ। ਆਪਣੇ ਘਰ ਦਾ ਬੂਹਾ ਵੀ ਮਗਰਲੀ ਗਲੀ ਵਿਚ ਕੱਢ ਲਿਆ। ਜੀਤ ਨੇ ਬਾਪੂ ਤੇ ਆਪਣੇ ਵਿਹੜੇ ਵਿਚਾਲੇ ਨਿੱਕੀ ਜਿਹੀ ਕੱਚੀ ਕੰਧ ਉਸਾਰ ਲਈ। ਏਸ ਕੰਧ ਦੇ ਆਰ-ਪਾਰ ਮੂੰਹ ਦੇ ਬੋਲ ਤਾਂ ਆ ਜਾ ਸਕਦੇ ਸੀ। ਬਾਪੂ ਦੇ ਵਿਹੜੇ ਖੜ੍ਹੀ ਨਿੰਮ ਦੀ ਛਾਂ ਵੀ ਆਪ-ਮੁਹਾਰੇ ਜੀਤ ਦੇ ਵਿਹੜੇ ਆਉਂਦੀ। ਪਰ ਘਰ ਦਾ ਹੋਰ ਕੋਈ ਜੀਅ ਏਧਰੋਂ-ਓਧਰ ਨਾ ਜਾਂਦਾ। ਸਾਂਝੇ ਬੂਹੇ 'ਚੋਂ ਵੜਦਿਆਂ ਜੀਤ ਪਹਿਲਾਂ ਬਾਪੂ ਦੇ ਵਿਹੜੇ ਵੱਲ ਨਿਗਾਹ ਮਾਰਦਾ ਫੇਰ ਕੰਧ ਨਾਲ ਮੰਜਾ ਡਾਹ ਕੇ ਬਹਿੰਦਾ। ਬਾਪੂ ਹੋਰਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦਾ ਨਿੱਘ ਮਾਣਦਾ ਰਹਿੰਦਾ। ਜਿਵੇਂ ਬਚਪਨ ਵਿਚ ਬੀਬੀ ਦੇ ਮੰਜੇ 'ਤੇ ਪਿਆ-ਪਿਆ ਬਾਤਾਂ ਸੁਣਦਾ ਹੋਵੇ। ਬੀਬੀ ਤਾਂ ਹੁਣ ਬਹੁਤਾ ਚੁੱਪ ਰਹਿੰਦੀ। ਨਿਸੱਤੇ ਜਿਹੇ ਸਰੀਰ ਨਾਲ ਲੱਤਾਂ ਧਰੀਕਦੀ ਕੰਮ-ਕਾਰ ਕਰਦੀ। ਵਿਹਲੇ ਸਮੇਂ ਮਾਲਾ ਫੜ ਕੇ ਸਿਮਰਨ ਕਰਦੀ। ਹੁਣ ਕਦੇ ਘਰੋਂ ਵੀ ਬਾਹਰ ਨਾ ਜਾਂਦੀ। ਜੀਤ ਸੋਚ-ਸੋਚ ਕੇ ਦੁਖੀ ਹੋ ਰਿਹਾ ਸੀ। ਜਾਗਰ ਹਾਲੇ ਵੀ ਮੇਲੇ ਦੀ ਗੱਲ ਕਰੀ ਜਾ ਰਿਹਾ ਸੀ।

''ਕਿਉਂ ਸੰਤੀਏ, ਤੇਰੀ ਭੂਆ ਦੀ ਧੀ ਵੀ ਆਈ ਸੀ, ਪਿਛਲੇ ਵਿਸਾਖੀ ਮੇਲੇ 'ਤੇ। ਆਂਹਦੀ ਸੀ ਐਤਕੀਂ ਵੀ ਜ਼ਰੂਰ ਆਊਂਗੀ।''

''ਆਹੋ ਆਂਹਦੀ ਤਾਂ ਸੀ। ਪਰ ਨਾ ਈ ਆਵੈ ਤਾਂ ਚੰਗੈ।'' ਸੰਤੀ ਨੇ ਦੁਖੀ ਜਿਹੀ ਹੋ ਕੇ ਜੁਆਬ ਦਿੱਤਾ।

''ਸੰਤੀਏ ਤੂੰ ਤਾਂ ਬਾਹਲੀ ਪ੍ਰਾਹੁਣਚਾਰੀ ਕਰਨ ਵਾਲੀ ਐਂ। ਭੂਆ ਦੀ ਧੀ ਨਾਲ ਤੇਰੀ ਕਾਹਦੀ ਨਰਾਜ਼ਗੀ?'' ਜਾਗਰ ਨੇ ਪਾਸਾ ਲੈ ਕੇ ਚੁੱਲ੍ਹੇ ਮੂਹਰੇ ਬੈਠੀ ਸੰਤੀ ਨੂੰ ਸਵਾਲ ਕੀਤਾ।

''ਹੁਣ ਕਾਹਦੀ ਪ੍ਰਾਹੁਣਚਾਰੀ ... ਅਗਲੀ ਕੀ ਆਖੂਗੀ ਵਿਹੜਾ ਵੰਡਿਆ ਵੇਖ ਕੇ।'' ਸੰਤੀ ਨੇ ਅੱਡ-ਵਿੱਢ ਹੋਣ 'ਤੇ ਸ਼ਰਮਿੰਦਗੀ ਜ਼ਾਹਰ ਕੀਤੀ। ਜਾਗਰ ਨੂੰ ਪਤਾ ਸੀ ਅੰਦਰੋਂ ਸੰਤੀ ਕਿੰਨੀ ਦੁਖੀ ਸੀ। ਓਹ ਤਾਂ ਢੱਕ ਕੇ ਰਿੰਨ੍ਹਣ ਵਾਲੀ, ਧੀਰੇ ਸੁਭਾਅ ਦੀ ਜਨਾਨੀ ਐ। ਹੋਰ ਕੋਈ ਹੁੰਦੀ ਤਾਂ ਖੌਰੂ ਪਾ ਦਿੰਦੀ। ਥਾਂ-ਥਾਂ ਨੂੰਹਾਂ-ਪੁੱਤਾਂ ਨੂੰ ਭੰਡਦੀ। ਪਤਾ ਨਹੀਂ ਰੱਬ ਨੇ ਕਿਹੋ ਜਿਹਾ ਸਬਰ ਦਾ ਖੂਹ ਲਾਇਆ ਅੰਦਰ। ਸੋਚਦਾ ਸੋਚਦਾ ਜਾਗਰ ਆਪਣੀ ਧੀ ਨਿੰਦੀ



ਨੂੰ ਵੀ ਯਾਦ ਕਰਨ ਲੱਗ ਪਿਆ। ਮਾਂ ਵਰਗਾ ਸਬਰ ਰੱਬ ਨੇ ਉਸ ਨੂੰ ਵੀ ਦਿੱਤੈ। ਦੋਹੇ ਜਣੀਆਂ ਢਿੱਡ ਦਾ ਦੁੱਖ ਢਿੱਡ 'ਚ ਈ ਪਾ ਲੈਂਦੀਆਂ ਨੇ। ਮਜਾਲ ਐ ਸੀਅ ਵੀ ਕਰ ਜਾਣ। ਚਾਰ ਮਹੀਨੇ ਹੋ ਗਏ ਨਿੰਦੀ ਨੂੰ ਆਇਆਂ। ਜਿਦਣ ਵੰਡ ਪਈ ਸੀ। ਆਪਣੇ ਹੱਥੀਂ ਲਿਖ ਕੇ ਦੇ ਗਈ। ਮੈਨੂੰ ਕੋਈ ਹਿੱਸਾ ਨਹੀਂ ਚਾਹੀਦਾ। ਪਰ ਮਾਂ-ਪਿਓ ਦੇ ਫ਼ੈਸਲੇ 'ਤੇ ਉਸਨੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ। ਏਸੇ ਕਰਕੇ ਕੁੜੀ ਨਾਲ ਵੀ ਸਾਰਿਆਂ ਨੇ ਮੂੰਹ ਮੋਟੇ ਕਰ ਲਏ। ਮੁੜ ਕੇ ਨੀ ਆਈ। ਮੈਨੂੰ ਤਾਂ ਜਿਵੇਂ ਸ਼ਕਲ ਈ ਭੁੱਲਗੀ। ਸੋਚ ਕੇ ਜਾਗਰ ਦੇ ਕਾਲਜੇ ਖੋਹ ਪੈਣ ਲੱਗ ਗਈ।

ਅਗਲੇ ਦਿਨ ਆਥਣੇ ਜਿਹੇ ਨਿੰਦੀ ਆ ਗਈ। ਪਿਉ ਦੇ ਵਿਹੜੇ ਪੈਰ ਧਰਦਿਆਂ ਥਾਂਈਂ ਅਹਿਲ ਰਹਿ ਗਈ। ਸੋਚਿਆ ਨਹੀਂ ਸੀ ਇੰਝ ਗਿੱਠ-ਗਿੱਠ ਕਰਕੇ ਵਿਹੜਾ ਵੀ ਵੰਡ ਲੈਣਗੇ। ਕੰਧਾਂ ਖੜ੍ਹੀਆਂ ਵੇਖ ਕੇ ਕਾਲਜੇ ਸੱਲ੍ਹ ਲੱਗਿਆ। ਅੰਦਰੋਂ-ਅੰਦਰੀਂ ਜਿਵੇਂ ਆਪ ਵੀ ਟੋਟੇ-ਟੋਟੇ ਹੋ ਗਈ। ਜਮ੍ਹਾਂ ਈ ਧ੍ਰਿਕਾਰ 'ਤਾ ਮਾਂ-ਪਿਓ ਨੂੰ। ਭਰਾ ਭਰਾ ਤਾਂ ਸ਼ਰੀਕ ਹੁੰਦੇ ਨੇ। ਪਿਉ ਪੁੱਤਾਂ ਦਾ ਕਾਹਦਾ ਸ਼ਰੀਕਾ। ਅੱਖਾਂ ਦੀਆਂ ਝਿੰਮਣਾਂ 'ਤੇ ਹੰਝੂ ਆ ਕੇ ਠਹਿਰ ਗਏ। ਜੀ ਕੀਤਾ ਧਾਹਾਂ ਮਾਰ ਕੇ ਰੋਵੇ। ਜਾਂ ਉਹਨੀਂ ਪੈਰੀਂ ਚੁੱਪ-ਚੁਪੀਤੇ ਆਪਣੇ ਘਰ ਮੁੜ ਜਾਵੇ। ਚਿੱਤ ਨੂੰ ਕਰੜਾ ਕਰਕੇ ਅਗਾਂਹ ਹੋਈ ਤਾਂ ਚਰਨੋਂ ਗੋਡਿਆਂ 'ਚ ਬਾਲਟੀ ਰੱਖੀ ਮੰਹਿ ਦੀ ਧਾਰ ਕੱਢੀ ਜਾਂਦੀ ਸੀ। ਕੌੜੀ ਜਿਹੀ ਅੱਖ ਨਾਲ ਨਨਾਣ ਨੂੰ ਤੱਕ ਕੇ ਅਣਤੱਕਿਆ ਕਰ ਦਿੱਤਾ। ਨਿੰਦੀ ਨੇ ਨੇੜੇ ਹੋ ਕੇ ਸਤਿ ਸ੍ਰੀ ਅਕਾਲ ਬੁਲਾਈ।

''ਤਕੜੀ ਐਂ... ਹੋਰ ਸਭ ਰਾਜੀ ਬਾਜੀ।'' ਕਹਿ ਕੇ ਚਰਨੋਂ ਫੇਰ ਧਾਰ ਕੱਢਣ ਲੱਗ ਪਈ। ਨਿੰਦੀ ਨੇ ਵੇਖਿਆ ਕੱਚੀ ਤੇ ਨੀਵੀਂ ਜਿਹੀ ਕੰਧ ਨੇ ਪੁਰਾਣੇ ਕਮਰਿਆਂ ਨੂੰ ਪਲਸਤਰ ਕੀਤੇ ਕਮਰਿਆਂ ਨਾਲੋਂ ਵੱਖਰਾ ਕਰ ਦਿੱਤਾ। ਪਰ ਅੱਜ ਵੀ ਓਹ ਸਾਂਵੇਂ ਦੇ ਸਾਂਵੇਂ ਖੜ੍ਹੇ, ਜਿਵੇਂ ਨਿੰਦੀ ਨੂੰ ਬਾਹਾਂ ਕੱਢ ਕੇ ਜੀ ਆਇਆਂ ਕਹਿੰਦੇ ਹੋਣ। ਪੋਲੇ ਜਿਹੇ ਪੈਰੀਂ ਨਿੰਦੀ ਕੰਧੋਲੀ ਕੋਲ ਜਾ ਖਲੋਤੀ। ਸੰਤੀ ਚੁੱਲ੍ਹੇ ਮੂਹਰੇ ਸਬਜ਼ੀ ਕੱਟੀ ਜਾਂਦੀ ਸੀ। ਬੀਬੀ ਕਹਿ ਕੇ ਸੱਦਣ ਤੋਂ ਪਹਿਲਾਂ ਨਿੰਦੀ ਨੇ ਗਿੱਲੀਆਂ ਅੱਖਾਂ ਪੂੰਝ ਲਈਆਂ। ਆਪਣੇ ਖਿੰਡੇ ਵਜੂਦ ਨੂੰ ਪਰਦੇ ਅੰਦਰ ਕੱਜ ਲਿਆ। ''ਬੀਬੀ ... ਕੀ ਧਰੀ ਜਾਨੀ ਐਂ?'' ਮੱਲੋ-ਮੱਲੀ ਚਿਹਰੇ 'ਤੇ ਮੁਸਕਾਨ ਲਿਆ ਕੇ ਨਿੰਦੀ ਨੇ ਕਿਹਾ।

''ਵਾਗਰੂ! ਵਾਗਰੂ! ਕਿੱਡਾ ਚੰਗਾ ਦਿਨ ਚੜਿਐ। ਪੁੱਤ ਆਜਾ।'' ਕਹਿ ਕੇ ਸੰਤੀ ਨੇ ਕੰਧੋਲੀ ਦਾ ਸਹਾਰਾ ਲੈ ਕੇ ਸਰੀਰ ਨੂੰ ਸਿੱਧਾ ਕੀਤਾ। ਦੋਹੇ ਬਾਹਾਂ ਖੋਲ੍ਹ ਕੇ ਧੀ ਨੂੰ ਕਾਲਜੇ ਨਾਲ ਲਾ ਲਿਆ। ਅੱਖਾਂ ਦੇ ਕੋਏ ਗਿੱਲੇ ਹੋ ਗਏ। ਚੁੰਨੀ ਨਾਲ ਅੱਖਾਂ ਪੂੰਝ ਕੇ ਸੰਤੀ ਨੇ ਕਿਹਾ-''ਕਾਲਜਾ ਠਰ ਗਿਆ ਪੁੱਤ... ਰਾਜੀ ਐਂ... ਤੇ 'ਕੱਲੀ ਆਈਂ ਐਂ?''

''ਜਵਾਕਾਂ ਨੂੰ ਛੁੱਟੀ ਨਹੀਂ ਸੀ। ਮੇਰਾ ਤਾਂ ਕੱਲ੍ਹ ਦਾ ਚਿੱਤ ਓਦਰਿਆ ਪਿਆ ਸੀ। ਕਿਹੜਾ ਵੇਲਾ ਹੋਵੇ ਜਾ ਕੇ ਥੋਨੂੰ ਵੇਖ ਆਵਾਂ। ਫੇਰ ਸੁਰਜੀਤ ਆਂਹਦਾ ਜਾ ਵੜ। ਇਕ ਰਾਤ ਲਾ ਆ। ਨਾਲੇ ਬੀਬੀ ਹੋਰਾਂ ਦਾ ਚਿੱਤ ਰਾਜ਼ੀ ਹੋਜੂ।''

''ਆਹ ਤਾਂ ਬਾਹਲਾ ਚੰਗਾ ਕੀਤਾ। ਤੂੰ ਬਹਿ, ਮੈਂ ਚਾਹ ਕਰਦੀ ਆਂ। ਤੇਰਾ ਬਾਪੂ ਵੀ ਆਉਂਦਾ ਹੋਣੈਂ। ਤੈਨੂੰ ਪਤੈ ਈਸ ਵੇਲੇ ਗੁਰਦੁਆਰੇ ਜਾਂਦੈ। ਨਾਲੇ ਹੁਣ ਤਾਂ ਮੇਲਾ ਲੱਗਣ ਵਾਲਾ ਐਂ। ਛੋਰ ਛੜਿਆਂ ਵਾਂਗੂੰ ਸਾਰਾ ਦਿਨ ਮੇਲਾ-ਮੇਲਾ ਕਰਦੈ। ਰਾਹ 'ਚ ਖੜ੍ਹ ਗਿਆ ਹੋਊ ਕਿਸੇ ਕੋਲ। ਸਾਰਾ ਦਿਨ ਮੇਲੇ ਦੀਆਂ ਗੱਲਾਂ ਬਾਤਾਂ। ਘਰੇ ਵੀ, ਬਾਹਰ ਵੀ।'' ਕਹਿ ਕੇ ਸੰਤੀ ਹੱਸ ਪਈ। ਨਿੰਦੀ ਗਹੁ ਨਾਲ ਬੀਬੀ ਵੱਲ ਤੱਕਦੀ ਰਹੀ। ਅੱਗੇ ਨਾਲੋਂ ਅੱਧੀ ਰਹਿ ਗਈ। ਪਤਝੜ ਦੇ ਝੰਬੇ ਦਰੱਖਤ ਵਾਂਗ। ਉਤਲੇ ਹਾਸੇ ਓਹਲੇ ਸੰਸਿਆਂ ਦੀ ਸਿਉਂਕ ਨਾਲ ਖੋਖਲੀ ਹੋਈ ਬੀਬੀ ਨਿੰਦੀ ਨੂੰ ਸਾਫ਼ ਨਜ਼ਰ ਆ ਰਹੀ ਸੀ। ਬੀਬੀ ਦੀ ਆਤਮਾ ਵਿਚ ਵੀ ਕੰਡੇ ਉੱਠਦੇ ਹੋਣਗੇ। ਪਰ ਪੁੜਦੇ ਨਹੀਂ ਸਨ। ਨਿੰਦੀ ਦੇ ਧੁਰ ਅੰਦਰ ਚੀਸ ਜਿਹੀ ਉੱਠੀ। ਕੋਈ ਪੀੜ ਦਾ ਵੇਗ ਉਛਾਲੇ ਲੈ ਕੇ ਮੱਲੋ-ਮੱਲੀ ਬਾਹਰ ਨੂੰ ਆਉਂਦਾ। ਘੁੱਟ ਕੇ ਅੱਖਾਂ ਦੀਆਂ ਬਰੂਹਾਂ ਬੰਦ ਕਰ ਲਈਆਂ। ਅੰਦਰਲੇ ਹੜ੍ਹ ਨੂੰ ਸਾਂਭਣ ਦਾ ਯਤਨ ਕਰ ਰਹੀ ਸੀ। ਹੱਥ ਧੋਣ ਦੇ ਬਹਾਨੇ ਨਲਕੇ ਕੋਲ ਆ ਗਈ। ਸਵਾਰ ਕੇ ਵਿਹੜੇ ਵਿਚ ਫੇਰ ਨਿਗਾਹ ਮਾਰੀ। ਬਚਪਨ ਹੰਢਾਏ ਵਿਹੜੇ ਦੀਆਂ ਯਾਦਾਂ ਨੇ ਦੁਆਲੇ ਬਾਹਾਂ ਵਲ ਲਈਆਂ। ਓਹੀ ਵਿਹੜਾ ... ਜਦੋਂ ਤਿੰਨੇ ਭੈਣ-ਭਰਾ ਆਥਣੇ ਪਾਣੀ ਛਿੜਕਦੇ ਤਾਂ ਮਹਿਕਣ ਲੱਗ ਪੈਂਦਾ। ਰਾਤ ਨੂੰ ਕਤਾਰ ਵਿਚ ਡਾਹੇ ਮੰਜਿਆਂ 'ਤੇ ਲੜਿਕੜਿਆ ਕਰਦੇ। ਕਦੇ ਤਾਰੇ ਗਿਣਦੇ ਤੇ ਕਦੇ ਦਿਓ ਪਰੀਆਂ ਦੀਆਂ ਬਾਤਾਂ ਸੁਣਦੇ। ਕਦੇ ਅੱਡੀ-ਟੱਪਾ ਤੇ ਕਦੇ ਬਾਂਦਰ-ਕਿੱਲਾ। ਕਿੰਨਾਂ ਨਿੱਘ ਸੀ ਇਹਨਾਂ ਰਿਸ਼ਤਿਆਂ ਵਿਚ। ਸੋਚ ਕੇ ਅੰਦਰ ਕੁਝ ਪੰਘਰਣ ਲੱਗ ਪਿਆ।

ਜੀਤ ਬਾਈ ਨੂੰ ਬੂਹੇ ਵੜਦਿਆਂ ਵੇਖ ਕੇ ਅੰਦਰ ਇਕ ਮੋਹ ਦੀ ਛੱਲ ਵੱਜੀ। ਭੱਜ ਕੇ ਨੇੜੇ ਹੋ ਗਈ। ਜੀਤ ਨੇ ਸਿਰ ਪਲੋਸਿਆ-''ਰਾਜੀ ਐਂ ਨਿੰਦੀਏ... ਕਦੋਂ ਆਈ ਸੀ?''

''ਬੱਸ ਥੋੜ੍ਹਾ ਚਿਰ ਹੋਇਐ। ਤੂੰ ਸੁਣਾ ਬਾਈ ਠੀਕ-ਠਾਕ ਐਂ?''

''ਠੀਕ ਠਾਕ...ਖੇਤੋਂ ਆਇਆਂ। ਲੀੜੇ ਬਦਲ ਕੇ ਆਉਨਾਂ।'' ਕਹਿ ਕੇ ਜੀਤ ਕਾਹਲੇ ਜਿਹੇ ਕਦਮਾਂ ਨਾਲ ਆਪਣੇ ਵਿਹੜੇ ਚਲਾ ਗਿਆ। ਨਿੰਦੀ ਜਾਂਦੇ ਦੀ ਪਿੱਠ ਵੇਂਹਦੀ ਰਹੀ। ਸੰਤੀ ਨੇ ਨਿੰਦੀ ਨੂੰ ਚਾਹ ਵਾਸਤੇ ਆਵਾਜ਼ ਮਾਰ ਲਈ। ਜੀਤ ਦਾ ਵਿਹਾਰ ਵੇਖ ਕੇ ਚਾਹ ਦਾ ਘੁੱਟ ਵੀ ਸੰਘ 'ਚੋਂ ਹੇਠਾਂ ਜਾਣਾ ਔਖਾ ਹੋ ਗਿਆ। ਸੰਤੀ ਨੇ ਨੇੜੇ ਹੋ ਕੇ ਝੱਟ ਦੇਣੇ ਕਈ ਸਵਾਲ ਪੁੱਛ ਲਏ।

''ਜੀਤ ਮਿਲਿਆ ਸੀ... ਕੀ ਆਹਦਾਂ ਸੀ?... ਚਰਨੋਂ ਟੱਕਰੀ ਸੀ?''

ਨਿੰਦੀ ਉੱਠ ਕੇ ਚਾਹ ਵਾਲਾ ਗਲਾਸ ਮਾਂਜਣ ਲੱਗ ਪਈ। ਬੀਬੀ ਵੱਲ ਪਿੱਠ ਭੁਆ ਕੇ ਕਹਿਣ ਲੱਗੀ-

''ਹਾਂ, ਜੀਤ ਬਾਈ ਸੀ। ਹਾਲ-ਚਾਲ ਪੁੱਛਦਾ ਸੀ। ਆਂਹਦਾ ਸੀ ਆ ਜਾ ਚਾਹ 'ਕੱਠੇ ਪੀਨੇ ਆਂ। ਮੈਂ ਕਿਹਾ ਬੀਬੀ ਧਰੀ ਬੈਠੀ ਐ।''

''ਤੇ ਚਰਨੋਂ ਕੀ ਆਂਹਦੀ?'' ਸੰਤੀ ਦੇ ਸਵਾਲ ਅੰਦਰ ਇਕ ਕਾਹਲ ਸੀ।

''ਓਹ ਤਾਂ ਧਾਰ ਕੱਢੀ ਜਾਂਦੀ ਸੀ। ਆਂਹਦੀ ਸੀ ਬਹਿ ਜਾ। ਜਵਾਕਾਂ ਦਾ ਹਾਲ-ਚਾਲ ਪੁੱਛਦੀ ਸੀ... ਬੀਬੀ ਬਿੰਦਰ ਤੇ ਸੁੱਖੋ ਮਿਲਦੇ ਹੁੰਦੇ ਐ?'' ਨਿੰਦੀ ਨੇ ਸੰਤੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ। ਸੰਤੀ ਉੱਠ ਖਲੋਤੀ। ਚੁੱਲ੍ਹੇ ਮੂਹਰੇ ਬਹਿ ਕੇ ਫੇਰ ਸਬਜ਼ੀ ਕੱਟਣ ਲੱਗ ਪਈ। ਹੌਲੀ ਜਿਹੀ ਕਹਿਣ ਲੱਗੀ, ''ਬਿੰਦਰ ਤਾਂ ਦਿਸਣੋਂ ਈ ਹਟ ਗਿਆ। ਇਕ ਤਾਂ ਬੂਹਾ ਮਗਰਲੀ ਬੀਹੀ 'ਚ ਐ। ਕਰੇ ਵੀ ਕੀ, ਕੁਵੇਲੇ ਆਉਂਦੈ। ਸੁੱਖੋ ਊਂ ਢਿੱਲੀ ਰਹਿੰਦੀ ਐ। ਗੋਬਿੰਦ ਡਾਕਟਰ ਮੈਨੂੰ ਦਵਾਈ ਦੇਣ ਆਇਆ ਸੀ। ਦੱਸਦਾ ਸੀ ਸੁੱਖੋ ਨੂੰ ਕਈ ਦਿਨਾਂ ਤੋਂ ਤਾਪ ਚੜ੍ਹਦੈ। ਮੈਥੋਂ ਵੀ ਜਾਇਆ ਨੀ ਗਿਆ।'' ਬੀਬੀ ਦੇ ਬੋਲ ਤੇ ਚਿਹਰੇ ਦੇ ਹਾਵ-ਭਾਵ ਮੇਲ ਨਹੀਂ ਖਾ ਰਹੇ ਸੀ। ਫੇਰ ਵੀ ਨਿੰਦੀ ਨੇ ਬਹਾਨੇ ਨਾਲ ਬਿੰਦਰ ਦੇ ਬੱਚਿਆਂ ਬਾਰੇ ਵੀ ਜਾਣਕਾਰੀ ਲੈਣੀ ਚਾਹੀ। ''ਬੀਬੀ ਮੀਤੀ ਤੇ ਜਿੰਦੂ ਦਾ ਕੀ ਹਾਲ ਐ... ਆਉਂਦੇ ਹੁੰਦੇ ਨੇ?''

''ਕਿੱਥੇ ਜਵਾਕਾਂ ਕੋਲ ਟੈਮ... ਪੜ੍ਹਾਈਆਂ ਈ ਨੀ ਮਾਣ... ਆਹ ਜੀਤ ਆਲੇ ਦੋਹੇ ਰੌਣਕ ਲਾਈ ਰੱਖਦੇ ਐ।'' ਸੰਤੀ ਨੇ ਬਿਨਾ ਨਜ਼ਰਾਂ ਉਤਾਂਹ ਕੀਤਿਆਂ ਜਵਾਬ ਦਿੱਤਾ।

ਬਾਪੂ ਦਾ ਖੰਘੂਰਾ ਸੁਣ ਨਿੰਦੀ ਝੱਟ ਦੇਣੇ ਉੱਠ ਖਲੋਤੀ। ਧੀ ਨੂੰ ਵੇਖ ਕੇ ਜਾਗਰ ਖਿੜ ਗਿਆ। ਨਿੰਦੀ ਨੂੰ ਜੱਫੀ ਵਿਚ ਲੈ ਲਿਆ। ''ਵਾਹ ਬਈ ਪੁੱਤਰਾ... ਕਾਲਜੇ ਠੰਡ ਪੈ ਗਈ... ਰਾਤ ਤੈਨੂੰ ਮੈਂ ਯਾਦ ਕੀਤਾ ਸੀ। ਕੱਲ੍ਹ ਪਰਸੋਂ ਦਾ ਚਿੱਤ ਕਾਹਲਾ ਪਈ ਜਾਂਦਾ ਸੀ। ਫੇਰ ਸੋਚਿਆ ਨਿੰਦੀ ਨੂੰ ਵੇਖਿਆਂ ਬਾਹਲਾ ਚਿਰ ਹੋ ਗਿਆ। ਏਸੇ ਕਰਕੇ ਖੋਹ ਪੈਂਦੀ ਐ।'' ਨਿੰਦੀ ਤੋਂ ਮੂੰਹੋਂ ਕੁਛ ਨਾ ਬੋਲਿਆ ਗਿਆ। ਸਮਝ ਰਹੀ ਸੀ ਬਿਨਾ ਵੇਖੇ-ਸੁਣੇ ਈ ਕੋਹਾਂ ਦੂਰੋਂ ਆਂਦਰਾਂ ਕਿਵੇਂ ਖਿੱਚ ਕੇ ਮਿਲਾ ਦਿੰਦੀਆਂ ਨੇ।

ਬਾਪੂ ਘਰ ਦੀ ਸੁੱਖ-ਸਾਂਦ ਪੁੱਛਦਾ ਰਿਹਾ। 'ਕੱਲੀ ਆਉਣ 'ਤੇ ਕਈ ਵਾਰ ਗਿਲਾ ਜ਼ਾਹਰ ਕੀਤਾ। ਸੰਤੀ ਨੂੰ ਮੰਜੇ 'ਤੇ ਬੈਠਿਆਂ ਵੇਖ ਕੇ ਹੱਸ ਪਿਆ। ''ਅੱਜ ਕਿਮੇਂ ਧੀ ਦੀ ਮਾਂ ਮੇਲਣ ਬਣੀ ਬੈਠੀ ਐ... ਨਹੀਂ ਤਾਂ ਆਉਂਦੇ ਨੂੰ ਭੂਕਨਾ ਫੜੀ ਚੁੱਲ੍ਹੇ 'ਚ ਫੂਕਾਂ ਮਾਰੀ ਜਾਂਦੀ ਹੁੰਦੀ ਐ...।''

''ਕੀ ਕਰਾਂ... ਆਉਂਦੀ ਨੇ ਕੰਮ ਨੂੰ ਜੱਫਾ ਪਾ ਲਿਆ। ਆਂਹਦੀ ਤੂੰ ਰਾਮ ਕਰ... ਮੈਂ ਆਪੇ ਕਰ ਲੂੰਗੀ।'' ਸੰਤੀ ਨੇ ਕੰਮ ਕਰਦੀ ਨਿੰਦੀ ਵੱਲ ਇਸ਼ਾਰਾ ਕਰਕੇ ਕਿਹਾ।

''ਆਹ ਵੇਖ ਜਗਸੀਰ, ਭੂਆ ਆਈ ਐ।'' ਜੀਤ ਦਾ ਮੁੰਡਾ ਦੁੱਧ ਦੇਣ ਆਇਆ ਸੀ। ਸੰਤੀ ਨੇ ਜਗਸੀਰ ਨੂੰ ਰੋਕ ਕੇ ਕਿਹਾ। ਕੰਮ ਛੱਡ ਕੇ ਨਿੰਦੀ ਚੌਂਕੇ 'ਚੋਂ ਬਾਹਰ ਆ ਗਈ। ਜਗਸੀਰ ਨੂੰ ਹਿੱਕ ਨਾਲ ਲਾ ਲਿਆ। ਕਈ ਵਾਰੀ ਮੂੰਹ ਚੁੰਮਿਆਂ। ਫੇਰ ਉਸਦੀਆਂ ਕੂਲੀਆਂ-ਕੂਲੀਆਂ ਤਲੀਆਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ। ''ਸੀਰੇ ਭੂਆ ਯਾਦ ਨੀ ਆਉਂਦੀ? ... ਲੱਕੀ ਤੇ ਰੇਸ਼ਮ ਤੈਨੂੰ ਬਹੁਤ ਯਾਦ ਕਰਦੇ ਐ... ਐਤਕੀ ਚੱਲ ਮੇਰੇ ਨਾਲ।'' ਸੀਰੇ ਨੇ ਆਪਣੀਆਂ ਦੋਹੇਂ ਬਾਹਾਂ ਨਿੰਦੀ ਦੁਆਲੇ ਵਲ ਲਈਆਂ।

''ਭੂਆ ਮੇਲਾ ਵੇਖਣ ਆਏਂਗੀ?'' ਭੋਲੇ ਜਿਹੇ ਮੂੰਹ ਨਾਲ ਪੁੱਛਣ ਲੱਗਾ।

ਸੰਤੀ ਹੱਸ ਪਈ, ''ਦਾਦੇ ਵਰਗਾ... ਹੋਰ ਨਾ ਕੋਈ ਗੱਲ ਕਰ... ਮੇਲੇ ਦੀ ਗੱਲ ਕਰ।''

''ਆਉਂਗੀ.. ਨਿਕੜਾ ਕੀ ਕਰਦੈ?'' ਨਿੰਦੀ ਨੇ ਛੋਟੇ ਮੁੰਡੇ ਬਾਰੇ ਪੁੱਛਿਆ।

''ਸੁੱਤਾ ਪਿਐ।''

''ਸੀਰੇ ਛੇਤੀ ਆ... ਤਾਈ ਘਰੇ ਦਾਲ਼ ਫੜ੍ਹਾ ਕੇ ਆ।'' ਚਰਨੋਂ ਨੇ ਕੰਧ ਦੇ ਪਾਰ ਖੜ੍ਹੀ ਹੋ ਕੇ ਤਿੱਖੀ ਆਵਾਜ਼ ਨਾਲ ਮੋਹ ਭਰੀ ਤੰਦ ਤੋੜ ਦਿੱਤੀ। ਜਗਸੀਰ ਭੱਜ ਗਿਆ। ਸੰਤੀ ਤੇ ਨਿੰਦੀ ਨੇ ਇਕ ਦੂਜੇ ਦੇ ਮੂੰਹ ਵੱਲ ਤੱਕਿਆ। ਪਰ ਦੋਹੇਂ ਚੁੱਪ ਸਨ। ਜਾਗਰ ਵੇਂਹਦਾ ਸੀ। ਹੁਣ ਸ਼ਰੀਕਣੀਆਂ ਇੱਕ-ਮਿੱਕ ਹੋ ਗਈਆਂ ਤੇ ਮਾਪੇ ਮਾੜੇ। ਐਡਾ ਕਿਹੜਾ ਗੁਨਾਹ ਹੋ ਗਿਆ। ਦੂਜੇ ਪਾਸੇ ਜੀਤ ਦੇ ਅੰਦਰ ਗਰਾਹੀ ਨਹੀਂ ਲੰਘਦੀ ਸੀ। ਬੀਬੀ ਹੁਰਾਂ ਦੇ ਵਿਹੜੇ ਵਿਚੋਂ ਮੋਹ ਦਾ ਸੇਕ ਅੱਜ ਦੁੱਗਣਾ ਆਉਂਦਾ ਸੀ। ਚਰਨੋਂ ਦੇ ਮੱਥੇ 'ਤੇ ਪਈਆਂ ਤਿਉੜੀਆਂ ਤੇ ਕਲੇਸ਼ ਤੋਂ ਡਰਦਾ ਅੰਦਰੋਂ-ਅੰਦਰੀਂ ਨਪੀੜਿਆ ਪਿਆ ਸੀ।

ਰਾਤ ਨੂੰ ਨਿੰਦੀ, ਬੀਬੀ ਤੇ ਬਾਪੂ ਨਾਲ ਕਦੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ। ਫੇਰ ਤਿੰਨਾਂ ਵਿਚਾਲੇ ਖਾਮੋਸ਼ ਖੰਜਰ ਜਿਹੀ ਚੁੱਪ ਪਸਰ ਜਾਂਦੀ। ਜਿਹੜੀ ਸਾਰਿਆਂ ਦੇ ਕਾਲਜੇ ਚੀਰ ਰਹੀ ਸੀ। ਸਦੇਹਾਂ ਹੀ ਨਿੰਦੀ ਜਾਣ ਲਈ ਤਿਆਰ ਹੋ ਗਈ। ਜਾਗਰ ਨੇ ਫੇਰ ਕਿਹਾ ਸੀ। ''ਵਿਸਾਖੀ ਦੇ ਮੇਲੇ 'ਤੇ ਜੁਆਕਾਂ ਨੂੰ ਵੀ ਤੇ ਸੁਰਜੀਤ ਨੂੰ ਵੀ ਲੈ ਕੇ ਆਈਂ।'' ਤੁਰ ਪਈ ਸੀ ਝੋਲਾ ਚੁੱਕ ਕੇ। ਬੀਬੀ ਤੇ ਬਾਪੂ ਦੇ ਚਿਹਰੇ ਪੜ੍ਹਦੀ ਤਾਂ ਕਿੰਨੇ ਸੱਖਣੇ ਤੇ ਵਿਚਾਰੇ ਜਿਹੇ ਲੱਗੇ। ਗਿੱਲੀਆਂ ਅੱਖਾਂ ਨੂੰ ਮੂੰਦ ਕੇ ਧੁਰੋਂ ਮਾਂ-ਪਿਓ ਤੇ ਭਰਾਵਾਂ ਦੀ ਸੁੱਖ ਮੰਗਦੀ ਬੂਹੇ ਤੋਂ ਬਾਹਰ ਕਦਮ ਪੁੱਟ

ਲਏ। ਨਿੰਦੀ ਦੇ ਜਾਣ ਮਗਰੋਂ ਸੰਤੀ ਕਿੰਨੀ ਦੇਰ ਝੁਰਦੀ ਰਹੀ। ''ਦੋ ਘੜੀਆਂ ਕੁੜੀ ਆਈ ਵੀ। ਇਹ ਕਾਹਦਾ ਆਉਣ ਹੋਇਆ। ਆਉਂਦੀ ਨੇ ਛੱਤੀ ਕੰਮ ਸਵਾਰਤੇ।''

ਜਾਗਰ ਵੀ ਉਦਾਸ ਸੀ। ''ਸੰਤੀਏ ਧੀਆਂ ਨੇ ਕਿਹੜਾ ਜ਼ਮੀਨ ਵੰਡਾਉਣੀ ਐ... ਦੋ ਘੜੀ ਦੁੱਖ ਵੰਡਾਉਣ ਆਉਂਦੀਆਂ ਨੇ।''

''ਦੁੱਖ ਕੀ ਵੰਡਾਉਂਦੀ... ਖੌਰੇ ਢਿੱਡ 'ਚ ਕਿੰਨੀਆਂ ਕੁ ਗੰਢਾਂ ਬੰਨ ਕੇ ਲੈਗੀ।'' ਲੀੜੇ ਧੋਂਦੀ ਸੰਤੀ ਨੇ ਹੰਝੂ ਪੂੰਝ ਕੇ ਕਿਹਾ।

''ਸੰਤੀਏ ਆਏਂ ਕਰ ਮੈਂ ਚਾਹ ਕਰਦਾਂ... ਤੇ ਤੂੰ ਧੋ ਲੀੜੇ।'' ਜਾਗਰ ਨੇ ਗੱਲ ਬਦਲਣ ਦੀ ਕੋਸ਼ਿਸ਼ ਕੀਤੀ।

''ਕਿਉਂ ਸੰਤੀਏ, ਕੱਲ੍ਹ ਸੱਥ 'ਚ ਬੈਠਿਆਂ ਦੀਪਾ ਆਂਹਦਾ-ਬਈ ਬਾਬੇ ਜਾਗਰਾ, ਤਾਈ ਤੇਰੇ ਲੀੜੇ ਬਲਾਂ ਸਮਾਰ ਕੇ ਧੋਂਦੀ ਐ। ਨਿੱਤ ਚੀਨਾ ਕਬੂਤਰ ਬਣ ਕੇ ਰਹਿਨੈ।'' ''ਫੇਰ ਤੈਂ ਕੀ ਕਿਹਾ।'' ਸੰਤੀ ਨੇ ਹੱਸ ਕੇ ਪੁੱਛਿਆ।

''ਮੈਂ ਆਖਿਆ ਬਈ ਤੇਰੀ ਤਾਈ ਲੀੜੇ ਕਾਹਦੇ ਧੋਂਦੀ ਐ, ਬਸ ਚਾਂਦੀ ਲਾਉਂਦੀ ਐ।'' ਜੀਤ ਪਰਲੇ ਪਾਸੇ ਬੈਠਾ ਬੀਬੀ-ਬਾਪੂ ਦੀਆਂ ਗੱਲਾਂ ਸੁਣ ਰਿਹਾ ਸੀ। ਤੇ ਚਰਨੋਂ ਚੁੱਲ੍ਹੇ ਮੂਹਰੇ ਬੈਠੀ ਨੱਕ-ਬੁੱਲ੍ਹ ਕੱਢ ਕੇ ਬੋਲੀ-''ਲੈ ਹੋ ਗਏ ਬੁੜ੍ਹੇ-ਬੁੜ੍ਹੀ ਦੇ ਚੋਜ ਸ਼ੁਰੂ।

''ਓਹਨਾਂ ਵੀ ਤਾਂ ਆਪਣਾ ਟੈਮ ਟਪਾਉਣਾ ਐ।'' ਜੀਤ ਨੇ ਚਰਨੋਂ ਦੀ ਗੱਲ ਨੂੰ ਟੋਕ ਦਿੱਤਾ।

''ਟਪਾਉਣੈ ਟੈਮ... ਤੜਕਸਾਰ ਤਾਂ ਜੰਞ ਜਾਣ ਵਾਲਿਆਂ ਵਾਂਗੂੰ ਲੀੜਾ ਲੱਤਾ ਪਾ ਕੇ ਤੁਰ ਪੈਂਦੈ। ਲੋਕਾਂ ਦੇ ਕੌਲੇ ਕੱਛਣ। ਗੇੜਾ ਕੱਢ ਕੇ ਫੇਰ ਆਜੂ ਬੁੜ੍ਹੀ ਦੇ ਸਰ੍ਹਾਣੇ। ਕਿਉਂ ਸੰਤੀਏ... ਕਿਉਂ ਸੰਤੀਏ। ਸਾਰਾ ਦਿਨ ਏਸੇ ਦੇ ਸੋਹਲੇ ਗਾਉਂਦਾ ਰਹਿੰਦੈ, ਜਿਵੇਂ ਸੱਜਰੀ ਮੁਕਲਾਵੇ ਆਈ ਹੋਵੇ। ਵੇਖਾਂ! ਸੰਗ ਨੀ ਆਉਂਦੀ ਧੌਲ਼ੀ ਦਾਹੜੀ ਆਲੇ ਨੂੰ।'' ਚਰਨੋਂ ਜੀਤ ਦੇ ਟੋਕਣ ਕਰਕੇ ਹੋਰ ਵੀ ਹਰਖ ਕੇ ਬੋਲ ਰਹੀ ਸੀ।

ਓਹੀ ਆਥਣ ਦਾ ਵੇਲਾ, ਬਾਬੇ ਜਾਗਰ ਦਾ ਖੰਘੂਰਾ ਤੇ ਜਵਾਕਾਂ ਦੇ ਨਿੱਕੇ-ਨਿੱਕੇ ਹੱਥਾਂ 'ਤੇ ਮਿੱਠੀਆਂ ਖਿੱਲਾਂ ਦੇ ਦਾਣੇ। ਪਰ ਅੱਜ ਸੰਤੀ ਨੇ ਚੁਲ੍ਹੇ ਅੱਗ ਨਹੀਂ ਪਾਈ। ਮੰਜੇ 'ਤੇ ਖੇਸ ਲਈ ਪਈ ਸੀ।

''ਸੰਤੀਏ ਕੀ ਗੱਲ? ... ਚਿੱਤ ਨੀ ਰਾਜ਼ੀ?'' ਜਾਗਰ ਨੇ ਘਬਰਾ ਕੇ ਖੇਸ ਸੰਤੀ ਦੇ ਮੂੰਹ ਤੋਂ ਪਰਾਂ ਕੀਤਾ।

''ਹਾਂ ਘਬਰਾਟ ਜਿਹੀ ਹੁੰਦੀ ਐ। ਬੱਸ ਉੱਠਣ-ਉੱਠਣ ਕਰਦੀ ਸੀ, ਪਰ ਉੱਠਿਆ ਨੀ ਜਾਂਦਾ।''

''ਨਹੀਂ ਤੂੰ ਪਈ ਰਹਿ। ਮੈਂ ਡਾਕਟਰ ਨੂੰ ਸੱਦ ਲਿਆਉਨਾਂ।''

''ਨਹੀਂ...ਕੋਈ ਲੋੜ ਨੀ। ਤੂੰ ਚਾਹ ਦਾ ਘੁੱਟ ਕਰ ਦੇ। ਫੇਰ ਉੱਠ ਕੇ ਰੋਟੀ ਪਕਾਊਂਗੀ।''

''ਤੂੰ ਪਈ ਰਹਿ... ਮੈਨੂੰ ਤਾਂ ਪਹਿਲਾਂ ਈ ਭੁੱਖ ਨੀ... ਅਫਰੇਵਾਂ ਜਿਹਾ ਹੋਇਆ ਪਿਐ। ਮੈਂ ਚਾਹ ਕਰਦਾਂ।'' ਜਾਗਰ ਨੇ ਪਤੀਲਾ ਮਾਂਜ ਕੇ ਚਾਹ ਧਰ ਦਿੱਤੀ। ਜੀਤ ਦੇ ਕੰਨੀ, ਬੀਬੀ ਦੇ ਬੀਮਾਰ ਹੋਣ ਦੀ ਗੱਲ ਪੈ ਗਈ। ਉਹ ਅੱਗੇ ਈ ਅੱਕਿਆ ਪਿਆ ਸੀ। ਹੁਣ ਆਪਣੇ-ਆਪ ਨੂੰ ਰੋਕ ਨਹੀਂ ਸਕਿਆ। ਆ ਕੇ ਬੀਬੀ ਦੇ ਸਿਰ੍ਹਾਣੇ ਬਹਿ ਗਿਆ।

''ਲੈ ਸੰਤੀਏ... ਤੇਰਾ ਜੀਤ ਵੀ ਆ ਗਿਆ। ਉੱਠ ਬਹਿ ਜਾ... ਚਾਹ ਪੀ।'' ਜਾਗਰ ਨੇ ਚਾਹ ਵਾਲੀ ਬਾਟੀ ਸੰਤੀ ਨੂੰ ਫੜਾਉਂਦਿਆਂ ਕਿਹਾ। ਸੰਤੀ ਜੀਤ ਨਾਲ ਢਾਸਣਾ ਲਾ ਕੇ ਬਹਿ ਗਈ। ਬੁੱਢੀ ਮਾਂ ਦੀ ਮਮਤਾ ਦਾ ਨਿੱਘ ਜੀਤ ਨੂੰ ਛੋਹ ਰਿਹਾ ਸੀ। ਬੜੇ ਚਿਰਾਂ ਬਾਅਦ ਉਹ ਬੀਬੀ ਦੇ ਨਾਲ ਲੱਗ ਕੇ ਬੈਠਾ ਸੀ। ਬੈਠਾ-ਬੈਠਾ ਬੀਬੀ ਦੇ ਮੋਢੇ ਘੁੱਟਣ ਲੱਗ ਪਿਆ। ਪੁੱਤਰ ਦੀ ਛੋਹ ਨਾਲ ਸੰਤੀ ਦੀਆਂ ਬੁੱਢੀਆਂ ਅੱਖਾਂ ਵਿਚੋਂ ਮਮਤਾ ਪੰਘਰ ਕੇ ਬਾਹਰ ਆ ਗਈ। ਜਾਗਰ ਸਭ ਕੁਝ ਵੇਖ ਰਿਹਾ ਸੀ। ਸੰਤੀ ਨੂੰ ਖੁਸ਼ ਕਰਨ ਵਾਸਤੇ ਕਹਿਣ ਲੱਗਾ-

''ਲੈ ਬਈ ਜੀਤ ਐਤਕੀਂ ਤੇਰੀ ਬੀਬੀ ਨੂੰ ਵਿਸਾਖੀ ਮੇਲੇ ਜ਼ਰੂਰ ਲੈ ਕੇ ਜਾਣੈ। ਭਾਵੇਂ ਕੰਧਾੜੇ ਬਹਾ ਕੇ ਨਾ ਲਿਜਾਣੀ ਪਵੇ। ਸੰਤੀਏ! ਤੈਨੂੰ ਯਾਦ ਐ... ਇਕ ਵਾਰੀ ਤਲਵੰਡੀ ਸਾਬੋ ਦੇ ਗੁਰਦੁਆਰੇ ਵਿਸਾਖੀ ਆਲੇ ਦਿਨ ਆਪਾਂ ਗਏ ਸੀ। ਜੀਤ ਤੇ ਬਿੰਦਰ ਨੂੰ ਕੰਧਾੜੇ ਬਹਾ ਕੇ ਆਥਣ ਤਾਈਂ ਮੇਲਾ ਵਿਖਾ ਕੇ ਲਿਆਏ ਸੀ।''

ਸੰਤੀ ਨੂੰ ਗੱਲ ਸੁਣ ਕੇ ਬਿੰਦਰ ਯਾਦ ਆ ਗਿਆ। ਓਹਨੇ ਪਾਟੇ ਜਿਹੇ ਰੁਮਾਲ ਵਿਚੋਂ ਪੈਸੇ ਕੱਢ ਕੇ ਜਾਗਰ ਨੂੰ ਫੜਾ ਕੇ ਕਿਹਾ, ''ਆਹ ਸਵਾ ਪੰਜ ਰੁਪਏ... ਜਦੋਂ ਬਿੰਦਰ ਦੀ ਮੰਹਿ ਬਮਾਰ ਸੀ, ਉਦੋਂ ਦੀ ਸੁੱਖ ਸੁੱਖੀ ਐ। ਮੈਂ ਭੁੱਲ ਨਾ ਜਾਵਾਂ ਐਤਕੀਂ ਵਿਸਾਖੀ 'ਤੇ ਸਵਾ ਪੰਜਾਂ ਦਾ ਪ੍ਰਸ਼ਾਦ ਕਰਵਾਉਣੈ।'' ਫੇਰ ਜੀਤ ਦਾ ਹੱਥ ਫੜ ਕੇ ਕਹਿਣ ਲੱਗੀ, ''ਤੂੰ ਤਾਂ ਮੁੱਢੋਂ ਈ ਸਾਉ ਸੀ। ਬਿੰਦਰ ਨਿੱਕਾ ਹੁੰਦਾ ਬਾਹਲਾ ਜ਼ਹਿਰੀ ਸੀ। ਸਕੂਲੇ ਨਾ ਜਾਂਦਾ। ਬਸਤਾ ਲਕੋ ਦਿੰਦਾ। ਸਾਰਾ ਦਿਨ ਛੱਪੜ 'ਤੇ ਬੈਠਾ ਰਹਿੰਦਾ। ਪੈਰਾਂ 'ਤੇ ਗਿੱਲੀ ਮਿੱਟੀ ਦੇ ਘੋਰਨੇ ਬਣਾਈ ਜਾਂਦਾ। ਇਕ ਦਿਨ ਮੈਂ ਘੂਰਤਾ... ਫੇਰ ਰੋਟੀ ਨਾ ਖਾਧੀ... ਅਖੇ ਤੂੰ ਮੇਰਾ ਮਿੱਟੀ ਦਾ ਘਰ ਕਿਉਂ ਤੋੜਿਆ।'' ਸੰਤੀ ਦਾ ਗੱਚ ਭਰ ਆਇਆ। ਅੱਜ ਜੀਤ ਨੇ ਬੀਬੀ ਦੀਆਂ ਅੱਖਾਂ ਵਿਚ ਪੁੱਤ ਨੂੰ ਲੋਚਦੀ ਮਮਤਾ ਵੇਖੀ ਸੀ। ਪਤਾ ਨਹੀਂ ਉਸ ਨੂੰ ਵੇਖਣ ਲਈ ਕਿੰਨਾ ਕੁ ਤੜਪਦੀ ਹੋਊ।

''ਆਹੋ ਬਈ ਸੰਤੀਏ, ਨਿੱਕਾ ਹੁੰਦਾ ਤਾਂ ਮਿੱਟੀ ਦਾ ਘਰ ਤੋੜਨ 'ਤੇ ਈ ਰੁੱਸ ਗਿਆ। ਹੁਣ ਸਹੁਰੀ ਦੇ ਨੇ ਆਪੇ ਈ ਆਵਦਾ ਘਰ ਤੋੜ ਲਿਆ।'' ਜਾਗਰ ਨੇ ਗੱਲ ਕਰਕੇ ਅੱਖਾਂ ਭਰ ਲਈਆਂ।

''ਘਰ ਕਾਹਦਾ ਨਿਰਮੋਹੇ ਨੇ ਤਾਂ ਮਾਂ-ਪਿਓ ਨਾਲ ਮੋਹ ਵੀ ਤੋੜਤਾ।'' ਸੰਤੀ ਨੇ ਲੰਮਾ ਸਾਰਾ ਹਉਕਾ ਭਰਿਆ। ਉਦਾਸ ਹੋ ਕੇ ਫੇਰ ਪੈ ਗਈ।

ਬੀਬੀ ਦਾ ਦੁੱਖ ਵੇਖ ਕੇ ਜੀਤ ਦਾ ਜੀਅ ਕੀਤਾ, ਉਸਦੀ ਬੁੱਕਲ ਵਿਚ ਸਿਰ ਰੱਖ ਕੇ ਰੋ ਪਵੇ। ਇਹਨਾਂ ਵਿਹੜੇ ਦੀਆਂ ਕੰਧਾਂ ਨੂੰ ਸੱਬਲਾਂ ਮਾਰ-ਮਾਰ ਢਾਹ ਦੇਵੇ। ਫੇਰ ਏਸ ਵਿਹੜੇ ਨੂੰ ਇਕ ਕਰ ਦੇਵੇ।

''ਸੰਤੀਏ ਕਿਮੇਂ ਐਂ ਹੁਣ?'' ਜਾਗਰ ਨੇ ਚੁੱਪ ਕੀਤੀ ਸੰਤੀ ਨੂੰ ਪੁੱਛਿਆ।

''ਕਾਲਜਾ ਮੱਚਦੈ, ਮੂੰਹ ਦਾ ਸੁਆਦ ਭੈੜਾ ਹੋ ਗਿਆ।''

''ਲੈ ਫੇਰ, ਦੋ ਕੁ ਖਿੱਲਾਂ ਮੂੰਹ 'ਚ ਪਾ ਲੈ... ਨਾਲੇ ਗੁਰੂ ਘਰ ਦਾ ਪ੍ਰਸਾਦ ਐ।'' ਜਾਗਰ ਨੇ ਗੀਝੇ ਵਿਚੋਂ ਮਿੱਠੀਆਂ ਖਿੱਲਾਂ ਕੱਢ ਦੇ ਸੰਤੀ ਦੇ ਮੂੰਹ ਵਿਚ ਪਾ ਦਿੱਤੀਆਂ। ਮਿੱਠੀਆਂ ਖੁਰਦੀਆਂ ਖਿੱਲਾਂ, ਗੰਗਾ ਜਲ ਦੇ ਅਖ਼ੀਰਲੇ ਤੁਪਕੇ ਵਾਂਗ ਸੰਤੀ ਦੇ ਮੂੰਹ ਵਿਚ ਘੁਲ ਗਈਆਂ। ਸੰਤੀ ਮਿੰਟੋਂ-ਮਿੰਟੀ ਕਿਸੇ ਵਾਅ ਵਰੋਲੇ ਵਾਂਗ ਕਿਧਰੇ ਉੱਡ-ਪੁੱਡ ਗਈ। ਪੁੱਤ ਦੇ ਹੱਥਾਂ 'ਚ ਅਖੀਰਲਾ ਸਾਹ ਲੈ ਕੇ ਬਾਬੇ ਜਾਗਰ ਦਾ ਸਾਥ ਸਦਾ ਲਈ ਛੱਡ ਗਈ। ਸਭੇ ਦੁੱਖ, ਤਕਲੀਫ਼ਾਂ, ਝੋਰੇ ਨਾਲ ਈ ਲੈ ਗਈ। ਹੁਣ ਜਾਗਰ ਏਸ ਦੁਨੀਆਂ ਦੇ ਮੇਲੇ ਦਾ ਚੱਕੀਰਾਹਾ ਬਣ ਕੇ ਰਹਿ ਗਿਆ। ਡੌਰ-ਭੌਰ ਜਿਹਾ ਹੋ ਕੇ ਕਿਸੇ ਮਸ਼ੀਨੀ ਯੰਤਰ ਵਾਂਗ ਉਸ ਨੇ ਸੰਤੀ ਦੇ ਅਖ਼ੀਰਲੇ ਕਾਰ-ਵਿਹਾਰ ਵੀ ਕਰ ਦਿੱਤੇ। ਹਾਲੇ ਤੱਕ ਉਸਦੇ ਦਿਲ ਨੇ ਇਹ ਕਬੂਲਿਆ ਈ ਨਹੀਂ ਸੀ ਕਿ ਸੰਤੀ ਉਸਦੇ ਨਾਲ ਨਹੀਂ। ਕਈ ਦਿਨ ਹੋ ਗਏ, ਚੁੱਪ ਗੜੁੱਪ ਜਿਹਾ ਬੈਠਾ ਰਿਹਾ। ਅੰਨ, ਪਾਣੀ ਤਿਆਗੀ ਬੈਠਾ ਸੀ। ਭੋਗ ਪੈ ਗਿਆ। ਨਿੰਦੀ ਤੇ ਸੁਰਜੀਤ ਨੇ ਵੀ ਮੁੜਨਾ ਸੀ। ਬਾਪੂ ਨੂੰ ਛੱਡ ਕੇ ਜਾਣਾ ਨਿੰਦੀ ਵਾਸਤੇ ਬੀਬੀ ਦੀ ਮੌਤ ਨਾਲੋਂ ਵੱਡਾ ਦੁੱਖ ਸੀ। ਨਿੰਦੀ ਨੇ ਜਾਗਰ ਨੂੰ ਪੁੱਛਿਆ-''ਬਾਪੂ ਜੇ ਤੂੰ ਰੋਟੀ ਖਾਏਂਗਾ, ਤਾਂ ਮੈਂ ਜਾਉਂਗੀ। ਦੱਸ ਕੀ ਧਰਾਂ। ਜਿਹੜਾ ਕੁਸ਼ ਖਾਣ ਨੂੰ ਚਿੱਤ ਕਰਦੈ, ਓਹੀ ਬਣਾ ਦਿੰਨੀ ਆਂ।''

''ਆਏਂ ਕਰ ਨਿੰਦੀਏ... ਕੱਦੂ ਬਣਾ। ਜਿਵੇਂ ਤੇਰੀ ਬੀਬੀ ਦੁੱਧ ਪਾ ਕੇ ਬਣਾਉਂਦੀ ਸੀ। ਇਕ ਰੋਟੀ ਖਾਲੂੰਗਾ।'' ਜਾਗਰ ਦੀ ਗੱਲ ਸੁਣ ਕੇ ਨਿੰਦੀ ਧਾਹਾਂ ਮਾਰ ਕੇ ਰੋ ਪਈ।

''ਧੋਖਾ ਦੇਗੀ ਮੈਨੂੰ ਤੇਰੀ ਬੀਬੀ... ਕਿਮੇਂ ਅਖੀਰਲੇ ਕੋਹ ਪੂਰੇ ਕਰੂੰਗਾ... ਸੁੰਨੀ ਵਾਟ... ਹੁਣ ਤਾਂ ਮੈਂ ਰਾਹ ਈ ਭੁੱਲ ਜੂੰਗਾ... ਜਾਂ ਫੇਰ ਰੁਲ-ਖੁਲ ਕੇ ਇਹਨਾਂ ਰਾਹਾਂ 'ਚ ਈ ਕਿਧਰੇ ਗੁਆਚ ਜਾਊਂਗਾ... ਜੇ ਨਾਲ ਰਹਿੰਦੀ, ਗੱਲੀਂ-ਬਾਤੀਂ ਇਹ ਸਫ਼ਰ ਵੀ ਮੁਕਾ ਲੈਂਦੇ।'' ਜਾਗਰ ਰੁਦਣ ਕਰਦਾ ਰਿਹਾ। ਦਿਨ ਪਹਾੜ ਜਿੱਡਾ ਲਗਦਾ ਤੇ ਰਾਤ ਉਸ ਤੋਂ ਵੀ ਵੱਡੀ। ਪਿੱਛਾ ਭੌਂ ਕੇ ਵੇਖਦਾ ਤਾਂ ਸੰਤੀ ਨਾਲ ਤੈਅ ਕੀਤੀ ਲੰਮੀ ਵਾਟ ਛੋਟੀ ਜਾਪਦੀ। ਅਗਾਂਹ ਵੇਖਦਾ ਤਾਂ ਪਿਛਲੇ ਪਹਿਰ ਦੀ ਥੋੜ੍ਹੀ ਵਾਟ ਕਈ ਗੁਣਾਂ ਲੰਮੀ।

ਸੰਤੀ ਨੂੰ ਮਰਿਆਂ ਕਈ ਦਿਨ ਬੀਤ ਗਏ। ਸਭਨਾਂ ਦੀ ਜ਼ਿੰਦਗੀ ਫੇਰ ਆਪਣੀ ਰਾਹ 'ਤੇ ਆ ਗਈ। ਪਰ ਬਾਬਾ ਜਾਗਰ ਹੁਣ ਭਮੰਤਰਿਆ ਜਿਹਾ ਰਹਿੰਦਾ। ਸਾਰੀਆਂ ਗੱਲਾਂ, ਸਾਰੇ ਚੋਜ ਮੁੱਕ ਗਏ। ਗੁਰਦੁਆਰੇ ਮੱਥਾ ਟੇਕਣ ਜ਼ਰੂਰ ਜਾਂਦਾ। ਹੁਣ ਦਰਵਾਜ਼ੇ ਮੂਹਰੇ ਖੰਘੂਰਾ ਨਾ ਮਾਰਦਾ। ਉਸ ਨੂੰ ਲੱਗਦਾ ਜਿਵੇਂ ਕਿਸੇ ਹੋਰ ਦੇ ਘਰ ਆ ਗਿਆ ਹੋਵੇ। ਜਵਾਕਾਂ ਦੇ ਹੱਥ ਖਿੱਲਾਂ ਧਰ ਦਿੰਦਾ। ਸੰਤੀ ਦੇ ਹਿੱਸੇ ਦੀਆਂ ਖਿੱਲਾਂ ਗੀਝੇ 'ਚ ਪਾ ਲੈਂਦਾ। ਸੱਥ ਵਾਲੇ ਕਹਿੰਦੇ, ''ਬਾਬੇ ਜਾਗਰਾ, ਤਾਈ ਬਿਨਾਂ ਤੇਰੇ ਲੀੜਿਆਂ ਦੀ ਚਾਂਦੀ ਤਾਂ ਗੁਆਚਣੀ ਸੀ। ਹੁਣ ਤਾਂ ਤੇਰੇ ਕੁੜਤੇ ਦੇ ਗਦਾਮ ਵੀ ਗਵਾਚ ਗਏ। ਭਾਈ ਬੁੱਢੇ ਵਾਰੇ ਤੀਮੀਂ ਮੁੱਕਜੇ ਤਾਂ ਬੰਦਾ ਨਾ ਮਰਦਿਆਂ 'ਚ ਤੇ ਨਾ ਜਿਉਂਦਿਆਂ 'ਚ।'' ਓਸ ਦਿਨ ਤੋਂ ਜਾਗਰ ਸੱਥ ਵਿਚ ਵੀ ਨਾ ਗਿਆ। ਮੈਲੇ ਜਿਹੇ ਕੱਪੜੇ ਕਈ ਦਿਨ ਪਾਈ ਰੱਖਦਾ। ਜੀਤ ਰੋਟੀ ਫੜਾ ਜਾਂਦਾ। ਕਦੇ ਖਾ ਲੈਂਦਾ। ਕਦੇ ਛੋਂਹਦਾ ਵੀ ਨਾ। ਭੁੱਖ ਮਰ ਗਈ ਸੀ। ਵੈਰਾਗ 'ਚ ਵਲਿਆ ਗਿਆ ਤੇ ਵੈਰਾਗੀ ਬਣ ਗਿਆ। ਕੇਸਾਂ ਦੀ ਜਟੂਰੀ ਜਿਹੀ ਬਣਾ ਕੇ ਕੋਠੜੀ 'ਚ ਬੈਠਾ ਹੂੰਗਦਾ ਰਹਿੰਦਾ। ਜਿਵੇਂ ਕੋਈ ਫਕੀਰ ਧੂਣੀ 'ਤੇ ਬੈਠਾ ਹੋਵੇ। ਨਿੱਕੀ ਜਿਹੀ ਗੁਥਲੀ ਲੱਕ ਨਾਲ ਬੰਨ੍ਹੀਂ ਰੱਖਦਾ। ਕਦੇ ਖੋਲ੍ਹ ਲੈਂਦਾ, ਕਦੇ ਕੱਛ 'ਚ ਦੇ ਲੈਂਦਾ। ਚਰਨੋਂ ਵੇਖ ਕੇ ਬੁੜ-ਬੁੜ ਕਰਦੀ।

''ਖੌਰੇ ਗੁਥਲੀ 'ਚ ਕੀ ਖ਼ਜ਼ਾਨਾ ਪਾਈ ਫਿਰਦੈ। ਹੋਊ ਕੋਈ ਟੂਮ ਛੱਲਾ। ਓਹ ਕਿਹੜਾ ਨਾਲ ਲੈਗੀ ਜਿਹੜਾ ਇਹ ਲੈਜੂ।''

ਅੱਜ ਵਿਸਾਖੀ ਦਾ ਮੇਲਾ ਸੀ। ਜੀਤ ਬਹੁਤ ਦੁਖੀ ਸੀ। ਬਾਪੂ ਨੂੰ ਤਾਂ ਮੇਲਾ ਚੇਤੇ ਵੀ ਨਹੀਂ। ਪਰ ਮੈਂ ਬਾਪੂ ਨੂੰ ਜ਼ਰੂਰ ਲੈ ਕੇ ਜਾਊਂਗਾ, ਚਾਹੇ ਕੰਧਾੜੇ ਬਹਾ ਕੇ ਨਾ ਲਜਾਵਾਂ। ਬਾਪੂ ਨੂੰ ਬੀਬੀ ਦੀ ਸੁੱਖਣਾ ਦਾ ਵਾਸਤਾ ਦੇ ਕੇ ਲੈਜੂਗਾਂ। ਫੇਰ ਸ਼ਾਇਦ ਬਾਪੂ ਜਾ ਵੜੇ। ਸੋਚਦਾ-ਸੋਚਦਾ ਰੋਟੀ ਲੈ ਕੇ ਜੀਤ ਬਾਪੂ ਦੀ ਕੋਠੜੀ 'ਚ ਆ ਗਿਆ। ਜਾਗਰ ਕੰਧ ਨਾਲ ਢਾਸਣਾ ਲਾਈ ਛੱਤ ਵੱਲ ਬਿਟਰ-ਬਿਟਰ ਵੇਖੀ ਜਾ ਰਿਹਾ ਸੀ। ਹੱਥਾਂ ਵਿਚ ਘੁੱਟ ਕੇ ਗੁੱਥਲੀ ਫੜੀ ਹੋਈ ਸੀ।

''ਬਾਪੂ... ਰੋਟੀ ਖਾ ਲੈ... ਅੱਜ ਚੱਲਾਂਗੇ ਮੇਲੇ ਤੇ। ਤੈਨੂੰ ਯਾਦ ਐ ਬੀਬੀ ਆਲੀ ਸੁਖਣਾ ਦਾ ਪ੍ਰਸਾਦ ਵੀ ਕਰਾਉਣਾ ਐ।''

ਜੀਤ ਨੇ ਥਾਲੀ ਮੂਹਰੇ ਰੱਖ ਕੇ ਬਾਪੂ ਨੂੰ ਹਲੂਣਿਆਂ। ਜਾਗਰ ਟੇਢਾ ਜਿਹਾ ਹੋ ਗਿਆ। ਉਹ ਤਾਂ ਕਦੋਂ ਦਾ ਦੁਨੀਆਂ ਵਾਲਾ ਮੇਲਾ ਵੀ ਛੱਡ ਗਿਆ ਸੀ। ਜੀਤ ਦੀਆਂ ਧਾਹਾਂ ਨਿਕਲ ਗਈਆਂ।

''ਬਾਪੂ ਕੇਹਾ ਵਿਸਾਖੀ ਵਾਲਾ ਮੇਲਾ ਉਡੀਕਦਾ ਸੀ ਤੂੰ, ਜਿਹੜਾ ਲੱਗਣੋਂ ਪਹਿਲਾਂ ਈ ਵਿਛੜ ਗਿਆ।''

ਚਰਨੋਂ ਭੱਜ ਕੇ ਆ ਗਈ। ਬਾਪੂ ਆਕੜਿਆ ਪਿਆ ਸੀ। ਚਰਨੋਂ ਨੇ ਜ਼ੋਰ ਲਾ ਕੇ ਹੱਥੋਂ ਗੁਥਲੀ ਖਿੱਚੀ। ਗੁਥਲੀ ਵਿਚਾਲਿਓਂ ਪਾਟ ਗਈ। ਗੁਥਲੀ ਦਾ ਖਜ਼ਾਨਾ ਖਿੱਲਰ ਗਿਆ। ਚਰਨੋਂ ਅੱਖਾਂ ਅੱਡੀ ਵੇਖ ਰਹੀ ਸੀ। ਬੀਬੀ ਦੀ ਐਨਕ, ਸਿਮਰਨ ਵਾਲੀ ਮਾਲਾ, ਪਾਟੇ ਜਿਹੇ ਰੁਮਾਲ ਵਿਚ ਬੰਨ੍ਹੇ ਸੁੱਖਣਾ ਦੇ ਪੈਸੇ... ਤੇ ਬੁੱਕ ਕੁ ਮਿੱਠੀਆਂ ਖਿੱਲਾਂ..., ਇੱਟਾਂ ਦੇ ਫ਼ਰਸ਼ 'ਤੇ ਦੂਰ-ਦੂਰ ਤੱਕ ਖਿੱਲਰੇ ਪਏ ਸਨ।


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

**15 Hours in Class Room & 10 Hours in Car Package Available**







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**

# ਮੂੰਹ ਉੱਤੇ ਹੱਥ

*ਕਹਾਣੀ*

*- ਰਘੁਬੀਰ ਢੰਡ*

ਉਸ ਦਾ ਬਾਪੂ **ਉਸ ਦੀ ਬੇਬੇ ਨੂੰ ਉੱਨਾ ਚਿਰ ਕੁੱਟਦਾ ਰਿਹਾ ਜਿੰਨਾ ਚਿਰ ਉਹ ਮਰ ਨਹੀਂ ਗਈ।**

ਉਸ ਦੀ ਭੂਆ ਦੀ ਗ਼ਜ਼ ਗ਼ਜ਼ ਲੰਮੀਆਂ ਜ਼ੁਲਫ਼ਾਂ ਵਾਲੀ ਤੇ ਚੰਦ ਵਰਗੀ ਸੁਹਣੀ ਲੜਕੀ, ਅਠਾਰਾਂ ਸਾਲ ਦੀ ਭਰ ਜੋਬਨ ਉਮਰ ਵਿਚ ਵਿਧਵਾ ਹੋ ਗਈ। ਉਸ ਦੀ ਸੱਸ ਨੇ ਲੱਤਾਂ ਮਾਰ ਮਾਰ ਉਸਨੂੰ ਘਰੋਂ ਕੱਢ ਦਿੱਤਾ, ਕਿਉਂਕਿ ਉਸ ਨੇ ਉਸਦਾ ਕੜੀ ਵਰਗਾ ਪੁੱਤ ਖਾ ਲਿਆ ਸੀ। ਉਸਦੇ ਪੇਕਿਆਂ ਨੇ ਲੋਕ ਲਾਜ ਅਤੇ ਹਿੰਦੂ ਧਰਮ ਨੂੰ ਕਲੰਕ ਤੋਂ ਬਚਾਉਣ ਲਈ ਉਸਦਾ ਮੁੜ ਵਿਆਹ ਨਹੀਂ ਸੀ ਕੀਤਾ- ਉਹ ਆਪਣੇ ਪੇਕਿਆਂ ਦਾ ਗੋਹਾ ਕੂੜਾ ਕਰਦੀ ਤੇ ਆਪਣੀਆਂ ਭਾਬੀਆਂ ਦੀਆਂ ਗਾਲ੍ਹਾਂ ਖਾਂਦੀ ਪੱਚੀ ਸਾਲ ਦੀ ਉਮਰ ਵਿਚ ਮਰ ਗਈ ਸੀ।

ਉਸ ਦੇ ਆਪਣੇ ਸੁਪਨਿਆਂ ਦੀ ਕੁੜੀ ਹਾਲਾਤ ਦੀਆਂ ਮਜਬੂਰੀਆਂ ਨੇ ਮਾਰ ਦਿੱਤੀ ਅਤੇ ਉਸਦੀਆਂ ਅੱਖਾਂ ਸਾਹਵੇਂ ਸਾਰੇ ਚਾਨਣ ਬੁਝ ਗਏ ਸਨ।

ਇੰਨ੍ਹਾਂ ਤਿੰਨਾਂ ਔਰਤਾਂ ਨੇ ਉਸਦੀ ਜ਼ਿੰਦਗੀ ਤੇ ਇੰਨਾ ਡੂੰਘਾ ਅਸਰ ਪਾਇਆ ਕਿ ਉਹ ਔਰਤ ਸਬੰਧੀ 'ਲੱਤ ਉੱਤੇ ਰੱਖਣ ਵਾਲੀ' ਆਪਣੀ ਖ਼ਾਨਦਾਨੀ ਰੀਤ ਨੂੰ ਤਿਆਗ, ਔਰਤ ਨੂੰ ਧਰਤੀ ਮਾਤਾ ਜਿੰਨੀ ਮਹਾਨ ਤੇ ਖ਼ੁਸ਼ਬੂ ਵਰਗੀ ਪਵਿੱਤਰ ਚੀਜ਼ ਸਮਝਣ ਲੱਗ ਪਿਆ। ਉਸ ਦੀ ਇਹ ਮਚਲਦੀ ਖ਼ਾਹਿਸ਼ ਸੀ ਕਿ ਉਸਦਾ ਪਹਿਲਾ ਬੱਚਾ ਲੜਕੀ ਹੋਵੇ। ਉਸਦੀ ਇਹ ਖ਼ਾਹਿਸ਼ ਵੀ ਪੂਰੀ ਹੋ ਗਈ। ਜਦੋਂ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਉਸ ਦੀ ਸੱਸ ਨੇ ਜਨਮ-ਕਮਰੇ ਦੀ ਦਹਿਲੀਜ਼ ਤੇ ਖਲੋ ਕੇ ਆਖਿਆ, "ਕਾਕਾ, ਲਛਮੀ ਆਈ ਐ।"

ਇਹ ਸੁਣਦਿਆਂ ਹੀ ਉਸਨੂੰ ਜਾਪਿਆ ਜਿਵੇਂ ਉਸਦੇ ਪਿਆਸੇ-ਹੋਠਾਂ ਤੇ ਕਿਸੇ ਤ੍ਰੇਲ ਤ੍ਰੌਂਕ ਦਿੱਤੀ ਹੋਵੇ- ਮਾਰੂਥਲ ਵਿਚ ਕੂਲਾਂ ਫੁੱਟ ਪਈਆਂ ਹੋਣ- ਟਿਮ ਟਿਮ ਕਰਦੀਆਂ ਬੱਤੀਆਂ ਲਾਟਾਂ ਵਾਂਗ ਮੱਚ ਪਈਆਂ ਹੋਣ- ਰੁੱਖੇ ਧੁਆਂਖੇ ਮਾਹੌਲ ਵਿੱਚ ਹਜ਼ਾਰਾਂ ਗੁਲਾਬ ਖਿੜੇ ਪਏ ਹੋਣ।

ਅੱਜ ਉਸਦਾ ਧਰਤੀ ਤੇ ਪੈਰ ਨਹੀਂ ਸੀ ਲਗ ਰਿਹਾ- ਉਹ ਬਾਰ ਬਾਰ ਆਪਣੀ ਬੱਚੀ ਨੂੰ ਚੁੰਮੇ। ਭਾਂਤ ਭਾਂਤ ਦੇ ਨਾਵਾਂ ਨਾਲ ਉਸ ਨੂੰ ਪੁਕਾਰੇ। ਬਾਰ-ਬਾਰ ਆਪਣੀ ਪਤਨੀ ਦਾ ਹੱਥ ਚੁੰਮੇ- ਉਸਦਾ ਧੰਨਵਾਦ ਕਰਦਾ ਨਾ ਥੱਕੇ। ਉਸ ਤੇ ਕੁਰਬਾਨ ਹੋ ਹੋ ਜਾਵੇ- ਤਾਸ਼ ਦੇ ਪੱਤਿਆਂ ਵਾਂਗ ਜੇਬ 'ਚੋਂ ਸਕੂਲ ਦੀਆਂ ਫ਼ੀਸਾਂ ਦੇ ਨੋਟ ਵੰਡੀ ਜਾਏ, ਪੰਜ ਰੁਪਏ ਰਾਜੋ ਭੰਗਣ ਨੂੰ, ਦਸ ਸਕੂਲ ਦੀਆਂ ਕੁੜੀਆਂ ਨੂੰ, ਵੀਹ ਫ਼ੀਸਟ ਲਈ ਮਾਸਟਰਾਂ ਨੂੰ।

ਉਸ ਦੀ ਸੱਸ ਨੂੰ ਇਹ ਵੇਖ ਵੇਖ ਕੇ ਤੌਣੀਆਂ ਆ ਰਹੀਆਂ ਸਨ ਤੇ ਆਪਣੇ ਪਾਗਲ ਜਵਾਈ ਤੇ ਖਿਝ ਚੜ੍ਹ ਰਹੀ ਸੀ, ਜਿਸਨੂੰ ਹਾਲੀ ਤੱਕ ਇੰਨੀ ਅਕਲ ਵੀ ਨਹੀਂ ਸੀ ਕਿ ਧੀਆਂ ਜੰਮੀਆਂ ਤੇ ਨੱਚ ਨੱਚ ਰੁਪਏ ਨਹੀਂ ਵੰਡੀਦੇ ਬਲਕਿ ਕਿਸੇ ਖੂੰਜੇ ਵਿਚ ਬਹਿ ਕੇ ਆਪਣੇ ਮਾੜੇ ਕਰਮਾਂ ਨੂੰ ਰੋਈਦਾ ਹੈ।

ਉਸਦੀ ਪਤਨੀ ਤਾਂ ਬਹੁਤ ਹੀ ਖ਼ੁਸ਼ ਸੀ। ਉਹ ਬੱਚੀ ਦੇ ਆਉਣ ਤੋਂ ਪਿੱਛੋਂ ਆਪਣੇ ਪਤੀ ਵਿਚ ਇੱਕ ਵੱਡਾ ਪਰਿਵਰਤਨ ਵੇਖ ਰਹੀ ਸੀ। ਪਹਿਲਾਂ ਉਹ ਘੰਟਿਆਂ ਬੱਧੀ ਬਹੁਤ ਉਦਾਸ ਹੋ ਜਾਂਦਾ ਸੀ ਅਤੇ ਘੰਟਿਆਂ ਬੱਧੀ ਨਿੰਮੋਝੂਣਾ ਬੈਠਾ ਰਹਿੰਦਾ ਸੀ। ਭਾਵੇਂ ਉਸ ਦੇ ਆਲੇ ਦੁਆਲੇ ਹੁਣ ਵੀ ਉਹੀ ਤਲਖ਼ੀਆਂ ਸਨ- ਉਹੀ ਬੇਇਨਸਾਫ਼ੀਆਂ ਸਨ- ਉਹੀ ਕੂਹਜ ਖਿਲਰਿਆ ਪਿਆ ਸੀ। ਹੁਣ ਵੀ ਉਸ ਨੂੰ ਸਾਰੇ ਮਾਸਟਰਾਂ ਤੋਂ ਵੱਧ ਡਿਗਰੀਆਂ ਹੋਣ ਦੇ ਬਾਵਜੂਦ ਵੀ ਸਕੂਲ ਦਾ ਪ੍ਰਿੰਸੀਪਲ ਨਹੀਂ ਸੀ ਬਣਾਇਆ ਗਿਆ ਕਿਉਂਕਿ ਉਹ ਸੈਕਟਰੀ ਅਤੇ ਮੈਨੇਜਰ ਨੂੰ ਸਲਾਮ ਨਹੀਂ ਸੀ ਮਾਰਨ ਜਾਂਦਾ। ਸਕੂਲ ਵਿਚ ਹੁਣ ਵੀ ਬਾਪੂ ਗਾਂਧੀ ਦਾ ਨਾਅ ਵਰਤ ਕੇ ਮੁੰਡਿਆਂ ਤੋਂ ਨਾਜਾਇਜ਼ ਉਗਰਾਹੀ ਕੀਤੀ ਜਾਂਦੀ ਸੀ।

ਹੁਣ ਵੀ ਉਸ ਦੇ ਪਾਸਪੋਰਟ ਦੇ ਕਾਗਜ਼ ਨੋਟਾਂ ਦੀ ਛੁਹ ਬਿਨਾਂ ਮੇਜ਼ ਨਹੀਂ ਸਨ ਬਦਲਦੇ- ਅਤੇ ਹੁਣ ਵੀ ਦੇਸ਼ ਦੇ ਰਹਿਬਰਾਂ ਦੀਆਂ ਤਕਰੀਰਾਂ ਰੇਡੀਓ ਤੇ ਨਸ਼ਰ ਹੁੰਦੀਆਂ ਕਿ ਸਾਡਾ ਦੇਸ਼ ਏਸ਼ੀਆ ਵਿਚ ਲੋਕ ਰਾਜ ਦਾ ਸਭ ਤੋਂ ਵੱਡਾ ਤਜਰਬਾ ਕਰ ਰਿਹਾ ਹੈ- ਪਰ ਹੁਣ ਉਹ ਪਹਿਲਾਂ ਜਿੰਨਾ ਉਦਾਸ ਨਹੀਂ ਸੀ ਰਹਿੰਦਾ, ਜਿਵੇਂ ਬੱਚੀ ਦੀ ਛੁਹ ਨਾਲ ਹੀ- ਇਹਨਾਂ ਤਲਖ਼ੀਆਂ ਦੀ ਧੁੰਦ ਤੇ ਸ਼ਿੱਦਤ ਪੈ ਕੇ ਕੁਝ ਫਿੱਕੀ ਪੈ ਜਾਂਦੀ ਸੀ। ਕਦੀ ਉਸਨੂੰ ਪੰਘੂੜੇ ਵਿਚ ਪਾ ਕੇ ਝੂਟੇ ਦੇਣ ਲੱਗ ਪੈਂਦਾ ਤੇ ਗੀਤ ਗਾਉਂਦਾ- ਕਦੀ ਝੋਲੀ ਵਿਚ ਪਾ ਕੇ ਦੁੱਧ ਪਿਆਉਂਦਾ- ਸੌਣ ਤੋਂ ਪਹਿਲਾਂ ਉਸ ਨੂੰ ਬਾਰ ਬਾਰ ਚੁੰਮਦਾ ਤੇ ਘੁੱਟ ਘੁੱਟ ਆਪਣੇ ਨਾਲ ਲਾਉਂਦਾ। ਉਸਨੂੰ ਇਸ ਤਰ੍ਹਾਂ ਦਾ ਝੱਲ੍ਹ ਚੜ੍ਹਿਆ ਵੇਖ ਉਸ ਦੀ ਪਤਨੀ ਕਈ ਵਾਰ ਕਹਿੰਦੀ:

"ਏਨਾ ਮੋਹ ਨਾ ਪਾਓ। ਇੰਗਲੈਂਡ ਜਾ ਕੇ ਦੁਖੀ ਹੋਵੋਂਗੇ ਤੇ ਏਧਰ ਕੁੜੀ ਮੈਨੂੰ ਦੁਖੀ ਕਰੇਗੀ।"

ਉਸਦੀ ਪਤਨੀ ਠੀਕ ਹੀ ਕਹਿੰਦੀ ਸੀ। ਜਿਸ ਦਿਨ ਦਾ ਉਹ ਇੰਗਲੈਂਡ ਵਿਚ ਆਇਆ ਸੀ ਉਸਦਾ ਬਿਲਕੁਲ ਦਿਲ ਨਹੀਂ ਸੀ ਲਗ ਰਿਹਾ। ਕਈ ਵਾਰ ਉਸਨੂੰ ਨੀਂਦ ਨਹੀਂ ਸੀ ਪੈਂਦੀ ਅਤੇ ਰਾਤ ਪਰਬਤ ਵਾਂਗ ਅੜ ਕੇ ਖਲੋ ਜਾਂਦੀ। ਬੱਸ ਵਿੱਚ ਜੇ ਕਦੇ ਉਹ ਸਾਲ ਕੁ ਦਾ ਬੱਚਾ ਵੇਖਦਾ ਤਾਂ ਉਸ ਵੱਲ ਵੇਖੀ ਜਾਂਦਾ, ਵੇਖੀ ਜਾਂਦਾ। ਆਪਣੇ ਕਮਰੇ ਵਿਚ ਆ ਕੇ ਬੱਚੀ ਦੀ ਤਸਵੀਰ ਵੱਲ ਵੇਖਦਾ, ਚੁੰਮਦਾ ਰਹਿੰਦਾ, ਚੁੰਮਦਾ ਰਹਿੰਦਾ। ਜਦੋਂ ਨੀਂਦ ਨਾ ਆਉਂਦੀ ਆਪਣੀ ਬੱਚੀ ਦੇ ਸੁਪਨੇ ਲੈਂਦਾ ਰਹਿੰਦਾ। ਉਸਦੀ ਪਤਨੀ ਨੇ ਠੀਕ ਹੀ ਆਖਿਆ ਸੀ- ਉਹ ਇੰਗਲੈਂਡ ਵਿਚ ਆ ਕੇ ਆਪਣੀ ਬੱਚੀ ਬਿਨਾਂ ਬਹੁਤ ਦੁਖੀ ਹੋਇਆ ਸੀ।

ਜਦੋਂ ਉਸਦੀ ਪਤਨੀ ਦੀ ਚਿੱਠੀ ਆਉਂਦੀ ਤਾਂ ਉਸ ਵਿਚ ਵੀ ਬਹੁਤੀਆਂ ਇਹੀ ਗੱਲਾਂ ਹੁੰਦੀਆਂ: "ਬੱਚੀ ਤੁਹਾਡੀ ਫੋਟੋ ਵੇਖ ਉਸਨੂੰ ਫੜਨ ਜਾਂਦੀ ਹੈ- ਜਦੋਂ ਕੋਈ ਜਹਾਜ਼ ਲੰਘਦਾ ਹੈ ਤਾਂ ਉਸਨੂੰ ਫੜਨ ਲਈ ਕਾਹਲੀ ਪੈ ਜਾਂਦੀ ਹੈ- ਤੁਹਾਡੇ ਵਿਜੋਗ ਵਿਚ ਕਾਫ਼ੀ ਮਾੜੀ ਹੋ ਗਈ ਹੈ- ਸਾਨੂੰ ਛੇਤੀ ਸੱਦ ਲਵੋ।"

ਉਸਨੇ ਵੀ ਛੇ ਮਹੀਨੇ ਨਾ ਪੈਣ ਦਿੱਤੇ ਕਿ ਉਹਨਾਂ ਨੂੰ ਸੱਦ ਲਿਆ। ਜਿਸ ਦਿਨ ਉਨ੍ਹਾਂ ਆਉਣਾ ਸੀ ਉਸ ਤੋਂ ਪਹਿਲੀ ਰਾਤ ਉਹ ਬਹੁਤ ਘੱਟ ਸੌਂ ਸਕਿਆ- ਕਦੀ ਉਹ ਆਪਣੀ ਬੱਚੀ ਦੀ ਸ਼ਕਲ ਕਲਪਨਾ ਰਾਹੀਂ ਸਾਕਾਰ ਕਰਦਾ ਜਿਹੜੀ ਕਿ ਉਸ ਬਿਨਾਂ ਕੁਮਲਾ ਗਈ ਸੀ। ਕਦੀ ਆਪਣੀ ਪਤਨੀ ਦਾ ਚਿਹਰਾ ਕਲਪਦਾ ਜਿਹੜਾ ਕਿ ਵਿਛੋੜੇ ਨੇ ਪੀਲਾ ਪਾ ਦਿੱਤਾ ਸੀ ਤੇ ਜਿਸ ਨੇ ਪਤਾ ਨਹੀਂ ਸਾਵਣ ਦੀਆਂ ਝੜੀਆਂ ਕਿਵੇਂ ਬਿਤਾ ਲਈਆਂ ਸਨ- ਕਦੀ ਉਹ ਬੁਰਾ ਬੁਰਾ ਵੀ ਸੋਚਦਾ ਕਿ ਜੇ ਜਹਾਜ਼ ਨੂੰ ਕੁਝ ਹੋ ਗਿਆ। ਫ਼ਿਰ ਆਪ ਹੀ ਆਪਣੇ ਆਪ ਨੂੰ ਲਾਹਨਤ ਪਾ ਕੇ ਇਸ ਸੋਚ ਨੂੰ ਮਿਲਣ ਘੜੀ ਵਿਚ ਬਦਲਦਾ। ਘੜੀ, ਜਦੋਂ ਉਹ ਆਪਣੀ ਬੱਚੀ ਨੂੰ ਘੁੱਟ ਲਏਗਾ, ਚੁੰਮ ਲਏਗਾ। ਪਰ ਜੇ ਉਸਨੇ ਮੈਨੂੰ ਪਛਾਣਿਆ ਨਾ- ਪਰ ਇਹ ਕਿਵੇਂ ਹੋ ਸਕਦਾ ਹੈ? ਦਿਲਾਂ ਨੂੰ ਦਿਲਾਂ ਵਿਚ ਰਾਹ ਹੁੰਦੀ ਹੈ।

ਬਿਲਕੁਲ ਦਿਲਾਂ ਨੂੰ ਦਿਲਾਂ ਵਿਚ ਰਾਹ ਹੁੰਦੀ ਹੈ। ਉਸਦੀ ਬੱਚੀ ਬਾਹਾਂ ਉਲਾਰ ਕੇ ਉਸਦੇ ਗਲ ਚੰਬੜ ਗਈ ਸੀ। ਬਸ, ਉਹ ਤੇ ਜਿਵੇਂ ਪਾਗਲ ਹੋ ਗਿਆ- ਬੱਚੀ ਨੂੰ ਚੁੰਮ ਚੁੰਮ ਨਾ ਥੱਕੇ- ਗਲ ਨਾਲ ਲਾ ਲਾ ਨਾ ਥੱਕੇ। ਇਸ ਨਾਟਕ ਦਾ ਕੋਈ ਅੰਤ ਨਾ ਹੁੰਦਾ ਵੇਖ ਕੇ, ਉਸਦੀ ਪਤਨੀ ਨੇ ਕਿਹਾ: "ਮੈਂ ਕਿਹਾ ਜੀ।"

ਉਸ ਦੀਆਂ ਹਰਕਤਾਂ ਇਕ ਦਮ ਰੁਕੀਆਂ ਤੇ ਉਸਨੇ ਆਪਣੀ ਪਤਨੀ ਦੀਆਂ ਪਿਆਸੀਆਂ ਅੱਖਾਂ 'ਚ ਵੇਖਿਆ, ਜਿਵੇਂ ਕਹਿ ਰਹੀਆਂ ਹੋਣ: 'ਹਮ ਭੀ ਤੋ ਪੜੇ ਹੈਂ ਰਾਹੋਂ ਮੇਂ।' ਉਸਨੇ 'ਓਹ ਸੌਰੀ' ਕਿਹਾ ਅਤੇ ਘਰ ਆ ਗਏ।

ਮਾਲਕ ਮਕਾਨ ਤਾਂ ਬਿਲਕੁਲ ਉਸਦਾ ਆਪਣਾ ਆਦਮੀ ਸੀ। ਭਾਰਤ ਵਿਚ ਉਹ ਇੱਕੋ ਹੀ ਪਾਰਟੀ ਵਿਚ ਕੰਮ ਕਰਦੇ ਸਨ- ਮਾਲਕ ਮਕਾਨ ਦੀ ਪਤਨੀ ਤਾਂ ਉਸਦੀ ਜਿਵੇਂ ਸਕੀ ਭੈਣ ਹੋਵੇ ਕਿਉਂਕਿ ਉਹ ਉਹਦੇ ਪਰਮ ਮਿੱਤਰ ਦੀ ਭੈਣ ਸੀ। ਉਨ੍ਹਾਂ ਨੇ ਬੜਾ ਆਦਰ ਕੀਤਾ। ਦੋ ਦਿਨ ਉਸਦੀ ਪਤਨੀ ਨੂੰ ਰੋਟੀ ਨਾ ਪਕਾਉਣ ਦਿੱਤੀ। ਮਾਲਕ ਮਕਾਨ ਦੀ ਪਤਨੀ ਤਾਂ ਵਾਰੀ ਵਾਰੀ ਜਾਏ । ਆਖੇ, 'ਭਰਜਾਈ ਤੇ ਭਤੀਜੀ ਤਾਂ ਨਿਰਾ ਲਛਮੀ ਦਾ ਰੂਪ ਨੇ- ਹਾਲੀਂ ਆਈਆਂ ਨੂੰ ਦਸ ਦਿਨ ਨਹੀਂ ਹੋਏ, ਇਨ੍ਹਾਂ ਨੂੰ ਤੀਹ ਪੌਂਡ ਤੀਕ ਤੇ ਪੱਕੀਆਂ ਨੈਟਾਂ ਤੇ ਕੰਮ ਮਿਲ ਗਿਐ।'

ਉਹ ਬਹੁਤ ਖ਼ੁਸ਼ ਸੀ। ਸਵੇਰ ਤੋਂ ਸ਼ਾਮ ਤੱਕ ਫ਼ੈਕਟਰੀ ਵਿਚ ਸਖ਼ਤ ਮਿਹਨਤ ਕਰ ਕੇ ਜਦੋਂ ਉਹ ਘਰ ਮੁੜਦਾ ਤਾਂ ਆਪਣੀ ਬੱਚੀ ਨੂੰ ਚੁੰਮ ਕੇ ਗਲ ਨਾਲ ਲਾ ਕੇ ਸਾਰੀ ਥਕਾਵਟ ਭੁੱਲ ਜਾਂਦਾ। ਰੋਟੀ ਖਾਂਦਿਆਂ ਨਿੱਕੀਆਂ ਨਿੱਕੀਆਂ ਬੁਰਕੀਆਂ ਉਸਦੇ ਮੂੰਹ 'ਚ ਪਾਣਾ ਉਸਨੂੰ ਕਿੰਨਾ ਚੰਗਾ ਚੰਗਾ ਲਗਦਾ।



ਪਰ ਕੁਝ ਚਿਰ ਪਿਛੋਂ ਉਸਦੀ ਪਤਨੀ ਵਿਚ ਇੱਕ ਸੰਕੋਚ, ਇੱਕ ਤਬਦੀਲੀ ਆਉਣੀ ਸ਼ੁਰੂ ਹੋ ਗਈ। ਉਸਦਾ ਸਲੂਕ ਬੱਚੀ ਨਾਲ ਕੁਝ ਰੁੱਖਾ ਰੁੱਖਾ ਹੁੰਦਾ ਜਾ ਰਿਹਾ ਸੀ। ਜਦੋਂ ਉਹ ਹੱਸੇ ਤਾਂ ਉਹ ਹੱਸਣ ਤੋਂ ਵਰਜੇ- ਜਦੋਂ ਰੋਵੇ ਛੇਤੀ ਨਾਲ ਕੋਈ ਖਿਡਾਉਣਾ ਜਾਂ ਖਾਣ ਵਾਲੀ ਚੀਜ਼ ਦੇ ਉਸਨੂੰ ਰੋਣ ਤੋਂ ਵਰਜੇ- ਜੇ ਉਹ ਬੂਹੇ ਤੋਂ ਬਾਹਰ ਜਾਵੇ ਤਾਂ ਝੱਟ ਅੰਦਰ ਧੂਹ ਲਿਆਵੇ।

ਉਸਨੂੰ ਆਪਣੀ ਪਤਨੀ ਵਿਚ ਆਈ ਇਹ ਤਬਦੀਲੀ ਬੜੀ ਨਾ-ਪਸੰਦ ਸੀ ਤੇ ਉਹ ਚਾਹੁੰਦਾ ਸੀ ਕਿ ਉਹ ਇੰਝ ਨਾ ਕਰੇ। ਪਰ ਹਾਲਾਤ ਤਾਂ ਹੋਰ ਵੀ ਵਿਗੜਦੇ ਜਾ ਰਹੇ ਸਨ ਤੇ ਫਿਰ ਇਕ ਦਿਨ ਉਹ ਵੀ ਆ ਗਿਆ ਜਦੋਂ ਉਸਦੀ ਪਤਨੀ ਨੇ ਬੱਚੀ ਨੂੰ ਬੂਹਾ ਖੜਕਾਉਂਦਿਆਂ ਵੇਖ ਉਸ ਦੇ ਵੱਟ ਕੇ ਚਪੇੜ ਮਾਰੀ ਤੇ ਉਹ ਬੁਲ੍ਹੀਆਂ ਡੁਸਕਾਉਂਦੀ ਆਪਣੇ ਡੈਡੀ ਦੇ ਗਲ ਨਾਲ ਚਿੰਬੜ ਗਈ। ਉਸ ਦਾ ਜੀਅ ਕੀਤਾ ਕਿ ਉਹ ਇਹੋ ਜਿਹੀ ਚਪੇੜ ਆਪਣੀ ਪਤਨੀ ਦੇ ਮਾਰੇ ਪਰ ਉਸਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ ਹੀ ਉਸਨੇ ਵੇਖਿਆ ਕਿ ਉਸਦੀ ਪਤਨੀ ਦੀਆਂ ਅੱਖਾਂ ਆਬਸ਼ਾਰਾਂ ਵਾਂਗ ਵਹਿ ਰਹੀਆਂ ਸਨ। ਆਪਣੀ ਮੰਮੀ ਨੂੰ ਇੰਝ ਰੋਂਦਿਆਂ ਵੇਖ ਕੇ ਬੱਚੀ ਚੁੱਪ ਕਰ ਗਈ। ਉਹ ਉਸਦੇ ਗਲ ਦੁਆਲੇ ਬਾਂਹ ਪਾ ਕੇ ਇਸ ਦਾ ਕਾਰਨ ਪੁੱਛਣ ਲੱਗਿਆ। ਉਸ ਦੇ ਬਾਰ ਬਾਰ ਪੁੱਛਣ ਤੇ ਉਸਦੀ ਪਤਨੀ ਨੇ ਦੱਸਿਆ, "ਮਾਲਕ ਮਕਾਨਣੀ ਕਹਿੰਦੀ ਐ ਤੁਹਾਡੀ ਕੁੜੀ ਬਹੁਤ ਉੱਚੀ ਹਸਦੀ ਐ- ਬਹੁਤ ਉੱਚੀ ਰੋਂਦੀ ਐ- ਡੋਰਾਂ ਖੜਕਾਉਂਦੀ ਐ ਤੇ ਇਨ੍ਹਾਂ ਦੀ ਨੀਂਦ ਖ਼ਰਾਬ ਹੁੰਦੀ ਐ, ਮੋਠਾਂ ਦੀ ਦਾਲ ਨਾਲ ਗੈਸ ਬਹੁਤ ਜਲਦੀ ਐ।"

ਪਤਨੀ ਦੀਆਂ ਗੱਲਾਂ ਹਥੌੜੇ ਵਾਂਗ ਉਸਦੇ ਦਿਮਾਗ਼ ਤੇ ਲੱਗੀਆਂ ਤੇ ਉਸਦੇ ਤਨ ਬਦਨ ਨੂੰ ਜਿਵੇਂ ਅੱਗ ਲੱਗ ਗਈ। "ਇਹ ਤੇ ਕਦੀ ਵੀ ਸੁਣਿਆ ਨਹੀਂ ਕਿ ਹੱਸਣ ਤੇ ਪਾਬੰਦੀਆਂ- ਰੋਣ ਤੇ ਵੀ ਪਾਬੰਦੀਆਂ। ਅਸੀਂ ਸਾਢੇ ਤਿੰਨ ਪੌਂਡ ਇਸ ਕਮਰੇ ਦਾ ਕਿਰਾਇਆ ਦਿੰਦੇ ਆਂ, ਕੋਈ ਮੁਫ਼ਤ ਤਾਂ ਨੀਂ ਹਸਦੇ?"

ਪ੍ਰਤੀਕਰਮ ਵਜੋਂ ਉਹ ਆਪਣੀ ਬੱਚੀ ਨੂੰ ਚੁਕ ਉੱਚੀ ਉੱਚੀ ਗਾਉਣ ਲੱਗ ਪਿਆ- ਹੱਸਣ ਲਗ ਪਿਆ- ਚੀਕਣ ਲਗ ਪਿਆ। ਘਰ ਵਿਚ ਇਹੋ ਜਿਹਾ ਮਾੜਾ ਸਲੂਕ ਵੇਖ ਕੇ ਮਾਲਕ ਮਕਾਨ ਨੇ ਉਹਨਾਂ ਦੇ ਕਮਰੇ ਵਿਚ ਵੜਦਿਆਂ ਹੀ ਆਖਿਆ:

"ਹੱਦ ਹੋਗੀ ਬਈ- ਤੂੰ ਤਾਂ ਨਿਆਣਿਆਂ ਨਾਲੋਂ ਵੀ ਟਪਾ ਤੀ, ਇਨਸਾਨ ਨੂੰ ਮੈਨਰਜ਼ ਸਿਖਣੇ ਚਾਹੀਦੇ ਨੇ- ਪੰਜ ਦਿਨ ਤੇਰੀ ਕੁੜੀ ਨੀ ਸੌਣ ਦਿੰਦੀ ਤੇ ਵੀਕ ਐਂਡ ਤੇ ਤੂੰ ਨੀਂ ਸਾਹ ਲੈਣ ਦਿੰਦਾ।"

"ਤੇਰੇ ਨਿਆਣੇ ਨੀਂ ਰੋਲਾ ਪੌਂਦੇ? ਉਹ ਨੀਂ ਹੱਸਦੇ, ਉਹ ਨੀਂ ਰੋਂਦੇ?"

"ਉਹ ਇੰਗਲੈਂਡ 'ਚ ਜੰਮੇ ਨੇ- ਉਹਨਾਂ ਦਾ ਹੱਸਣ ਤੇ ਰੋਣ ਦਾ ਟਾਈਮ ਐ- ਉਹਨਾਂ ਨੂੰ ਮੈਨਰਜ਼ ਔਂਦੇ ਨੇ।"

"ਚੰਗਾ ਦੋਸਤ, ਬਹੁਤੀਆਂ ਗੱਲਾਂ ਕਰਨ ਦੀ ਲੋੜ ਨੀ- ਅਸੀਂ ਮਕਾਨ ਬਦਲ ਲਾਂਗੇ!"

"ਬੜੀ ਖ਼ੁਸ਼ੀ ਨਾਲ!" ਲਾਪਰਵਾਹੀ ਨਾਲ ਕਹਿੰਦਿਆਂ ਮਾਲਕ ਮਕਾਨ ਕਮਰਿਓਂ ਬਾਹਰ ਹੋ ਗਿਆ।

ਇਸ ਘਟਨਾ ਨੇ ਉਸ ਦੇ ਮਨ ਦਾ ਸਾਰਾ ਅਮਨ ਭੰਗ ਕਰ ਦਿੱਤਾ। ਉਹ ਹੁਣ ਘਰ ਬਦਲ ਲੈਣਾ ਚਾਹੁੰਦਾ ਸੀ। ਦਿਨ ਨੂੰ ਉਹ ਫੈਕਟਰੀ ਵਿਚ ਕੰਮ ਕਰਦਾ ਤੇ ਸ਼ਾਮ ਨੂੰ ਦੁਕਾਨਾਂ ਉੱਤੇ ਲੱਗੇ ਨੋਟਿਸ ਪੜ੍ਹ ਕੇ ਖਾਲੀ ਘਰ ਵੇਖਣ ਜਾਂਦਾ। ਅੰਗਰੇਜ਼ ਤਾਂ ਕਾਲਾ ਆਦਮੀ ਵੇਖ ਕੇ ਪਹਿਲਾਂ ਹੀ 'ਸੌਰੀ' ਕਹਿ ਦਿੰਦੇ ਤੇ ਉਸਦੇ ਆਪਣੇ ਦੇਸ਼ ਵਾਸੀ ਇਕ ਬੱਚਾ ਸੁਣ ਕੇ ਨਾਂਹ ਕਰ ਦਿੰਦੇ।

ਬੜੀ ਭੱਜ ਨੱਠ ਤੋਂ ਬਾਅਦ ਉਸਦੀ ਭੂਆ ਦੇ ਲੜਕੇ ਨੇ ਉਹਨਾਂ ਨੂੰ ਇੱਕ ਕਮਰਾ ਦੇ ਦਿੱਤਾ। ਉਸਦਾ ਨਵਾਂ ਨਵਾਂ ਘਰ ਖੁੱਲ੍ਹਿਆ ਸੀ। ਕਿਰਾਏਦਾਰ ਰੱਖਣ ਤੇ ਪਾਬੰਦੀ ਸੀ। ਇਸੇ ਲਈ ਉਸਦੇ ਭਰਾ ਨੇ ਕਿਹਾ ਕਿ ਜੇ ਕੋਈ ਚੈੱਕ ਕਰਨ ਆਵੇ ਤਾਂ ਇਹੀ ਆਖਣਾ ਕਿ ਅਸੀਂ ਪ੍ਰਾਹੁਣੇ ਹਾਂ ਤੇ ਕੁਝ ਦਿਨਾਂ ਤਕ ਚਲੇ ਜਾਵਾਂਗੇ।

ਭਾਵੇਂ ਸਭ ਕੁਝ ਉਹੋ ਸੀ। ਉਸਦੀ ਬੱਚੀ, ਉਸਦੀ ਪਤਨੀ- ਪਰ ਉਹ ਪਹਿਲੀ ਕੁਦਰਤੀ ਨਹੀਂ ਸੀ। ਉਸ ਵਿਚ ਵਿਸ਼ਵਾਸ ਘਟਦਾ ਜਾ ਰਿਹਾ ਸੀ। ਘਟੀਆਪਣ ਦਾ ਅਹਿਸਾਸ ਪੈਦਾ ਹੋ ਗਿਆ ਸੀ।

ਹੁਣ ਜਦੋਂ ਉਹ ਘਰ ਆਉਂਦਾ, ਉਸਨੂੰ ਅੱਗੇ ਜਿੰਨਾ ਚਾਅ ਨਾ ਹੁੰਦਾ। ਜਦੋਂ ਉਸਦੀ ਬੱਚੀ ਹੱਸਦੀ, ਉਹ ਉਸ ਵੱਲ ਵੇਖ ਕੇ ਮਸਨੂਈ ਜਿਹਾ ਹਸ ਛਡਦਾ। ਜਦੋਂ ਰੋਂਦੀ ਫੌਰਨ ਚੁਪ ਕਰਾਉਣ ਦਾ ਯਤਨ ਕਰਦਾ-ਉਹ ਬਹੁਤ ਡਰ ਗਿਆ ਸੀ।

ਉਸਦੀ ਭਰਜਾਈ ਦਾ ਵਤੀਰਾ ਵੀ ਕੁਝ ਦਿਨਾਂ ਤੋਂ ਮਾੜੇ ਤੋਂ ਮਾੜਾ ਹੁੰਦਾ ਜਾ ਰਿਹਾ ਸੀ। ਜਦੋਂ ਉਹ ਸ਼ਾਮ ਨੂੰ ਘਰ ਆਉਂਦਾ ਤਾਂ ਉਸਦੀ ਪਤਨੀ ਅਕਸਰ ਉਦਾਸ ਹੀ ਹੁੰਦੀ ਤੇ ਉਸਦੇ ਪੁੱਛਣ ਤੇ ਭਰਜਾਈ ਦਾ ਪਾਠ ਆਰੰਭ ਕਰ ਦਿੰਦੀ ਸੀ। ਅੱਜ ਭਰਜਾਈ ਕਹਿੰਦੀ ਸੀ:

"ਤੇਰੀ ਕੁੜੀ ਨੇ ਗਿੱਲੇ ਹੱਥ ਲਾ ਕੇ ਪੇਪਰ ਖ਼ਰਾਬ ਕਰ ਦਿੱਤਾ।" ਅੱਜ ਭਰਜਾਈ ਕਹਿੰਦੀ ਸੀ।

"ਤੇਰੀ ਕੁੜੀ ਨ੍ਹਾਉਣ ਲੱਗੀ ਬਾਥ 'ਚ ਟੱਪਦੀ ਐ ਤੇ ਬਾਹਰ ਛਿੱਟੇ ਪੈ ਕੇ ਲਾਇਨੋ ਖ਼ਰਾਬ ਹੁੰਦੀ ਐ।"

"ਰਾਤ ਤੇਰੀ ਕੁੜੀ ਅੱਧੀ ਰਾਤੋਂ ਰੋਂਦੀ ਪਈ ਸੀ। ਇਨ੍ਹਾਂ ਦੀ ਅੱਖ ਖੁਲ੍ਹ ਗਈ ਤੇ ਇਨ੍ਹਾਂ ਨੇ ਬੜਾ ਮੈਂਡ ਕੀਤਾ- ਜੇ ਗੁਆਂਢੀ ਗੋਰੇ ਰਪੋਟ ਕਰ ਦਿੰਦੇ ਤਾਂ ਪੁਲਸ ਵੀ ਫੜ੍ਹ ਕੇ ਲੈ ਜਾਂਦੀ।"

ਭਰਜਾਈ ਅੱਜ ਕਹਿੰਦੀ ਸੀ।....ਭਰਜਾਈ ਅੱਜ ਕਹਿੰਦੀ ਸੀ।

ਉਸਦੀ ਅਜੀਬ ਹਾਲਤ ਸੀ। ਫ਼ੈਕਟਰੀ ਵਿੱਚੋਂ ਛੁੱਟੀ ਹੁੰਦਿਆਂ ਜਿਵੇਂ ਉਸਦੇ ਪੈਰ ਜੰਮ ਜਾਂਦੇ- ਉਸਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਤੇ ਉਸਦੇ ਦਿਮਾਗ਼ ਉੱਤੇ ਭਰਜਾਈ ਦੇ ਕਹੇ ਸ਼ਬਦ ਵਦਾਣਾਂ ਵਾਂਗ ਵੱਜਣ ਲੱਗ ਪੈਂਦੇ। ਉਸਦੇ ਮਨ ਵਿਚ ਹਰ ਸਮੇਂ ਇੱਕ ਘੋਲ ਹੁੰਦਾ ਰਹਿੰਦਾ।

ਉਹ ਅਜਿਹੀਆਂ ਗੱਲਾਂ ਵੀ ਸੋਚਦਾ ਰਹਿੰਦਾ ਜਿਹੜੀਆਂ ਹਾਲੇ ਵਾਪਰੀਆਂ ਵੀ ਨਹੀਂ ਸਨ। ਜੇ ਮੇਰੀ ਬੱਚੀ ਬਿਮਾਰ ਹੋ ਜਾਏ ਤੇ ਉਹ ਸਾਰੀ ਰਾਤ ਰੋਂਦੀ ਰਹੇ ਤਾਂ ਇਹ ਸਾਨੂੰ ਅਗਲੇ ਦਿਨ ਹੀ ਘਰੋਂ ਕੱਢ ਦੇਣ ਜੇ ਧੁੱਪ ਨਿਕਲਣ ਤੇ ਮੇਰੀ ਬੱਚੀ ਗਾਰਡਨ ਵਿਚ ਖੇਡਣ ਲੱਗ ਜਾਏ ਤੇ ਹੱਸਣ ਲੱਗ ਪਏ ਤਾਂ ਭਰਜਾਈ ਨੇ ਆਖਣਾ ਹੈ: "ਇਸ ਨੂੰ ਕਮਰੇ ਵਿਚ ਬੰਦ ਕਰ ਲਵੋ, ਗਵਾਂਢੀ ਗੋਰੇ ਨੇ ਰਪੋਟ ਕਰਕੇ ਪੁਲਸ ਬੁਲਾ ਲੈਣੀ ਹੈ।"

ਭਰਜਾਈ ਅੱਜ ਕਹਿੰਦੀ ਸੀ।

ਉਸਦੀ ਅਜੀਬ ਹਾਲਤ ਸੀ। ਉਹ ਹਰ ਸਮੇਂ ਖੋਇਆ ਖੋਇਆ, ਅੱਕਿਆ ਅੱਕਿਆ, ਮੱਚਿਆ ਮੱਚਿਆ ਰਹਿਣ ਲੱਗ ਪਿਆ। ਘਰ ਵਿਚ ਖ਼ੁਸ਼ੀਆਂ ਉੱਡ ਗਈਆਂ ਤੇ ਤਲਖ਼ੀਆਂ ਵਧ ਗਈਆਂ।

ਪਹਿਲਾਂ ਪਹਿਲਾਂ ਚੁੱਪ ਚੁੱਪ ਰਹਿਣ ਲੱਗ ਪਿਆ।

ਫਿਰ ਆਪਣੀ ਪਤਨੀ ਨਾਲ ਕੌੜਾ ਬੋਲਣ ਲਗ ਪਿਆ।

ਫਿਰ ਆਪਣੀ ਬੱਚੀ ਨੂੰ ਗਾਲ੍ਹਾਂ ਕੱਢਣ ਲੱਗ ਪਿਆ।

ਫਿਰ ਉਸਨੂੰ ਮਾਰਨ ਲੱਗ ਪਿਆ- ਰੋਜ਼ ਮਾਰਨ ਲੱਗ ਪਿਆ। ਤੇ ਬੱਚੀ ਦੀਆਂ ਗੱਲ੍ਹਾਂ ਤੇ ਉਂਗਲਾਂ ਦੇ ਨਿਸ਼ਾਨ ਇਉਂ ਲੱਗਦੇ ਸਨ ਜਿਵੇਂ ਜਮਾਂਦਰੂ ਹੋਣ।

ਪਰ ਕੁੜੀ ਏਨੀ ਢੀਠ ਸੀ ਕਿ ਚਪੇੜਾਂ ਤੇ ਚਪੇੜਾਂ ਖਾ ਕੇ ਵੀ ਰੋਂਦੀ ਰਹਿੰਦੀ- ਸਗੋਂ ਹੋਰ ਉੱਚੀ ਰੋਂਦੀ।

ਉਸਦੀ ਅਜੀਬ ਹਾਲਤ ਸੀ।

ਕੰਮ ਕਰਦਿਆਂ ਉਹ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਰਹਿੰਦਾ- ਪਛਤਾਉਂਦਾ ਰਹਿੰਦਾ। ਪਰ ਘਰ ਆ ਕੇ ਉਸਦਾ ਉਹੀ ਵਤੀਰਾ ਹੁੰਦਾ। ਕੰਮ ਕਰਦਿਆਂ ਕਈ ਵਾਰ ਉਹ ਇੰਜ ਵੀ ਸੋਚਦਾ ਕਿ ਇਹ ਕੁੜੀ ਜੇ ਕਿਸੇ ਤਰ੍ਹਾਂ ਮਰ ਜਾਏ ਤਾਂ ਸਾਰੀਆਂ ਮੁਸੀਬਤਾਂ ਕੱਟੀਆਂ ਜਾਣ। ਪਰ ਦੂਜੇ ਹੀ ਪਲ ਉਹ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ। ਉਸਨੂੰ ਆਪਣੇ ਆਪ ਤੋਂ ਬਦਬੂ ਆਉਣ ਲੱਗਦੀ।

ਕੁਝ ਦਿਨਾਂ ਤੋਂ ਬੱਚੀ ਨੂੰ ਚੁੱਪ ਕਰਾਉਣ ਲਈ ਉਸਨੇ ਇੱਕ ਨਵਾਂ ਤਰੀਕਾ ਈਜਾਦ ਕਰ ਲਿਆ ਸੀ ਜਿਹੜਾ ਕਾਫ਼ੀ ਹੱਦ ਤੱਕ ਕਾਮਯਾਬ ਸੀ। ਜਦੋਂ ਉਸਦੀ ਬੱਚੀ ਰੋਂਦੀ ਤਾਂ ਉਹ ਦਬਕਾ ਮਾਰਦਾ 'ਚੁੱਪ!' ਜੇ ਉਹ ਹੋਰ ਉੱਚੀ ਰੋਣ ਲੱਗ ਪੈਂਦੀ ਤਾਂ ਉਹ ਉਸਦੇ ਮੂੰਹ 'ਤੇ ਹੱਥ ਰੱਖ ਕੇ ਉਸਦੀ ਚੀਕ ਅੰਦਰ ਹੀ ਨੱਪ ਦਿੰਦਾ- ਬੱਚੀ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਤੇ ਗਲ ਦੀਆਂ ਨਾੜਾਂ ਖੜੀਆਂ ਹੋ ਜਾਂਦੀਆਂ- ਸਾਹ ਰੁਕ ਜਾਂਦਾ। ਕੁਝ ਦਿਨਾਂ ਦੇ ਇਸ ਤਜਰਬੇ ਨੇ ਆਪਣਾ ਹੀ ਰੰਗ ਵਿਖਾਇਆ ਕਿ ਬੱਚੀ ਉੱਕਾ ਹੀ ਹੱਸਣੋਂ ਬੋਲਣੋਂ ਹਟ ਗਈ ਉਹ ਜਿਵੇਂ ਇੱਕ ਪੱਥਰ ਹੋਵੇ।

ਇਸ ਹਾਲਤ ਨੇ ਉਸਨੂੰ ਅਤੇ ਉਸਦੀ ਪਤਨੀ ਨੂੰ ਹੋਰ ਵੀ ਦੁਖੀ ਕਰ ਦਿੱਤਾ। ਉਸਦੀ ਪਤਨੀ ਦਿਲ ਘਟਣ ਦੀ ਸ਼ਿਕਾਇਤ ਕਰਨ ਲੱਗ ਪਈ। ਉਹ ਅੱਠੇ ਪਹਿਰ ਆਪਣੇ ਆਪ ਨੂੰ ਕੋਸਦਾ ਰਹਿੰਦਾ- ਕੋਸਦਾ ਰਹਿੰਦਾ।

ਉਸਦੀ ਪਤਨੀ ਭਾਵੇਂ ਆਪ ਬੜੀ ਔਖੀ ਸੀ, ਪਰ ਉਸਨੂੰ ਆਪਣੇ ਪਤੀ ਦਾ ਬਹੁਤਾ ਫ਼ਿਕਰ ਰਹਿੰਦਾ, ਜਿਵੇਂ ਹਿੰਦੁਸਤਾਨੀ ਔਰਤਾਂ ਨੂੰ ਹੁੰਦਾ ਹੈ। ਉਹ ਹਰ ਸਮੇਂ ਕੋਈ ਰਾਹ ਲੱਭਦੀ ਰਹਿੰਦੀ।

ਇੱਕ ਸ਼ਾਮ ਰੋਟੀ ਖਾਣ ਤੋਂ ਬਾਅਦ, ਉਸਦੀ ਪਤਨੀ ਨੇ ਗੱਲ ਤੋਰੀ:

"ਜੇ ਆਪਾਂ ਗੁੱਡੀ ਨੂੰ ਇੰਡੀਆ ਤੋਰ ਦੇਈਏ ਤਾਂ ਇਹ ਆਰਾਮ ਨਾਲ ਮੇਰੇ ਮਾਂ ਬਾਪ ਕੋਲ ਰਹੇਗੀ- ਉਹ ਅੰਤਾਂ ਦਾ ਚਾਅ ਕਰਦੇ ਨੇ।"

ਪਤਨੀ ਦੀ ਗੱਲ ਸੁਣ ਕੇ ਉਸਨੇ ਆਪਣੇ ਆਪ ਨੂੰ ਇਉਂ ਸਾਵਧਾਨ ਕੀਤਾ ਜਿਵੇਂ ਪੱਥਰ ਵਿਚ ਜਾਨ ਪੈ ਗਈ ਹੋਵੇ। ਉਸਨੇ ਆਪਣੀ ਪਤਨੀ ਦੇ ਹੱਥ ਫੜ੍ਹ ਕੇ ਬੁਲ੍ਹਾਂ ਨਾਲ ਲਾ ਲਏ। ਦੋਵੇਂ ਉੱਠ ਕੇ ਸੁੱਤੀ ਪਈ ਬੱਚੀ ਨੂੰ ਤੱਕਣ ਲੱਗੇ। ਬੱਚੀ, ਜਿਵੇਂ ਕੌਟ ਵਿਚ ਇਕ ਪੱਥਰ ਪਿਆ ਹੋਵੇ।

ਉਨ੍ਹਾਂ ਇਕ ਬੰਦਾ ਵੀ ਲੱਭ ਲਿਆ, ਜਿਸਨੇ ਅਗਲੇ ਮਹੀਨੇ ਇੰਡੀਆ ਜਾਣਾ ਸੀ!

ਬੱਚੀ ਦੇ, ਉਸਦੀ ਬੱਚੀ ਦੇ ਇੰਡੀਆ ਜਾਣ ਦਾ ਦਿਨ ਨੇੜੇ ਆ ਰਿਹਾ ਸੀ ਤੇ ਉਸਦਾ ਸਲੂਕ ਹੁਣ ਬਦਲ ਰਿਹਾ ਸੀ- ਉਹ ਬੱਚੀ ਨੂੰ ਚੁੱਕਣ ਦੀ ਕੋਸ਼ਿਸ਼ ਕਰਦਾ ਪਰ ਉਹ ਇੱਕ ਪੱਥਰ ਵਾਂਗ ਕੰਧ ਵੱਲ ਵੇਖਦੀ ਰਹਿੰਦੀ ਤੇ ਉਹ ਆਪਣੇ ਆਪ ਨੂੰ ਹੋਰ ਲਾਹਨਤਾਂ ਪਾਉਂਦਾ।

ਜਿਸ ਦਿਨ ਉਸਦੀ ਬੱਚੀ ਨੇ ਜਾਣਾ ਸੀ, ਉਸਤੋਂ ਪਹਿਲੀ ਰਾਤ ਉਹ ਬਿਲਕੁਲ ਨਾ ਸੌਂ ਸਕਿਆ। ਉਸ ਨੂੰ ਜਾਪ ਰਿਹਾ ਸੀ ਜਿਵੇਂ ਉਹ ਬਹੁਤ ਵੱਡਾ ਪਾਪੀ ਹੋਵੇ ਤੇ ਉਸ ਦੇ ਸਾਰੇ ਪਾਪ ਉਸਦੇ ਜਿਗਰ ਵਿਚ ਸੰਗੀਨਾਂ ਮਾਰ ਰਹੇ ਹੋਣ- ਉਸਦੀਆਂ ਅੱਖਾਂ ਆਬਸ਼ਾਰਾਂ ਵਾਂਗ ਵਹਿ ਰਹੀਆਂ ਸਨ।

ਦਿਨ ਚੜ੍ਹਿਆ, ਤਿਆਰ ਹੋਏ ਤੇ ਉਠ ਪਏ। ਪਰ ਬੱਚੀ ਸੀ ਕਿ ਉੱਕਾ ਹੀ ਚੁਪ, ਪੱਥਰ ਦੀ ਪੱਥਰ।

ਏਅਰ-ਪੋਰਟ ਤੇ ਜਦੋਂ ਏਅਰ ਇੰਡੀਆ ਦੀਆਂ ਸਵਾਰੀਆਂ ਨੂੰ ਆਵਾਜ਼ ਪਈ, ਉਸਦੀ ਪਤਨੀ ਨੇ ਬੱਚੀ ਜਾਣ ਵਾਲੇ ਸੱਜਣ ਨੂੰ ਫੜ੍ਹਾ ਦਿੱਤੀ। ਜਾਣ ਤੋਂ ਪਹਿਲਾਂ ਉਸਨੇ ਆਪਣੀ ਬੱਚੀ ਨੂੰ ਫੜ੍ਹਨਾ ਚਾਹਿਆ, ਕਿਉਂਕਿ ਜਦੋਂ ਦੀ ਉਹ ਪੱਥਰ ਬਣੀ ਸੀ, ਉਸ ਨੇ ਉਸ ਵੱਲ ਮੂੰਹ ਤੱਕ ਨਹੀਂ ਸੀ ਕੀਤਾ- ਵਿਦਾਇਗੀ ਸਮੇਂ ਵੀ ਉਹ ਉਸ ਕੋਲ ਨਾ ਆਈ।

ਜਦੋਂ ਜਾਣ ਵਾਲਾ ਸੱਜਣ ਉਸਨੂੰ ਮੋਢੇ ਲਾ ਕੇ ਤੁਰਿਆ, ਤਾਂ ਚਾਰ ਕੁ ਕਦਮ ਜਾ ਕੇ ਬੱਚੀ ਉੱਚੀ ਉੱਚੀ ਚੀਕਾਂ ਮਾਰਨ ਲੱਗ ਪਈ। ਉਹ ਆਪਣੀ ਬੱਚੀ ਨੂੰ ਆਖ਼ਰੀ ਵਾਰ ਗਲ ਲਾਉਣ ਲਈ ਉਸ ਵੱਲ ਭੱਜਿਆ। ਹਾਲੀਂ ਉਸਨੇ ਆਪਣੀਆਂ ਬਾਹਾਂ ਵਧਾਈਆਂ ਹੀ ਸਨ, ਕਿ ਉਸਦੀ ਬੱਚੀ ਨੇ ਬਿਜਲੀ ਦੀ ਤੇਜ਼ੀ ਨਾਲ ਆਪਣਾ ਹੱਥ ਮੂੰਹ ਉੱਤੇ ਰੱਖ ਲਿਆ ਅਤੇ ਜਾਣ ਵਾਲੇ- ਅਜਨਬੀ ਦੇ ਗਲ ਨਾਲ ਚੰਬੜ ਗਈ।

# ਸ਼ਾਇਰੀ ਦਾ ਕਿਰਮਿਚੀ ਗੁਲਮੋਹਰ

# ਪ੍ਰੀਤਮ ਸਿੰਘ ਰਾਹੀ



ਪੰਜਾਬੀ ਭਾਸ਼ਾ ਵਿਚ ਸਾਹਿਤ ਦੀ ਸਿਰਜਣਾ ਅਜੇ ਤੱਕ ਵੀ ਰੋਜ਼ਗਾਰ ਦਾ ਵਸੀਲਾ ਨਹੀਂ ਬਣ ਸਕੀ। ਇਹ ਸ਼ੌਕ ਦਾ ਮਾਮਲਾ ਹੈ। ਖਾਸ ਕਰ ਸ਼ਾਇਰੀ ਕਰਨਾ ਅਤੇ ਸ਼ਾਇਰੀ ਦੀਆਂ ਪੁਸਤਕਾਂ ਛਪਵਾਉਣਾ ਘਾਟੇ ਵੰਦਾ ਸੌਦਾ ਹੈ। ਸ਼ਾਇਰੀ ਦੇ ਕਿਤਾਬੀ ਕਾਰੋਬਾਰ ਵਿਚ ਪ੍ਰਕਾਸ਼ਕ, ਕਰੋੜਪਤੀ, ਰੱਦੀ ਵੇਚਣ ਵਾਲੇ ਲਖਪਤੀ ਅਤੇ ਸ਼ਾਇਰ ਕੱਖ-ਪਤੀ ਹੁੰਦੇ ਆ ਰਹੇ ਹਨ। ਪਰ ਕੋਮਲ ਕਲਾਵਾਂ ਕਿਸੇ ਸੂਰਤ ਵਿਚ ਵੀ ਖਤੌਤ ਦੀ ਸਥਿਤੀ ਵਿਚ ਨਹੀਂ ਰਹਿ ਸਕਦੀਆਂ। ਕਲਾ ਜੀਵਨ ਦੀ ਧੜਕਣ ਹੈ। ਬਾਜ਼ਤੇ ਖੁਦ ਕੁਦਰਤ ਇਕ ਕਲਾ ਦਾ ਟੁਕੜਾ ਹੈ। ਨਦੀਆਂ, ਝਰਨੇ, ਸਮੁੰਦਰ ਦੀਆਂ ਲਹਿਰਾਂ, ਨਸ਼ੇ ਵਿਚ ਭਿੱਜੀਆਂ ਮਦਮਸਤ ਹਵਾਵਾਂ, ਪੰਛੀਆਂ ਦੇ ਗੀਤ ਅਤੇ ਬਾਲਾਂ ਦੀਆਂ ਕਿਲਕਾਰੀਆਂ ਕਵਿਤਾਵਾਂ ਹਨ। ਕਵਿਤਾ ਮਨੁੱਖੀ ਮਨ ਦੀ ਕੋਮਲਤਾ ਤੇ ਸੰਵੇਦਨਾ ਹੈ। ਕਵਿਤਾ ਦੋ ਪ੍ਰੇਮੀਆਂ ਦੀ ਮੂਕ ਭਾਸ਼ਾ ਹੈ। ਕਵਿਤਾ ਬਿਨਾ ਮਨੁੱਖਤਾ ਪਥਰਾਟ ਵੱਲ ਵਧਦਾ ਸਫ਼ਰ ਹੈ। ਸ਼ਾਇਦ ਏਸੇ ਲਈ ਕਵਿਤਾ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਉਸਦੇ ਪ੍ਰਛਾਵੇਂ ਵਾਂਗ ਰਹਿੰਦੀ ਹੈ। ਕਵਿਤਾ ਲੋਰੀਆਂ ਵਿਚ ਹੈ, ਕਵਿਤਾ ਜੋਬਨ ਰੁੱਤ ਦੇ ਕੂਕਦੇ ਬੋਲ ਹਨ, ਕਵਿਤਾ ਵਿਆਹ ਵਰਗੇ ਪਵਿੱਤਰ ਬੰਧਨ ਦੀ ਮਾਨਤਾ ਪ੍ਰਾਪਤ ਗੁਆਹ ਹੈ। ਕਵਿਤਾ ਲਾਮਾਂ ਦੇ ਟੁੱਟਣ ਦੀ ਆਰਜ਼ੂ ਹੈ। ਕਵਿਤਾ ਬਾਬਾ ਗੁਰੂ ਨਾਨਕ ਹੈ, ਕਵਿਤਾ ਦਸਮੇਸ਼ ਪਿਤਾ ਦੀ ਕਿਰਪਾਨੀ ਲਿਸ਼ਕ ਹੈ... ਸਾਡੀਆਂ ਅਖਾਣਾਂ ਵਿਚ ਕਵਿਤਾ ਹੈ। ਸਾਡੇ ਸੁਹਾਗਾਂ ਵਿਚ ਕਵਿਤਾ ਤੇ ਮੜੀਆਂ ਵਿਚਲੇ ਵੈਣਾਂ ਵਿਚ ਕਵਿਤਾ ਹੈ। ਮੌਤ ਪਿੱਛੋਂ ਵੀ ਕਵਿਤਾ ਅਲਾਹੁਣੀਆਂ ਵਿਚ ਹਾਜ਼ਰ ਰਹਿੰਦੀ ਹੈ। ਕਵਿਤਾ ਐਨੀ ਜ਼ਰੂਰੀ ਹੈ ਪਰ ਵਾਫਰ ਕਿਉਂ ਲਗਦੀ ਹੈ? ਅਸਲ ਵਿਚ ਕਵਿਤਾ, ਕਣਕ ਅਤੇ ਮਾਂ ਦੇ ਦੁੱਧ ਦੀ ਕੀਮਤ ਆਂਕਣੀ ਵੀ ਪਾਗਲਪਨ ਹੈ। ਇਹ ਤਿੰਨੋ ਵਸਤਾਂ ਜੀਵਨ ਦਾ ਆਧਾਰ, ਪਾਸਾਰ ਤੇ ਆਕਾਰ ਨਿਸ਼ਚਿਤ ਕਰਦੀਆਂ ਹਨ। ਮੁੱਢਲੀ ਲੋੜ ਹੋਣ ਕਰਕੇ ਇਹਨਾਂ ਦਾ ਵਾਫ਼ਰੀ ਗੁਣ ਵੀ ਹਵਾ ਵਿਚੋਂ ਸਾਹ ਲੈਣ ਵਰਗੀ ਪ੍ਰਕਿਰਿਆ ਹੈ। ਲੱਗਦਾ ਹੈ ਕਿ ਹਵਾ ਵਾਫ਼ਰ ਹੈ, ਪਰ ਸਾਡੇ ਸਾਹਾਂ ਦਾ ਆਧਾਰ ਵੀ ਤਾਂ ਅਨਮੁੱਲੀ ਹਵਾ ਹੈ।

ਸੁਖ਼ਨ ਸਾਜ਼



**ਸੁਲਖੱਣ ਸਰਹੱਦੀ**

ਫਿਰ ਹਵਾ ਤੇ ਕਵਿਤਾ ਵਾਫਰ ਕਿਵੇਂ ਹਨ? ਪ੍ਰੇਮ ਦੀ ਪਰਿਭਾਸ਼ਾ ਜੀਵਨ ਹੈ, ਜੀਵਨ ਦੀ ਪਰਿਭਾਸ਼ਾ ਸ਼ਾਇਰੀ। ਏਸੇ ਲਈ ਨਾ ਹਵਾ ਮੁੱਕਦੀ ਹੈ ਨਾ ਕਵਿਤਾ। ਜਦ ਇਹ ਦੋਵੇਂ ਵਸਤਾਂ ਮੁੱਕ ਗਈਆਂ ਤਾਂ ਫੇਰ ਪਰਲੋ ਆਵੇਗੀ। ਜੀਵਨ ਦੀ ਪਥਰਾਟ, ਪਰਲੋ ਨੂੰ ਰੋਕਣ ਲਈ ਸ਼ਾਇਰੀ ਦਾ ਕਵਚ ਮਨੁੱਖਤਾ ਲਈ ਜ਼ਰੂਰੀ ਹੈ। ਸਦੀਆਂ ਤੋਂ ਕਵਿਤਾ ਏਸੇ ਤਰ੍ਹਾਂ ਵਾਫ਼ਰ ਜਿਹੀ ਬਣ ਕੇ ਵੀ ਮਨੁੱਖਤਾ ਦੇ ਨਾਲ-ਨਾਲ ਉਸਦੇ ਪੈਰਾਂ ਨੂੰ ਝੱਸਦੀ ਅਤੇ ਸਬੰਧਾਂ ਵਿਚ ਪ੍ਰੇਮ ਦਾ ਅੰਮ੍ਰਿਤ ਮਿਲਾਉਂਦੀ ਉਸ ਦੀ ਪ੍ਰੀਤਮਾ ਹੈ। ਹੇ ਮਨੁੱਖ, ਤੂੰ ਕਵਿਤਾ ਦੀ ਕੀਮਤ ਪਾਉਣੀ ਸਿੱਖ ਕਿਉਂਕਿ ਇਹ ਪਾਣੀ ਅਤੇ ਮਛਲੀ ਦਾ ਸਬੰਧ ਹੈ। ਮੱਛੀ ਨੂੰ ਪਾਣੀ ਤੋਂ ਬਾਹਰ ਆ ਕੇ ਪਾਣੀ ਦੀ ਕੀਮਤ ਦਾ ਪਤਾ ਲੱਗਦਾ ਹੈ। ਮਨੁੱਖ! ਤੂੰ ਵੀ ਆਪਣੇ ਸਾਹ ਆਪਣੀ ਕਵਿਤਾ ਨੂੰ ਪਛਾਣ।

ਕਵਿਤਾ ਦੀ ਖੇਤੀ ਕਵੀ ਕਰਦੇ ਹਨ। ਕਵਿਤਾ ਹਰ ਮਨੁੱਖ ਦੇ ਅੰਦਰ ਹੁੰਦੀ ਹੈ। ਪਰ ਮਨੁੱਖ ਉਸ ਕਵਿਤਾ ਨੂੰ ਗੁੰਗੀ ਕਰ ਛੱਡਦਾ ਹੈ। ਜਿਹੜੇ ਮਨੁੱਖ ਆਪਣੇ ਅੰਦਰ ਦੀ ਕਵਿਤਾ ਨੂੰ ਜ਼ੁਬਾਨ ਦੇਂਦੇ ਹਨ, ਉਹ ਕਵੀ ਹੁੰਦੇ ਹਨ।

ਪ੍ਰੀਤਮ ਸਿੰਘ ਰਾਹੀ ਵੀ ਐਸਾ ਹੀ ਜਿਊੜਾ ਹੈ ਜਿਸ ਦਾ ਸ਼ਾਇਰੀ ਨਾਲ, ਕਵਿਤਾ ਨਾਲ ਬਚਪਨ ਤੋਂ ਇਸ਼ਕ ਹੋ ਗਿਆ ਸੀ। ਸਦਕੇ ਜਾਈਏ ਇਸ ਰਾਹੀ ਤੋਂ ਜੋ ਔਖੀਆਂ ਘੜੀਆਂ ਤੇ ਔਖੀਆਂ ਘਾਟੀਆਂ ਵਿਚ ਵੀ ਸ਼ਾਇਰੀ ਨੂੰ ਕੰਧਾੜੇ ਚੁੱਕ ਕੇ ਤੇ ਕਦੇ ਉਂਗਲ ਲਾ ਕੇ ਆਪਣੀ ਮੰਜ਼ਲ ਵੱਲ ਵਧ ਰਿਹਾ ਹੈ। ਉਹ ਸ਼ਿਵ ਵਾਂਗ ਸ਼ਾਇਰੀ ਦੇ ਪਿਆਲੇ ਰਾਹੀਂ ਜਗ ਉੱਤੇ ਫੈਲੀ ਅਨੈਤਿਕਤਾ ਦੀ ਜ਼ਹਿਰ ਪੀਵੀ ਜਾ ਰਿਹਾ ਹੈ। ਕਹਿੰਦੇ ਨੇ ਜਵਾਨੀ ਵਿਚ ਸਾਰੇ ਕਵੀ ਹੁੰਦੇ ਹਨ। ਕੋਈ 10 ਸਾਲ ਕੋਈ 20 ਸਾਲ ਕਵਿਤਾ ਦੀ ਅਲੂਣੀ ਸਿਲ ਚੱਟਦਾ ਹੈ, ਪਰ ਪ੍ਰੀਤਮ ਸਿੰਘ ਰਾਹੀ ਵਰਗਾ ਸ਼ਾਇਰ ਹੀ ਸਮੁੱਚੀ ਜ਼ਿੰਦਗੀ ਸ਼ਾਇਰੀ ਦੇ ਲੇਖੇ, ਸਾਹਿਤ ਦੇ ਲੇਖੇ ਲਾਉਂਦਾ ਹੈ। ਰਾਹੀ ਦੇ ਕਾਵਿ ਸੰਗ੍ਰਹਿ ਕਰੁਣਾ, ਕਚਨਾਰ, ਕੰਜਕਾਂ, ਕਾਇਆ ਦੇ ਰੁੱਖ, ਔਥਰਾ ਘੋੜਾ, ਉਦਾਸ ਪਲਾਂ ਦੀ ਦਾਸਤਾਨ, ਪਰਤ ਦਰ ਪਰਤ, ਸੁੱਕੇ ਪੱਤੇ ਦੀ ਦਸਤਕ, ਸੁਰ ਸੁਗੰਧ, ਇਕ ਕੁਕਨੂਸ ਹੋਰ ਪੰਜਾਬੀ ਪਾਠਕਾਂ ਦੀ ਝੋਲੀ ਪੈ ਚੁੱਕੇ ਹਨ। ਸਾਗਰ ਤੋਂ ਸਲੀਬ ਤੱਕ, ਕਾਸ਼ਨੀ ਧੁੱਪਾਂ, ਗ਼ਜ਼ਲ ਅਤੇ ਮਾਲਕੌਂਸ ਉਸ ਦੇ ਚਾਰ ਗ਼ਜ਼ਲ ਸੰਗ੍ਰਹਿ ਹਨ। ਉਹ ਸਾਹਿਤ ਦਾ ਕੁਲ ਵਕਤੀ ਕਾਮਾ ਹੈ। ਉਸ ਨੇ ਪੰਜਾਬੀ ਕਵਿਤਾ ਦਾ ਲਹਿਜਾ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਵੀ ਪੇਸ਼ ਕੀਤਾ। ਬਾਲ ਸਾਹਿਤ, ਆਲੋਚਨਾ ਅਤੇ ਅਨੁਵਾਦ ਵਿਚ ਉਹ ਹਮੇਸ਼ਾ ਲਗਾਤਾਰਤਾ ਬਣਾਈ ਰੱਖ ਰਿਹਾ ਹੈ।

2006 ਵਿਚ ਉਸਦੀ ਸਮੁੱਚੀ ਸ਼ਾਇਰੀ ਦੀ ਪੁਸਤਕ 'ਗੁਲਮੋਹਰ' ਛਪੀ, ਜਿਸ ਦੇ 280 ਸਫੇ ਹਨ ਅਤੇ 350 ਗ਼ਜ਼ਲਾਂ। ਉਹ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਦਾ ਮਿਆਰੀ ਤ੍ਰੈਮਾਸਿਕ 'ਮੁਹਾਂਦਰਾ' ਲਗਾਤਾਰ ਛਾਪ ਰਿਹਾ ਹੈ। ਉਸ ਦੀ ਸੰਪਾਦਨਾ ਦਾ ਜਲੌਅ ਹੀ ਹੈ ਕਿ 'ਮੁਹਾਂਦਰਾ' ਵਿਚ ਅੱਜ ਹਰ ਵੱਡੇ ਤੋਂ ਵੱਡਾ ਸ਼ਾਇਰ, ਸਾਹਿਤਕਾਰ ਛਪਣਾ ਚਾਹੁੰਦਾ ਹੈ।

ਉਹ 30 ਅਕਤੂਬਰ 1936 ਨੂੰ ਸ੍ਰੀਮਤੀ ਸੰਤ ਕੌਰ ਦੀ ਕੁੱਖੋਂ, ਸ੍ਰ. ਲਾਲ ਸਿੰਘ ਰੁਪਾਲ ਦੇ ਗ੍ਰਹਿ ਵਿਖੇ ਆਪਣੇ ਨਾਨਕਾ ਘਰ ਸਿੱਖ ਵਾਲਾ ਜ਼ਿਲ੍ਹਾ ਫਰੀਦਕੋਟ ਵਿਖੇ ਜਨਮਿਆ। ਉਹ ਸੀਨੀਅਰ ਲੈਕਚਰਾਰ, ਮੁਖੀ ਪੰਜਾਬੀ ਵਿਭਾਗ ਵਰਗੇ ਅਹੁਦਿਆਂ ਤੋਂ ਰਿਟਾਇਰ ਹੋਇਆ। ਉਹ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਤੇ ਸੰਸਕ੍ਰਿਤ ਦੀ ਐਮ ਏ ਹੈ। ਉਸ ਨੇ ਗਾਂਧੀਅਨ ਸਟੱਡੀਜ਼ ਵਿਚ ਪੋਸਟ ਗਰੈਜੂਏਟ ਡਿਪਲੋਮਾ ਕੀਤਾ ਅਤੇ ਬੁੱਧਿਸਟ ਆਰਟ ਅਤੇ ਕਲਚਰ ਉੱਤੇ ਬਰਮਾ ਤੋਂ ਡਿਪਲੋਮਾ ਕੀਤਾ। ਉਸ ਨੇ ਪੀ.ਐਚ.ਡੀ. ਕੀਤੀ। ਉਹ ਸੰਸਾਰ ਭਰ ਦੇ ਸਾਹਿਤਕ ਰਸਾਲਿਆਂ 'ਤੇ ਨਜ਼ਰ ਰੱਖਦਾ ਹੈ ਤੇ ਪੰਜਾਬੀ ਵਾਸਤੇ ਲੋੜ ਮੂਲਕ ਕਵਿਤਾਵਾਂ ਅਨੁਵਾਦ ਕਰ ਲੈਂਦਾ ਹੈ। ਉਸ ਨੂੰ ਦਰਜਨਾਂ ਮਾਣ ਤੇ ਸਨਮਾਨ ਮਿਲ ਚੁੱਕੇ ਹਨ।

ਅਸੀਂ ਇਸ ਕਾਲਮ ਦੇ ਜਰੀਏ ਪ੍ਰੋ. ਪ੍ਰੀਤਮ ਸਿੰਘ ਰਾਹੀ ਨੂੰ ਇਕ ਹੋਰ ਨਗੂਣਾ ਸਨਮਾਨ ਦੇ ਰਹੇ ਹਾਂ ਅਤੇ ਖੁਦ ਸਨਮਾਨਤ ਵੀ ਹੋ ਰਹੇ ਹਾਂ।

# ਪ੍ਰੀਤਮ ਸਿੰਘ ਰਾਹੀ ਦੀਆਂ ਗ਼ਜ਼ਲਾਂ

## ਆਫ਼ਤਾਬ ਲਿਖ

ਲਿਖਣੀ ਹੈ ਤਾਂ ਸਾਂਝਾਂ ਦੀ, ਵਜਦੀ ਰਬਾਬ ਲਿਖ।
ਹਾਸਿਆਂ ਦੀ ਗੱਲ ਕਰ, ਹਸਦੇ ਗੁਲਾਬ ਲਿਖ।

ਰੁੱਖਾਂ ਦੇ ਵਾਂਗ ਜਿਹੜੇ, ਇਕ ਥਾਂ 'ਤੇ ਖੜ੍ਹ ਗਏ,
ਉਹਨਾਂ ਦੀ ਗੱਲ ਛੱਡ ਤੇ ਉਡਦੇ ਉਕਾਬ ਲਿਖ।

ਸ਼ੇਅਰਾਂ ਵਿਚ ਆਪਣੇ, ਲੋਕਾਂ ਦਾ ਦਰਦ ਲਿਖ,
ਥੋੜਾਂ ਤੇ ਭੰਨਿਆਂ ਲਈ, ਜਿਉਂਦੇ ਖੁਆਬ ਲਿਖ।

ਪਿਆਸੀ ਜ਼ਿੰਦਗੀ ਲਈ, ਨਦੀਆਂ ਦੇ ਗੀਤ ਲਿਖ,
ਦੂਰ ਤੱਕ ਪਸਰੇ ਹੋਏ, ਤੂੰ ਨਾ ਸਰਾਬ ਲਿਖ।

ਆਪਣੇ ਸ਼ੇਅਰਾਂ 'ਚ ਉਤਾਰ, ਤਨਹਾਈ ਦਾ ਕਰਬ,
ਰੱਜਿਆਂ ਲੋਕਾਂ ਦੇ ਨਾ, ਅਦਬੋ-ਅਦਾਬ ਲਿਖ।

ਲਿਖ ਔਟਣਾਂ ਅਤੇ ਬਿਆਈਆਂ ਦੀ ਕਥਾ ਲਿਖ,
ਰੂਹ ਜੋ ਝੱਲਦੀ ਹੈ, ਭੁੱਖ ਦੇ ਅਜ਼ਾਬ ਲਿਖ।

ਸ਼ਹਿਰਾਂ ਦੀ ਤੜਕ ਭੜਕ ਦੇ, ਵਖੀਏ ਉਧੇੜ ਦੇ,
ਬੂਟ ਵਿਚ ਜੋ ਢਕੀ ਹੈ, ਪਾਟੀ ਜਰਾਬ ਲਿਖ।

ਜੋ ਜੀਵਨ ਦੀ ਤੋਰ ਨੂੰ, ਹੋਰ ਵੀ ਤਿੱਖਾ ਕਰੇ,
ਨਵਯੁਗ ਦੇ ਤਾਲਬਾਂ ਲਈ, ਐਸਾ ਨਿਸਾਬ ਲਿਖ।

ਜਿਨ੍ਹਾਂ ਨੇ ਰੌਸ਼ਨੀ ਦੀ ਕਾਤਰ ਨਹੀਂ ਦੇਖੀ,
ਉਨ੍ਹਾਂ ਦੇ ਲਈ 'ਰਾਹੀਆ' ਤੂੰ ਆਫ਼ਤਾਬ ਲਿਖ।

## ਰਾਤ ਹਨ੍ਹੇਰੀ ਹੈ

ਸੂਰਜ ਦੇ ਘਰ ਜਾਓ, ਰਾਤ ਹਨ੍ਹੇਰੀ ਹੈ।
ਚਾਨਣ ਮੰਗ ਲਿਆਓ, ਰਾਤ ਹਨ੍ਹੇਰੀ ਹੈ।

ਇਹ ਕੁਝ ਕਰਨਾ ਜੇਕਰ ਔਖਾ ਲੱਗਦਾ ਹੈ,
ਦੀਵਾ ਕੋਈ ਜਗਾਓ, ਰਾਤ ਹਨ੍ਹੇਰੀ ਹੈ।

ਐਵੇਂ ਕਾਹਨੂੰ ਯਾਰੋ, ਠੁਰ ਠੁਰ ਕਰਦੇ ਹੋ,
ਜਿਸਮਾਂ ਨੂੰ ਗਰਮਾਓ, ਰਾਤ ਹਨ੍ਹੇਰੀ ਹੈ।

ਦੀਦਾਵਰਾਂ ਦੀ ਐਥੇ ਕੋਈ ਘਾਟ ਨਹੀਂ,
ਫੁੱਲ ਵਾਂਗੂੰ ਖਿੜ ਜਾਓ, ਰਾਤ ਹਨ੍ਹੇਰੀ ਹੈ।

'ਕੱਲੇ 'ਕੱਲੇ ਰਹਿਆਂ ਕੁਝ ਵੀ ਹੋਣਾ ਨਹੀਂ,
ਮਿਲ ਕੇ ਕਰੋ ਉਪਾਓ, ਰਾਤ ਹਨ੍ਹੇਰੀ ਹੈ।

ਕਿਤੇ ਕੋਈ ਦਾਦ ਨਾ ਕੋਈ ਵਾਹ ਵਾਹ ਹੈ,
ਮਹਿਫ਼ਲ ਨੂੰ ਗਰਮਾਓ, ਰਾਤ ਹਨ੍ਹੇਰੀ ਹੈ।

ਜਿਸਦੇ ਸ਼ਿਅਰ ਸੁਣ ਕੇ ਰਗ ਰਗ ਫੜਕ ਉੱਠੇ,
ਐਸੀ ਗ਼ਜ਼ਲ ਸੁਣਾਓ, ਰਾਤ ਹਨ੍ਹੇਰੀ ਹੈ।

ਗੱਲਾਂ ਦਾ ਹੀ ਬਾਲਣ ਇਸ ਵਿਚ ਪਾ ਦੇਵੋ,
ਬੁਝ ਨਾ ਜਾਵੇ ਅਲਾਓ, ਰਾਤ ਹਨ੍ਹੇਰੀ ਹੈ।

## ਡਰੇ ਚਿਹਰੇ

ਗੁਲਮੋਹਰਾਂ ਨੇ ਭਾਵੇਂ ਦੇਖੋ ਚਾਰੇ ਪਾਸੇ।
ਫਿਰ ਵੀ ਚਿਹਰੇ ਉਤਰੇ ਉਤਰੇ ਡਰੇ ਨਿਰਾਸੇ।

ਨੀਂਦ ਵਿਚਾਲਿਉਂ ਲੋਕੀ ਡਰ ਡਰ ਉੱਠਦੇ ਨੇ,
ਅੱਖੀਆਂ ਖਾਲੀ ਖਾਲੀ ਫ਼ੱਕਰਾ ਦੇ ਕਾਸੇ।

ਕੱਚੇ ਉੱਤੇ ਸੋਹਣੀ ਸ਼ਾਇਦ ਨਾ ਨਿੱਕਲਦੀ,
ਰਹਿ ਜਾਂਦੀ ਜੇ ਉਹ ਵੀ ਪੱਕੇ ਦੇ ਭਰਵਾਸੇ।

ਨਾ ਕੋਈ ਹਮਦਰਦੀ, ਨਾ ਕੋਈ ਦਰਦੀ ਹੈ,
ਕਿਹੜਾ ਕਿਸ ਨੂੰ ਦੇਵੇ ਦੱਸੋ ਫੇਰ ਦਿਲਾਸੇ।

ਸੜਕਾਂ ਉੱਪਰ ਜ਼ਾਲਮ ਧੁੱਪ ਦਾ ਪਹਿਰਾ ਹੈ,
ਰੁੱਖਾਂ ਨੇ ਵੀ ਵੱਟ ਲਏ ਨੇ 'ਰਾਹੀ' ਪਾਸੇ।

## ਸਮੇਂ ਨੇ ਤੋਰ

ਘਟਾਂ ਕਾਲੀਆਂ ਨਾਲੇ ਘਣਘੋਰ ਮੀਆਂ।
ਮੀਂਹ ਲੱਥੇਗਾ ਪੂਰੇ ਹੀ ਜ਼ੋਰ ਮੀਆਂ।

ਹਰ ਕੋਈ ਅੱਖ ਬਚਾ ਕੇ ਲੰਘਦਾ ਹੈ,
ਹਰ ਇਕ ਬਸ਼ਰ ਦੇ ਅੰਦਰ ਹੈ ਚੋਰ ਮੀਆਂ।

ਰੱਥ ਦੋਹਾਂ ਦੇ ਵਿਚ ਨਹੀਂ ਫ਼ਰਕ ਕੋਈ,
ਕਿਹੜਾ ਸਾਧ ਤੇ ਕਿਹੜਾ ਹੈ ਚੋਰ ਮੀਆਂ।

ਰੁੱਤ ਬਦਲੇ ਤਾਂ ਸਭੋ ਕੁਝ ਬਦਲ ਜਾਂਦੈ,
ਬਦਲੀ ਕਾਹਤੋਂ ਨੀ ਸਮੇਂ ਨੇ ਤੋਰ ਮੀਆਂ।

ਐਥੇ ਸਕਤੇ ਦਾ ਸਤ-ਵੀਹੀਂ ਸੌ ਹੋਵੇ,
ਕਿਸੇ ਨਿਧਨੇ ਦਾ ਚਲਦਾ ਨੀ ਜ਼ੋਰ ਮੀਆਂ।

ਖ਼ਾਤਰ ਪੇਟ ਦੀ ਕੋਈ ਤਾਂ ਨੱਚਿਆ ਹੈ,
ਖਿਲਰੇ ਪਏ ਨੇ ਝਾਂਜਰ ਦੇ ਬੋਰ ਮੀਆਂ।

ਵਾਂਗ ਪੁਤਲੀਆਂ ਸਦਾ ਉਹ ਰਹਿਣ ਨੱਚਦੇ,
ਹੱਥ ਡਾਢੇ ਦੇ ਜਿਨ੍ਹਾਂ ਦੀ ਡੋਰ ਮੀਆਂ।

ਉਹ ਹੁਸੀਨਾ ਹੈ ਨਾਭੇ ਦੀ ਬੰਦ ਬੋਤਲ,
ਜਿਸ ਨੂੰ ਦੇਖ ਕੇ ਚੜ੍ਹਦਾ ਹੈ ਲੋਰ ਮੀਆਂ।

ਇਹ ਮਲਗਜ਼ੀ ਹਨ੍ਹੇਰੇ ਨੇ ਛਟ ਜਾਣੇ,
ਸੂਹੇ ਵੇਸ ਵਿਚ ਔਂਦੀ ਹੈ ਭੋਰ ਮੀਆਂ।

## ਗ਼ਮਾਂ ਦਾ ਘੇਰਾ

ਘੇਰਿਆ ਆਲਮ ਗ਼ਮਾਂ ਨੇ ਘੇਰਿਆ
ਡੋਲ ਨਾ ਜਾਈਂ ਮਨਾਂ ਤੂੰ ਮੇਰਿਆ।

ਗਾਥਾ ਮੇਰੀ ਦਾ ਅਗਲਾ ਵਰਕ ਸੀ,
ਜੋ ਵੀ ਹੰਝੂ ਅੱਖੀਆਂ 'ਚੋਂ ਕੇਰਿਆ।

ਓਸਦੇ ਵਿਚ ਸੀ ਕੋਈ ਗੁੱਝੀ ਰਮਜ਼,
ਹੇਰਿਆ ਮੁੜ ਮੁੜ ਕੇ ਚਿਹਰਾ ਹੇਰਿਆ।

ਜ਼ਿੰਦਗੀ ਦਾ ਪੰਧ ਲੰਬਾ ਬਹੁਤ ਹੈ,
ਹੌਸਲਾ ਨਾ ਹਾਰ ਜਾਈਂ ਜੇਰਿਆ।

ਆ ਗਈ ਊਸ਼ਾ ਦਰਾਂ 'ਤੇ ਆ ਗਈ,
ਮੁਕਣਾ ਦਾਬਾ ਹੈ ਕਾਲੇ ਨੇਰ੍ਹਿਆ।

## ਫ਼ਜਰ ਦੀ ਅਜ਼ਾਨ

ਲਿਖਣਾ ਗ਼ਜ਼ਲ ਦਾ ਨਹੀਂ ਇਤਨਾ ਆਸਾਨ ਹੈ।
ਇਹ ਕਾਰਨਾਮਾ ਵੀ ਜੱਗ 'ਤੇ ਮਹਾਨ ਹੈ।

ਇਸਦਾ ਇਕ ਇਕ ਸ਼ੇਅਰ ਜਾਦੂ ਹੈ ਫੂਕਦਾ,
ਜਾਣੋ ਇਹ ਵੀ ਕੋਈ ਫ਼ਜਰ ਦੀ ਅਜ਼ਾਨ ਹੈ।

ਭਾਵੇਂ ਅਰੂਜ਼ ਗ਼ਜ਼ਲ ਲਈ ਪਹਿਲੀ ਸ਼ਰਤ ਹੈ,
ਪਰ ਰਮਜ਼ ਜਿੰਦਾਂ ਏਸ ਦੀ ਜਿੰਨ-ਜਾਨ ਹੈ।

ਓਹੀ ਇਸਦੇ ਮਰਮ ਨੂੰ ਸਮਝੋ ਹੈ ਜਾਣ ਦਾ,
ਸ਼ਬਦਾਂ ਦੀ ਜਿਸਦੇ ਹੱਥ ਵਿਚ ਪਕੜੀ ਕਮਾਨ ਹੈ।

ਜੇਕਰ ਸ਼ਬਦ ਤੇ ਅਰਥ ਦਾ ਹੋਇਆ ਸੁਮੇਲ ਨਾ,
ਰੂਹ ਤੋਂ ਬਿਨਾ ਜਿਸਮ ਦਾ ਖਾਲੀ ਮਕਾਨ ਹੈ।

ਉਸ ਨੂੰ ਜੇ ਬਹਿਰ ਦੇ ਵੱਟਿਆਂ 'ਤੇ ਮਾਣ ਹੈ,
ਸਾਨੂੰ ਵੀ ਮਾਤਰਾ ਦਾ ਪੂਰਾ ਧਿਆਨ ਹੈ।

ਪੰਜਾਬੀ 'ਚ ਸਿਨਫ਼ ਇਹ ਵੀ ਕਬੂਲ ਹੋ ਗਈ,
ਸ਼ਾਇਰਾਂ ਦੀ ਇਕ ਫ਼ੌਜ ਵੀ ਤਾਂ ਵਿਦਮਾਨ ਹੈ।

## ਸ਼ਖ਼ਸੀਅਤ ਤੇ ਸ਼ਾਇਰੀ

# ਲਾਲ ਸਿੰਘ ਦਿਲ

**ਸਾਰੀ ਚੁੱਪ**

ਤੂੰ ਮੈਥੋਂ
ਇਕ ਬੋਲ ਮੰਗਿਆ
ਮੈਂ ਸਾਰੀ ਚੁੱਪ
ਤੈਨੂੰ ਸੌਂਪਤੀ

*ਅਤੈ ਸਿੰਘ*

**ਦਰਦ ਅਤੇ ਦਿਲ ਦਾ ਗਹਿਰਾ ਸਬੰਧ ਹੈ। ਇਹ ਸਬੰਧ ਸ਼ਾਇਦ ਸਦੀਵੀ ਹੈ। ਮਨੁੱਖ ਜਦੋਂ ਹਰ ਪਾਸਿਓਂ ਦਰਦ ਦਾ ਦੱਬਿਆ ਹੁੰਦਾ ਹੈ ਤਾਂ ਦਿਲ ਦੀ ਜ਼ੁਬਾਨ ਨਾਲ ਗੱਲਾਂ ਕਰਦਾ ਹੈ। ਦਰਦਮੰਦ ਸਦਾ ਆਹਾਂ ਦੀ ਭਾਸ਼ਾ 'ਚ ਬੋਲਦਾ ਹੈ। ਆਹਾਂ ਜਦੋਂ ਜੀਵਨ-ਸ਼ੈਲੀ ਦਾ ਰੂਪ ਧਾਰਨ ਕਰ ਜਾਂਦੀਆਂ ਹਨ ਤਾਂ ਮਨੁੱਖ ਖਾਨਾ ਬਦੋਸ਼ ਹੋ ਜਾਂਦਾ ਹੈ ਜਾਂ ਫਿਰ ਮਨੁੱਖ ਉਦੋਂ ਲਾਲ ਸਿੰਘ ਦਿਲ ਬਣ ਜਾਂਦਾ ਹੈ। ਸੱਚਮੁੱਚ ਹੀ ਲਾਲ ਸਿੰਘ ਦਿਲ ਪੰਜਾਬੀ ਦਾ ਖਾਨਾ ਬਦੋਸ਼ ਕਵੀ ਸੀ, ਜਿਪਸੀ ਕਵੀ। ਉਸਦੀ ਕਵਿਤਾ ਅਤੇ ਜੀਵਨ ਦੋਵੇਂ ਹੀ ਦਰਦ ਦੀ ਕੁਠਾਲੀ ਵਿਚ ਢਲ ਕੇ, ਉਹੋ ਜਿਹੇ ਹੀ ਬਣ ਗਏ ਸਨ ਜਿਹੋ ਜਿਹੇ ਜਿਪਸੀਆਂ ਨੂੰ ਜ਼ੇਵਰ ਹੁੰਦੇ ਹਨ, ਮੋਕਲੇ ਜਿਹੇ, ਅਜੀਬ ਜਿਹੇ, ਜਿਵੇਂ ਜਿਸਮ ਇਨ੍ਹਾਂ ਨੂੰ ਆਪਣੇ ਨਾਲ ਲੈ ਕੇ ਹੀ ਪੈਦਾ ਹੋਇਆ ਹੋਵੇ। ਜਿਵੇਂ ਦਿਲ ਦਰਦ ਆਪਣੇ ਨਾਲ ਲੈ ਕੇ ਹੀ ਜਨਮਦਾ ਹੈ। ਸਦੀਆਂ ਤੋਂ ਸ਼ੋਸ਼ਿਤ ਲੋਕਾਈ ਦਾ ਵਿਦਰੋਹ ਦਿਲ ਦੀ ਕਵਿਤਾ 'ਚ ਕਿਸੇ ਨਾਗ ਵਾਂਗ ਫੁੰਕਾਰਦਾ ਹੈ। ਉਸਦੀ ਪਿਛਲੇਰੀ ਕਵਿਤਾ ਨਾਗ ਦੀ ਸਿਰੀ ਫੇਹ ਦਿੱਤੇ ਜਾਣ ਤੋਂ ਮਗਰੋਂ ਦੀ ਕਵਿਤਾ ਹੈ, ਭਾਵ ਵਿਦਰੋਹ ਨੂੰ ਕੁਚਲ ਦਿੱਤੇ ਜਾਣ ਤੋਂ ਬਾਅਦ ਹੀ ਕਵਿਤਾ ਹੈ। ਫਿਰ ਵੀ ਉਸਦੀ ਇਸ ਕਵਿਤਾ ਦਾ ਵੀ ਪ੍ਰਭਾਵ ਉਹੀ ਹੈ ਜਿਵੇਂ ਨਾਗ ਆਪਣਾ ਫ਼ਨ ਫੈਲਾਈ ਸਦਾ ਲਈ ਖਲੋ ਗਿਆ ਹੋਵੇ। ਔਥਰੀ ਪੀੜ ਤੇ ਘੋਰ ਨਿਰਾਸ਼ਾ ਵਿਚ ਵੀ ਵਿਦਰੋਹ ਜਿੰਨੀ ਹੀ ਗਰੂਤਾ ਹੁੰਦੀ ਹੈ।**

ਜੁਝਾਰ-ਵਿਦਰੋਹੀ ਕਾਵਿਧਾਰਾ ਵਿਚ ਵੀ ਤੇ ਸਮੁੱਚੀ ਪੰਜਾਬੀ ਕਾਵਿ-ਪਰੰਪਰਾ ਵਿਚ ਵੀ ਲਾਲ ਸਿੰਘ ਦਿਲ ਦਾ ਸਥਾਨ ਨਿਵੇਕਲਾ ਤੇ ਮਹੱਤਵਪੂਰਨ ਹੈ। ਦਿਲ ਨੇ ਪੰਜਾਬੀ ਕਵਿਤਾ ਦੀ ਖਿੜਕੀ ਨੂੰ ਅਜਿਹੇ ਦਿਸਹੱਦਿਆਂ ਵਲ ਖੋਲ੍ਹਿਆ ਜਿਨ੍ਹਾਂ ਦੀ ਪਹਿਲਾਂ ਪੰਜਾਬੀ ਕਵਿਤਾ ਵਿਚ ਐਵੇਂ ਝਲਕ ਮਾਤਰ ਹੀ ਸੀ। ਦਿਲ ਦੀ ਕਵਿਤਾ 'ਚ ਭਾਰਤੀ ਸਮਾਜ ਦੇ ਉਸ ਵਰਗ ਦੀਆਂ ਖੋਫ਼ ਦੀ ਹੱਦ ਤੱਕ ਤ੍ਰਾਸਦਿਕ ਹਕੀਕਤਾਂ ਬੜੀ ਸ਼ਿੱਦਤ ਨਾਲ ਉਜਾਗਰ ਹੋਈਆਂ ਹਨ, ਜਿਸ ਵਰਗ ਦਾ ਜੀਵਨ ਯਥਾਰਥ ਯੁੱਗੋ-ਯੁੱਗ ਤਸ਼ੱਦਦ ਦੀ ਚੱਕੀ ਵਿਚ ਪਿਸਦਿਆਂ ਮਿੱਥ ਵਰਗਾ ਹੋ ਗਿਆ ਹੈ। ਇਸ ਤਰ੍ਹਾਂ ਦੀ ਪ੍ਰਕਿਰਿਆ ਵਿਚੋਂ ਗੁਜ਼ਰੇ ਹੋਏ ਜਾਂ ਗੁਜ਼ਰ ਰਹੇ ਲੋਕ ਆਪਣਾ ਇਕ ਵੱਖਰਾ ਪਰ ਵਿਸ਼ੇਸ਼ ਜਹਾਨ ਸਿਰਜ ਲੈਂਦੇ ਹਨ। ਬੇਗਾਨਗੀ ਦੀ ਸਿਖਰਲੀ ਸੀਮਾ 'ਤੇ ਪਹੁੰਚੇ ਹੋਏ ਇਹਨਾਂ ਲੋਕਾਂ ਲਈ ਸਮਾਜਿਕ ਜੀਵਨ ਦਾ ਆਮ ਸਾਂਸਕ੍ਰਿਤਕ ਪ੍ਰਵਾਹ ਓਪਰਾ ਹੋ ਜਾਂਦਾ ਹੈ ਅਤੇ ਮੁੱਖ ਧਾਰਾ ਦੇ ਜੀਵਨ ਲਈ ਉਹ ਖੁਦ ਵੀ ਓਪਰੇ ਹੋ ਜਾਂਦੇ ਹਨ। ਇਹ ਦੋਵੇਂ ਸੰਸਾਰ ਇਕ ਦੂਜੇ ਨੂੰ ਡਾਢੀ ਹਿਰਖ ਅਤੇ ਨਿਰਖ ਨਾਲ ਦੇਖਦੇ ਹਨ। ਇਹਨਾਂ ਵੱਖੋ-ਵੱਖਰੇ ਸੰਸਾਰਾਂ ਵਿਚ ਜੇਕਰ ਇਕੋ ਜਿਹੇ ਆਦਰਸ਼ ਉੱਭਰ ਵੀ ਆਉਣ ਤਦ ਵੀ ਇਹਨਾਂ ਭਿੰਨ-ਭਿੰਨ ਸੰਸਾਰਾਂ ਵਿਚ ਆਦਰਸ਼ਾਂ ਦੀ ਵਿਆਖਿਆ ਜਾਂ ਪ੍ਰਗਟਾਵਾ ਇਕੋ ਜਿਹਾ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਲਾਲ ਸਿੰਘ ਦਿਲ ਦੇ ਜੀਵਨ ਅਤੇ ਕਵਿਤਾ ਵਿਚ ਪਾਈ ਜਾਣ ਵਾਲੀ ਵਿਦਰੋਹ ਦੀ ਭਾਵਨਾ ਜੁਝਾਰ-ਵਿਦਰੋਹੀ ਕਵਿਤਾ ਵਿਚ ਪਾਈ ਜਾਣ ਵਾਲੀ ਵਿਦਰੋਹ ਦੀ ਭਾਵਨਾ ਨਾਲੋਂ ਵੱਖਰੀ ਹੈ। ਵਿਦਰੋਹ ਦਾ ਲਾਲ ਸਿੰਘ ਦਿਲ ਦੀ ਕਵਿਤਾ ਨਾਲ ਪ੍ਰਭਾਵ ਵਧੇਰੇ ਗਹਿਰਾ, ਯਥਾਰਥਕ ਅਤੇ ਮੌਲਿਕ ਹੈ। ਦਿਲ ਦੀ ਕਵਿਤਾ ਦੇ ਇਹੋ ਜਿਹੇ ਗੁਣ ਉਸਦੇ ਵਡੇਰੇ ਮਹੱਤਵ ਨੂੰ ਪ੍ਰਮਾਣਿਤ ਕਰਦੇ ਹਨ।

ਬਚਪਨ 'ਚ ਹੋਏ ਜਾਤੀ ਵਿਤਕਰੇ ਲਾਲ ਸਿੰਘ ਦਿਲ ਲਈ ਤਸ਼ੱਦਦ ਦੇ ਮੁੱਢਲੇ ਅਹਿਸਾਸ ਸਨ। ਦਰਅਸਲ, ਇਹ ਵਿਤਕਰੇ ਹੀ ਤਸ਼ੱਦਦ ਦਾ ਉਹ ਸੂਖਮ ਰੂਪ ਸਨ ਜਿਹੜੇ ਮਗਰੋਂ ਉਸਦੇ ਜੀਵਨ 'ਚ ਵਿਕਰਾਲ ਰੂਪ ਅਖ਼ਤਿਆਰ ਕਰ ਜਾਂਦੇ ਹਨ। ਇਸ ਤਸ਼ੱਦਦ ਦੇ ਪ੍ਰਤੀਕਰਮ ਵਜੋਂ ਰੋਹ ਦੀ ਭਾਵਨਾ ਪ੍ਰਬਲ ਹੁੰਦੀ ਹੈ। ਸਮਾਜਕ ਤਸ਼ੱਦਦ ਦੇ ਰਾਜਕੀ ਤਸ਼ੱਦਦ ਵਿਚ ਅਤੇ ਸਮਾਜਕ ਤਸ਼ੱਦਦ ਵਿਰੁੱਧ ਰੋਹ ਦੇ ਰਾਜ ਵਿਰੁੱਧ ਵਿਦਰੋਹ ਦਾ ਰੂਪ ਧਾਰਨ ਕਰ ਲੈਣ ਦੀ ਸਮੁੱਚੀ ਪ੍ਰਕਿਰਿਆ ਦੌਰਾਨ ਕੋਈ ਵੀ ਅਜਿਹਾ ਮੁਕਾਮ ਨਹੀਂ ਆਉਂਦਾ ਜਦੋਂ ਦਿਲ ਦੇ ਵਿਅਕਤੀਤਵ ਦਾ ਕਾਇਆ ਕਲਪ ਹੋ ਗਿਆ ਹੋਵੇ। ਇੱਥੋਂ ਤੱਕ ਕਿ ਦਿਲ ਦਾ ਇਸਲਾਮ ਧਾਰਨ ਕਰਨਾ ਵੀ ਉਸ ਦੀ ਵਿਦਰੋਹੀ ਭਾਵਨਾ ਦੀ ਨਿਰੰਤਰਤਾ ਦੀ ਹੀ ਪੁਸ਼ਟੀ ਕਰਦਾ ਹੈ। ਇਸਲਾਮ ਦੇ ਇਲਹਾਮ ਦਾ ਅਨੁਭਵ ਭਾਵੇਂ ਦਿਲ ਦੇ ਸੰਦਰਭ ਵਿਚ ਵਿਅਕਤੀਗਤ ਅਰਥ ਹੀ ਰੱਖਦਾ ਹੈ ਫਿਰ ਵੀ ਇਸ ਅਨੁਭਵ ਦਾ ਮੱਧਕਾਲ ਦੇ ਉਸ ਲੋਕ ਅਨੁਭਵ ਨਾਲ ਸਿੱਧਾ ਨਹੀਂ ਤਾਂ ਨੇੜਲਾ ਰਿਸ਼ਤਾ ਤਾਂ ਜ਼ਰੂਰ ਹੀ ਹੈ ਜਦੋਂ ਬ੍ਰਾਹਮਣਵਾਦ ਦੇ ਨਪੀੜੇ ਦਲਿਤਾਂ ਨੇ ਵੱਡੀ ਗਿਣਤੀ ਵਿਚ ਇਸਲਾਮ ਧਾਰਨ ਕਰਕੇ ਵਕਤੀ ਰਾਹਤ ਮਹਿਸੂਸ ਕੀਤੀ ਸੀ। ਧਰਮ ਪਰਿਵਰਤਨ ਮਗਰੋਂ ਵੀ ਦਿਲ ਦੀ ਸਾਹਿਤਕ ਤੇ ਸਮਾਜਿਕ ਸਰਗਰਮੀ ਨੂੰ ਕੋਈ ਆਂਚ ਨਾ ਆਈ। ਉਸ ਦੀਆਂ ਅਸਫਲਤਾਵਾਂ ਵੀ ਉਸ ਦਾ ਮੱਚ ਮਾਰਨ ਦੀ ਬਜਾਏ ਉਲਟਾ ਉਸ ਉੱਪਰ ਤਾਰੀ ਹੁੰਦੀਆਂ ਰਹੀਆਂ ਅਤੇ ਇੰਝ ਜ਼ਿੰਦਗੀ ਦੇ ਅਨੇਕਾਂ ਰੰਗ-ਰੂਪ ਉਸਦੇ ਮਨ-ਮਸਤਕ 'ਚ ਦ੍ਰਿਸ਼ਟਮਾਨ ਹੋਣ ਲੱਗਦੇ।

ਲਾਲ ਸਿੰਘ ਦਿਲ ਜਾਤ ਦੇ ਮਸਲੇ ਬਾਰੇ ਇਤਿਹਾਸਕ ਪੱਖੋਂ ਵੀ ਬੜਾ ਸੁਚੇਤ ਸੀ। ਇਕ ਮੁਲਾਕਾਤ ਸਮੇਂ ਇਸ ਮਸਲੇ ਦੀ ਚਰਚਾ ਛਿੜੀ ਤਾਂ ਦਿਲ ਨੇ ਜਾਤਪਾਤ ਦਾ ਇਤਿਹਾਸ ਫਰੋਲਦਿਆਂ ਕਿਹਾ ਕਿ ਆਦਿ ਸਮਾਜਾਂ ਵਿਚ ਜਾਤ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ। ਨਾਨਾਤਵ ਦੇ ਬਾਵਜੂਦ ਇਹ ਬੜਾ ਸੰਖੇਪ ਮਾਤਰੀ ਪ੍ਰਧਾਨ ਸਮਾਜ ਸੀ। ਇਹ ਸੰਗੋਤਰੀ ਸਮਾਜ ਬੜਾ ਤਾਕਤਵਰ ਅਤੇ ਰੂਹਾਨੀਅਤ ਭਰਪੂਰ ਸੀ। ਵਿਆਹ ਸਬੰਧ ਗੋਤਾਂ ਵਿਚ ਹੀ ਬਣਦੇ ਸਨ। ਸਮਾਜ ਸਨੇਹ ਦੇ ਸੂਤਰ ਵਿਚ ਪਰੋਇਆ ਹੋਇਆ ਸੀ। ਇਸ ਸੰਦਰਭ ਵਿਚ ਦਿਲ ਨੇ ਇਕ ਕਹਾਣੀ ਵੀ ਸੁਣਾਈ ਜੋ ਇਸ ਪ੍ਰਕਾਰ ਸੀ; ਇਸ ਤਰ੍ਹਾਂ ਦੇ ਸਮਾਜ ਵਿਚ ਰਾਜੇ ਨੂੰ ਇਕ ਕੀਮਤੀ ਵਸਤੂ ਹਾਸਲ ਹੋਈ। ਰਾਜਾ ਆਪਣੀ ਰਾਣੀ ਨੂੰ ਬਹੁਤ ਮੁਹੱਬਤ ਕਰਦਾ ਸੀ, ਇਸ ਲਈ ਉਸ ਨੇ ਇਹ ਕੀਮਤੀ ਵਸਤੂ ਆਪਣੀ ਰਾਣੀ ਨੂੰ ਭੇਟ ਕਰ ਦਿੱਤੀ। ਰਾਣੀ ਇਕ ਮਹਾਵਤ ਨੂੰ ਬਹੁਤ ਪਸੰਦ ਕਰਦੀ ਸੀ, ਉਸ ਨੇ ਇਹ ਕੀਮਤੀ ਤੋਹਫ਼ਾ ਮਹਾਵਤ ਨੂੰ ਦੇ ਦਿੱਤਾ। ਮਹਾਵਤ ਇਕ ਰੰਡੀ ਨੂੰ ਬਹੁਤ ਚਾਹੁੰਦਾ ਸੀ, ਉਸ ਨੇ ਇਹ ਸੌਗਾਤ ਰੰਡੀ ਨੂੰ ਪੇਸ਼ ਕਰ ਦਿੱਤੀ। ਰੰਡੀ ਨੇ ਸੋਚਿਆ ਕਿ ਇਹ ਕੀਮਤੀ ਵਸਤੂ ਭਲਾ ਉਸਦੇ ਕੀ ਕੰਮ, ਇਹ ਤਾਂ ਰਾਜਿਆਂ ਕੋਲ ਹੋਣੀ ਚਾਹੀਦੀ ਹੈ, ਇਹ ਸੋਚ ਕੇ ਉਸ ਨੇ ਇਹ ਕੀਮਤੀ ਵਸਤੂ ਰਾਜੇ ਨੂੰ ਭੇਟ ਕਰ ਦਿੱਤੀ। ਰਾਜੇ ਤੋਂ ਲੈ ਕੇ ਰੰਡੀ ਤੱਕ ਸਾਰਾ ਸਮਾਜ ਇਕ ਸੀ, ਆਦਮੀ ਪੇਸ਼ੇ ਤੋਂ ਨਹੀਂ ਸੀ ਪਛਾਣਿਆ ਜਾਂਦਾ। ਫਿਰ ਆਰੀਆ ਦੇ ਆਉਣ ਨਾਲ ਦੁੱਧ 'ਚ ਕਾਂਜੀ ਘੁਲ ਗਈ। ਦਰ੍ਹਾ ਖ਼ੈਬਰ ਪਾਰ ਕਰਕੇ ਇਹਨਾਂ ਨੇ ਮਾਰਧਾੜ ਤੇ ਅਨੈਤਿਕਤਾ ਦਾ ਸਾਮਰਾਜ ਸਥਾਪਤ ਕਰ ਲਿਆ। ਭਾਰਤੀ ਆਦਿ-ਸਮਾਜਾਂ ਦੀ ਸਾਰੀ ਚੰਗਿਆਈ ਨੂੰ ਜਬਰੀ ਆਪਣੇ ਨਾਂ ਕਰ ਲਿਆ। ਸਮਾਜ ਹਿਤੈਸ਼ੀਆਂ ਅਤੇ ਸਿਰਜਣਹਾਰਿਆਂ ਨੂੰ ਸ਼ੂਦਰ ਬਣਾ ਦਿੱਤਾ। ਸਮਾਜ ਵਿਚੋਂ ਧਕੇਲ ਕੇ ਉਹਨਾਂ ਦੀ ਪੁੱਛ-ਪਰਤੀਤ ਹੀ ਖ਼ਤਮ ਕਰ ਦਿੱਤੀ। ਸਤਜੁਗ ਦੇ ਅਸਲੀ ਵਾਰਸਾਂ ਨੂੰ ਦੁਰਬਲ ਬਣਾ ਦਿੱਤਾ। ਸਮਾਜ ਵਿਚ ਜਾਤਪਾਤ ਦਾ ਵਰਤਾਰਾ ਹਾਵੀ ਹੋਣ ਲੱਗਾ। ਪਹਿਲਾਂ ਗੋਤ ਸੀ, ਹੁਣ ਜਾਤ ਬਣ ਗਈ। ਉਸ ਨੇ ਇਹ ਵੀ ਕਿਹਾ ਕਿ ਜਦੋਂ ਤੱਕ ਜਾਤਪਾਤ ਰਹੇਗੀ, ਉਦੋਂ ਤੱਕ ਕੋਈ ਇਨਕਲਾਬ ਸਫਲ ਨਹੀਂ ਹੋਵੇਗਾ। ਬੇਤਰਤੀਬੀ 'ਚ ਬੋਲਦਿਆਂ ਦਿਲ ਨੇ ਇਹ ਵੀ ਕਿਹਾ ਕਿ ਜਾਤ ਇਕ ਵਹਿਮ ਹੈ, ਕੇਵਲ ਮਾਨਵਤਾ ਵਿਰੋਧੀ ਹੀ ਇਸ ਨੂੰ ਸੱਚ ਮੰਨਣ ਉੱਪਰ ਜ਼ੋਰ ਦਿੰਦੇ ਹਨ। ਬੇਖੁਦੀ 'ਚ ਭਾਵੇਂ ਦਿਲ ਜਾਤ ਨੂੰ ਇਕ ਵਹਿਮ ਕਹਿ ਗਿਆ ਪ੍ਰੰਤੂ ਉਸਦੀ ਕਵਿਤਾ ਇਸਦੀ ਬੱਜਰ ਹਕੀਕਤ ਨੂੰ ਪਛਾਣਨ ਤੋਂ ਬਿਲਕੁਲ ਨਹੀਂ ਉੱਕਦੀ;

***ਮੈਨੂੰ ਪਿਆਰ ਕਰਦੀਏ***
***ਪਰ-ਜਾਤ ਕੁੜੀਏ***
***ਸਾਡੇ ਸਕੇ ਮੁਰਦੇ ਵੀ***
***ਇਕ ਥਾਂ ਤੇ ਨਹੀਂ ਜਲਾਉਂਦੇ***

ਦਿਲ ਦੀ ਸ਼ਖ਼ਸੀਅਤ ਅਤੇ ਸ਼ਾਇਰੀ ਵਿਚ ਜਾਤ ਦਾ ਸੰਕੁਚਨ ਨਹੀਂ ਹੈ, ਸਗੋਂ ਆਦਿ-ਕਬਾਇਲੀ ਸੰਸਕ੍ਰਿਤੀ ਦਾ ਵੇਗ ਹੈ। ਇਸੇ ਕਰਕੇ ਜਦੋਂ ਉਹ ਯੁੱਗ ਜਾਂ ਜ਼ਮਾਨੇ ਨੂੰ ਸੰਬੋਧਿਤ ਹੁੰਦਾ ਹੈ ਤਾਂ ਚੰਡਾਲ ਲੋਕ, ਭੂਮੀਆ ਡਾਕੂ, ਲਾਲੋ, ਕਾਂਗਲਾ ਤੇਲੀ, ਚਾਰਵਾਕ ਤੇ ਮਜ਼ਦੂਰ ਆਦਿ ਅਨੇਕਾਂ ਇਤਿਹਾਸ ਘਾੜੇ ਉਸਦੀ ਕਵਿਤਾ ਵਿਚ ਸਹਿਜ ਪ੍ਰਵੇਸ਼ ਪਾ ਜਾਂਦੇ ਹਨ। ਦਿਲ ਦੀ ਕਵਿਤਾ ਜੇਕਰ ਦਲਿਤ ਚੇਤਨਾ ਦੇ ਵਿਚਾਰਧਾਰਈ ਸੰਦਰਭਾਂ ਤੋਂ ਹਟਵੀਂ ਨਹੀਂ ਤਾਂ ਉੱਪਰ ਜ਼ਰੂਰ ਹੀ ਹੈ। ਉਸਦੀ ਕਵਿਤਾ ਮਨੁੱਖੀ ਜਜ਼ਬਿਆਂ ਦੇ ਆਰਪਾਰ ਫੈਲਦੀ ਹੈ। ਮਨੁੱਖੀ ਜਜ਼ਬਿਆਂ ਨੂੰ ਅਨੇਕਾਂ ਧਰਾਤਲਾਂ 'ਤੇ ਜਿਉਂਦੀ ਕਵਿਤਾ ਵਰਣ-ਵਿਭਾਜਨ ਦੀਆਂ ਸਰਲ ਸਮੀਕਰਨਾਂ ਤੱਕ ਹੀ ਸੀਮਤ ਨਹੀਂ ਰਹਿੰਦੀ, ਇਹ ਨਿਰੀ ਜਾਤੀ ਨਫ਼ਰਤ ਦੀ ਸਪਾਟ ਅਭਿਵਿਅਕਤੀ ਨਾ ਹੋ ਕੇ ਅੰਤਰ-ਜਾਤ ਵਿਚ ਆਪਣੀ ਸੁਭਾਵਿਕ ਤੇ ਮਾਨਵੀ ਰੁਚੀ ਨੂੰ ਪ੍ਰਗਟਾਉਂਦੀ ਹੈ। ਜੇਕਰ ਦਿਲ ਦੀ ਕਾਵਿ-ਚੇਤਨਾ ਜਾਤ-ਵਿਰੋਧ ਤੋਂ ਪ੍ਰੇਰਿਤ ਹੁੰਦੀ ਤਾਂ ਉਸਦੀ ਕਵਿਤਾ 'ਜਾਤ' ਵਿਚ ਵੱਖਰੀ ਜਾਂ ਸ਼ਾਇਦ ਸਵਰਣ ਜਾਤ ਦੀ ਕੁੜੀ ਲਈ ਕੋਈ ਦਿਲਚਸਪੀ ਨਹੀਂ ਸੀ ਹੋਣੀ।

ਜਾਤ ਪਾਤ ਪ੍ਰਣਾਲੀ ਪ੍ਰਤੀ ਦਿਲ ਦੀ ਪਹੁੰਚ ਨਾ ਤਾਂ ਮਕਾਨਕੀ ਹੈ ਤੇ ਨਾ ਹੀ ਉਪਭਾਵਕ, ਹੱਡੀਂ ਹੰਢਾਏ ਕਠੋਰ ਜੀਵਨ ਯਥਾਰਥ ਦੀਆਂ ਕਸਕਾਂ ਹੀ ਇਸ ਪ੍ਰਣਾਲੀ ਪ੍ਰਤੀ ਉਸ ਦੇ ਨਜ਼ਰੀਏ ਨੂੰ ਨਿਸਪਤਨ ਵਧੇਰੇ ਪ੍ਰਮਾਣਿਕ ਬਣਾਉਂਦੀਆਂ ਹਨ। ਦਿਲ ਆਪਣੀ ਕਵਿਤਾ ਵਿਚ ਵਰਣ ਵਿਵਸਥਾ ਨੂੰ ਕੇਵਲ ਤੇ ਕੇਵਲ ਬ੍ਰਾਹਮਣਵਾਦ ਜਾਂ ਬ੍ਰਾਹਮਣ ਵਰਣ ਦੇ ਵਧੇ ਦੀ ਸ਼ਕਤੀ ਦੇ ਰੂਪ ਵਿਚ ਨਹੀਂ ਦੇਖਦਾ। ਉਹ ਨਿਰੰਤਰ ਬਦਲਦੇ ਸਮਾਜ ਵਿਚ ਭਾਰੂ ਜਾਤ ਦੀ ਧੱਕੇਸ਼ਾਹੀ ਦੇ ਰੂਪ ਵਿਚ ਇਸ ਵਿਵਸਥਾ (ਵਰਣ) ਦੇ ਸਾਰ ਨੂੰ ਪਛਾਣਦਾ ਹੈ। ਸਾਮੰਤੀ ਸਮਾਜ ਵਿਚ ਵਰਣ ਵਿਵਸਥਾ ਦੀ ਕਠੋਰਤਾ ਉਸ ਨੂੰ ਜਗੀਰਦਾਰ ਜਾਂ ਫਿਰ ਧੱਕੜ ਜੱਟ ਦੇ ਸੁਭਾਅ ਤੇ ਵਿਵਹਾਰ 'ਚ ਝਲਕਦੀ ਦਿਖਾਈ ਦਿੰਦੀ ਹੈ;

***ਭੂਪਾ ਅਵਤਾਰ ਫੇਰ ਮੇਘ ਵਾਂਗ***
***ਛਾ ਗਿਆ***
***ਧੀਆਂ ਦਾ 'ਜਗੀਰੋ' ਨਾਮ ਪਾ***
***ਗਿਆ***
***ਅੱਜ ਸੰਤਾਲੀ ਦੇ***
***ਪੇਟਾਂ ਵਿਚੀਂ ਬੱਚੇ ਅਸੀਂ ਮਾਰਨੇ***
***ਫੇਰ ਤਾਂ ਜ਼ਮੀਨਾਂ ਸਭੇ ਸਾਡੀਆਂ***
***ਮੈਂ ਜੱਟ!***
***ਜੱਟਾਂ ਦੀਆਂ ਵੋਟਾਂ ਸਭੇ ਮੇਰੀਆਂ***
***ਸਿਨਮੇ ਅਫ਼ੀਮਾਂ ਸਭੇ ਮੇਰੀਆਂ***
***ਜੱਟਾਂ ਘਰ ਬਿਜਲੀ ਮਸ਼ੀਨਰੀ***
***ਗੈਰਜਾਂ ਗੁਦਾਮਾਂ ਵਿਚ ਖਾਦਾਂ***
***ਦੀਆਂ ਢੇਰੀਆਂ***
***ਉਹ ਵੀ ਕੋਈ ਜੱਟ ਨੇ***
***ਫਾਲਿਆਂ ਤੋਂ ਤਿੱਖੇ ਤੰਦ ਜਿਨ੍ਹਾਂ ਦੇ***

'ਬਹੁਤ ਸਾਰੇ ਸੂਰਜ' ਕਾਵਿ-ਸੰਗ੍ਰਹਿ ਵਿਚ ਸ਼ਾਮਲ ਦਿਲ ਦੀ ਇਹ ਕਵਿਤਾ 'ਫਾਲਿਆਂ ਤੋਂ ਤਿੱਖੇ ਦੰਦ' ਇਸ ਤੱਥ ਵੱਲ ਸੰਕੇਤ ਕਰਦੀ ਹੈ ਕਿ ਬ੍ਰਾਹਮਣਵਾਦ ਕਿਸੇ ਜਾਤ ਦੇ ਬੰਧੇਜ ਦਾ ਮੁਥਾਜ ਨਹੀਂ ਹੈ। ਇਹ ਕਵਿਤਾ ਇਹ ਵੀ ਦਰਸਾਉਂਦੀ ਹੈ ਕਿ ਭੂਪਵਾਦੀ ਬ੍ਰਾਹਮਣਵਾਦ ਨਿਸਬਤਨ ਵਧੇਰੇ ਜਾਬਰ ਤੇ ਫਾਸ਼ੀ ਸੁਭਾਅ ਦਾ ਹੁੰਦਾ ਹੈ। ਦਮਿਤ ਵਰਗਾਂ ਨੂੰ ਨਪੀੜਣ ਵਾਲੇ ਇਸਦੇ ਦੰਦ ਆਰਿਆਂ ਨਾਲੋਂ ਵੀ ਤਿੱਖੇ ਹੁੰਦੇ ਹਨ। ਸਾਮੰਤਸ਼ਾਹੀ ਬ੍ਰਾਹਮਣਵਾਦ ਦੀ ਭਿਅੰਕਰ ਹੋਂਦ ਨੂੰ ਪੰਜਾਬੀ ਕਵਿਤਾ ਵਿਚ ਸਸ਼ਕਤ ਆਵਾਜ਼ ਕੇਵਲ ਲਾਲ ਸਿੰਘ ਦਿਲ ਨੇ ਹੀ ਦਿੱਤੀ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਵਿਚਲਾ ਸਮਾਜ ਦਾ ਮਾਡਲ ਤੇ ਸੁਹਜ ਦਾ ਸੰਕਲਪ ਦੋਵੇਂ ਹੀ ਕਿਰਤੀ ਸ਼੍ਰੇਣੀ ਦੀਆਂ ਅਕਾਂਖਿਆਵਾਂ ਦੇ ਅਨੁਰੂਪ ਹਨ। ਜ਼ਾਹਿਰ ਹੈ ਕਿ ਕਿਰਤੀ ਮਨੁੱਖ ਨੂੰ ਇਕ ਇਹੋ ਜਿਹਾ ਸਮਾਜ ਚਾਹੀਦਾ ਹੈ, ਜਿਹੜਾ ਦਮਨ ਤੇ ਸ਼ੋਸ਼ਣ ਤੋਂ ਮੁਕਤ ਹੋਵੇ, ਜਿਸ ਵਿਚ ਉਸ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦਾ ਪ੍ਰਬੰਧ ਹੋਵੇ, ਜਿਹੜਾ ਬੇਲੋੜੇ ਧਾਰਮਿਕ ਬਿਖੇੜਿਆਂ ਵਿਚ ਉਲਝਿਆ ਹੋਇਆ ਨਾ ਹੋਵੇ। ਇਕ ਅਜਿਹਾ ਸਮਾਜ ਜਿਸ ਵਿਚ ਕਿਰਤੀ ਦੀ ਹਸਤੀ ਦਾ ਸਤਿਕਾਰ ਤੇ ਸੁੱਚੀ ਕਿਰਤ ਦੀ ਕਦਰ ਹੋਵੇ। ਕਿਰਤੀ ਦੀਆਂ ਭਾਵਨਾਵਾਂ ਨੂੰ ਇਸ ਤਰ੍ਹਾਂ ਦਾ ਪ੍ਰਗਟਾਵਾ ਮੱਧਕਾਲ 'ਚ ਧੰਨੇ ਭਗਤ ਦੀ ਬਾਣੀ ਵਿਚ ਮਿਲਿਆ ਸੀ। ਆਪਣੇ ਸਮਾਜਕ ਮਾਡਲ ਨੂੰ ਦਿਲ ਆਪਣੇ ਇਕ ਗੀਤ 'ਚ ਇੰਝ ਬਿਆਨ ਕਰਦਾ ਹੈ :

***ਦਿਓ ਕੋਈ ਸਮਾਜ ਖੁੱਲ੍ਹਾ-ਡੁੱਲ੍ਹਾ***
***ਅੰਬਰੀਂ ਨਿਲੱਤਣਾਂ ਤੋਂ ਖੁੱਲ੍ਹਾ***
***ਇਕ ਪਰਿਵਾਰ, ਇਕ ਪਿਆਜੋ***
***ਇਕ ਪਰਿਵਾਰ ਇਕ ਚੁਲ੍ਹਾ***
***ਗਿਰਜੀਂ ਮਸੀਤੀਂ ਝੁੱਲੇ ਨ੍ਹੇਰੀ***
***ਮੰਦਰ ਉਡਾਏ ਕੋਈ ਬੁੱਲ੍ਹਾ***
***ਗੀਤ ਕੋਈ ਮਿਹਨਤਾ ਦੇ ਗਾਏ***
***ਛੱਡ ਰਾਂਝਾ ਹੀਰ ਭੱਟੀ ਦੁੱਲਾ***
***ਬੁੱਕਲਾਂ 'ਚੋਂ ਖੋਹੇ ਨਾ ਕੋਈ ਦਾਵੇ***
***ਕੱਜਣਾਂ ਤੋਂ ਲਾਹੇ ਨਾ ਕੋਈ ਜੁੱਲਾ***
***ਛੇੜੋ ਛੇੜੋ ਦਿਲ ਦੀਆਂ ਗੱਲਾਂ***
***ਕਰੋ ਕਿਤੇ ਕੋਈ ਹੱਲਾ ਗੁੱਲਾ।***

ਕਿਰਤੀ ਦੀਆਂ ਅਕਾਂਖਿਆਵਾਂ ਦੇ ਅਨੁਕੂਲ ਸਮਾਜ ਕਿਸੇ ਇਨਕਲਾਬ ਦੀ ਉਪਜ ਹੀ ਹੋ ਸਕਦਾ ਹੈ ਤੇ ਇਸ ਇਨਕਲਾਬ ਦੀਆਂ ਸੰਭਾਵਨਾਵਾਂ ਨੂੰ ਦਿਲ ਕਿਰਤੀ ਦੇ ਸਾਂਸਕ੍ਰਿਤਕ ਰੂਪਾਂਤਰਣ ਦੀ ਅਵਸਥਾ ਵਿਚ ਦੇਖਦਾ ਹੈ। ਇਹ ਅਵਸਥਾ ਉਦੋਂ ਬਣਦੀ ਹੈ, ਜਦ ਕਿਰਤੀ ਦੀ ਕੁੱਲ ਪਰੰਪਰਿਕ ਨਿਸ਼ਠਾ ਇਨਕਲਾਬ ਲਈ ਨਿਸ਼ਠਾ ਵਿਚ ਤਬਦੀਲ ਹੋ ਜਾਂਦੀ ਹੈ। ਦਿਲ ਦੇ ਸ਼ਬਦਾਂ ਵਿਚ, 'ਕਿੰਨੇ ਮਿੱਠੇ ਹਨ/ ਈਸ਼ਵਰ ਨੂੰ ਮੁਖ਼ਾਤਬ ਸ਼ਬਦ/ ਮੇਰੀ ਇੱਛਾ/ ਮੇਰੇ ਅੰਤਮ ਸ਼ਬਦ ਇਹ ਹੋਵਣ/ ਕਿ ''ਤੇਰੇ ਵਿਚ ਸੰਪੂਰਨ/ ਵਿਸ਼ਵਾਸ ਹੈ ਮੈਨੂੰ''/ ਮੈਂ ਚਾਹੁੰਦਾ ਹਾਂ/ ਚੁਰਾ ਲਵਾਂ ਇਹ ਸਤਰਾਂ/ ਤੇ ਇਨਕਲਾਬ ਨੂੰ ਮੁਖ਼ਾਤਬ ਕਰਾਂ। ਸਮਾਜ ਸਿਰਜਣਾ ਦੇ ਨਾਲ ਨਾਲ ਕਲਾ ਤੇ ਸੁਹਜ ਸਿਰਜਣਾ ਵਿਚ ਕਿਰਤ ਦੇ ਤੱਤ ਦੀ ਭੂਮਿਕਾ ਨੂੰ ਦਿਲ ਨਾ ਕੇਵਲ ਪਛਾਣਦਾ ਹੀ ਹੈ ਸਗੋਂ ਖ਼ੂਬ ਵਡਿਆਉਂਦਾ ਵੀ ਹੈ। ਦਿਲ ਅਨੁਸਾਰ ਕਲਾ ਵਿਚ ਸੁਹਜ ਕਿਰਤ ਰਾਹੀਂ ਹੀ ਪੈਦਾ ਹੁੰਦਾ ਹੈ। ਉਸਦੀਆਂ ਇਹ ਖ਼ੂਬਸੂਰਤ ਸਤਰਾਂ ਸੁੰਦਰਤਾ ਦੀ ਸ੍ਰੇਸ਼ਟ ਮਿਸਾਲ ਵੀ ਹਨ ਤੇ ਸੁਹਜ ਸਿਧਾਂਤ ਦੀ ਰਮਜ਼ ਨੂੰ ਵੀ ਸਮਝਾਉਂਦੀਆਂ ਹਨ;

***ਮੈਨੂੰ ਪਿਆਰ ਹੋ ਗਿਆ***
***ਇਸ ਮਿੱਟੀ ਦੀ ਮਹਿਕ ਵਾਲੇ ਫੁਲ ਨਾਲ***
***ਇਸ ਰੰਬੇ ਦੇ ਰੰਗ ਨਾਲ***
***ਇਸ ਦੇ ਹੱਥੇ ਤੇ***
***ਜੋ ਹੱਥਾਂ ਨਾਲ ਘਸ ਘਸ ਕੇ***
***ਆ ਚੁੱਕੀ ਹੈ ਕੋਮਲਤਾ***
***ਕਲਾ ਨਾਲੋਂ ਪਿਆਰੀ ਹੈ***

ਕਿਰਤੀ ਦੇ ਅਭਿਆਸ ਨਾਲ ਕੋਮਲਤਾ ਪੈਦਾ ਹੁੰਦੀ ਹੈ ਤੇ ਇਸ ਸੁਹਜ ਨੂੰ ਵਡਿਆਉਂਦਿਆਂ ਦਿਲ ਨੇ ਇਸ ਕੋਮਲਤਾ ਨੂੰ ਕਲਾ ਨਾਲੋਂ ਵੀ ਪਿਆਰੀ ਕਿਹਾ ਹੈ। ਦਿਲ ਜਿਸ ਰਾਜਨੀਤਕ ਲਹਿਰ ਨਾਲ ਤੁਰਿਆ ਸੀ ਉਸ ਲਹਿਰ ਦੀ ਹੋਣੀ ਉਸ ਦੁਆਰਾ ਅਪਣਾਈ ਰਣਨੀਤੀ ਨੇ ਲਗਭਗ ਤੈਅ ਕਰ ਦਿੱਤੀ ਸੀ। ਲਹਿਰ ਅਸਫ਼ਲ ਰਹੀ। ਨਵਾਂ ਸਮਾਜ ਘੜਨ ਦਾ ਸੁਪਨਾ ਤਿੜਕ ਗਿਆ। ਨਿਰਾਸ਼ਾ ਨੇ ਇਸ ਲਹਿਰ ਦੇ ਬਹੁਤੇ ਲੇਖਕਾਂ ਨੂੰ ਆਪਣੇ ਕਲਾਵੇ 'ਚ ਲੈ ਲਿਆ। ਲਾਲ ਸਿੰਘ ਦਿਲ ਨੇ ਵੀ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਸ਼ਾਮ ਦਾ ਰੰਗ ਫਿਰ ਉਹੀ ਪੁਰਾਣਾ ਹੈ। ਦਿਲ ਆਪਣੇ ਜੱਦੀ ਕਸਬੇ ਸਮਰਾਲੇ ਪਰਤਣ ਤੋਂ ਪਹਿਲਾਂ ਪੁਲਿਸ ਤਸ਼ੱਦਦ ਦਾ ਭੰਨਿਆ ਭਾਰਤ ਦੇ ਵੱਖ ਵੱਖ ਭਾਗਾਂ ਵਿਚ ਭਟਕਦਾ ਰਿਹਾ। ਸਮਰਾਲੇ ਪਰਤ ਕੇ ਵੀ ਉਸਦੀ ਖਾਨਾਬਦੋਸ਼ਾਂ ਵਾਲੀ ਭਟਕਣ ਜਾਰੀ ਰਹੀ। ਹੋਰ ਭਾਵੇਂ ਕੁੱਝ ਵੀ ਨਾ ਬਣ ਸਕਿਆ ਹੋਵੇ ਪ੍ਰੰਤੂ ਆਪਣੇ ਆਖਰੀ ਸਵਾਸਾਂ ਤੱਕ ਦਿਲ ਪੰਜਾਬੀ ਸ਼ਾਇਰੀ ਦਾ ਗੌਰਵ ਬਣਿਆ ਰਿਹਾ।



*ਲਾਲ ਸਿੰਘ ਦਿਲ- ਜਨਵਰੀ 2003- ਫੋਟੋਕਾਰ-ਦੇਸ ਰਾਜ ਕਾਲੀ*

# ਪੰਜਾਬ ’ਚ ਇਸਤਰੀਆਂ ਦੀ ਘੱਟ ਰਹੀ ਗਿਣਤੀ

**ਡਾ. ਗੁਰਿੰਦਰ ਕੌਰ**

ਅੱਜ ਕੱਲ੍ਹ ਪੰਜਾਬ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਜਿਵੇਂ ਖੇਤੀਬਾੜੀ ਖੇਤਰ ਵਿੱਚ ਖੜੋਤ ਦਾ ਆਉਣਾ, ਖੇਤੀਬਾੜੀ ਦਾ ਲਗਾਤਾਰ ਘਾਟੇ ਵਾਲਾ ਧੰਦਾ ਬਣਨ ਕਰ ਕੇ ਨਿਮਨ ਕਿਸਾਨ, ਖੇਤੀਬਾੜੀ ਮਜ਼ਦੂਰਾਂ ਅਤੇ ਕਾਰੀਗਰਾਂ ਵਿੱਚ ਗਰੀਬੀ ਅਤੇ ਕਰਜ਼ੇ ਦਾ ਲਗਾਤਾਰ ਵਧਣਾ, ਗਰੀਬ ਕਿਸਾਨਾਂ ਦਾ ਖੁਦਕੁਸ਼ੀਆਂ ਕਰਨਾ, ਜ਼ਮੀਨ ਹੇਠਲੇ ਪਾਣੀ ਦੀ ਤਹਿ ਦਾ ਲਗਾਤਾਰ ਥੱਲੇ ਜਾਣਾ, ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਦਾ ਹੱਦੋ ਵੱਧ ਵਧਣਾ, ਦੋ ਤਿਹਾਈ ਤੋਂ ਵੱਧ ਨੌਜਵਾਨਾਂ ਦਾ ਨਸ਼ਿਆਂ ਦੇ ਸੇਵਨ ਵਿੱਚ ਗਰਕਣਾ ਆਦਿ। ਇਨ੍ਹਾਂ ਸਮੱਸਿਆਵਾਂ ਤੋਂ ਬਿਨਾਂ ਪੰਜਾਬ ਵਿੱਚ ਇੱਕ ਹੋਰ ਮਹੱਤਵਪੂਰਨ ਸਮੱਸਿਆ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਲਗਾਤਾਰ ਘਟਦੀ ਗਿਣਤੀ ਦੀ ਹੈ।

ਪੰਜਾਬ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਆਧੁਨਿਕ ਤਕਨੀਕਾਂ ਰਾਹੀਂ ਲੜਕੀਆਂ ਤੋਂ ਉਨ੍ਹਾਂ ਦਾ ਜਨਮ ਲੈਣ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਪੰਜਾਬ ਦੇ ਲੋਕ ਹਾਲੇ ਵੀ ਧੀਆਂ-ਪੁੱਤਾਂ ਵਿੱਚ ਵਿਤਕਰਾ ਕਰਦੇ ਹਨ। ਇੱਕ ਪਾਸੇ ਪੰਜਾਬੀਆਂ ਨੂੰ ਸਾਰੀ ਦੁਨੀਆ ਫਰਾਕ ਦਿਲ ਸਮਝਦੀ ਹੈ, ਦੂਜੇ ਪਾਸੇ ਆਪਣੀਆਂ ਧੀਆਂ ਨੂੰ ਪੰਜਾਬੀ ਸੱਪਾਂ ਵਾਂਗ ਖਾ ਜਾਂਦੇ ਹਨ। ਪੰਜਾਬੀਆਂ ਨੇ ਤਾਂ ਬਹੁਤ ਪੁਰਾਣੀ ਕਹਾਵਤ, ‘ਇੱਕ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ’ ਨੂੰ ਵੀ ਝੂਠਿਆਂ ਪਾ ਦਿੱਤਾ ਹੈ। 2001 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਛੇ ਸਾਲ ਤੋਂ ਛੋਟੇ ਬੱਚਿਆਂ ਵਿੱਚ ਕੁੜੀਆਂ ਦੀ ਗਿਣਤੀ 1000 ਮੁੰਡਿਆਂ ਪਿੱਛੇ ਸਿਰਫ 793 ਹੈ, ਜੋ ਕਿ ਸਾਰੇ ਰਾਜਾਂ ਨਾਲੋਂ ਘੱਟ ਹੈ। ਇਸ ਤੋਂ ਬਿਨਾਂ ਔਸਤਨ ਔਰਤਾਂ ਦੀ ਗਿਣਤੀ ਵੀ 874 ਹੈ ਜਿਹੜੀ ਭਾਰਤ ਦੀ ਔਸਤਨ ਗਿਣਤੀ 937 ਤੋਂ 63 ਘੱਟ ਹੈ।

ਪੰਜਾਬ ਵਿੱਚ ਔਰਤਾਂ ਦੀ ਗਿਣਤੀ 1901 ਤੋਂ ਲੈ ਕੇ 2001 ਤੱਕ ਵੱਧ ਤੋਂ ਵੱਧ 882 ਰਹੀ ਹੈ, ਜਦ ਕਿ ਭਾਰਤ ਵਿੱਚ ਇਹ ਗਿਣਤੀ ਇਸੇ ਸਮੇਂ ਦੌਰਾਨ 900 ਤੋਂ ਉਪਰ ਰਹੀ ਹੈ। 1901 ਤੋਂ 1921 ਵਿੱਚ ਪੰਜਾਬ ਰਾਜ ‘ਚ ਔਰਤਾਂ ਦੀ ਗਿਣਤੀ 800 ਤੋਂ ਵੀ ਘੱਟ ਗਈ ਸੀ ਕਿਉਂਕਿ ਉਦੋਂ ਸਤੀ ਪ੍ਰਥਾ ਅਤੇ ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਮਾੜੀ ਰੀਤ ਜ਼ੋਰਾਂ ‘ਤੇ ਸੀ। ਉਸ ਤੋਂ ਬਾਅਦ ਬਹੁਤ ਹੀ ਧੀਮੀ ਰਫਤਾਰ ਨਾਲ ਔਰਤਾਂ ਦੀ ਗਿਣਤੀ ਪੰਜਾਬ ਵਿੱਚ ਵਧਦੀ ਗਈ, ਪਰ ਦੇਸ਼ ਦੀਆਂ ਔਰਤਾਂ ਦੀ ਔਸਤਨ ਗਿਣਤੀ ਘਟਦੀ ਗਈ ਅਤੇ ਦੋਵਾਂ ਥਾਵਾਂ ‘ਤੇ ਇਨ੍ਹਾਂ ਦੀ ਗਿਣਤੀ ਦਾ ਅੰਤਰ ਵੀ ਘਟਦਾ ਗਿਆ।

ਪੰਜਾਬ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਹਮੇਸ਼ਾ ਘੱਟ ਰਹੀ ਹੈ ਅਤੇ ਸਮਾਜ ਵਿੱਚ ਇਨ੍ਹਾਂ ਦਾ ਦਰਜਾ ਹਮੇਸ਼ਾ ਮਰਦਾਂ ਨਾਲੋਂ ਨੀਵਾਂ ਰਿਹਾ ਹੈ।

ਜਨਮ ਤੋਂ ਪਹਿਲਾਂ ਲਿੰਗ ਪਹਿਚਾਣ ਦੀ ਆਧੁਨਿਕ ਤਕਨੀਕ ਦੀ ਆਮਦ ਨੇ ਪੰਜਾਬ ਵਿੱਚ ਜਿੱਥੇ ਇੱਕ ਪਾਸੇ ਇਸਤਰੀਆਂ ਪੁਰਸ਼ਾਂ ਦੇ ਅਨੁਪਾਤ ਨੂੰ ਇੱਕ ਜ਼ਬਰਦਸਤ ਝਟਕਾ ਦਿੱਤਾ ਹੈ ਉਥੇ ਦੂਜੇ ਪਾਸੇ ਇਸ ਨੇ ਪੰਜਾਬੀਆਂ ਦੀ ਪੁੱਤ ਚਾਹਤ ਦੀ ਤਮੰਨਾ ਨੂੰ ਵਿਗਿਆਨਕ ਤਕਨੀਕ ਦੁਆਰਾ ਪੂਰਾ ਕਰਨ ਲਈ ਨਾਂਹ ਪੱਖੀ ਯੋਗਦਾਨ ਪਾਇਆ ਹੈ। ਪੰਜਾਬ ਵਿੱਚ ਪੁਰਾਣਿਆਂ ਸਮਿਆਂ ਤੋਂ ਹੀ ਕੁੜੀਆਂ ਦੇ ਪੈਦਾ ਹੋਣ ਦੀ ਕਦੇ ਖੁਸ਼ੀ ਨਹੀਂ ਮਨਾਈ ਜਾਂਦੀ ਰਹੀ। ਪਹਿਲਾਂ ਇਨ੍ਹਾਂ ਨੂੰ ਜਨਮ ਲੈਣ ਤੋਂ ਬਾਅਦ ਮਾਰ ਦਿੱਤਾ ਜਾਂਦਾ ਸੀ, ਹੁਣ ਇਨ੍ਹਾਂ ਨੂੰ ਜਨਮ ਲੈਣ ਤੋਂ ਪਹਿਲਾਂ ਮਾਂ ਦੀ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ ਜਿਸ ਕਰ ਕੇ ਪੰਜਾਬ ਨੂੰ ਕੁੜੀਮਾਰਾਂ ਦੀ ਧਰਤੀ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ ਹੈ।

ਲਿੰਗ ਦਾ ਜਨਮ ਤੋਂ ਪਹਿਲਾਂ ਪਤਾ ਲਗਾਉਣ ਵਾਲੀ ਤਕਨੀਕ ਦੀ ਆਮਦ ਵਾਲੀ ਤਕਨੀਕ ਦੀ ਆਮਦ ਤੋਂ ਪਹਿਲਾਂ 6 ਸਾਲ ਤੋਂ ਛੋਟੀਆਂ ਕੁੜੀਆਂ ਦੀ ਗਿਣਤੀ 1961 ਤੋਂ 1981 ਤੱਕ 894 ਤੋਂ ਵੱਧ ਕੇ 903 ਹੋ ਗਈ ਸੀ, ਪਰ 1991 ਵਿੱਚ ਇਹ ਗਿਣਤੀ ਘੱਟ ਕੇ 875 ਤੇ 2001 ਵਿੱਚ ਸਿਰਫ ਦੋ ਦਹਾਕਿਆਂ ਵਿੱਚ 1000 ਮੁੰਡਿਆਂ ਪਿੱਛੇ 110 ਕੁੜੀਆਂ ਘੱਟ ਗਈਆਂ। ਸਭ ਤੋਂ ਜ਼ਿਆਦਾ ਘਾਟਾ ਫਤਿਹਗੜ੍ਹ ਸਾਹਿਬ (1000 ਮੁੰਡਿਆਂ ਪਿੱਛੇ 120 ਕੁੜੀਆਂ) ‘ਚ ਦਰਜ ਹੋਇਆ ਹੈ। ਇਸ ਤੋਂ ਪਿੱਛੋਂ ਇਹ ਘਾਟਾ ਕਪੂਰਥਲਾ (104), ਗੁਰਦਾਸਪੁਰ (103) ਅਤੇ ਪਟਿਆਲਾ (101) ‘ਚ ਰਿਕਾਰਡ ਕੀਤਾ ਗਿਆ ਹੈ।

ਪੰਜਾਬ ‘ਚ ਕੁੜੀਆਂ ਦੀ ਘੱਟ ਰਹੀ ਗਿਣਤੀ ਦੇ ਕਈ ਆਰਥਿਕ ਅਤੇ ਸਮਾਜਕ ਕਾਰਨ ਹਨ। ਪੰਜਾਬ ਦੀ ਜ਼ਿਆਦਾਤਰ ਆਬਾਦੀ ਪਿੰਡਾਂ ‘ਚ ਰਹਿੰਦੀ ਹੈ, ਪਿੰਡਾਂ ਦਾ ਮੁੱਖ ਕਿੱਤਾ ਹੈ ਅਤੇ ਖੇਤੀ ਦੇ ਕੰਮ ਲਈ ਪੁਰਾਣਿਆਂ ਸਮਿਆਂ ‘ਚ ਮਰਦਾਂ ਦੀ ਜ਼ਿਆਦਾ ਲੋੜ ਹੁੰਦੀ ਸੀ। ਇਸ ਕਰ ਕੇ ਪੁੱਤਰਾਂ ਨੂੰ ਧੀਆਂ ਨਾਲੋਂ ਜ਼ਿਆਦਾ ਮਹੱਤਤਾ ਦਿੱਤੀ ਜਾਂਦੀ ਸੀ। ਪੁੱਤਰਾਂ ਨੂੰ ਸਮਾਜ ਵਿੱਚ ਆਰਥਿਕ ਵਾਧੇ ਦਾ ਸੂਚਕ ਮੰਨਿਆ ਜਾਂਦਾ ਹੈ ਕਿਉਂਕਿ ਉਹ ਕੰਮ ਕਰ ਕੇ ਆਪਣੇ ਘਰ ਧੰਨ ਲਿਆਉਂਦੇ ਹਨ ਅਤੇ ਉਨ੍ਹਾਂ ਦੇ ਵਿਆਹ ਵੇਲੇ ਉਨ੍ਹਾਂ ਨੂੰ ਦਾਜ ਮਿਲਦਾ ਹੈ। ਇਸ ਦੇ ਉਲਟ ਧੀਆਂ ਨੂੰ ਕਰਜ਼ੇ ਦੀ ਪੰਡ ਮੰਨਿਆ ਜਾਂਦਾ ਹੈ ਕਿਉਂਕਿ ਦਾਜ ਦੇ ਰੂਪ ਵਿੱਚ ਬਹੁਤ ਸਾਰਾ ਧੰਨ ਕੁੜੀਆਂ ਦੇ ਵਿਆਹ ਵੇਲੇ ਉਨ੍ਹਾਂ ਦੇ ਸਹੁਰਿਆਂ ਨੂੰ ਦੇਣਾ ਪੈਂਦਾ ਹੈ। ਪੁਰਖ ਪ੍ਰਧਾਨ ਸਮਾਜ ਹੋਣ ਕਰ ਕੇ ਪੁੱਤਰਾਂ ਦੀਆਂ ਮਾਵਾਂ ਨੂੰ ਧੀਆਂ ਦੀਆਂ ਮਾਵਾਂ ਨਾਲੋਂ ਉੱਚਾ ਦਰਜਾ ਦਿੱਤਾ ਜਾਂਦਾ ਹੈ। ਪੁੱਤਰਾਂ ਨੂੰ ਵੰਸ਼ ਦੇ ਵਾਧੇ ਦਾ ਸੂਚਕ (ਪੁੱਤੀਂ ਗੰਢ ਪਵੇ ਸੰਸਾਰ) ਅਤੇ ਧੀਆਂ ਨੂੰ ਬੇਗਾਨਾ ਧੰਨ ਕਿਹਾ ਜਾਂਦਾ ਹੈ। ਪੁੱਤਰਾਂ ਨੂੰ ਬੁਢਾਪੇ ਦਾ ਸਹਾਰਾ ਮੰਨਿਆ ਜਾਂਦਾ ਹੈ ਜਦ ਕਿ ਧੀਆਂ ਨੂੰ ਸਹੁਰੇ ਘਰ ਜਾ ਕੇ ਆਪਣੇ ਸਹੁਰਿਆਂ ਦੀ ਸੇਵਾ ਕਰਨੀ ਹੁੰਦੀ ਹੈ। ਮਾਪਿਆਂ ਦੇ ਮਰਨ ਤੋਂ ਬਾਅਦ ਸਾਰੀਆਂ ਰਸਮਾਂ ਪੁੱਤਰ ਹੀ ਪੂਰੀਆਂ ਕਰਦੇ ਹਨ।

ਅਜੋਕੇ ਸਮੇਂ ਵਿੱਚ ਕੁੜੀਆਂ ਦਾ ਮਾਂ ਦੀ ਕੁੱਖ ਵਿੱਚ ਮਾਰਨ ਦਾ ਸਭ ਤੋਂ ਵੱਡਾ ਕਾਰਨ ਕੁੜੀਆਂ ਦਾ ਪਿਤਾ ਪੁਰਖੀ ਜਾਇਦਾਦ ਵਿੱਚ ਮੁੰਡਿਆਂ ਦੀ ਬਰਾਬਰ ਦੇ ਹਿੱਸੇ ਦੇ ਕਾਨੂੰਨ ਦਾ ਪਾਸ ਹੋਣਾ ਹੈ। ਇਹ ਕੁੜੀਆਂ ਦੇ ਸੁੱਖ-ਸੁਵਿਧਾਵਾਂ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਕੀਤਾ ਗਿਆ ਸੀ, ਪਰ ਇਸ ਨੇ ਤਾਂ ਕੁੜੀਆਂ ਦੀ ਹੋਂਦ ਨੂੰ ਖਤਰਾ ਹੀ ਖੜ੍ਹਾ ਕਰ ਦਿੱਤਾ ਹੈ। ਪਿਛਲੇ ਸਮਿਆਂ ਵਿੱਚ ਸਿਰਫ ਦਾਜ ਦੀ ਸਮੱਸਿਆ ਕਰ ਕੇ ਹੀ ਕੁੜੀਆਂ ਨੂੰ ਮਾਰਿਆ ਜਾਂਦਾ ਸੀ, ਪਰ ਹੁਣ ਜਾਇਦਾਦ ਵਿੱਚ ਬਰਾਬਰ ਦੇ ਹਿੱਸੇ ਦੇ ਕਾਨੂੰਨ ਕਾਰਨ ਕੁੜੀਆਂ ਤੋਂ ਉਨ੍ਹਾਂ ਦੇ ਜਨਮ ਲੈਣ ਦਾ ਹੱਕ ਖੋਹ ਲਿਆ ਜਾ ਰਿਹਾ ਹੈ ਤਾਂ ਜੋ ਧੀ-ਜਵਾਈ ਜ਼ਮੀਨ ਵਿੱਚ ਹਿੱਸਾ ਨਾ ਲੈ ਕੇ ਸ਼ਰੀਕ ਨਾ ਬਣਨ ਜਾਂ ਆਪਣਾ ਹਿੱਸਾ ਲੋਕਾਂ ਕੋਲ ਵੇਚ ਕੇ ਮਾਪਿਆਂ ਦੀ ਜਾਇਦਾਦ ਨੂੰ ਖੋਰਾ ਨਾ ਲਾਉਣ। ਮੁੱਖ ਤੌਰ ‘ਤੇ ਇਨ੍ਹਾਂ ਕਾਰਨਾਂ ਕਰ ਕੇ ਹੀ ਪੰਜਾਬ ਦੀਆਂ ਬਹੁਤ ਜ਼ਿਆਦਾ ਔਰਤਾਂ ਪੁੱਤਰ ਦੀ ਮਾਂ ਬਣਨਾ ਚਾਹੁੰਦੀਆਂ ਹਨ ਜਿਸ ਲਈ ਉਹ ਹਰ ਹੀਲਾ ਵਰਤਦੀਆਂ ਹਨ ਜਿਵੇਂ ਅਲਟਰਾ ਸਾਊਂਡ ਤਕਨੀਕ ਦੁਆਰਾ ਬੱਚੇ ਦਾ ਲਿੰਗ ਪਤਾ ਕਰਨਾ ਅਤੇ ਜਨਮ ਲੈਣ ਵਾਲੇ ਬੱਚੇ ਦੇ ਕੁੜੀ ਹੋਣ ‘ਤੇ ਡਾਕਟਰਾਂ, ਨਰਸਾਂ, ਦਾਈਆਂ ਆਦਿ ਤੋਂ ਗਰਭਪਾਤ ਕਰਾਉਣਾ।

ਪੰਜਾਬੀ ਲੋਕਾਂ ਨੇ ਕਦੇ ਵੀ ਇਹ ਨਹੀਂ ਸੋਚਿਆ ਕਿ ਜੇ ਕੁੜੀਆਂ ਹੀ ਖਤਮ ਹੋ ਗਈਆਂ ਤਾਂ ਨੂੰਹਾਂ ਅਤੇ ਮਾਵਾਂ ਕਿੱਥੋਂ ਆਉਣਗੀਆਂ। ਇਸ ਤੋਂ ਬਿਨਾਂ ਸਮਾਜ ਵਿੱਚ ਹੋਰ ਵੀ ਬਹੁਤ ਕੁਰੀਤੀਆਂ ਜਨਮ ਲੈ ਲੈਣਗੀਆਂ। ਜਿਹੜੀਆਂ ਅਸੰਤੁਲਿਤ ਅਤੇ ਅਸੁਰੱਖਿਅਤ ਸਮਾਜ ਨੂੰ ਜਨਮ ਦੇਣਗੀਆਂ ਜਿਸ ਨਾਲ ਪਰਿਵਾਰ ਦਾ ਸੰਤੁਲਨ ਵਿਗੜ ਜਾਵੇਗਾ। ਪਹਿਲੀ ਗੱਲ ਜਦੋਂ ਕੁੜੀਆਂ ਦੀ ਗਿਣਤੀ ਮੁੰਡਿਆਂ ਦੀ ਗਿਣਤੀ ਤੋਂ ਘੱਟ ਹੋਵੇਗੀ ਤਾਂ ਸਾਡੇ ਮੁੰਡਿਆਂ ਦਾ ਵਿਆਹ ਨਹੀਂ ਹੋਵੇਗਾ। ਵਿਆਹ ਸਮਾਜਕ ਰਿਸ਼ਤਿਆਂ ਨੂੰ ਸੰਤੁਲਤ ਕਰਨ ਲਈ ਇੱਕ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਇੱਕ ਅਜਿਹਾ ਬੰਧਨ ਹੈ ਜਿਹੜਾ ਬਾਕੀ ਗੱਲਾਂ ਨੂੰ ਸਮਾਜਕ ਹੱਦ ਦੇ ਅੰਦਰ ਰਹਿ ਕੇ ਬਹੁਤ ਹੀ ਸੁਚੱਜੇ ਢੰਗ ਨਾਲ ਪੂਰੀ ਕਰਦਾ ਹੈ। ਜਿਹੜੇ ਪੁੱਤ ਬਹੁਤ ਹੀ ਚਾਵਾਂ ਮਲਾਰਾਂ ਅਤੇ ਸੁੱਖਾਂ ਸੁੱਖ ਕੇ ਜੰਮੇ ਹਨ, ਵਿਆਹ ਨਾ ਹੋਣ ਕਰ ਕੇ ਜਾਂ ਤਾਂ ਆਪਣਾ ਦਿਮਾਗੀ ਸੰਤੁਲਨ ਖੋਹ ਬੈਠਦੇ ਹਨ ਜਾਂ ਕੁਰਾਹੇ ਪੈ ਗਏ ਹਨ। ਇਹ ਵਿਹਲੇ ਰਹਿ ਕੇ ਗੁੰਡਾਗਰਦੀ ਜਾਂ ਨਸ਼ੇ ਕਰਨ ਲੱਗ ਪਏ ਹਨ। ਪੰਜਾਬ ਦੇ ਮੁੰਡੇ ਨਸ਼ਿਆਂ ਵਿੱਚ ਬਾਕੀ ਸੂਬਿਆਂ ਦੇ ਮੁੰਡਿਆਂ ਨਾਲੋਂ ਬਹੁਤ ਹੀ ਜ਼ਿਆਦਾ ਗਰਕ ਗਏ ਹਨ। ਇਹੋ ਜਿਹੇ ਲੋਕ ਹੀ ਵਹਿਸ਼ੀ ਹੋ ਕੇ ਸਮਾਜ ਦੀ ਰਹਿਤ ਮਰਿਯਾਦਾ ਛਿੱਕੇ ਟੰਗ ਕੇ ਬਲਾਤਕਾਰ ਵਰਗੇ ਜੁਰਮ ਕਰ ਰਹੇ ਹਨ। ਇਹ ਅਸੰਤੁਲਿਤ ਅਨੁਪਾਤ ਬਹੁਪਤੀ ਰਿਵਾਜ (ਔਰਤ ਦੇ ਇੱਕ ਤੋਂ ਜ਼ਿਆਦਾ ਪਤੀ) ਜੋ ਕਿ ਇੱਕ ਬਹੁਤ ਪੁਰਾਣੀ ਗੱਲ ਸੀ ਨੂੰ ਵੀ ਹੋਂਦ ਵਿੱਚ ਲੈ ਆਵੇਗਾ। ਇਸ ਤਰ੍ਹਾਂ ਔਰਤ ਨਾਲ ਸਬੰਧਤ ਹਰ ਤਰ੍ਹਾਂ ਦੇ ਜੁਰਮਾਂ ਵਿੱਚ ਵਾਧਾ ਹੋ ਜਾਵੇਗਾ।

ਅਸਲ ਵਿੱਚ ਔਰਤ ਹੀ ਮਰਦ ਦੀ ਜ਼ਿੰਦਗੀ ਦਾ ਧੁਰਾ ਹੈ। ਇਹ ਜ਼ਿੰਦਗੀ ਨੂੰ ਜਨਮ ਦਿੰਦੀ ਹੈ, ਸੁੱਖ ਦੁੱਖ ਵਿੱਚ ਸਾਥ ਦਿੰਦੀ ਹੈ ਅਤੇ ਮਰਦ ਦੀ ਪਾਲਣਹਾਰੀ ਹੈ। ਪਰ ਅੱਜ ਦਾ ਪੰਜਾਬੀ ਸਮਾਜ ਆਪਣੀ ਸੌੜੀ ਸੋਚ ਕਾਰਨ ਹੋਰ ਤਾਂ ਹੋਰ ਇਸ ਦੇ ਧਰਤੀ ‘ਤੇ ਆਉਣ ਦੇ ਹੱਕ ਨੂੰ ਵੀ ਖਤਮ ਕਰ ਰਿਹਾ ਹੈ।

ਅੱਜ ਕੱਲ੍ਹ ਸਾਰੇ ਸਮਾਜ ਸ਼ਾਸਤਰੀ ਅਤੇ ਮੀਡੀਆ ਵਾਲੇ ਇਸ ਗੱਲ ‘ਤੇ ਜ਼ੋਰ ਦੇ ਰਹੇ ਹਨ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ, ਜੇ ਔਰਤਾਂ ਚਾਹੁਣ ਤਾਂ ਅਣਜੰਮੀਆਂ ਧੀਆਂ ਦਾ ਕਤਲੇਆਮ ਰੋਕ ਸਕਦੀਆਂ। ਪਰ ਨਹੀਂ, ਇਕੱਲੀਆਂ ਔਰਤਾਂ ਦੇ ਚਾਹੁਣ ਨਾਲ ਇਹ ਹਰਗਿਜ਼ ਨਹੀਂ ਹੋ ਸਕਦਾ। ਇਹ ਉਦੋਂ ਤੱਕ ਸੰਭਵ ਨਹੀਂ ਹੋਵੇਗਾ ਜਦੋਂ ਤੱਕ ਸਾਡੇ ਮਰਦ ਪ੍ਰਧਾਨ ਸਮਾਜ ਦੀ ਸੌੜੀ ਸੋਚ ਬਦਲ ਨਹੀਂ ਜਾਂਦੀ। ਜੇ ਮਰਦ ਔਰਤਾਂ ਨੂੰ ਆਪਣੇ ਬਰਾਬਰ ਦੇ ਹੱਕ ਵਿੱਚ ਦਰਜਾ ਦੇਣ ਤਾਂ ਕੋਈ ਵੀ ਔਰਤ ਕਦੇ ਵੀ ਆਪਣੀ ਧੀ ਨੂੰ ਆਪਣੀ ਕੁੱਖ ਵਿੱਚ ਕਤਲ ਕਰਨ ਬਾਰੇ ਸੋਚੇਗੀ ਵੀ ਨਹੀਂ। ਇਸ ਸਮੇਂ ਲਿੰਗ ਅਨੁਪਾਤ ਨੂੰ ਠੀਕ ਰੱਖਣ ਲਈ ਸਰਕਾਰ ਅਤੇ ਸਮਾਜ ਨੂੰ ਜਾਗਣ ਦੀ ਸਖਤ ਲੋੜ ਹੈ। ਜਨਮ ਤੋਂ ਪਹਿਲਾਂ ਲਿੰਗ ਪਛਾਣ ਦੱਸਣ ਵਾਲੇ, ਕੁੜੀ ਹੋਣ ਦੇ ਕਸੇ ਵਿੱਚ ਗਰਭਪਾਤ ਕਰਨ ਜਾਂ ਕਰਵਾਉਣ ਵਾਲੇ ਪਰਿਵਾਰ ਦੇ ਮੈਂਬਰ, ਡਾਕਟਰ, ਨਰਸਾਂ, ਦਾਈਆਂ ਆਦਿ ਨੂੰ ਸਬਕ ਦੇਣਯੋਗ ਸਜ਼ਾ ਦੇਣ ਲਈ ਸਾਡੇ ਦੇਸ਼ ਦੇ ਕਾਨੂੰਨ ਵਿੱਚ ਸੋਧ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਕੁੜੀ ਦੇ ਵਿਆਹ ਤੋਂ ਬਾਅਦ ਸਹੁਰੇ ਘਰ ਵਿੱਚ ਉਸ ਦੇ ਪਤੀ ਦੀ ਜਾਇਦਾਦ ਵਿੱਚ ਬਰਾਬਰ ਦੇ ਹੱਕ ਦੇਣ ਲਈ ਵੀ ਸਾਡੇ ਦੇਸ਼ ਦੇ ਕਾਨੂੰਨ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ। ਕੁੜੀਆਂ ਦੀ ਪੜ੍ਹਾਈ ਸਕੂਲ ਤੋਂ ਯੂਨੀਵਰਸਿਟੀ ਪੱਧਰ ਤੱਕ ਸਰਕਾਰੀ ਖਰਚੇ ‘ਤੇ ਹੋਣੀ ਚਾਹੀਦੀ ਹੈ। ਔਰਤਾਂ ਲਈ ਰੁਜ਼ਗਾਰ ਯਕੀਨੀ ਬਣਾਉਣਾ ਚਾਹੀਦਾ ਹੈ। ◻


## ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ? * ਕੀ ਤੁਸੀਂ ਘਰ ਦੇ ਮੁਖੀਆ ਹੋ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ?

**ਜ਼ਰਾ ਸੋਚੋ!!**

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**



Jessie Singh
(C.A.I.B.)

**Jessie Off: (403) 717-0666**
**Jessie Singh (C.A.I.B.) Cell: (403) 830-7007**

# ਲੋਕ-ਗੀਤਾਂ ਦੇ ਨਾਲ ਨਾਲ

ਡਾ. ਕਰਮਜੀਤ ਸਿੰਘ



***ਜਿੱਥੇ-ਜਿੱਥੇ ਵੀ ਮੈਂ ਲੋਕ ਗੀਤ ਇਕੱਠੇ ਕਰਨ ਗਿਆ ਹਾਂ, ਉਥੇ ਉਥੇ ਹੀ ਮੈਨੂੰ ਏਨਾ ਮੋਹ ਮਿਲਿਆ ਹੈ ਕਿ ਅੱਜ ਵੀ ਮੈਂ ਮੁੜ ਉਥੇ ਜਾਵਾਂ ਤਾਂ ਉਹੀ ਪੁਰਾਣਾ ਨਿੱਘ ਮਾਣਨਾ ਮੈਨੂੰ ਨਸੀਬ ਹੁੰਦਾ ਹੈ। ਸੰਗ੍ਰਹਿ ਸਮੇਂ ਜਿਸ ਤਰ੍ਹਾਂ ਦੇ ਵੀ ਭਾਂਤ-ਸੁਭਾਂਤੇ ਅਨੁਭਵ ਹੋਏ, ਉਹ ਮੈਂ ਲੋਕ ਗੀਤਾਂ ਦੀ ਪੈੜ ਰਾਹੀਂ ਪਾਠਕਾਂ ਨਾਲ ਸਾਂਝੇ ਕੀਤੇ ਹਨ। ਲਿਖਣ ਸਮੇਂ ਤਾਂ ਮੈਂ ਇਕ ਵਹਾਅ ਵਿਚ ਲਿਖ ਜਾਂਦਾ ਰਿਹਾ ਹਾਂ, ਪਰ ਬਾਅਦ 'ਚ ਜਦੋਂ ਮੈਂ ਇਨ੍ਹਾਂ ਅਨੁਭਵਾਂ ਨੂੰ ਪੜ੍ਹਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਇਕ ਅੱਧ ਛੋਟੀ ਜਿਹੀ ਘਟਨਾ ਦੁਆਲੇ ਉਸਰੇ ਵਾਤਾਵਰਣ ਰਾਹੀਂ ਮੈਂ ਲੋਕ ਗੀਤਾਂ ਦੀ ਰਚਨਾ ਪ੍ਰਕਿਰਿਆ ਨੂੰ ਸਮਝ ਰਿਹਾ ਹੁੰਦਾ ਹਾਂ। ਔਰਤਾਂ ਦੇ ਭਾਵਾਂ ਦਾ ਸਾਮੂਹਿਕ ਕਥਾਰਸਿਸ ਹੁੰਦਿਆਂ ਵੀ ਵੇਖਦਾ ਹਾਂ, ਭਾਵੇਂ ਉਸ ਵਿਚ ਮੈਂ ਆਪ ਵੀ ਸ਼ਾਮਲ ਹੁੰਦਾ ਭਾਵੁਕ ਹੋਇਆ ਹਾਂ, ਪਰ ਨਾਲ ਦੀ ਨਾਲ ਮੈਂ ਸਮਾਜਿਕ ਸੰਦਰਭਾਂ 'ਚ ਬਹੁਤ ਸਾਰੀਆਂ ਭਾਵਨਾਵਾਂ ਦੇ ਵਿਗਾੜ ਨੂੰ ਵੀ ਦੇਖਿਆ ਹੈ। ਸਮਾਜਿਕ ਵਿਰੋਧਾਭਾਸਾਂ ਨੂੰ ਇਨ੍ਹਾਂ ਗੀਤਾਂ ਤੱਕ ਪਹੁੰਚਦਿਆਂ ਤੱਕਿਆ ਹੈ, ਜਿਨ੍ਹਾਂ ਦੀ ਪਹਿਚਾਣ ਕਰਨਾ ਮੇਰੇ ਲਈ ਬਹੁਤ ਮਹੱਤਵਪੂਰਨ ਰਿਹਾ ਹੈ।***

***ਡਾ. ਕਰਮਜੀਤ ਸਿੰਘ***

## ਭੈਣਾਂ ਨੂੰ ਫ਼ਿਕਰ ਪਿਆ

ਦੁਨੀਆ ਦੇ ਸਭ ਸਮਾਜਾਂ ਵਿਚ ਵਿਆਹ ਸੰਸਕਾਰ ਦਾ ਆਪਣਾ ਮਹੱਤਵ ਰਿਹਾ ਹੈ ਅਤੇ ਅੱਜ ਵੀ ਹੈ। ਇਸ ਨਾਲ ਖੁਸ਼ੀਆਂ ਦਾ ਇਜ਼ਹਾਰ ਜੁੜਿਆ ਹੋਇਆ ਹੈ। ਨੱਚਣਾ, ਟੱਪਣਾ, ਖਾਣਾ, ਪੀਣਾ ਇਸੇ ਖੁਸ਼ੀ ਦੇ ਪ੍ਰਗਟਾਵੇ ਹਨ। ਪੰਜਾਬੀ ਸਮਾਜ ਵਿਚ ਖੁਸ਼ੀ ਦਾ ਪ੍ਰਗਟਾਵਾ ਨਾ ਹੋਵੇ, ਇਹ ਤਾਂ ਸੰਭਵ ਹੀ ਨਹੀਂ ਕਿਉਂਕਿ ਇਥੋਂ ਦੇ ਸਭਿਆਚਾਰ ਵਿਚ ਇਤਿਹਾਸਕ ਤੇ ਭੂਗੋਲਿਕ ਕਾਰਨਾਂ ਕਰਕੇ ਜੋ ਵੀ ਸਮਾਂ ਮਿਲਦਾ ਹੈ, ਉਸ ਨੂੰ ਜਸ਼ਨ ਵਾਂਗ ਜਿਉਣ ਦੀ ਪਿਰਤ ਹੈ?

ਵਿਆਹ ਸੰਸਕਾਰ ਵਿਚ ਸਾਨੂੰ ਬਹੁਤ ਕੁਝ ਜਾਦੂ ਸਭਿਆਚਾਰ (ਕਬੀਲਾ ਸਭਿਆਚਾਰ) ਦਾ ਵੀ ਮਿਲ ਜਾਂਦਾ ਹੈ, ਪ੍ਰੰਤੂ ਇਸ ਸਭ ਕੁਝ ਦੇ ਪਿੱਛੇ ਇਕੋ ਇਕ ਕਾਮਨਾ ਹੁੰਦੀ ਹੈ ਨਵੀਂ ਜੋੜੀ ਦੇ ਜੀਵਨ ਵਿਚ ਸੁੱਖ ਸ਼ਾਂਤੀ ਦੀ ਚਾਹਤ। ਜਾਦੂ ਟੂਣੇ ਦੇ ਤੌਰ 'ਤੇ ਜੋ ਕੁਝ ਵੀ ਕੀਤਾ ਜਾਂਦਾ ਹੈ, ਉਸ ਦਾ ਮੰਤਵ ਹੁੰਦਾ ਹੈ ਅਦ੍ਰਿਸ਼ ਇੱਲ ਬਲਾਵਾਂ ਦੂਰ ਰੱਖ ਕੇ ਆਪਣੇ ਹੱਕ ਵਿਚ ਕਰਨਾ। ਜੋੜੀ ਦੇ ਭਵਿੱਖ ਨੂੰ ਉਜਲਾ ਦੇਖਣਾ। ਇਸੇ ਲਈ ਹਰ ਕਾਰਜ ਸ਼ਗਨਾਂ ਨਾਲ ਕੀਤਾ ਜਾਂਦਾ ਹੈ? ਸੱਤ ਸੁਹਾਗਣਾਂ ਚੱਕੀ ਹੱਥ ਲਾਉਂਦੀਆਂ ਹਨ। ਸੱਤ ਸੁਹਾਗਣਾਂ ਦੀ ਗਿਣਤੀ ਸ਼ੁਭ ਹੈ। ਵਿਧਵਾ ਨੂੰ ਇਸੇ ਲਈ ਸ਼ੁਭ ਕੰਮ ਤੋਂ ਦੂਰ ਰੱਖਿਆ ਜਾਂਦਾ ਹੈ। ਬਿਨਾ ਬੱਚੇ ਦੇ ਔਰਤ ਨੂੰ ਹੀ ਸ਼ਗਨਾਂ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ ਵਿਅਕਤੀਗਤ ਤੌਰ 'ਤੇ ਇਹ ਸਭ ਕੁਝ ਇਕ ਇਸਤਰੀ ਲਈ ਦੁਖਾਂਤਕ ਹੈ ਪਰ ਸਮੂਹਿਕ ਚੇਤਨਾ ਸਮੁੱਚੇ ਸਮਾਜ ਦੇ ਭਵਿੱਖ ਦੀ ਚਿੰਤਾ ਵਿਚ ਲੱਗੀ ਹੋਈ ਹੈ। ਉਸ ਨੂੰ ਇਹ ਸੋਚਣ ਦੀ ਚਿੰਤਾ ਵੀ ਹੈ ਕਿ ਉਹ ਕਿੰਨਾ ਅਨਰਕ ਵੀ ਕਰ ਰਹੀ ਹੈ। ਇਸੇ ਤਰ੍ਹਾਂ ਗਾਉਣ, ਮਾਈਏਂ ਪੈਣ, ਵਹੁਟੀ ਉੱਤੋਂ ਪਾਣੀ ਵਾਰ ਕੇ ਪੀਣ ਆਦਿ ਦੀਆਂ ਰੀਤਾਂ ਪਿੱਛੇ ਉਪਰੋਕਤ ਮਾਨਸਿਕਤਾ ਹੀ ਕੰਮ ਕਰਦੀ ਹੈ।

ਜੁਲਾਈ, 1979 ਦੀ ਗੱਲ ਹੈ ਜਦੋਂ ਮੇਰਾ ਵਿਆਹ ਧਰਿਆ ਗਿਆ। ਭਾਵੇਂ ਮੈਂ ਉਸ ਵੇਲੇ ਤੱਕ ਵਿਗਿਆਨਕ ਸੋਚ ਧਾਰਣ ਕਰ ਚੁੱਕਾ ਸਾਂ ਤੇ ਘਰਦਿਆਂ ਤੇ ਰਿਸ਼ਤੇਦਾਰਾਂ ਨੂੰ ਇਸ ਸਾਰੀ ਗੱਲ ਦਾ ਪਤਾ ਸੀ, ਫਿਰ ਵੀ ਵਿਆਹ ਦੀ ਹਰ ਰਸਮ ਨੂੰ ਪ੍ਰਤੀਕ ਰੂਪ ਵਿਚ ਭਰਦਿਆਂ ਭਰਦਿਆਂ ਨਿਭਾਇਆ ਗਿਆ। ਮੈਂ ਹਰ ਚੀਜ਼ ਨੂੰ ਮਜ਼ਾਕ ਵਿਚ ਲੈਂਦਿਆਂ ਹੋਇਆਂ ਰੀਤ ਨਿਭਾਈ ਵੀ। ਮਾਈਏਂ (ਵਟਣੇ) ਪੈਂਦਿਆਂ ਹੀ ਪਹਿਲਾ ਕੰਮ ਜੋ ਕੀਤਾ ਗਿਆ ਉਹ ਇਹ ਸੀ ਕਿ ਸੱਜੇ ਹੱਥ ਨਾਲ ਮੌਲੀ ਦਾ ਧਾਗਾ ਬੰਨ੍ਹ ਦਿੱਤਾ ਗਿਆ। ਇਸ ਵਿਚ ਅਨਾਜ, ਲੌਂਗ ਵੀ ਬੰਨ੍ਹਿਆ ਗਿਆ ਹੋ ਇਸ ਗੱਲ ਦਾ ਪ੍ਰਤੀਕ ਸੀ ਕਿ ਬਦਰੂਹਾਂ ਨੂੰ ਦੂਰ ਰੱਖਿਆ ਜਾਵੇ। ਘਰੋਂ ਨਿਕਲਣ ਦੀ ਮਨਾਹੀ ਹੋ ਗਈ।

ਮੇਰੀ ਧਰਮ ਦੀ ਭੈਣ ਗੁਰਦੀਸ਼ ਗੰਗਾਨਗਰ (ਰਾਜਸਥਾਨ) ਤੋਂ ਅਗਾਂਹ ਕਰਣਪੁਰ ਰਹਿੰਦੀ ਸੀ। ਮੈਂ ਚਾਹੁੰਦਾ ਸੀ ਕਿ ਉਹ ਮੇਰੇ ਵਿਆਹ ਵਿਚ ਜ਼ਰੂਰ ਸ਼ਾਮਲ ਹੋਵੇ। ਸ਼ਾਇਦ ਸੱਤ ਜੁਲਾਈ ਦੀ ਗੱਲ ਹੈ ਕਿ ਮੈਂ ਸਾਰੇ ਰੱਸੇ ਤੁੜਾ ਕੇ ਕਰਣਪੁਰ ਨੂੰ ਤੁਰ ਪਿਆ, ਇਹ ਕਹਿ ਕੇ ਕਿ ਮੈਂ ਦੂਸਰੇ ਦਿਨ ਸ਼ਾਮ ਨੂੰ ਵਾਪਸ ਆ ਜਾਵਾਂਗਾ। ਲੰਬਾ ਰਸਤਾ ਹੋਣ ਕਾਰਨ ਮੈਂ ਦੂਸਰੇ ਦਿਨ ਆ ਕੇ ਨੌਂ ਜੁਲਾਈ ਸ਼ਾਮ ਹਨੇਰੇ ਹੋਏ ਨੌਂ ਵਜੇ ਦੇ ਕਰੀਬ ਪਿੰਡ ਪਹੁੰਚਾ। ਜੋ ਕੁਝ ਘਰ ਵਾਪਰਿਆ ਸੀ, ਉਸ ਦਾ ਮੈਨੂੰ ਅੰਦਾਜ਼ਾ ਨਹੀਂ ਸੀ। ਸਾਰੇ ਕੰਮ ਰੋਕ ਦਿੱਤੇ ਗਏ ਸਨ। ਇਥੋਂ ਤੱਕ ਕਿ ਗਾਉਣ ਵੀ ਉਸ ਦਿਨ ਨਹੀਂ ਸੀ ਬਿਠਾਇਆ ਗਿਆ ਕਿ ਕਿਤੇ ਕੁਝ ਹੋਰ ਹੀ ਨਾ ਵਿਘਨ ਪੈ ਗਿਆ ਹੋਵੇ ਪਰ ਨਹੀਂ ਜਿਉਂ ਹੀ ਪਿਤਾ ਜੀ ਨੇ ਮੇਰੇ ਤੇ ਗੁੱਸੇ ਦਾ ਰੰਗ ਬਰਸਾਇਆ ਮੈਂ ਸਭ ਕੁਝ ਸਮਝ ਗਿਆ। ਮੈਂ ਸਾਰੀ ਸਥਿਤੀ ਸਪੱਸ਼ਟ ਕੀਤੀ ਭਈ ਗੁਰਦੀਸ਼ ਬਿਮਾਰ ਸੀ। ਏਡੀ ਦੂਰ ਲਗਾਤਾਰ ਜਾਣਾ ਤੇ ਆਉਣਾ ਸੌਖਾ ਵੀ ਨਹੀਂ ਸੀ। ਹੌਲੀ ਹੌਲੀ ਸਹਿਜ ਅਵਸਥਾ ਹੋਈ ਤਾਂ ਸਾਰੇ ਗੁਰਦੀਸ਼ ਦੀ ਖ਼ਬਰ ਪੁੱਛਣ ਲੱਗੇ।

ਮਾਤਾ ਜੀ ਨੇ ਭੈਣਾਂ ਨੂੰ ਦੁਬਾਰਾ ਕੁੜੀਆਂ ਨੂੰ ਸੱਦਣ ਲਈ ਕਿਹਾ। ਉਹ ਘਰ ਘਰ ਜਾ ਕੇ ਸਾਰਿਆਂ ਨੂੰ ਸੱਦ ਲਿਆਈਆਂ। ਉਹ ਤਾਂ ਪੂਰੀਆਂ ਚਾਂਭਲੀਆਂ ਹੋਈਆਂ ਸਨ। ਸਾਰੀਆਂ ਨੇ ਮੈਨੂੰ ਨਿਸ਼ਾਨਾ ਬਣਾਇਆ ਹੋਇਆ ਸੀ, ''ਭਾ ਜੀ! ਤੁਸੀਂ ਚੰਗੇ ਹੋ। ਆਪ ਜਾ ਕੇ ਉੱਥੇ ਬਹਿ ਗਏ, ਚਾਚਾ ਜੀ ਨੇ ਸਾਨੂੰ ਸੂਲੀ 'ਤੇ ਟੰਗਿਆ ਹੋਇਆ। ਤੁਹਾਡੇ ਚਾਰ ਮਾਈਏਂ ਵੀ ਅਜੇ ਰਹਿੰਦੇ ਆ। ਉਹ ਕੌਣ ਪੂਰੇ ਕਰੂ।'' ਮੈਂ ਕਿਸੇ ਨੂੰ ਟੋਕ ਲਾ ਕੇ, ਕਿਸੇ ਦਾ ਮਜ਼ਾਕ ਉਡਾ ਕੇ ਉਹਨਾਂ ਨੂੰ ਸ਼ਾਂਤ ਕੀਤਾ। ਤਾਈਆਂ ਚਾਚੀਆਂ ਨੂੰ ਗੰਭੀਰਤਾ ਨਾਲ ਸਮਝਾ ਕੇ ਚੁੱਪ ਕਰਾਇਆ। ਵਿਚੋਂ ਮਾਤਾ ਜੀ ਨੇ ਟੋਕ ਦਿੱਤਾ, 'ਨੀ ਕੁੜੀਉ ਤੁਹਾਨੂੰ ਖੱਪ ਪਾਉਣ ਲਈ ਨਹੀਂ ਸੱਦਿਆ। ਪੰਜ ਘੋੜੀਆਂ ਗਾਉ ਪਹਿਲਾਂ।'

ਕੁੜੀਆਂ ਨੇ ਢੋਲਕੀ ਵਜਾਉਣੀ ਸ਼ੁਰੂ ਕੀਤੀ। ਉਹਨਾਂ ਦੇ ਮਨ ਵਿਚ ਸਥਿਤੀ ਤੋਂ ਦੱਬੀਆਂ ਭਾਵਨਾਵਾਂ ਨੇ ਲੈਆਤਮਕ ਰੂਪ ਧਾਰਨ ਕੀਤਾ। ਉਹਨਾਂ ਨੇ ਗੀਤ ਵਿਚ ਹੀ ਮੇਰੇ ਨਾਲ ਤੇ ਮੇਰੇ ਵਰਗੇ ਹੋਰ ਸਾਰੇ ਵੀਰਿਆਂ ਨਾਲ ਸੰਵਾਦ ਰਚਾਉਣਾ ਸ਼ੁਰੂ ਕੀਤਾ। ਸਾਰਿਆਂ ਦੇ ਚਿਹਰਿਆਂ 'ਤੇ ਇਕ ਚਮਕ ਤੇ ਮੁਸਕਰਾਹਟ ਖੇਲ੍ਹ ਰਹੀ ਸੀ। ਉਹਨਾਂ ਪੂਰੇ ਜ਼ੋਰ ਨਾਲ ਆਵਾਜ਼ ਚੁੱਕੀ।

ਬੀਰਾ ਸ਼ਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ,
ਬੀਰਾ ਕਿੱਥੇ ਗੁਜਾਰੀ ਸਾਰੀ ਰਾਤ, ਭੈਣਾਂ ਨੂੰ ਫਿਰਕ ਪਿਆ

ਹੁਣ ਉਹਨਾਂ ਦੇ ਚਿਹਰਿਆਂ ਤੇ ਫਿਕਰ ਨਹੀਂ ਸੀ ਕਿਉਂਕਿ ਵੀਰ ਤਾਂ ਸਾਹਮਣੇ ਬੈਠਾ ਸੀ। ਲੱਗਦਾ ਇਉਂ ਸੀ ਕਿ ਉਹਨਾਂ ਨੇ ਮੇਰੇ ਸਾਰੇ ਜਵਾਬ ਨੂੰ ਬਹਾਨਾ ਮੰਨਿਆ ਸੀ ਤਾਂ ਹੀ ਤਾਂ ਉਹਨਾਂ ਦੇ ਗੀਤ ਦਾ ਵੀਰਾ ਬਹਾਨੇ ਬਣਾ ਰਿਹਾ ਸੀ।

***ਭੈਣੇ ਗਿਆ ਸੀ ਸੁਨਿਆਰੇ ਪਾਸ, ਗਹਿਣੇ ਘੜਾਉਣੇ ਨੂੰ।***
***ਬੀਰਾ ਗਹਿਣੇ ਘੜਾਵੇ ਤੇਰਾ ਬਾਪ, ਤੈਨੂੰ ਕਾਹਦਾ ਫਿਰਕ ਪਿਆ।***

ਬੀਰੇ ਨੇ ਪਾਂਧੇ ਕੋਲ ਹੋ ਕੇ ਆਉਣ ਦੀ ਸਫਾਈ ਦਿੱਤੀ ਪਰ ਭੈਣ ਕੋਲ ਤਾਂ ਇਕੋ ਤਰਕ ਸੀ ਕਿ ਇਹ ਸਭ ਕੁਝ ਬਾਪ ਕਰੇਗਾ। ਵੀਰ ਨੂੰ ਚਿੰਤਾ ਕਰਨ ਦੀ ਲੋੜ ਨਹੀਂ। ਗੀਤ ਖਤਮ ਹੋਇਆ, ਹਾਸੇ ਦੇ ਫੁਹਾਰੇ ਛੁੱਟੇ। ਉਸ ਦਿਨ ਮੈਂ ਇਕ ਲੋਕ ਗੀਤ ਦੇ ਉਪਜਣ ਦੀਆਂ ਪ੍ਰਸਥਿਤੀਆਂ ਨੂੰ ਸਮਝ ਸਕਿਆ ਸਾਂ ਤੇ ਸਮੂਹਿਕ ਭਾਵਾਂ ਦੇ ਜਾਦੂ ਨੂੰ ਵੀ ਮਹਿਸੂਸ ਕਰ ਰਿਹਾ ਸਾਂ। ਹਾਸੇ ਠੱਠੇ ਦੇ ਮਾਹੌਲ ਵਿਚ ਹੀ ਭਰਜਾਈਆਂ (ਕਿਉਂਕਿ ਵੱਡਾ ਮੈਂ ਹੀ ਸਾਂ, ਇਸ ਲਈ ਸਾਰੀਆਂ ਚਾਚਿਉਂ-ਤਾਇਉਂ ਹੀ ਸਨ) ਨੇ ਮੈਨੂੰ ਚੜ੍ਹਦੇ ਮੂੰਹ ਕਰਵਾ ਕੇ ਚੌਂਕ ਪੂਰ ਕੇ ਰੱਖੀ ਲੱਕੜੀ ਦੀ ਫੱਟੀ ਉੱਪਰ ਬਿਠਾ ਦਿੱਤਾ, ਦੇਹੁਰੇ ਦੇ ਸਾਹਮਣੇ। ਚੜ੍ਹਦੇ ਮੂੰਹ ਕਰਨਾ ਸੂਰਜ ਦੇਵਤਾ ਨੂੰ ਸਨਮਾਨ ਦੇਣਾ ਹੈ।

ਗੀਤ ਗਾ ਕੇ ਆਟੇ ਦਾ ਪੂਰਿਆ ਚੌਂਕ ਇਕ ਤਰ੍ਹਾਂ ਨਾਲ ਧਰਤੀ ਦੀ ਪੂਜਾ ਹੈ। ਮੌਲੀ ਬੱਝੀ ਲੱਕੜੀ, ਪਵਿੱਤਰ ਹੈ। ਦੇਹੁਰਾ ਲੱਕੜੀ ਦਾ ਬਣਿਆ ਮੰਦਰ ਜਿਹਾ ਹੈ, ਜਿਸ ਵਿਚ ਕੌੜੇ ਤੇਲ (ਸਰ੍ਹੋਂ) ਦਾ ਦੀਵਾ ਜਗ ਰਿਹਾ ਸੀ। ਅਗਨੀ ਦੇਵਤਾ। ਕਾਹਲੀ ਕਾਹਲੀ ਚਾਰੇ ਮਾਈਏਂ ਭੁਗਤਾਏ ਗਏ ਅਖੀਰ ਵਿਚ ਚੌਂਕ ਹਟਾਉਣਾ ਸੀ। ਮਾਤਾ ਜੀ ਨੇ ਫੱਟੀ ਤੋਂ ਕਈ ਵਾਰ ਉਲਟਾ ਟੱਪ ਕੇ ਚੌਂਕ ਮਿਟਾ ਦਿੱਤਾ। ਔਰਤਾਂ ਗੀਤ ਗਾਉਂਦੀਆਂ ਰਹੀਆਂ।

***ਪਟੜੀ ਟੱਪ ਪਿਆਰੀਏ ਨੀ, ਸੱਤਾਂ ਪੁੱਤਾਂ ਦੀਏ ਮਾਏ,***
***ਪਟੜੀ ਟੱਪ ਪਿਆਰੀਏ ਨੀ, ਝੁਡੂਏ ਬਾਬੇ ਦੀ ਪੋਤੀ,***
***ਪਟੜੀ ਟੱਪ ਪਿਆਰੀਏ ਨੀ, ਸੱਤਾਂ ਖਸਮਾਂ ਦੀਏ ਰੰਨੇ।***

ਲਗਦਾ ਸੀ ਕੋਈ ਮਾਂਦਰੀ ਮੰਤਰ ਪੜ੍ਹ ਰਿਹਾ ਹੋਵੇ। ਮਾਤਾ ਜੀ ਨੇ ਵੀ ਗੱਲ ਹੱਸ ਕੇ ਟਾਲ ਦਿੱਤੀ। ਮੈਂ ਇਨ੍ਹਾਂ ਗੀਤਾਂ ਤੇ ਰਸਮਾਂ ਬਾਰੇ ਸੋਚਦਾ ਪਤਾ ਨਹੀਂ ਥੱਕਿਆ ਹਾਰਿਆ ਕਦੋਂ ਨੀਂਦ ਦੀ ਗੋਦ ਵਿਚ ਜਾ ਸੁੱਤਾ ਕਿਉਂਕਿ ਗਿਆਰਾਂ ਜੁਲਾਈ ਦਾ ਵਿਆਹ ਸੀ, ਇਸ ਲਈ ਇਕ ਦਿਨ ਪਹਿਲਾਂ ਦਸ ਤਾਰੀਕ ਨੂੰ ਸਾਰਾ ਦਿਨ ਰੌਣਕਾਂ ਰਹੀਆਂ। ਦੁਪਹਿਰ ਵੇਲੇ ਮੈਂ ਮਿੱਤਰ ਕੋਲੋਂ ਟੇਪ ਰਿਕਾਰਡ ਮੰਗ ਲਿਆਂਦੀ ਤੇ ਕੁੜੀਆਂ ਨੂੰ ਇਕੱਠਿਆਂ ਕਰਕੇ ਰਾਤ ਵਾਲਾ ਗੀਤ ਗਾਉਣ ਲਈ ਕਿਹਾ। ਉਨ੍ਹਾਂ ਨੇ ਰਾਤ ਨਾਲੋਂ ਵੀ ਵਧੇਰੇ ਚਾਅ ਨਾਲ ਗੀਤ ਛੋਹਿਆ:

***ਬੀਰਾ ਸ਼ਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ,***
***ਬੀਰਾ ਕਿੱਥੇ ਗੁਜਾਰੀ ਸਾਰੀ ਰਾਤ, ਭੈਣਾਂ ਨੂੰ ਫਿਕਰ ਪਿਆ***

ਉਨ੍ਹਾਂ ਨੇ ਗਾ ਗਾ ਕੇ ਸਾਰੀ ਕੈਸਿਟ ਭਰ ਦਿੱਤੀ ਇਥੋਂ ਹੀ ਸ਼ੁਰੂ ਹੁੰਦਾ ਹੈ ਮੇਰਾ ਗੀਤਾਂ ਨੂੰ ਇਕੱਠੇ ਕਰਨ ਦਾ ਸਫਰ।

## ਕਿਧਰ ਜਾ ਰਿਹਾ ਹੈ ਪੰਜਾਬੀ ਵਿਰਸਾ

ਕਾੜ੍ਹਨੀਆਂ ***ਅਤੇ ਮਧਾਣੀਆਂ ਤਾਂ ਹੁਣ ਬੀਤੇ ਵੇਲੇ ਦੀਆਂ ਯਾਦਾਂ ਬਣ ਕੇ ਰਹਿ ਗਈਆਂ ਨੇ ਲੱਸੀਆਂ ਅਤੇ ਦਹੀਆਂ ਵਾਲੇ ਪੰਜਾਬ ਦੇ ਮੁੰਡੇ ਹੁਣ ਫੈਨਸੀ ਡਰਿੱਲ ਅਤੇ ਕੋਰੈਕਸ ਦੀਆਂ ਸ਼ੀਸ਼ੀਆਂ ਪਿੱਛੇ ਤੁਰੇ ਹੋਏ ਹਨ। ਵੈਰ ਵਿਰੋਧ ਦੀ ਭਾਵਨਾ ਪੱਖੋਂ ਮਨੁੱਖ ਪਸ਼ੂਆਂ ਨੂੰ ਵੀ ਪਿੱਛੇ ਛੱਡ ਗਿਆ ਹੈ। ਕੋਈ ਵੇਲਾ ਸੀ ਜਦੋਂ ਘਰਾਂ ਦੇ ਲੜਾਈ ਝਗੜਿਆਂ ਨੂੰ ਪਿੰਡਾਂ ਦੀਆਂ ਸੱਥਾਂ ਅੰਦਰ ਹੀ ਬੈਠ ਕੇ ਨਿਬੇੜ ਲਿਆ ਜਾਂਦਾ ਸੀ।***

ਪੂੰਜੀ ਦਾ ਯੁੱਗ ਆਪਣੀਆਂ ਮਨੁੱਖ ਮਾਰੂ ਨੀਤੀਆਂ ਨਾਲ ਲੈਸ ਹੋ ਕੇ ਸਾਡੀਆਂ ਬਰੂਹਾਂ 'ਤੇ ਖੜ੍ਹਾ ਹੈ। ਸਮੇਂ ਦੀ ਤੋਰ ਨੂੰ ਮੁਨਾਫੇ ਦਾ ਜੁੜ ਲੱਗ ਚੁੱਕਿਆ ਹੈ। ਕੰਪਿਊਟਰ ਯੁੱਗ ਦੇ ਮਨੁੱਖ ਦੀ ਸੋਚ ਇੰਜ ਪ੍ਰਤੀਤ ਹੁੰਦੀ ਹੈ ਜਿਵੇਂ ਉਹ ਆਪਣੀ ਮਾਂ ਦੇ ਦੁੱਧ 'ਚੋਂ ਵੀ ਮੁਨਾਫਾ ਭਾਲ ਰਿਹਾ ਹੋਵੇ। ਸਾਡਾ ਰਹਿਣ-ਸਹਿਣ, ਰੀਤੀ ਰਿਵਾਜ, ਭਾਈਚਾਰਕ ਸਾਂਝਾਂ ਜਾਂ ਇੰਜ ਕਹਿ ਲਵੋ ਕਿ ਸਾਡਾ ਸੱਭਿਆਚਾਰ ਹੀ ਮੁਨਾਫੇ ਦੀ ਹਵਸ ਦਾ ਸ਼ਿਕਾਰ ਹੋ ਚੁੱਕਿਆ ਹੈ। ਖੁੱਲ੍ਹੀ ਮੰਡੀ ਦੀਆਂ ਨੀਤੀਆਂ ਨੇ ਪੰਜਾਬ ਦੀ ਆਰਥਿਕਤਾ ਦਾ ਆਧਾਰ ਸਮਝੀ ਜਾਂਦੀ ਖੇਤੀਬਾੜੀ ਨੂੰ ਹੀ ਨਹੀਂ ਮਧੋਲਿਆ ਸਗੋਂ ਮਨੁੱਖ ਦੀਆਂ ਇਖਲਾਕੀ ਕਦਰਾਂ-ਕੀਮਤਾਂ ਨੂੰ ਵੀ ਮਸਲ ਕੇ ਰੱਖ ਦਿੱਤਾ ਹੈ। ਸਾਡੇ ਸਮਾਜ ਅੰਦਰ ਚਾਰੇ ਪਾਸੇ ਅਜਿਹਾ ਚੀਕ ਚਿਹਾੜਾ ਮੱਚਿਆ ਹੋਇਆ ਹੈ, ਅਤੇ ਅਸੀਂ ਇਸ ਨੂੰ ਵਿਕਾਸ ਦਾ ਨਾਂ ਦੇ ਰਹੇ ਹਾਂ।

ਅਖੌਤੀ ਵਿਕਾਸ ਦਾ ਜਿਹੜਾ ਤਾਜ ਸਾਡੇ ਸਿਰ 'ਤੇ ਧਰ ਦਿੱਤਾ ਗਿਆ ਹੈ, ਇਸ ਨੇ ਮਨੁੱਖੀ ਰਿਸ਼ਤਿਆਂ ਸਹਿਣਸ਼ੀਲਤਾ ਅਤੇ ਸਹਿਜਤਾ ਵਰਗੀਆਂ ਬਿਰਤੀਆਂ ਦਾ ਘਾਣ ਕਰ ਦਿੱਤਾ ਹੈ। ਇਲੈਕ੍ਰਟਾਨਿਕ ਮੀਡੀਆ ਰਾਹੀਂ ਦੇਸੀ ਵਿਦੇਸ਼ੀ ਮੁਨਾਫਾਖੋਰਾਂ ਨੇ ਮਨੁੱਖ ਦੀਆਂ ਅੰਦਰੂਰਲੀ ਭਾਵਨਾਵਾਂ ਨੂੰ ਅਜਿਹਾ ਭੜਕਾਇਆ ਹੈ ਕਿ ਤਿੰਨ ਸਾਲ ਦੀ ਬੱਚੀ ਤੋਂ ਅੱਸੀ ਸਾਲ ਦੀ ਨਾਨੀ ਨਾਲ ਬਲਾਤਕਾਰਾਂ ਦੀਆਂ ਖ਼ਬਰਾਂ ਸੁਣਨੀਆਂ ਪੈ ਰਹੀਆਂ ਹਨ। ਪੁੱਤਰਾਂ ਹੱਥੋਂ ਮਾਵਾਂ ਦੇ ਕਤਲ, ਪਿਉਆਂ ਹੱਥੋਂ ਪੁੱਤਰਾਂ ਦੇ ਕਤਲ, ਡਾਕੇ ਚੋਰੀਆਂ, ਫਿਰੌਤੀਆਂ ਕਿਸੇ ਸਮਾਜ ਦੇ ਵਿਕਾਸ ਦੀ ਨਿਸ਼ਾਨੀ ਹਨ ਜਾਂ ਵਿਨਾਸ਼ ਦੀ, ਇਹ ਸੁਆਲ ਅੱਜ ਹਰ ਸੋਚਵਾਨ ਮਨੁੱਖ ਦੇ ਸਾਹਮਣੇ ਹੈ। ਇੱਕ ਅਧਿਆਪਕ ਆਪਣੇ ਸ਼ਾਗਿਰਦੀ ਰਿਸ਼ਤੇ ਦਾ ਸਰੀਰਕ ਸ਼ੋਸ਼ਣ ਕਰਨ ਤੱਕ ਚਲਿਆ ਜਾਵੇ, ਕੀ ਇਹ ਅਣਮਨੁੱਖੀ ਵਤੀਰੇ ਸਾਡੇ ਸਮਾਜ ਅਤੇ ਸੱਭਿਆਚਾਰਕ ਦਾ ਹਿੱਸਾ ਸਨ?

ਪੂੰਜੀ ਦੇ ਯੁੱਗ ਨੇ ਮਨੁੱਖੀ ਜ਼ਿੰਦਗੀ ਦੇ ਹਰ ਵਰਤਾਰੇ ਉਪਰ ਅਜਿਹਾ ਵਾਰ ਕੀਤਾ ਕਿ ਇਹ ਮੁੜ ਕੇ ਪੈਰਾਂ ਸਿਰ ਨਹੀਂ ਹੋ ਸਕੀ। ਇਹ ਪੂੰਜੀ ਦੇ ਯੁੱਗ ਦੀ ਭਿਆਨਕਤਾ ਦਾ ਹੀ ਚਮਤਕਾਰ ਹੈ ਕਿ ਕੱਲ੍ਹ ਜਿਹੜੇ ਇੱਕ ਦੂਜੇ ਦਾ ਦੁੱਖ ਨਹੀਂ ਸਹਾਰਦੇ, ਅੱਜ ਉਹੀ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋਏ ਫਿਰਦੇ ਹਨ। ਸਾਂਝੀਆਂ ਸੱਥਾਂ ਤੇ ਸਾਂਝੇ ਚੁੱਲ੍ਹੇ ਸੁਫਨੇ ਵਾਂਗ ਅਲੋਪ ਹੋ ਗਏ ਹਨ। ਕੁਦਰਤੀ ਅਸੂਲ ਮੁਤਾਬਕ ਇਹ ਠੀਕ ਹੈ ਕਿ ਪੁਰਾਣੇ ਦੀ ਥਾਂ ਨਵੇਂ ਨੇ ਆਉਣਾ ਹੀ ਆਉਣਾ ਹੈ, ਪਰ ਜੇਕਰ ਨਵੇਂ ਜ਼ਿੰਦਗੀ ਦੇ ਅਸੂਲੀ ਰੰਗ-ਢੰਗ ਹੀ ਬਦਲ ਦੇਵੇ ਤਾਂ ਇਸ ਨੂੰ ਮਹਿਜ਼ ਸਮੇਂ ਦੀ ਤਬਦੀਲੀ ਆਖ ਕੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਸਭ ਕੁਝ ਉਨ੍ਹਾਂ ਨੀਤੀਆਂ ਦੀ ਹੀ ਦੇਣ ਹੈ ਜਿਨ੍ਹਾਂ ਨੂੰ ਨਿਜੀਕਰਣ ਅਤੇ ਸੰਸਾਰੀਕਰਨ ਵਰਗੇ ਲੁਭਾਉਣੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਨਿੱਜੀਕਰਨ ਬਸਤੀਵਾਦ ਦਾ ਹੀ ਸੁਧਰਿਆ ਹੋਇਆ ਰੂਪ ਹੈ। ਇਹ ਆਪਣੇ ਮੁਨਾਫਾਖ਼ੋਰ ਮਾਲਾਂ ਪ੍ਰਤੀ ਵਫ਼ਾਦਾਰੀ ਨਿਭਾਏਗਾ ਹੀ। ਮੁਨਾਫਾਖੋਰ ਨੀਤੀਆਂ ਨੇ ਹੀ ਸਾਡੇ ਸਭਿਆਚਾਰ ਨੂੰ ਖਪਤਵਾਦ ਦੀ ਭੱਠੀ ਵਿਚ ਝੋਕਿਆ ਹੈ। ਪੱਛਮੀ ਪੌਪ ਅਤੇ ਪਹਿਰਾਵੇ ਦੀ ਨਕਲ ਕਰਦੇ ਕਰਦੇ ਅਸੀਂ ਰਵਾਇਤੀ ਢੰਗ ਨਾਲ ਜੀਣਾ ਹੀ ਭੁੱਲ ਚੁੱਕੇ ਹਾਂ। ਦਾਦੀ ਮਾਂ ਦੀ ਬੁੱਕਲ ਵਿਚ ਬੈਠ ਕੇ ਬਾਤਾਂ ਸੁਣਨ ਦੀ ਜਗ੍ਹਾ ਹੁਣ ਟੀ. ਵੀ. ਵਿਚ ਨਾਚ ਕਰਦੀਆਂ ਅਧਨੰਗੀਆਂ ਮਾਡਲ ਕੁੜੀਆਂ ਨੇ ਲੈ ਲਈ ਹੈ।

ਕਾੜ੍ਹਨੀਆਂ ਅਤੇ ਮਧਾਣੀਆ ਤਾਂ ਹੁਣ ਬੀਤੇ ਵੇਲੇ ਦੀਆਂ ਯਾਦਾਂ ਬਣ ਕੇ ਰਹਿ ਗਈਆਂ ਨੇ, ਲੱਸੀਆਂ ਅਤੇ ਦਹੀਆਂ ਵਾਲੇ ਪੰਜਾਬ ਦੇ ਮੁੰਡੇ ਹੁਣ ਫੈਨਸੀ ਡਰਿੱਲ ਅਤੇ ਕੋਰੈਕਸ ਦੀਆਂ ਸ਼ੀਸ਼ੀਆਂ ਪਿੱਛੇ ਤੁਰੇ ਹੋਏ ਹਨ। ਵੈਰ ਵਿਰੋਧ ਦੀ ਭਾਵਨਾ ਪੱਖੋਂ ਮਨੁੱਖ ਪਸ਼ੂਆਂ ਨੂੰ ਵੀ ਪਿੱਛੇ ਛੱਡ ਗਿਆ ਹੈ। ਕੋਈ ਵੇਲਾਂ ਸੀ ਜਦੋਂ ਘਰਾਂ ਦੇ ਲੜਾਈ ਝਗੜਿਆਂ ਨੂੰ ਪਿੰਡਾਂ ਦੀਆਂ ਸੱਥਾਂ ਅੰਦਰ ਹੀ ਬੈਠ ਕੇ ਨਿਬੇੜ ਲਿਆ ਜਾਂਦਾ ਸੀ। ਪਰ ਅੱਜ ਥਾਣਿਆਂ, ਕਚਹਿਰੀਆਂ ਅਤੇ ਜੇਲ੍ਹਾਂ ਵਿਚ ਤਿਲ ਸੁੱਟਣ ਲਈ ਥਾਂ ਨਹੀਂ। ਪੀਂਘਾਂ, ਕਿਕਲੀਆਂ ਅਤੇ ਤੀਆਂ ਦੇ ਦ੍ਰਿਸ਼ ਤਸਵੀਰਾਂ ਬਣ ਕੇ ਰਹਿ ਗਏ ਹਨ। ਕੁੜੀ ਦੇ ਸਰੀਰ ਨੂੰ ਕੁੱਖ ਵਿਚ ਹੀ ਕਬਰ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਪੰਜਾਬਣ ਮੁਟਿਆਰ ਨੂੰ ਦਾਜ ਅਤੇ ਸਮਾਜ ਦੀ ਸੌੜੀ ਸੋਚ ਦਾ ਪ੍ਰਛਾਵਾਂ ਮਾਰੀ ਜਾ ਰਿਹਾ ਹੈ। ਉਹ ਸ਼ਾਦੀਆਂ, ਜਿਨ੍ਹਾਂ ਦੀ ਖੁਸ਼ੀ ਮਿਥੀ ਤਾਰੀਖ ਤੋਂ ਕਾਫੀ ਸਮਾਂ ਪਹਿਲਾਂ ਸ਼ੁਰੂ ਹੋ ਜਾਂਦੀ ਸੀ ਅਤੇ ਕਾਫੀ ਸਮਾਂ ਬਾਅਦ ਤੱਕ ਰਹਿੰਦੀ ਸੀ, ਹੁਣ ਸਦਮਿਆਂ ਵਿਚ ਬਦਲ ਰਹੀਆਂ ਹਨ ਕਿਉਂਕਿ ਹੁਣ ਸ਼ਾਦੀਆਂ ਨਹੀਂ, ਸੌਦੇ ਹੋ ਰਹੇ ਹਨ।

ਪੈਸੇ ਦੀ ਦੌੜ ਵਿਚ ਲੱਗਿਆ ਮਨੁੱਖ ਜੀਵਨ ਦੇ ਅਸਲੀ ਮਨੋਰਥ ਨੂੰ ਹੀ ਭੁੱਲ ਚੁੱਕਿਆ ਹੈ। ਗਰੀਬ ਲੋਕ ਟੈਕਸ ਭਰਦੇ ਹਨ, ਅਮੀਰ ਆਪਣੀਆਂ ਤਿਜੌਰੀਆਂ ਭਰਦੇ ਹਨ (ਉਹ ਵੀ ਟੈਕਸ ਬਚਾ ਕੇ) ਮਨੁੱਖੀ ਸਮਾਜ ਅਤੇ ਜ਼ਿੰਦਗੀ ਦੇ ਵਿਕਾਸ ਲਈ ਲੋੜ ਅਮਨ ਅਮਾਨ ਦੀ ਹੈ, ਪਰ ਇੱਥੇ ਜੰਗਾਂ ਲੜਨ ਲਈ ਹਥਿਆਰ ਇਕੱਠੇ ਕੀਤੇ ਜਾ ਰਹੇ ਹਨ। ਜੰਗ ਦੀ ਭਿਆਨਕਤਾ ਨੂੰ ਦਰਸਾਉਣ ਲਈ ਹੀਰੋਸ਼ੀਮਾ ਅਤੇ ਨਾਗਾਸਾਕੀ ਦੀਆਂ ਮਿਸਾਲਾਂ ਸ਼ਾਇਦ ਹੁਣ ਪੁਰਾਣੀਆਂ ਹੋ ਗਈਆਂ ਨੇ। ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਸੰਸਾਰੀਕਰਨ ਵਿਚ ਰੁਲੀਆਂ ਪਈਆਂ ਹਨ। ਸੰਸਾਰੀਕਰਨ ਦੇ ਨਤੀਜੇ ਵਜੋਂ ਜੋ ਨਿਘਾਰ ਸਾਡੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਵਿਚ ਆਇਆ ਉਸ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਦਿਮਾਗੀ ਤੌਰ 'ਤੇ ਨਿਪੁੰਸਕ ਬਣਾ ਦਿੱਤਾ ਹੈ। ਖਪਤਕਾਰੀ ਸੱਭਿਆਚਾਰ ਨੇ ਜਿੱਥੇ ਮਨੁੱਖ ਦੀਆਂ ਕਾਮੀ ਭਾਵਨਾਵਾਂ ਨੂੰ ਭੜਕਾਇਆ ਹੈ, ਉਥੇ ਔਰਤ ਨੂੰ ਸਮਾਜ ਵਿਚ ਵਿਕਣ ਵਾਲੀ ਵਸਤੂ ਵਜੋਂ ਪੇਸ਼ ਕੀਤਾ ਹੈ।

ਚੰਦ ਟਕਿਆਂ ਦੀ ਲਾਲਸਾ ਪਿੱਛੇ ਪੰਜਾਬ ਦੇ ਮੁੰਦਰੀ ਮਾਰਕਾ ਗਾਇਕਾਂ ਅਤੇ ਗੀਤਕਾਰਾਂ ਨੇ ਪੰਜਾਬੀ ਸੱਭਿਆਚਾਰ ਨੂੰ ਅਜਿਹੀ ਡੂੰਘੀ ਖਾਈ ਵਿਚ ਸੁੱਟਿਆ ਹੈ, ਜਿਥੋਂ ਨਿਕਲਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਮਾਂ-ਬੋਲੀ ਨਾਲ ਹੇਜ਼ ਵਿਖਾਉਣ ਵਾਲਿਆਂ ਨੇ ਇਸ ਦਾ ਕੋਈ ਨੋਟਿਸ ਨਹੀਂ ਲਿਆ। ਮਾਰਕੀਟ ਵਿਚ ਕੈਸੇਟ ਕਲਚਰ ਦੀ ਅਜਿਹੀ ਕਾਫੀ ਬੋਲੀ ਹਨ੍ਹੇਰੀ ਝੁਲ ਰਹੀ ਹੈ ਕਿ ਨੌਜਵਾਨ ਵਰਗ ਦਿਸ਼ਾਹੀਣ ਹੋ ਰਿਹਾ ਹੈ। ਜਿਸ ਵਿਸ਼ੇ (ਇਸ਼ਕ) ਨੂੰ ਲੇ ਕੇ ਲਿਖਿਆ ਅਤੇ ਗਾਇਆ ਜਾ ਰਿਹਾ ਹੈ, ਕੀ ਉਹ ਇਸ਼ਕ ਹੀ ਮਨੁੱਖੀ ਜ਼ਿੰਦਗੀ ਦੀ ਇਕੋ ਇੱਕ ਸਮੱਸਿਆ ਹੈ? ਸਮਾਜ ਵਿਚ ਫੈਲ ਰਹੀਆਂ ਹੋਰ ਕੁਰੀਤੀਆਂ ਬਾਰੇ ਲਿਖਣਾ ਅਤੇ ਗਾਉਣਾ ਗਾਇਕਾਂ ਅਤੇ ਗੀਤਕਾਰਾਂ ਦਾ ਫਰਜ਼ ਨਹੀਂ? ਪ੍ਰਾਈਵੇਟ ਬੱਸਾਂ ਵਿਚ ਚੱਲਦੀਆਂ ਆਡੀਓ ਕੈਸਿਟਾਂ ਸੁਣ ਕੇ ਜਾਂ ਟੀ. ਵੀ. ਦੇਖ ਕੇ ਕਿਸੇ ਇੱਜ਼ਤਦਾਰ ਬੰਦੇ ਲਈ ਸਫ਼ਰ ਕਰਨਾ ਔਖਾ ਹੋ ਜਾਂਦਾ ਹੈ।

ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਕਰਨਾ ਤਾਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਸੁਨਹਿਰੀ ਅਸੂਲ ਰਹੇ ਹਨ। ਅਹਿਮਦ ਸ਼ਾਹ ਅਬਦਾਲੀ ਵਰਗੇ ਧਾੜਵੀਆਂ ਦੀ ਲੁੱਟ ਦਾ ਮਾਲ ਬਣੀਆਂ ਔਰਤਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਉਪਰ ਪੰਜਾਬ ਦੀ ਧਰਤੀ ਦੇ ਲੋਕ ਹੀ ਛੱਡ ਕੇ ਆਉਂਦੇ ਰਹੇ ਸਨ। ਪਰ ਹੁਣ ਸਭ ਕੁਝ ਕਿਉਂ ਬਦਲ ਗਿਆ ਹੈ? ਅਸ਼ਲੀਲ ਫਿਲਮਾਂਕਣ ਕਿੱਥੋਂ ਦਾ ਪੰਜਾਬੀ ਸੱਭਿਆਚਾਰ ਹੈ?

ਸਾਡੇ ਸੱਭਿਆਚਾਰ ਦੇ ਭਵਿੱਖ ਦਾ ਅੰਦਾਜ਼ਾ ਇਸ ਦੇ ਵਰਤਮਾਨ ਤੋਂ ਹੀ ਲੱਗ ਜਾਂਦਾ ਹੈ। ਲੇਖਕ ਵਰਗ ਨੂੰ ਪਿਛਲੱਗ ਬਣ ਕੇ ਨਹੀਂ, ਬਲਕਿ ਸਮਾਜ ਅੰਦਰ ਮੋਹਰੀ ਬਣ ਕੇ ਗੁਜ਼ਰਨਾ ਚਾਹੀਦਾ ਹੈ ਤਾਂਕਿ ਆਉਣ ਵਾਲੀਆਂ ਪੀੜ੍ਹੀਆਂ ਅਸ਼ਲੀਲਤਾ ਦੀ ਹਨੇਰੀ ਤੋਂ ਬਚ ਸਕਣ।

# ਮਾਂ ਬੋਲੀ

**ਮਾਂ ਬੋਲੀ ਸਕੂਲੋਂ ਨਹੀਂ ਸਿੱਖਣੀ ਪੈਂਦੀ। ਇਹ ਦੁੱਧ ਤੁਖ਼ਮ ਵਿਚ ਹੁੰਦੀ ਏ। ਘਰਾਂ ਵਿਚ ਪੁੰਗਰਦੀ ਏ। ਮਾਪਿਆਂ ਤੇ ਵਡਕਿਆਂ ਜੀਆਂ ਤੋਂ। ਭੈਣਾਂ ਤੇ ਭਰਾਵਾਂ ਤੋਂ। ਮਾਂ ਦੀ ਝੋਲੀਓਂ ਟੁਰ ਕੇ ਵਿਹੜਿਓਂ ਤੇ ਫੇਰ ਪੂਰੇ ਆਲ ਦਵਾਲਿਉਂ ਤਾਕਤ ਲੈ ਕੇ ਘਰ ਛਾਵਾਂ ਰੁੱਖ ਬਣਦੀ ਏ। ਇਹਦੀ ਹੋਂਦ ਬੰਦੇ ਦੀ ਹੋਂਦ ਨਾਲ ਜੁੜੀ ਏ। ਜ਼ੀਕਰ ਬੰਦੇ ਦੀ ਹੋਂਦ ਸਮਾਜੀ ਏ ਤਿਵੇਂ ਈ ਮਾਂ ਬੋਲੀ ਦੀ ਹੋਂਦ ਸਮਾਜੀ ਏ। ਦੋਵੇਂ ਇਕੱਲੀਆਂ ਅਕਹਿਰੀਆਂ ਨਹੀਂ ਹੋ ਸਕਦੀਆਂ। ਮਾਂ ਬੋਲੀ ਮੁੱਢਲੇ ਤੌਰ 'ਤੇ ਬੰਦੇ ਨੂੰ ਸ਼ੈਵਾਂ ਕੰਮਾਂ ਤੇ ਜੀਆਂ ਨਾਲ ਜੋੜਦੀ ਏ। ਇਹ ਜੁੜਣ ਈ ਬੰਦੇ ਦਾ ਜਾਨਣ ਏ। ਬੰਦੇ ਦਾ ਹੋਵਣ ਏ। ਵੇਲੇ ਦੀ ਗੱਲ ਕਰੀਏ ਤਾਂ ਬੰਦੇ ਦੀ ਹੋਂਦ ਵਿਚ ਤਿੰਨ ਵੇਲੇ ਸਮਾਏ ਹੁੰਦੇ ਨੇ। ਬੋਲੀ ਇਨ੍ਹਾਂ ਤਿੰਨਾਂ ਵੇਲਿਆਂ ਨੂੰ ਸੂਰਤ ਤੋਂ ਲੈ ਕੇ ਮਨ ਤਾਈਂ ਡੂੰਘਿਆਂ ਕਰਦੀ ਏ। ਬੰਦਾ ਤੇ ਬੋਲੀ ਜੂਹ ਦਾ ਨਿਸ਼ਾਨ ਹੁੰਦੇ ਨੇ। ਜਿਹੜਾ ਨਾਂ ਜੂਹ ਦਾ ਹੁੰਦਾ ਏ ਉਹੋ ਬੰਦੇ ਤੇ ਬੋਲੀ ਦਾ ਸਾਂਝਾ ਨਾਂ ਬਣਦਾ ਏ। ਪੰਜਾਬ ਆਖਸਾਏ ਤਾਂ ਇਹਦੇ ਵਸਨੀਕ ਪੰਜਾਬੀ ਹੁਸਨ, ਇਹਦੀ ਬੋਲੀ ਪੰਜਾਬੀ ਹੋਸੀ। ਜੂਹ ਪੰਜਾਬ ਹੋਵੇ, ਵਸਨੀਕਾਂ ਦਾ ਨਾਂ ਅਰਬੀ ਹੋਵੇ ਤੇ ਬੋਲੀ ਜਾਪਾਨੀ ਅਖਵਾਏ। ਇਹ ਕਦੇ ਨਹੀਂ ਹੋ ਸਕਦਾ।**



ਮਕਸੂਦ ਸਾਕਿਬ

ਦੁਨੀਆ ਉੱਤੇ ਬੋਲੀ ਦਾ ਮੁੱਢ ਹੋਰ ਵੀ ਪੜਚੋਲਿਆ ਜਾ ਸਕਦਾ ਹੈ। ਬੰਦਾ ਜਣੀ ਜਣਾ ਦੋਵੇਂ ਬੰਦਾ ਈ ਨੇ ਆਪਣੇ ਆਸੇ-ਪਾਸੇ ਪਸਰੀ ਕੁਦਰਤ ਨੂੰ ਵਟਾਉਣ ਦੇ ਸਿੱਟੇ ਵਿਚ ਈ ਉੱਤਮ ਜੀਅ ਹੋਇਆ ਏ। ਕੁਦਰਤ ਆਪਣੇ ਆਪ ਤਾਂ ਵਟੀਂਦੀ ਨਹੀਂ। ਬੰਦੇ ਦੇ ਆਹਰ ਈ ਇਹਨੂੰ ਵਟਾਣਾ ਹੁੰਦਾ ਏ। ਇਹ ਆਹਰ ਔਜ਼ਾਰਾਂ ਵਿਚ ਢਲਿਆ। ਹੱਥਾਂ ਦਾ ਆਹਰ ਵਟਿਆ। ਖਾਧ ਵਟੀ ਦਿਮਾਗ ਦੀ ਕਿਰਤ ਮੂੰਹੋਂ ਨਿਕਲਦੀਆਂ ਆਵਾਜ਼ਾਂ ਵਿਚ ਸੁਰ ਬੰਦ ਹੋਈ। ਜੋ ਜਾਤਾਂ ਸੁਰਾਂ ਅਲਾਵਾਂ ਵਿਚ ਸਾਂਝਾ ਹੋਇਆ। ਇਹ ਅੱਖਰਾਂ ਵਿਚ ਸੁਰਬੰਦ ਹੋਈ। ਜੋ ਜਾਤਾਂ ਸੁਰਾਂ ਅਲਾਵਾਂ ਵਿਚ ਸਾਂਝਾ ਹੋਇਆ। ਇਹ ਅੱਖਰਾਂ ਦੇ ਲਫ਼ਜ਼ਾਂ ਦੀ ਪੋਂਦ ਆਹੀ। ਰਛ ਤੇ ਲਫਜ਼ ਬੰਦੇ ਦੇ ਜੀਵਨ ਦਾ ਆਹਰ ਨੇ। ਕੁਦਰਤ ਨੂੰ ਵਟਾਉਣ ਤੇ ਵਸੇਬੇ ਨੂੰ ਉਸਾਰਨ ਵਾਲੇ। ਦੋਵੇਂ ਕੁਦਰਤ ਦੇ ਬੰਦੇ ਦੇ ਹੋਵਣ ਦੀ ਤਵਾਰੀਖ਼।

ਬੋਲੀ ਤੋਂ ਮਾਂ ਬੋਲੀ ਦੀ ਉਸਾਰੀ ਬੰਦੇ ਦੇ ਵਸੇਬ ਨਾਲ ਜੁੜੀ ਹੋਈ ਏ। ਜਦੋਂ ਬੰਦੇ ਦਾ ਆਪਣੀ ਖਾਧ ਖੁਰਾਕ ਵਿਚ ਰੁਲਣ ਮੁੱਕਿਆ। ਰਛਾਂ ਤੇ ਲਫਜ਼ਾਂ ਦੀ ਮਦਦ ਨਾਲ ਬੰਦੇ ਕੁਦਰਤੀ ਸੰਜਾਣ ਕੇ ਇਕ ਥਾਂ ਟਿਕਿਆ ਖਾਧ ਖੁਰਾਕ ਦਾ ਵਿਹਾਰ ਉਸਾਰ ਲਿਆ।

ਏਥੋਂ ਈ ਮਾਂ ਬੋਲੀ ਬੰਦੇ ਦਾ ਪੂਰਾ ਅੱਗਾ ਪਿੱਛਾ ਬਣ ਕੇ ਨਾਲ ਟੁਰੀ।

ਮਾਂ ਬੋਲੀ ਦੀ ਇਕ ਹੋਰ ਸਭ ਤੋਂ ਵੱਡੀ ਪਛਾਣ ਇਹ ਬੰਦੇ ਦੇ ਸੋਚਣ ਸਮਝਣ ਮਹਿਸੂਸ ਤੋਂ ਵੱਖ ਨਹੀਂ ਹੁੰਦੀ। ਬੰਦਾ ਜੋ ਸੋਚਦਾ, ਸਮਝਦਾ ਤੇ ਮਹਿਸੂਸਦਾ ਏ ਦੂਜੇ ਨਾਲ ਸਾਂਝਾ ਕਰਨਾ ਚਾਹਵੇ ਤਾਂ ਸਗਵਾਂ ਕਰਨ ਲੱਗ ਪਵੰਦਾ ਏ। ਉਹਨੂੰ ਲਫਜ਼ਾਂ ਦੀ ਚਿੰਤਾ ਨਹੀਂ ਸਹੇੜਨੀ ਪਵੰਦੀ। ਉਹਦਾ ਪੂਰਾ ਆਹਰ ਟਾਹਰ ਏ। ਲਫਜ਼ ਉਹਦੀ ਗੋਦ ਵਿਚ ਹੁੰਦੇ ਨੇ। ਮਾਂ ਬੋਲੀ ਦੀ ਥਾਂ ਕਦੇ ਕੋਈ ਹੋਰ ਬੋਲੀ ਨਹੀਂ ਲੈ ਸਕਦੀ। ਇਹਦਾ ਭੰਡਾਰਾ ਬੰਦੇ ਦੇ ਅੰਦਰ ਹੁੰਦਾ ਏ। ਬਾਹਰੋਂ ਧੱਕੇ ਨਾਲ ਅੰਦਰ ਨਹੀਂ ਪਾਇਆ ਹੁੰਦਾ।

ਪੜ੍ਹਨ ਲਿਖਣ ਦੀ ਜਾਂਚ ਆਮ ਹਯਾਤੀ ਤੋਂ ਉਚੇਰੇ ਮਾਮਲਿਆਂ ਨਾਲ ਨਜਿੱਠਣ ਹੁੰਦਾ ਏ। ਇਲਮਾਂ ਤੇ ਵਿਚਾਰਾਂ ਦੀ ਗੱਲ ਆ ਜਾਂਦੀ ਏ। ਪੜ੍ਹਨਾ ਲਿਖਣਾ ਮਾਂ ਬੋਲੀ ਰਾਹੀਂ ਸਭ ਤੋਂ ਸੌਖਾ ਆਹਰ ਹੁੰਦਾ ਏ। ਸਿੱਖਿਆ ਤਾਲੀਮ ਇਹਦੇ ਵਿਚ ਹੋਵੇ ਤਾਂ ਗੱਲ ਨੂੰ ਪਾਉਣ ਤੇ ਮੁੜ ਅੱਗੇ ਵਧਾਉਣ ਪਸਾਰਨ ਵੀ ਸੌਖਾ ਹੋ ਜਾਂਦਾ ਏ। ਸੋਚਾਂ ਵਿਚਾਰਾਂ ਦਾ ਇਕ ਤਾਂ ਜੀਵਨ ਨਾਲ ਸਬੰਧ ਨਹੀਂ ਟੁੱਟਦਾ। ਦੂਜਾ ਇਨ੍ਹਾਂ ਦੀ ਰਾਹ ਵਿਚ ਕਿਧਰੇ ਵਿਘਨ ਨਹੀਂ ਆਉਂਦਾ। ਮਾਂ ਬੋਲੀ ਬੰਦਾ ਹੁੰਦੀ ਏ। ਜਿੱਥੇ ਇਹਦਾ ਇਨਕਾਰ ਹੋਵੇ ਉੱਥੇ ਬੰਦੇ ਦਾ ਇਨਕਾਰ ਏ। ਬੰਦਾ ਇਕੱਲਾ ਤਾਂ ਹੋਇਆ ਨਾ। ਉਹ ਤਾਂ ਪੂਰਾ ਵਸੇਬ ਹੁੰਦਾ ਏ। ਪੂਰੀ ਵਸੋਂ ਹੁੰਦਾ ਏ। ਪੂਰੀ ਤਵਾਰੀਖ਼ ਹੁੰਦਾ ਏ। ਕੰਮਾਂ ਕਾਰਾਂ ਦੀ ਜਾਂਚ ਤੇ ਸਮਝ ਦਾ ਭੰਡਾਰ ਹੁੰਦਾ ਹੈ। ਇਸ ਕਰਕੇ ਮਾਂ ਬੋਲੀ ਦਾ ਇਨਕਾਰ ਵੀ ਨਿਰਾ ਬੰਦੇ ਦੇ ਇਨਕਾਰ ਤਾਈਂ ਨਹੀਂ ਹੁੰਦਾ। ਇਹਦਾ ਪਸਾਰ ਬਹੁੰ ਮੋਕਲਾ ਹੁੰਦਾ ਏ।

ਵਸੋਂ ਦੀ ਮਾਂ ਬੋਲੀ ਦੇ ਹੁੰਦਿਆਂ ਜੇ ਕਿਸੇ ਹੋਰ ਬੋਲੀ ਨੂੰ ਪੜ੍ਹਾਈ ਲਿਖਾਈ ਤੇ ਦਫਤਰੀ ਅਦਾਲਤੀ ਤੇ ਕਚਹਿਰੀਆਂ ਤਹਿਸੀਲਾਂ ਦੀ ਬੋਲੀ ਬਣਾਇਆ ਹੋਵੇ ਤਾਂ ਸਮਝ ਲਵੋ ਵਸੋਂ ਨਾਲ ਤਗੜਾ ਧ੍ਰੋਹ ਵਰਤਿਆ ਹੋਇਆ ਏ। ਇਹਦਾ ਸਿੱਧਾ ਸਾਹਵਾਂ ਮਤਲਬ ਏ ਲੋਕਾਈ ਦੀ ਹੋਂਦ ਨੂੰ ਨਾ ਮੰਨਣਾ। ਉਹਦੀ ਨਿਰਾਦਰੀ। ਉਹਨੂੰ ਪੜ੍ਹਨੋਂ ਲਿਖਣੋ ਆਤਰ ਰੱਖ ਕੇ ਵਗਾਰ ਕਰਾਵਣਾ। ਲੋਕਾਈ ਨਾਲ ਇਹ ਧ੍ਰੋਹ ਗੈਰ ਬਾਦਸ਼ਾਹੀਆਂ ਕਰਦੀਆਂ ਨੇ। ਉਹ ਜਿਹੜੇ ਵੇਲੇ ਆਪਣੇ ਨਿਸ਼ਾਨਿਆਂ ਦੇ ਸੂਤ ਰਾਜ ਪ੍ਰਬੰਧ ਉਸਾਰਦੀਆਂ ਨੇ ਤਾਂ ਪਹਿਲੇ ਨੰਬਰ ਉੱਤੇ ਉਹਨਾਂ ਦਾ ਸਾਰਾ ਧਿਆਨ ਆਪਣੇ ਵੱਲ ਹੁੰਦਾ ਏ। ਦੂਜੇ ਨੰਬਰ ਉੱਤੇ ਉਹ ਆਪਣੇ ਲਾਗੀਆਂ ਲਾਕੜਿਆਂ ਨੂੰ ਮੂਹਰੇ ਰੱਖਦੀਆਂ ਨੇ। ਕਿਉਂ ਜੋ ਇਹਨਾਂ ਰਾਜ ਉਸਾਰੀ ਵਿਚ ਉਹਨਾਂ ਦਾ ਬਾਂਹ ਬੇਲੀ ਬਣਨਾ ਹੁੰਦਾ ਏ। ਲੋਕਾਈ ਤੋਂ ਕਾਲੋਨੀਗੀਰ ਹਾਕਮਾਂ ਵਿਚਾਲੇ ਬੁਲਾਵੇ ਵਰਤਾਵੇ ਦਾ ਪਾਤਰ ਕਰਨਾ ਹੁੰਦਾ ਏ। ਇਹ ਵਿਚੋਲੇ ਕਲੋਨੀਗੀਰਾਂ ਦੀ ਰਕਾਬ ਥੱਲੇ ਟੁਰ ਕੇ ਵੀ ਆਏ ਹੁੰਦੇ ਨੇ ਤੇ ਕਾਲੋਨੀ ਕੀਤੇ ਇਲਾਕਿਆਂ ਦੇ ਪੁਰਾਣੇ ਸੌਖੇ ਮੇਲਾਂ ਵਿਚੋਂ ਵੀ ਲਾਭ ਪਵੰਦੇ ਨੇ। ਰਾਜ ਪ੍ਰਬੰਧ ਨੇ ਵੀ ਵਿਚੋਲੇ ਈ ਘੜਣੇ ਬਣਾਉਣੇ ਹੁੰਦੇ ਨੇ। ਇਹਨਾਂ ਦੀ ਬੋਲੀ ਇਹਨਾਂ ਦੀ ਵਿਚੋਲਗੀਰੀ ਦਾ ਨਿਸ਼ਾਨ ਹੁੰਦੀ ਏ। ਲੋਕ ਬੋਲੀ ਨਾਲ ਮਾੜੀ ਮਾੜੀ ਰਲੇਵੀਂ ਤੇ ਢੇਰ ਚੋਖੀ ਨਿਖੜਵੀਂ। ਹਾਕਮ ਬੋਲੀ ਨਾਲੋਂ ਉੱਕਾ ਵੱਖਰੀ, ਪਰ ਹਾਕਮ ਲਫਜ਼ਾਲੀ ਨੂੰ ਆਦਰਦੀ, ਫੜ ਫੜ ਅੰਦਰ ਵਾੜਦੀ ਬਨ੍ਹਾਂਦੀ ਤੇ ਲੱਖ ਲੱਖ ਸ਼ਗਨ ਕਰਦੀ।

ਨਾਹਤੇ ਧੋਤੇ ਚਿੱਟੇ ਕੱਪੜੀਏ ਕੰਮਾਂ ਕਸਬਾਂ ਨੂੰ ਵੀ ਏਸੇ ਬੋਲੀ ਨਾਲ ਜੋੜਿਆ ਜਾਂਦਾ ਹੈ। ਵਸੇਬ ਵਿਚ ਕਲੋਨੀਗੀਰਾਂ ਤੋਂ ਦੂਜੇ ਨੰਬਰ 'ਤੇ ਪੁੱਛ ਪ੍ਰਤੀਤ ਇਹਨਾਂ ਵਿਚੋਲੇ ਮੇਲਾਂ ਦੀ ਮਿੱਥੀ ਜਾਂਦੀ ਏ। ਵਿਚੋਲੀ ਬੋਲੀ ਤੇ ਵਿਚੋਲੀ ਰਹਿਤਲ ਨੂੰ ਲੋਕਾਈ ਦੇ ਸਿਰ ਮੜ੍ਹ ਕੇ ਦੱਸਿਆ ਜਾਂਦਾ ਏ। ਵਿਚੋਲੇ ਬਣਸੋ ਤਾਂ ਸੌਖੇ ਹੋ ਸਕਦੇ ਓ। ਨਹੀਂ ਤਾਂ ਬੋਲੀ ਤੇ ਮਾਂ ਬੋਲੀ ਦੀ ਰਹਿਮਤ ਨਾਲ ਜੁੜ ਕੇ ਹੱਡ ਫੇਂਹਦੇ ਰਵ੍ਹੋ।

ਲੋਕਾਈ ਦੀ ਮਾਂ ਬੋਲੀ ਨੂੰ ਨਿੰਦ ਕੇ ਵਿਚੋਲੇ ਤੇ ਹਾਕਮ ਮੇਲ ਲੋਕਾਈ ਨੂੰ ਨਿੰਦਦੇ ਨੇ। ਜਿਵੇਂ ਉਹਨਾਂ ਦਾ ਇਹ ਆਖਣ ਕਿ ਉਹਨਾਂ ਦੀ ਬੋਲੀ ਤੇ ਗਵਾਰਾਂ ਦੀ ਬੋਲੀ ਏ, ਡੰਗਰਾਂ ਤੇ ਪਸ਼ੂਆਂ ਦੀ। ਖਰ੍ਹਵੀਂ ਕੋਝੀ ਤੇ ਬੇਵਾਹਤੀ। ਅਦਬ ਅਦਾਬ ਤੋਂ ਧੁਰੋਂ ਵਾਂਝੀ। ਆਖਣ ਦੱਸਣ ਨੂੰ ਇਹ ਸਾਰੀਆਂ ਊਜਾਂ ਤੇ ਲੀਕਾਂ ਬੋਲੀ ਨੂੰ ਨੇ, ਪਰ ਨਹੀਂ ਇਹ ਸਾਰੀਆਂ ਊਜਾਂ ਤੇ ਲੀਕਾਂ ਉਸ ਵਾਹਕ ਰਾਹਕ ਕੰਮੀ ਕਾਰੇ ਜਿਨ੍ਹਾਂ ਦੀ ਕਿਰਤ ਉੱਤੇ ਵਿਚਲੇ ਮੇਲ ਪਲਦੇ ਨੇ ਤੇ ਰਾਜ ਪ੍ਰਬੰਧ ਚਲਦੇ ਨੇ।

ਵਿਚਲੀ ਦਰਬਾਰੀ ਬੋਲੀ ਤੇ ਉਤਲੀ ਸ਼ਾਹੀ ਬੋਲੀ ਦੀ ਆਪੋ ਵਿਚ ਭਿਆਲੀ ਹੁੰਦੀ ਏ। ਵਿਚੋਲਿਆਂ ਨੂੰ ਈ ਉਤਲੀ ਸ਼ਾਹੀ ਬੋਲੀ ਦੇ ਰੰਗ ਰੰਗੀਵਨ ਦਾ ਇਵਜ਼ ਮਿਲਦਾ ਏ।

ਅਜਿਹੀਆਂ ਥਾਵਾਂ ਦੇ ਆਜ਼ਾਦੀ ਘੋਲ ਵੀ ਬੜੇ ਸੰਜਾਣਵ ਤੇ ਪੜਚੋਲਣ ਜੋਗ ਹੁੰਦੇ ਨੇ। ਵਿਚੋਲੇ ਮੇਲ ਦੇ ਆਪਣੇ ਸੌ ਪੜਾਵੇ ਹੁੰਦੇ ਨੇ। ਕਾਲੋਨੀਗੀਰ ਹਾਕਮ ਮੇਲ ਦੀ ਸੇਪ ਕਰਦਿਆਂ ਵਿਚੋਲਿਆਂ ਦੀ ਆਪਣੇ 'ਮੈਂ' ਵੀ ਵਧਦੀ ਪਲਦੀ ਏ। ਲੋਕਾਈ ਨੂੰ ਇਹ ਆਪਣੀ ਰੀਤ ਸਮਝਦੇ ਨੇ। ਰਾਜ ਨਾਲ ਲੋਕਾਈ ਦੇ ਟਕਰਾਵਾਂ ਨੂੰ ਇਹਨਾਂ ਆਪਣੇ ਮੇਲ ਦੇ ਟਕਰਾਵਾਂ ਉਹਲੇ ਕੀਤਾ ਹੁੰਦਾ ਏ। ਮੁੜ ਦੇ ਇਨ੍ਹਾਂ ਟਕਰਾਵਾਂ ਨੂੰ ਈ ਧਰਮ ਤੇ ਕੌਮ ਦੇ ਨਾਂ 'ਤੇ ਲੋਕਾਈ ਸਿਰ ਮੜ੍ਹਦੇ ਨੇ। ਲੋਕਾਈ ਨੂੰ ਆਪਣੇ ਪਿੱਛੇ ਲਾਉਂਦੇ ਨੇ। ਹਾਕਮਾਂ ਦੀ ਨੇੜ ਘਿੰਨਣ ਕੀਤੇ ਆਪਸੀ ਖਾਰ ਨੂੰ ਵੀ ਧਰਮ ਕੌਮ ਦੇ ਨਾਂ ਹੇਠ ਵਰਤਦੇ ਨੇ। ਧਰਮ ਕੌਮਾਂ ਦੀ ਵੰਡ ਦੇ ਸਬੂਤ ਲਈ ਬੀਤੇ ਹੰਢੇ ਵੇਲਿਆਂ ਦੀ 'ਅਲਫ ਲੈਲਾ' ਵਿਚ ਜਾ ਅਪੜਦੇ ਨੇ। ਰਜਵਾੜੇ ਸ਼ਾਹੀ ਤੇ ਸੁਲਤਾਨ ਸ਼ਾਹੀ ਦੀਆਂ ਲਪਟਾਂ ਲੈਂਦੇ ਨੇ। ਪੁਰਾਣੇ ਹਾਕਮ ਮੇਲਾ ਨਾਲ ਕੰਡ ਜੋੜਦੇ ਨੇ। ਵਾਰ ਨੂੰ ਪਿੱਛੇ ਛੱਡ ਕੇ ਪੜਵਾਰ ਨੂੰ ਫੜ ਲਿਆਉਂਦੇ ਨੇ। ਲੋਕਾਈ ਦਾ ਕਲੋਨੀਗੀਰ ਰਾਜ ਨਾਲ ਪਾੜ ਕੇ ਟਕਰਾਅ ਲੋਕਾਂ ਦੀ ਹੰਢੀ ਵਰਤੀ ਹੁੰਦਿਆਂ ਵੀ ਧਰਮ ਕੌਮ ਦੇ ਰੌਲੇ ਵਿਚ ਗਵਾਚ ਜਾਂਦਾ ਏ। ਇਹ ਕਲੋਨੀਗੀਰ ਦੇ ਪਛੇਤ ਹੁੰਦਿਆ ਲੋਕਾਈ ਦੇ ਅਰੇਚ ਬਣ ਖਲੋਂਦੇ ਨੇ। ਆਜ਼ਾਦੀ ਦਾ ਘੋਲ ਛਿੜ ਪੈਂਦਾ ਏ। ਇਹ ਇਹਨਾਂ ਦੀ ਆਪਣੀ ਹਾਕਮੀ ਲਈ ਘੋਲ ਹੁੰਦਾ ਏ, ਪਰ ਆਖਿਆ ਇਹਨੂੰ ਲੋਕਾਈ ਤੇ ਦੇਸ਼ ਦੀ ਆਜ਼ਾਦੀ ਦਾ ਘੋਲ ਜਾਂਦਾ ਹੈ।

**_ਪੰਜਾਬੀ ਨੂੰ ਬਚਾਉਣਾ ਪੂਰਾ ਪਾਕਿਸਤਾਨ ਬਚਾਉਣਾ ਏ। ਪਾਕਿਸਤਾਨ ਦੀ ਚਹੁੰ ਸੂਬਿਆਂ ਦੀ ਲੰਮੀ ਚੌੜੀ ਤਵਾਰੀਖ ਤੇ ਰਹਿਤਲ ਵੰਨ ਸੁਵੰਨ ਨੂੰ ਬਚਾਉਣਾ ਏ। ਇਸ ਬਚਾਅ ਦੀ ਸ਼ਕਲ ਇਕੋ ਇਕ ਏ ਬਈ ਜਿੰਨੀ ਛੇਤੀ ਹੋਵੇ ਪੰਜਾਬ ਵਿਚ ਪੰਜਾਬੀ ਲਾਗੂ ਕੀਤੀ ਜਾਵੇ। ਬਾਲਾਂ ਦੀ ਮੁੱਢਲੀ ਪੜ੍ਹਾਈ ਲਿਖਾਈ ਦਾ ਵਸੀਲਾ ਤੁਰੰਤ ਪੰਜਾਬੀ ਬਣਾਇਆ ਜਾਵੇ। ਦਫਤਰੀ, ਅਦਾਲਤੀ ਮਾਮਲਿਆਂ ਵਿਚ ਇਹਦੀ ਪੜ੍ਹਤ ਲਿਖਤ ਚਾਲੂ ਕੀਤੀ ਜਾਵੇ।_**

ਧਰਮ ਤੇ ਕੌਮ ਦੇ ਪੁੱਠੇ ਵੇਰਵਿਆਂ ਨਾਲ ਲੋਕਾਈ ਨੂੰ ਆਪੋ ਵਿਚ ਭੜਾ ਕੇ, ਲੋਕਾਂ ਨੂੰ ਉਹਨਾਂ ਦੀ ਆਪਣੀ ਰੱਦ ਵਿਚ ਈ ਨਵ੍ਹਾ ਕੇ ਪਾਈਆਂ ਵੰਡੀਆਂ ਨੂੰ ਆਜ਼ਾਦੀ ਤੇ ਜਸ਼ਨੇ ਆਜ਼ਾਦੀ ਦੇ ਨਾਂ ਦੇ ਦਿੱਤੇ ਜਾਂਦੇ ਨੇ। ਕਲੋਨੀਗੀਰਾਂ ਦੀ ਗੱਡੀ ਵਿਚ ਇਨ੍ਹਾਂ ਦੀਆਂ ਦਸਤਾਰ ਬੰਦੀਆਂ ਹੋ ਜਾਂਦੀਆਂ ਨੇ। ਕਲੋਨੀਗੀਰਾਂ ਦੀ ਗੱਡੀ ਲਈ ਇਨ੍ਹਾਂ ਦੀਆਂ ਦਸਤਾਰ ਬੰਦੀਆਂ ਹੋ ਜਾਂਦੀਆਂ ਨੇ। ਕਲੋਨੀਗੀਰੀ ਆਪਣਾ ਰੂਪ ਵਟਾ ਕੇ ਨਵੀਂ ਕਲੋਨੀਗਰੀ ਬਣ ਜਾਂਦੀ ਏ। ਆਪਣੇ ਘਰ ਬਹਿ ਕੇ ਵਿਚੋਲੇ ਹਾਕਮਾਂ ਰਾਹੀਂ ਲੋਕਾਈ ਦੀ ਲੁੱਟ ਚਾਲੂ ਰੱਖਦੀ ਏ।

ਰਾਜ ਪ੍ਰਬੰਧ ਤੇ ਵਰਤ ਵਰਤਾਰਾ ਉਹੋ ਕਲੋਨੀਗੀਰੀ ਵਾਲਾ ਰਹਿੰਦਾ ਏ। ਬੋਲਿਆਂ ਦੀ ਵੰਡ ਵੀ ਸਗਵੀ ਰਹਿੰਦੀ ਏ। ਉਤਲੀ ਬੋਲੀ ਵਿਚਲੀ ਬੋਲੀ ਤੇ ਕਮੀਰੀ ਖਲਕਤ ਦੀ ਮਾਂ ਬੋਲੀ। ਵਿਚਲੀ ਬੋਲੀ ਉਤਲੀ ਬੋਲੀ ਦੀ ਵਿਚੋਲਗੀਰੀ ਨਹੀਂ ਛੱਡਦੀ। ਕਿਉਂ ਜੋ ਨਵਾਂ ਵਿਚੋਲਾ ਹਾਕਮ ਮੇਲ ਕਲਰਕੀ ਵਾਂਗ ਡੋਰ ਦੀ ਸਾਂਭ ਤੇ ਨਾਲ ਨਾਲ ਨਵੇਂ ਕਾਲੋਨੀਗੀਰੀ ਦਾ ਪੱਤੀ ਖੋਰ ਵੀ ਤਾਂ ਹੋ ਨਿਬੜਦਾ ਹੈ। ਲੋਕਾਈ ਦੀ ਲੁੱਟ ਹੋਰ ਘਨੇਰੀ ਹੋ ਵਹਿੰਦੀ ਏ। ਵਿਚੋਲੀ ਬੋਲੀ ਇਸ ਲੁੱਟ ਨੂੰ ਚਾਲੂ ਰੱਖਣ ਲਈ ਧਰਮ ਤੇ ਕੌਮ ਦਾ ਅੰਗ ਮਿੱਥੀ ਜਾਂਦੀ ਏ। ਹੁਣ ਇਹ ਕੌਮ ਤੇ ਧਰਮ ਦੀਆਂ ਛਮਕਾਂ ਫੜ ਕੇ ਪਿੜ ਵਿਚ ਲਾਕੜੀਆਂ ਹਾਰ ਗੇੜੇ ਕੱਟਦੀ ਏ। ਲੋਕਾਈ ਨੂੰ ਪੜ੍ਹਾਈ ਲਿਖਾਈ ਤੇ ਰੋਟੀ ਰੋਜ਼ੀ ਤੋਂ ਦੁਰਾਡਿਆਂ ਰੱਖਣ ਦਾ ਹੋਰ ਵੀ ਆਹਰ ਕਰਦੀ ਏ। ਆਪਣਾ ਹੰਗਾਲ ਤੇ ਜੂਠ ਲੋਕਾਂ ਨੂੰ ਵਰਤਾਂਦੀ ਏ।

ਵਿਚੋਲੀ ਬੋਲੀ ਨੂੰ ਕੌਮ ਤੇ ਧਰਮ ਦੇ ਬਚਾਅ ਦੀ ਕੁੰਜੀ ਦੱਸਦੇ ਨਹੀਂ ਥੱਕਦੀ। ਬੋਲੀ ਕੀ ਹੁੰਦੀ ਹੈ, ਉਸ ਕਰਨਾ ਕੀ ਹੁੰਦਾ ਹੈ? ਲੋਕਾਈ ਨੂੰ ਇਹਦੀ ਸਮਝ ਨਹੀਂ ਆਉਣ ਦਿੰਦੀ। ਇਹਨੂੰ ਮਾਂ ਬੋਲੀ 'ਤੇ ਐਨਾ ਡਰ ਰਹਿੰਦਾ ਏ ਜੋ ਹਰ ਵੇਲੇ ਉਹਨੂੰ ਝਪਣ ਦੇ ਆਹਰ ਲੱਗੀ ਰਹਿੰਦੀ ਏ।

ਵਿਚੋਲੇ ਅਸਲੇ ਦਾ ਨਵਾਂ ਹਾਕਮ ਮੇਲ ਇਸ ਮੌਕ ਤੇ ਧਰਮ ਦੀ ਥੰਮ ਬੋਲੀ ਨੂੰ ਨਿਵਾਜਦਾ ਨਹੀਂ ਥੱਕਦਾ, ਇਹਦੇ ਛਾਪਣ ਪ੍ਰਚਾਰਨ ਨਾਲ ਜੁੜੇ ਸੇਪੀਆਂ ਨੂੰ ਰਿਆਇਤਾਂ ਦਿੰਦਾ ਏ। ਇਹ ਲੋਕ ਮਿਹਨਤ ਦੀ ਲੁੱਟ ਦੇ ਨਾਲ ਨਾਲ ਲੋਕਾਂ ਦੇ ਬੋਝਿਆਂ ਉੱਤੇ ਪਲਦੀ ਏ। ਮਾਂ ਬੋਲੀ ਦੀ ਲਫਜਾਲੀ ਨੂੰ ਢਾਅ ਲਾਉਂਦੀ ਏ। ਸਕੂਲਾਂ ਤੇ ਪੜ੍ਹਾਈ ਲਿਖਾਈ ਦੀਆਂ ਸੱਥਾਂ ਦੇ ਨੇੜੇ ਤਾਂ ਉਹਨੂੰ ਆਉਣ ਨਹੀਂ ਦਿੰਦੀ ਪਰ ਆਪ ਧਾਈਆਂ ਕਰ ਕਰ ਕੇ ਉਹਦੇ ਉੱਤੇ ਪਾਉਂਦੀ ਏ। ਉਹਦੀ ਲਫਜਾਲੀ ਉੱਤੇ ਬੰਬਾਂ ਵਾਕਣ ਡਿੱਗਦੀ ਏ ਤੇ ਖੱਪੇ ਪਾਉਂਦੀ ਟੁਰ ਜਾਂਦੀ ਏ।

ਅਜਿਹੀ ਹੁੰਦੀ ਵਰਤਦੀ ਵਿਚ ਵੀ ਮਾਂ ਬੋਲੀ ਆਪਣੀ ਸੰਜਾਣ ਕਰਾਉਣੋਂ ਨਹੀਂ ਹਟਦੀ। ਵਿਚੋਲੀ ਬੋਲੀ ਦੇ ਲੜ ਲੱਗੇ, ਦਿਨ ਪਰ ਰਾਤ ਵਿਚੋਲੀ ਬੋਲੀ ਬੋਲਦੇ ਵਿਚੋਲਿਆਂ ਦੇ ਉਚਾਰਨ ਵਿਚੋਂ ਇੰਝ ਆਪਣਾ ਆਪ ਵਿਖਾਉਂਦੀ ਏ ਜੋ ਵਿਚੋਲੇ ਆਪ ਈ ਆਪਣੇ ਮੂੰਹੋਂ ਕੂੜੇ ਹੋ ਜਾਂਦੇ ਨੇ।

ਇਹ ਮਾਂ ਬੋਲੀ ਦੀ ਇਕ ਹੋਰ ਵੱਡੀ ਪਛਾਣ ਤੇ ਸਿਫ਼ਤ ਏ, ਇਹ ਉਚਾਰਨ ਵਿਚੋਂ ਨਹੀਂ ਜਾਂਦੀ। ਕੋਈ ਲੱਖ ਆਪਣਾ ਉਚਾਰਨ ਬਦਲ ਲਵੇ, ਆਪਣੀ ਜੀਭ ਜਿੰਨੀ ਮਰਜ਼ੀ ਮਾਂਜ ਕੂਚ ਲਵੇ, ਮਾਂ ਬੋਲੀ ਦੇ ਉਚਾਰਨ ਪੀੜ੍ਹੀਆਂ, ਤੀਕਰ ਨਿਭਦਿਆਂ ਜਾਣਾ ਹੁੰਦਾ ਏ।

**

ਪੰਜਾਬ ਸਰਕਾਰ ਪੜ੍ਹਾਈ ਲਿਖਾਈ ਦੇ ਨਾਂ ਉੱਤੇ ਪੰਜਾਬ ਦੀਆਂ ਜੜ੍ਹਾਂ ਵਿਚ ਤੇਲ ਦੇਣ ਟੁਰ ਪਈ ਏ। ਅੰਗਰੇਜ਼ਾਂ ਦੇ ਵੇਲੇ ਤੋਂ ਟੁਰੀ ਹੁੰਦੀ ਪੜ੍ਹਾਈ ਲਿਖਾਈ ਨੇ ਹੁਣ ਤੀਕਰ ਪੰਜਾਬ ਨਾਲ ਜੋ ਕੀਤੀ ਏ, ਕਿਸੇ ਤੋਂ ਲੁਕੀ ਨਹੀਂ। ਆਖਣ ਨੂੰ ਪੰਜਾਬ ਵਿਚ ਪੜ੍ਹਿਆਂ ਲਿਖਿਆਂ ਦਾ ਕਾਲ ਨਹੀਂ। ਸਿੰਧ ਤੋਂ ਮਗਰੋਂ ਖਬਰੇ ਪੂਰੇ ਪਾਕਿਸਤਾਨ ਵਿਚ ਚੋਖੇ ਪੜ੍ਹੇ ਲਿਖੇ ਪੰਜਾਬ ਵਿਚ ਈ ਲੱਭਦੇ ਨੇ। ਇਨ੍ਹਾਂ ਦੀ ਪੜ੍ਹਾਈ ਲਿਖਾਈ ਜਾਂਚਣੀ ਹੋਵੇ ਤਾਂ ਇਨ੍ਹਾਂ ਨੂੰ ਆਮ ਵਰਤਾਰੇ ਦੇ ਕੋਈ ਚਾਰ ਲਫਜ਼ ਪੰਜਾਬੀ ਦੇ ਲਿਖਾ ਕੇ ਵੇਖ ਲਵੋ ਜੇ ਲਿਖ ਜਾਵਣ ਤਾਂ ਆਖਿਆ ਜੇ। ਇੰਝ ਕੋਈ ਚਾਰ ਅੱਖਰ ਪੰਜਾਬੀ ਦੇ ਪੜ੍ਹਨ ਲਈ ਅੱਗੇ ਧਰ ਦਿਓ, ਜੇ ਇਹ ਹੱਸ ਕੇ ਨਾ ਵਲਾਣ ਤਾਂ ਸਾਡਾ ਨਾਂ ਵਟਾ ਦਿਉ ਜੇ। ਚਲੋ ਇਹ ਵੀ ਛੱਡੋ ਇਨ੍ਹਾਂ ਪੜ੍ਹਿਆਂ ਲਿਖਿਆਂ ਤੋਂ ਨਿਰਾ ਪੰਜਾਬੀ ਬਾਰੇ ਵਿਚਾਰ ਵੀ ਪੁੱਛ ਵੇਖੋ। ਸਾਰੇ ਇਹ ਆਖਣ, ਇਹਦੇ ਵਿਚ ਵੀ ਲਿਖਿਆ ਪੜ੍ਹਿਆ ਜਾ ਸਕਦਾ ਏ? ਮਤਲਬ ਪੰਜਾਬੀ ਤਾਂ ਐਨੇ ਜੋਗੀ ਹੈ ਈ ਨਹੀਂ ਜੋ ਪੜ੍ਹਾਈ ਲਿਖਾਈ ਦੇ ਕੰਮ ਆ ਸਕੇ। ਇਹ ਗੱਲ ਅਸੀਂ ਉਸ ਉਮਰ ਦੇ ਬੰਦਿਆਂ ਦੀ ਕਰਦੇ ਪਏ ਹਾਂ ਜਿਹਨਾਂ ਵੇਲੇ ਸਕੂਲਾਂ ਵਿਚ ਮਾਸਟਰ ਆਮ ਕਰਕੇ ਪੰਜਾਬੀ ਬੋਲਦੇ ਸਨ। ਜਿਹੜੀ ਵੀ ਬੋਲੀ ਪੜ੍ਹਾਉਂਦੇ ਸਨ ਤੇ ਜਿਹੜਾ ਵੀ ਸਬਕ ਦਿੰਦੇ ਸਨ, ਪੰਜਾਬੀ ਵਿਚ ਈ ਹੁੰਦਾ ਸੀ। ਉਹਨਾਂ ਵੇਲਿਆਂ ਵਿਚ ਸਕੂਲੀ ਕੁੜੀਆਂ ਮੁੰਡਿਆਂ ਦੇ ਆਪੋ ਵਿਚ ਪੰਜਾਬੀ ਬੋਲਣ ਦੀ ਕੋਈ ਮਨਾਹੀ ਨਹੀਂ ਸੀ। ਅਸੀਂ ਕੋਈ ਯੁੱਗਾਂ ਪੁਰਾਣੀ ਗੱਲ ਨਹੀਂ ਪਏ ਕਰਦੇ, ਤਿੰਨ ਚਾਰ ਦਹਾਕਿਆਂ ਦੀ ਕਹਾਣੀ ਪਏ ਦੱਸਦੇ ਆਂ। ਜਿਹੜੀ ਪੀੜ੍ਹੀ ਸਾਡੇ ਸਾਹਮਣੇ ਏ ਇਹ ਪੰਜਾਬੀ ਭਾਵੇਂ ਪੜ੍ਹ ਲਿਖ ਨਹੀਂ ਸੀ ਸਕਦੀ ਪਰ ਬੋਲਦੀ ਪੰਜਾਬੀ ਈ ਸੀ। ਪੰਜਾਬੀ ਵੀ ਐਵੇਂ ਜਿਹੀ ਨਹੀਂ ਪੱਕੀ ਪੀਡੀ ਪੰਜਾਬੀ। ਇੰਝ ਈ ਇਨ੍ਹਾਂ ਸਾਹਮਣੇ ਕੋਈ ਪੰਜਾਬੀ ਬੋਲਦਾ ਸੀ ਤੇ ਇਨ੍ਹਾਂ ਨੂੰ ਪੰਜਾਬੀ ਦੀ ਸਮਝ ਵੀ ਆਉਂਦੀ ਸੀ। ਇਸ ਪੀੜ੍ਹੀ ਦੇ ਮਾਪੇ ਘਰਾਂ ਵਿਚ ਪੰਜਾਬੀ ਬੋਲਦੇ ਸਨ ਆਪਸ ਵਿਚ ਵੀ ਤੇ ਇਨ੍ਹਾਂ ਦੇ ਨਾਲ ਵੀ।

ਮੁੜ ਇਸੇ ਪੀੜ੍ਹੀ ਆਪਣੇ ਪੁੱਤਰਾਂ ਧੀਆਂ ਨਾਲ ਹੌਲੀ ਹੌਲੀ ਕੋਈ ਹੋਰ ਬੋਲੀ ਛੋਹੀ। ਜਿਹੜੀ ਜਿਹਦੇ ਰਾਹੀਂ ਸਕੂਲਾਂ ਵਿਚ ਪੜ੍ਹਾਈ ਲਿਖਾਈ ਹੁੰਦੀ ਸੀ, ਜਿਹਦੇ ਰਾਹੀਂ ਨੌਕਰੀ ਰੁਜ਼ਗਾਰ ਜੁੜਦੇ ਸਨ। ਅੱਜ ਸ਼ਹਿਰਾਂ ਦੇ ਮਾੜੇ ਮਰੇੜੇ ਘਰਾਂ ਵਿਚ ਵੀ ਬਾਲਾਂ ਨਾਲ ਪੰਜਾਬੀ ਨਹੀਂ ਬੋਲੀ ਜਾਂਦੀ। ਮਾਪੇ ਆਪੋ ਵਿਚ ਵੀ ਜਿਹੜੀ ਪੰਜਾਬੀ ਬੋਲਦੇ ਨੇ, ਪੰਜਾਬੀ ਨਹੀਂ ਹੁੰਦੀ। ਗੁਲਾਬੀ ਪੰਜਾਬੀ ਹੁੰਦੀ ਏ। ਬਾਲਾਂ ਨਾਲ ਜਿਹੜੀ ਬੋਲੀ ਬੋਲਦੇ ਨੇ, ਉਹਨੂੰ ਬੜੇ ਆਰਾਮ ਨਾਲ ਗੁਲਾਬੀ ਉਰਦੂ ਆਖਿਆ ਜਾ ਸਕਦਾ ਏ। ਉਰਦੂ ਲਫਜ਼ਾਂ ਨੂੰ ਪੰਜਾਬੀ ਉਚਾਰਨ ਨਾਲ ਅੱਡੀਆਂ ਚੁੱਕ ਚੁੱਕ ਕੇ ਬੋਲਿਆ ਜਾਂਦਾ ਏ। ਇਹੋ ਉਰਦੂ ਬਾਲ ਸਿੱਖਦੇ ਨੇ। ਇਹੋ ਸਕੂਲਾਂ ਵਿਚ ਵਰਤਦੇ ਨੇ। ਇਹੋ ਉਹਨਾਂ ਦੇ ਉਸਤਾਦ ਤੇ ਉਸਤਾਨੀਆਂ ਉਹਨਾਂ ਨਾਲ ਬੋਲਦੇ ਨੇ। ਬਾਲਾਂ ਨੂੰ ਪੰਜਾਬੀ ਦਾ ਕੋਈ ਇਕ ਲਫਜ਼ ਵੀ ਬੋਲਣ ਨਹੀਂ ਦਿੱਤਾ ਜਾਂਦਾ। ਘਰਾਂ ਤੋਂ ਲੈ ਕੇ ਸਕੂਲਾਂ ਤੀਕਰ। ਜੇ ਕਿਧਰੇ ਬੋਲ ਬਹਿਣ ਜਾਂ ਝਾੜ ਝੰਬ ਹੁੰਦੇ ਨੇ। ਨਾਲ ਗਵਾਰ, ਅਨਪੜ੍ਹ ਤੇ ਡੰਗਰ ਹੋਵਣ ਦੇ ਮਿਹਣ ਵੀ ਦਿੱਤੇ ਜਾਂਦੇ ਨੇ।

ਏਸ ਸਾਰੇ ਵਰਤ ਵਰਤਾਰੇ ਦਾ ਸਿੱਟਾ ਇਹ ਨਿਕਲਿਆ ਏ ਕਿ ਘਰਾਂ ਦੇ ਵੱਡ ਵਡੇਰੇ ਵੀ ਪੰਜਾਬੀ ਛੱਡ ਕੇ ਉਰਦੂ ਬੋਲਣ ਦੇ ਯਤਨ ਕਰਦੇ ਦਿਸਦੇ ਨੇ। ਕੰਮਾਂ ਕਾਰਾਂ ਵਾਲੇ, ਦਿਹਾੜੀਦਾਰ, ਫੇਰਿਆਂ ਰੇੜ੍ਹਿਆਂ ਵਾਲੇ, ਹੱਟੀਆਂ ਸਟੋਰਾਂ ਤੇ ਬੇਕਰੀਆਂ ਦੇ ਕਰਿੰਦੇ ਵੀ ਮਾਂ ਬੋਲੀ ਪੰਜਾਬੀ ਵਿਚ ਗੱਲ ਕਰਨੋਂ ਭੈੜ ਪੈਂਦੇ ਨੇ।

ਇਹਦੇ ਤੋਂ ਵੱਖ ਜਿਹੜੇ ਪਾਸੇ ਧਿਆਨ ਮਾਰੋ ਰੇਡੀਓ, ਟੀ.ਵੀ., ਫਿਲਮ, ਕਿਤਾਬ, ਰਸਾਲਾ, ਅਖਬਾਰ ਵਰਗੀਆਂ ਪ੍ਰਚਾਰ ਖਿਲਾਰ ਤੇ ਮਨ ਪ੍ਰਚਾਵੇ ਦੀਆਂ ਸ਼ੈਆਂ ਦਾ ਹੜ੍ਹ ਆਇਆ ਹੋਇਆ ਏ। ਪਰ ਇਹਨਾਂ ਦੀ ਜ਼ੁਬਾਨ ਭੁੱਲ ਕੇ ਵੀ ਪੰਜਾਬੀ ਨਹੀਂ। ਦਫ਼ਤਰਾਂ, ਅਦਾਲਤਾਂ, ਕਚਹਿਰੀਆਂ, ਤਹਿਸੀਲਾਂ ਤੇ ਥਾਣਿਆਂ ਵੱਲ ਵੇਖ ਲਵੋ, ਜਿੰਨਾ ਕੰਮ ਕਾਰ ਏ ਪੰਜਾਬੀ ਵਿਚ ਨਹੀਂ। ਥਲੜੇ ਮੇਲਾਂ ਦੀ ਲੋਕਾਈ ਜਿਹੜੀ ਹਾਲੇ ਤਾਈਂ ਪੰਜਾਬੀ ਨਾਲ ਜੁੜੀ ਹੋਈ ਏ, ਆਪਣੀ ਹਰ ਗੱਲ ਪੰਜਾਬੀ ਵਿਚ ਕਰਦੀ ਏ, ਹਰ ਕੰਮ ਪੰਜਾਬੀ ਰਾਹੀਂ ਕਰਦੀ ਏ। ਉਹਦੇ ਸਿਰ ਉੱਤੇ ਪੰਜਾਬੀ ਖਿਲਾਫ਼ ਵਰਤਾਰੇ ਦੀ ਇਕ ਢੇਰ ਵੱਡੀ ਝਾਲ ਲੱਥੀ ਹੋਈ ਏ। ਪੜ੍ਹਨ ਲਿਖਣ ਦੀ ਜਾਂਚ ਹੱਥੋਂ ਆਤਰ ਇਹ ਲੋਕਾਈ ਆਪਣੀ ਬਦਕਿਸਮਤੀ ਤੇ ਮਰੇਤੜ ਦੂਜੀਆਂ ਬੋਲੀਆਂ ਵਿਚ ਨਾ ਪੜ੍ਹਿਆ ਹੋਵਣ ਖਿਆਲ ਕਰਦੀ ਏ। ਇਸ ਲੋਕਾਈ ਨੂੰ ਪੰਜਾਬੀ ਉੱਤੇ ਵਿਸ਼ਵਾਸ ਵੀ ਏ ਤਾਂ ਜੋ ਕੁਝ ਉਹਨੂੰ ਦਿਨ ਪਰ ਰਾਤ ਪੜ੍ਹਿਆਂ ਲਿਖਿਆਂ ਪਾਰੋਂ ਝਾਗਣਾ ਪਵੰਦਾ ਏ ਉਹਦੇ ਨਾਲ ਹਿਰਖ ਜਿਹੇ ਦੀ ਹਾਲਤ ਜ਼ਰੂਰ ਜੁੜੀ ਹੋਈ ਏ। ਪੰਜਾਬੀ ਦੇ ਲਫਜ਼ ਦਿਨੋ ਦਿਨ ਵਰਤੋਂ ਵਿਚੋਂ ਨਿਕਲੀ ਜਾਂਦੇ ਨੇ, ਇਹਨਾਂ ਦੀ ਥਾਂ ਜਿਹੜੇ ਲਫਜ਼ ਆਉਂਦੇ ਪਏ ਨੇ, ਉਹ ਪੰਜਾਬੀ ਦੀ ਗਰਾਮਰ ਵੀ ਮੁਕਾਈ ਜਾਂਦੇ ਨੇ। ਪੰਜਾਬੀ ਦੇ ਜਿਹੜੇ ਬਹੁਤੇ ਲਿਖਿਆਰ ਸ਼ਾਇਰ ਬਣੇ ਫਿਰਦੇ ਨੇ ਸਾਰੇ ਆਪਣੀ ਮਾੜੀ ਮੋਟੀ ਪੜ੍ਹਾਈ ਲਿਖਾਈ ਪਾਰੋਂ ਪੰਜਾਬੀ ਤੋਂ ਦੂਰ ਨੇ। ਇਸ ਕਰਕੇ ਜਿਹੜੀ ਬੋਲੀ ਲਿਖਦੇ ਨੇ ਉਹ ਪੰਜਾਬੀ ਨਹੀਂ ਗੁਲਾਬੀ ਉਰਦੂ ਹੁੰਦੀ ਏ। ਇਹ ਵਰਤਾਰਾ ਈ ਤਾਂ ਕਿਸੇ ਬੋਲੀ ਤੇ ਉਹਦੇ ਬੋਲਣ ਵਾਲੀ ਵਸੋਂ ਦਾ ਕਤਲਾਮ ਪਿਆ ਹੁੰਦਾ ਏ। ਪੰਜਾਬੀ ਨੂੰ ਮੁਕਾਇਆ ਜਾਂਦਾ ਪਿਆ ਏ। ਪੰਜਾਬੀ ਮੁੱਕਣ ਦਾ ਮਤਲਬ ਏ ਪੰਜਾਬ ਮੁੱਕਣ।

ਇਸ ਸਾਰੇ ਪੁਆੜੇ ਦੀ ਜੜ੍ਹ ਪੰਜਾਬੀ ਵਸੋਂ ਨੂੰ ਪੰਜਾਬੀ ਵਿਚ ਪੜ੍ਹਣੋਂ ਲਿਖਣੋਂ ਡੱਕਣ ਓਭੜ ਤੇ ਮਸਨੂਈ ਬੋਲੀ ਲਿਆ ਮੜ੍ਹਣ। ਪੰਜਾਬੀ ਵਾਸੀਆਂ ਲਈ ਸ਼ਰਤ ਲਾਉਣ-ਸਰਕਾਰੀ ਨੌਕਰੀ ਜਾਂ ਕੁਰਸੀ ਲੈਣੀ ਏ ਤਾਂ ਆਪਣੀ ਬੋਲੀ ਭੁੱਲ ਕੇ ਵਿਚੋਲੀ ਬੋਲੀ ਸਿੱਖੋ, ਵਿਚੋਲਿਆਂ ਦਾ ਨੇੜ ਕਮਾਓ। ਹਾਕਮਾਂ ਦੀ ਨੇੜ ਲੋੜਦੇ ਓ ਤਾਂ ਹਾਕਮ ਬੋਲੀ ਸਿੱਖ ਕੇ ਆਓ।

ਇਹ ਕਾਲਾ ਕਾਰਾ ਅੰਗਰੇਜ਼ਾਂ ਕੀਤਾ। ਉਹਨਾਂ ਦਾ ਨਿਸ਼ਾਨਾ ਪੰਜਾਬ ਨੂੰ ਦਿੱਲੀ ਵਿਚ ਕਾਇਮ ਕੀਤੇ ਆਪਣੇ ਰਾਜ ਨਾਲ ਜੋੜਨਾ ਸੀ, ਜਿਹੜੇ ਲੋਕਾਂ ਅੰਗਰੇਜ਼ਾਂ ਦੇ ਇਸ ਅਨਿਆਂ ਥੱਲੇ ਆਪਣੀ ਬੋਲੀ ਛੱਡ ਦਿੱਤੀ ਉਹਨਾਂ ਨੂੰ ਨੌਕਰੀਆਂ ਤੇ ਕੁਰਸੀਆਂ ਥੱਲੜੇ ਦਰਜੇ ਦੀ ਹਾਕਮੀ ਦਾ ਨਿਸ਼ਾਨਾ ਸਨ। ਵਪਾਰਾਂ ਤੇ ਜ਼ਮੀਨਾਂ ਸਿਰ ਹਾਕਮਾਂ ਦੀ ਲਾਗ ਤਾਂ ਪੁਰਾਣੀ ਟੁਰੀ ਆਉਂਦੀ ਸੀ। ਨੌਕਰੀਆਂ ਤੇ ਕੁਰਸੀਆਂ ਦਾ ਹੜ੍ਹ ਸੱਜਰਾ ਆਇਆ।

ਮਾਂ ਬੋਲੀ ਛੱਡਣ ਤੇ ਲਾਭ ਬੋਲੀ ਫੜਨ ਨਾਲ ਬੰਦਾ ਉਹ ਤਾਂ ਰਹਿੰਦਾ ਈ ਨਹੀਂ ਜਿਹਾ ਕੁਦਰਤੀ ਬਣਾਇਆ ਹੁੰਦਾ ਏ। ਸਾਂਝੀ ਕੁਦਰਤੀ ਹੋਂਦ ਨੂੰ ਛੱਡ ਕੇ ਜਿਹੜਾ ਵਿਹਾਰ ਨੂੰ ਜਾ ਚਿੰਬੜੇ ਉਹ ਤਾਂ ਫਿਰ ਵਿਹਾਰੂ ਈ ਹੋ ਨਿਬੜਦਾ ਏ। ਨਿੱਜੀ ਲਾਭ ਪਿਆਰਾ। ਉਹਦੇ ਵਿਤਕਰੇ ਤਾਂ ਬਣਨੇ ਨੇ, ਧਰਮ, ਕੌਮ, ਰੰਗ, ਨਸਲ ਤੇ ਬੋਲੀ ਦੇ। ਇਹਨਾਂ ਵਿਤਕਰਿਆਂ ਉਹਲੇ ਲਾਭ ਤੇ ਹਿੱਤ ਹੁੰਦੇ ਨੇ। ਸਾਰਿਆਂ ਵਿਚ ਇਕ ਸਿੱਕ ਹੁੰਦੀ ਏ ਆਪ ਈ ਆਪ ਹੋਵਣ ਦੀ, ਦੂਜਾ ਵੇਖ ਨਾ ਸੁਖਾਉਣ ਦੀ। ਹਰ ਸ਼ੈਅ ਉੱਤੇ ਉਹਦੀ ਮਲ ਹੋਵੇ। ਸਾਂਝ ਨਾਲ ਉਹਦਾ ਸ਼ਰੀਕਾ ਲੱਗ ਜਾਂਦੇ ਏ।

ਵਿਹਾਰੂ ਬੰਦੇ ਨੂੰ ਕੁਦਰਤ ਦੀ ਬਖਸ਼ੀ ਕੋਈ ਸ਼ੈਅ ਇਸ ਲਈ ਵਾਰਾ ਨਹੀਂ ਖਾਂਦੀ ਕਿਉਂ ਜੋ ਉਹਦੇ ਵਿਚ ਸਾਂਝ ਹੁੰਦੀ ਏ। ਇਸ ਕਰਕੇ ਉਹ ਆਪਣੀ ਸਾਂਝੀ ਕੁਦਰਤੀ ਉਸਾਰੀ ਦਾ ਇਨਕਾਰੀ ਹੁੰਦੀ ਏ। ਮਨ ਮਾਲਕੀ ਦੇ ਵਿਹਾਰ ਨਾਲ ਗਿੜ ਕੇ ਉਹ ਕੁਦਰਤ ਸਾਹਵੇਂ ਝੂਠੇ ਪੈਂਤੜੇ ਉਸਾਰਦਾ ਏ ਤੇ ਲੋਕਾਈ ਦੀਆਂ ਕੁਦਰਤੀ ਸਾਂਝਾਂ ਨੂੰ ਮਧੋਲਦਾ ਏ।

ਸਾਡੇ ਇੱਥੇ ਇਹੋ ਹੋਇਆ ਹੈ। ਵਿਹਾਰੂ ਧਿਰ ਕੁਦਰਤ ਨਾਲ ਵੈਰ ਲਾਈ ਖਲ੍ਹੀ ਏ।

ਪੰਜਾਬੀ ਕੁਦਰਤੀ ਹੋਂਦ ਦੀ ਬੋਲੀ ਏ। ਪੂਰੇ ਪੰਜਾਬ ਵਿਚ ਜਿੰਨੀ ਵੀ ਬੋਲੀ ਵੰਨ ਸੁਵੰਨੀ ਏ ਉਹਦੀ ਸਾਂਝ ਦਾ ਨਾਂ ਪੰਜਾਬੀ ਏ, ਫਿਰ ਇਹ ਨਿਰੀ ਪੰਜਾਬ ਤਾਈਂ ਈ ਸੌੜੀ ਨਹੀਂ ਇਹਦੀਆਂ ਸਾਂਝਾਂ ਪਾਕਿਸਤਾਨ ਦੇ ਹੋਰ ਤਿੰਨ ਸੂਬਿਆਂ ਨਾਲ ਵੀ ਘਣੀਆਂ ਤੇ ਡੂੰਘੀਆਂ ਨੇ। ਏਸ ਸਾਂਗੇ ਇਹ ਪੂਰਾ ਪਾਕਿਸਤਾਨ ਏ। ਇਹਦੇ ਵਡੱਕਿਆਂ ਪਾਰੋਂ ਈ ਇੱਥੇ ਰੱਬੀ ਵਹਿਦਤ ਦਾ ਜਲਵਾ ਹੋਇਆ ਏ।

ਪੰਜਾਬੀ ਨੂੰ ਬਚਾਉਣਾ ਪੂਰਾ ਪਾਕਿਸਤਾਨ ਬਚਾਉਣਾ ਏ। ਪਾਕਿਸਤਾਨ ਦੀ ਚਹੁੰ ਸੂਬਿਆਂ ਦੀ ਲੰਮੀ ਚੌੜੀ ਤਵਾਰੀਖ ਤੇ ਰਹਿਤਲ ਵੰਨ ਸੁਵੰਨ ਨੂੰ ਬਚਾਉਣਾ ਏ। ਇਸ ਬਚਾਅ ਦੀ ਸ਼ਕਲ ਇਕੋ ਇਕ ਏ ਬਈ ਜਿੰਨੀ ਛੇਤੀ ਹੋਵੇ ਪੰਜਾਬ ਵਿਚ ਪੰਜਾਬੀ ਲਾਗੂ ਕੀਤੀ ਜਾਵੇ। ਬਾਲਾਂ ਦੀ ਮੁੱਢਲੀ ਪੜ੍ਹਾਈ ਲਿਖਾਈ ਦਾ ਵਸੀਲਾ ਤੁਰੰਤ ਪੰਜਾਬੀ ਬਣਾਇਆ ਜਾਵੇ। ਦਫਤਰੀ, ਅਦਾਲਤੀ ਮਾਮਲਿਆਂ ਵਿਚ ਇਹਦੀ ਪੜ੍ਹਤ ਲਿਖਤ ਚਾਲੂ ਕੀਤੀ ਜਾਵੇ। ਸੂਬਾ ਪੱਧਰ 'ਤੇ ਸਰਕਾਰੀ ਅਹਿਲਕਾਰਾਂ ਤੇ ਅਫਸਰਾਂ ਨੂੰ ਪੰਜਾਬੀ ਪੜ੍ਹਨ ਲਿਖਣ ਦੀ ਜਾਂਚ ਸਿਖਾਈ ਜਾਵੇ। ਉਹਨਾਂ ਦੇ ਪੰਜਾਬੀ ਵਿਚ ਇਮਤਿਹਾਨ ਲਏ ਜਾਣ ਤੇ ਲੋਕਾਈ ਨੂੰ ਖੁੱਲ੍ਹ ਦਿੱਤੀ ਜਾਵੇ ਕਿ ਦਫਤਰੀ ਮਾਮਲਿਆਂ ਵਿਚ ਪੰਜਾਬੀ ਰਾਹੀਂ ਆਪਣੀ ਸੁਣਾਨ।

ਪੰਜਾਬ ਨਿਰਾ ਪੰਜਾਬੀ ਰਾਹੀਂ ਈ ਪੜ੍ਹਿਆ ਲਿਖਿਆ ਹੋ ਸਕਦਾ ਏ। ਪੰਜਾਬੀ ਬਿਨਾ ਪੜ੍ਹਿਆ ਲਿਖਿਆ ਪੰਜਾਬ, ਪੰਜਾਬੀ ਤੇ ਪੰਜਾਬ ਦੋਵਾਂ ਦੀ ਮੌਤ ਹੋਸੀ।

# ਬੱਚਿਆਂ ਲਈ ਕਹਾਣੀਆਂ ਤੇ ਸਾਹਿਤ

– ਡਾ. ਹਰਸ਼ਿੰਦਰ ਕੌਰ



ਬੱਚੇ ਕਿਹੋ ਜਿਹਾ ਸਾਹਿਤ ਮੰਗਦੇ ਹਨ ? ਛੇ ਹਫ਼ਤਿਆਂ ਦੇ ਬੱਚੇ ਦਾ ਦਿਮਾਗ਼ ਕਿਹੋ ਜਿਹੀ ਕਹਾਣੀ ਸੁਣਨੀ ਚਾਹੁੰਦਾ ਹੈ ? ਨੌਂ ਮਹੀਨੇ ਦੇ ਬੱਚੇ ਨੂੰ ਕਿਹੜੀ ਕਹਾਣੀ ਸੁਆਦਲੀ ਲੱਗਦੀ ਹੈ ਤੇ ਉਸ ਦਾ ਦਿਮਾਗ਼ ਕਿਹੜੇ ਲਫਜ਼ਾਂ ਨੂੰ ਸੌਖੇ ਤਰੀਕੇ ਨਾਲ ਆਪਣੇ ਅੰਦਰ ਵਸਾ ਸਕਦਾ ਹੈ ? ਏਸੇ ਹੀ ਤਰ੍ਹਾਂ ਤਿੰਨ ਵਰ੍ਹਿਆਂ ਦੇ ਬੱਚੇ ਦੇ ਵਿਕਾਸਸ਼ੀਲ ਦਿਮਾਗ਼ ਦੀ ਤੁਲਨਾ ਚੌਦਾਂ ਸਾਲ ਦੇ ਬੱਚੇ ਦੇ ਵਿਕਸਿਤ ਦਿਮਾਗ਼ ਨਾਲ ਕੀਤੀ ਹੀ ਨਹੀਂ ਜਾ ਸਕਦੀ ! ਭਰੂਣ ਵੀ ਕਹਾਣੀ ਸੁਣਨੀ ਪਸੰਦ ਕਰਦੇ ਹਨ ਪਰ ਇਹ ਕਹਾਣੀ ਮਾਂ ਹੀ ਵਧੀਆ ਘੜ੍ਹ ਸਕਦੀ ਹੈ ਤੇ ਉਹ ਹੀ ਸੁਆਦਲੇ ਢੰਗ ਨਾਲ ਉਸਨੂੰ ਸੁਣਾ ਵੀ ਸਕਦੀ ਹੈ। ਇਹ ਪੱਕੀ ਗੱਲ ਹੈ ਕਿ ਭਰੂਣ ਨੂੰ ਭੂਤ ਪ੍ਰੇਤਾਂ ਦੀਆਂ ਕਹਾਣੀਆਂ ਜਾਂ ਰਾਮ ਸ਼ਾਮ ਦੀਆਂ ਕਹਾਣੀਆਂ ਬਿਲਕੁਲ ਨਹੀਂ ਭਾਉਂਦੀਆਂ ।

ਜੇ ਇਸ ਬਾਰੇ ਡੂੰਘਿਆਈ ਨਾਲ ਸੋਚਿਆ ਜਾਵੇ ਤਾਂ ਪਤਾ ਲੱਗੇਗਾ ਕਿ ਪੰਜਾਬੀ ਬਾਲ ਸਾਹਿਤ ਬਹੁਤ ਪੱਛੜਿਆ ਪਿਆ ਹੈ ਕਿਉਂਕਿ ਭਰੂਣ ਲਈ ਤਾਂ ਕਿਸੇ ਨੇ ਕਹਾਣੀ ਘੜੀ ਹੀ ਨਹੀਂ ਤੇ ਨਾ ਹੀ ਨਵਜੰਮੇਂ ਜਾਂ ਦੋ ਮਹੀਨੇ ਦੇ ਬੱਚੇ ਲਈ । ਜਦੋਂ ਮਾਂ ਅਰਾਮ ਕਰਨ ਲਈ ਲੇਟਦੀ ਹੈ ਤਾਂ ਭਰੂਣ ਹਿਲਜੁਲ ਕਰਕੇ ਆਪਣਾ ਅਹਿਸਾਸ ਕਰਵਾਉਂਦਾ ਹੈ। ਜੇ ਉਸ ਵਕਤ ਵਾਪਸ ਹੱਥ ਰੱਖ ਕੇ ਉਸਨੂੰ ਸਹਿਲਾਇਆ ਜਾਏ ਤਾਂ ਉਹ ਜ਼ੋਰ ਜ਼ੋਰ ਦੀ ਹਿਲਦਾ ਹੈ ਕਿ ਮੈਨੂੰ ਤੁਹਾਡਾ ਪਿਆਰ ਭਰਿਆ ਸੁਨੇਹਾ ਮਿਲ ਗਿਆ ਹੈ। ਇਸ ਮੌਕੇ ਸੰਗੀਤ ਦੀਆਂ ਧੁਨਾਂ ਨੂੰ ਬੱਚਾ ਬਹੁਤ ਧਿਆਨ ਨਾਲ ਸੁਣਦਾ ਹੈ । ਮੱਧਮ ਤੇ ਸੁਖਾਵਾਂ ਸੰਗੀਤ ਉਸਨੂੰ ਭਾਉਂਦਾ ਹੈ ਤੇ ਉਸਦੀ ਮਾਨਸਿਕਤਾ 'ਤੇ ਵਧੀਆ ਅਸਰ ਪਾਉਂਦਾ ਹੈ । ਇਸ ਵਕਤ ਜੇ ਉਸਨੂੰ ਉਸਦਾ ਪਿਉ ਮੂੰਹ ਨੇੜੇ ਕਰਕੇ ਕਹਾਣੀ ਸੁਣਾਉਣਾ ਚਾਹੇ ਤਾਂ ਉਹ ਕਾਫੀ ਖੁਸ਼ ਹੁੰਦਾ ਹੈ। ਇਹ ਕਹਾਣੀ ਬਹੁਤ ਛੋਟੀ ਤੇ ਇਕ ਇਕ ਅੱਖਰ ਹੌਲੀ ਹੌਲੀ ਪਿਆਰ ਨਾਲ ਬੋਲ ਕੇ ਦੁਹਰਾਉਣੀ ਹੁੰਦੀ ਹੈ । ਇਸ ਵਿਚ ਭਰੂਣ ਦਾ ਫਰਜ਼ੀ ਨਾਂ ਲੈਣਾ ਜ਼ਰੂਰੀ ਹੁੰਦਾ ਹੈ ਜਿਸ ਨਾਲ ਉਸਨੂੰ ਸੰਬੋਧਨ ਕਰਨਾ ਹੋਵੇ । ਜਿਵੇਂ "ਸੋਨੂੰ, ਕੀ ਹਾਲ ਹੈ? ਪਾਪਾ ਬੋਲਦੇ ਨੇ । ਅੱਜ ਬਜ਼ਾਰ ਗਏ । ਤੇਰੇ ਲਈ ਬੂਟ ਲਏ ।" ਦੁਬਾਰਾ ਫਿਰ ਇਹੀ ਦੁਹਰਾਉਣਾ । ਜਦੋਂ ਭਰੂਣ ਜਵਾਬੀ ਹੁੰਗਾਰੇ ਵਿਚ ਘਸੁੰਨ ਮਾਰ ਦੇਵੇ ਤਾਂ ਕਹਾਣੀ ਅੱਗੇ ਤੋਰੀ ਜਾ ਸਕਦੀ ਹੈ, "ਓ ਸੋਨੂੰ ਇਹ ਬੂਟ ਪਾਏਗਾ ?" ਨਾਲ ਨਾਲ ਚੁੰਮਣ ਦੀ ਅਵਾਜ਼ ਕੱਢਣੀ ਤੇ ਉਸਨੂੰ ਸਹਿਲਾਉਣਾ ਵੀ ਜ਼ਰੂਰੀ ਹੈ । ਗੌਰ ਵਾਲੀ ਗੱਲ ਇਹ ਹੈ ਕਿ ਦੋ ਸ਼ਬਦ ਹੀ ਵਾਰ ਵਾਰ ਦੁਹਰਾਏ ਗਏ । 'ਸੋਨੂੰ' ਤੇ 'ਬੂਟ' ।

ਅਗਲੇ ਦਿਨ ਕਿਸੇ ਹੋਰ ਚੀਜ਼ ,ਜਿਵੇਂ ਕਮੀਜ਼ ਜਾਂ ਸਵੈਟਰ ਦੀ ਗੱਲ ਛੇੜ ਲਈ ਪਰ ਨਾਂ 'ਸੋਨੂੰ' ਜਾਂ ਕੋਈ ਵੀ ਹੋਰ ਫਰਜ਼ੀ ਨਾਂ ਉਹੀ ਰਹਿੰਦਾ ਹੈ । ਹੁਣ ਗੱਲ ਕਰੀਏ ਨਵਜੰਮੇਂ ਬੱਚੇ ਦੀ । ਉਹ ਆਪਣੀ ਹਰ ਗੱਲ ਅਲੱਗ ਅਲੱਗ ਕਿਸਮ ਦੇ ਰੋਣ ਨਾਲ ਸਮਝਾਉਂਦਾ ਹੈ ਤੇ ਉਸਦਾ ਹੁੰਗਾਰਾ ਉਸੇ ਅਵਾਜ਼ ਨੂੰ ਬਿਹਤਰ ਹੁੰਦਾ ਹੈ ਜਿਹੜਾ ਉਹ ਜਨਮ ਤੋਂ ਪਹਿਲਾਂ ਤੋਂ ਸੁਣ ਰਿਹਾ ਹੁੰਦਾ ਹੈ। ਮਸਲਨ ਹੁਣ ਉਹ ਕਹਾਣੀ ਕੁਝ ਇਸ ਤਰ੍ਹਾਂ ਦੀ ਸੁਣਨਾ ਚਾਹੁੰਦਾ ਹੈ 'ਸੋਨੂੰ'ਐਹ ਮਾਮਾ ,ਐਹ ਪਾਪਾ ,। ਐਹ ਤੇਰੇ ਬੂਟ। ਸੋਨੂੰ ਨੇ ਨਵੇਂ ਬੂਟ ਪਾਏ। ਹੁਣ ਸੋਨੂੰ ਸੋਹਣਾ ਹੋ ਗਿਆ ।"

ਕਹਾਣੀ ਸੁਣਾਉਣ ਦੇ ਨਾਲ ਅਵਾਜ਼ ਵਿਚ ਪਿਆਰ ਝਲਕਣਾ ਜ਼ਰੂਰੀ ਹੁੰਦਾ ਹੈ । ਇਹ ਦਰਅਸਲ ਜਾਣ ਪਛਾਂਣ ਦਾ ਦੌਰ ਹੁੰਦਾ ਹੈ ਜਿਸ ਵਿਚ ਬੱਚੇ ਦਾ ਦਾਇਰਾ ਆਪਣਿਆਂ ਤਕ ਸੀਮਤ ਹੁੰਦਾ ਹੈ ਤੇ ਉਹ ਕਹਾਣੀ ਵਿਚ ਜਾਣੇ ਪਛਾਣੇ ਲਫ਼ਜ਼ ਸੁਣ ਕੇ ਰੋਂਦਾ ਹੋਇਆ ਵੀ ਚੁੱਪ ਕਰ ਜਾਂਦਾ ਹੈ।

ਮਾਹਰ ਦਸਦੇ ਹਨ ਕਿ ਡੇਢ ਮਹੀਨੇ ਦੇ ਬੱਚੇ ਨੂੰ ਕਿਤਾਬ ਵਿਚੋਂ ਪੜ੍ਹਕੇ ਕਹਾਣੀ ਸੁਣਾਈ ਜਾ ਸਕਦੀ ਹੈ ।ਕਿਤਾਬ ਨਾਲ ਬੱਚੇ ਦੀ ਇਹ ਪਹਿਲੀ ਮੁਲਾਕਾਤ ਹੁੰਦੀ ਹੈ। ਬੱਚੇ ਬਹੁਤ ਸਾਰੀਆਂ ਗੱਲਾਂ ਸੁਣਨੀਆਂ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਬਣਦਾ ਹੋਇਆ ਦਿਮਾਗ਼ ਨਵੇਂ ਸ਼ਬਦ ਸਮੇਟਣਾ ਸ਼ੁਰੂ ਕਰਦਾ ਹੈ ਤਾਂ ਜੋ ਅੱਗੇ ਜਾਂ ਕੇ ਇਨ੍ਹਾਂ ਸ਼ਬਦਾ ਨਾਲ ਦੇਖੀ ਹੋਈ ਚੀਜ਼ ਦੀ ਸਾਂਝ ਬਣਾ ਸਕੇ ।ਅਸਲ ਵਿਚ ਸ਼ਬਦਾਂ ਦਾ ਤਾਂ ਬੱਚੇ ਨੂੰ ਮਤਲਬ ਪਤਾ ਹੀ ਨਹੀਂ ਹੁੰਦਾ । ਉਹ ਤਾਂ ਸਿਰਫ਼ ਮਾਂ ਜਾਂ ਪਿਉ ਦੇ ਪਿਆਰ ਨਾਲ ਬੋਲਣ ਦੇ ਅੰਦਾਜ਼ 'ਤੇ ਹੀ ਫ਼ਿਦਾ ਹੋ ਜਾਂਦਾ ਹੈ ਤੇ ਸਦੀਵੀ ਸਾਂਝ ਗੰਢ ਲੈਂਦਾ ਹੈ।

ਤਿੰਨ ਮਹੀਨੇ ਦਾ ਬੱਚਾ ਤਾਂ ਮਾਂ ਜਾਂ ਪਿਉ ਦੀ ਅਵਾਜ਼ ਸੁਣ ਕੇ ਉਧਰ ਮੂੰਹ ਵੀ ਘੁਮਾਉਂਦਾ ਹੈ ਤੇ ਹਲਕੀ ਮੁਸਕਰਾਹਟ ਵੀ ਬਿਖੇਰਦਾ ਹੈ। ਇਸ ਉਮਰ 'ਤੇ ਉਹ ਕਹਾਣੀ ਦਾ ਹੁੰਗਾਰਾ ਵੀ ਆਪਣੀ ਪਿਆਰੀ 'ਊ ਊ' ਨਾਲ ਕਰਦਾ ਹੈ । ਇਸ ਊਮਰ ਦੀ ਕਹਾਣੀ ਕੁਝ ਇਸ ਤਰ੍ਹਾਂ ਦੀ ਹੋ ਸਕਦੀ ਹੈ-"ਇਕ ਮਗਰਮੱਛ ਸੀ। ਇਕ ਬਾਂਦਰ ਤੋਂ ਉਸਨੇ ਜਾਮਣ ਮੰਗੇ । ਮਗਰਮੱਛ ਜਾਮਣ ਖਾ ਕੇ ਘੁੰਮਣ ਚਲਾ ਗਿਆ ।" ਇਸ ਕਹਾਣੀ ਵਿਚ ਮਾਂ ਵੱਲੋਂ ਅੱਖਾਂ ਘੁਮਾਉਣੀਆਂ ,ਮੂੰਹ ਵੱਡਾ ਛੋਟਾ ਜਾਂ ਗੋਲ ਖੋਲ੍ਹਣਾ ਤੇ ਰੱਜ ਕੇ ਮੁਸਕਰਾਉਣਾ ਜ਼ਰੂਰੀ ਹੈ ਕਿਉਂਕਿ ਬੱਚੇ ਨੂੰ ਮਗਰਮੱਛ ਜਾਂ ਬਾਂਦਰ ਦੀ ਉੱਕਾ ਸਮਝ ਨਹੀਂ ਹੁੰਦੀ । ਇਸ ਉਮਰ ਵਿਚ ਜੇ ਬੱਚਾ ਹੀ ਕਹਾਣੀ ਸੁਣਨਾ ਚਾਹੇ ਤਾਂ ਆਪਣੀ 'ਊ ਊ' ਕਰਕੇ ਬੁਲਾਉਂਦਾ ਹੈ ।ਜੇ ਤਾਂ ਮਾਪੇ ਟੀ.ਵੀ. ਜਾਂ ਅਖਬਾਰ ਵਿਚ ਮਗਨ ਹਨ ਤੇ ਉਸਦੀ 'ਊ ਊ' ਨਹੀਂ ਸੁਣਦੇ ਤਾਂ ਬੱਚਾ ਆਪੇ ਹੀ ਚੁੱਪ ਹੋ ਜਾਂਦਾ ਹੈ ਜਾਂ ਰੋਣਾ ਸ਼ੁਰੂ ਕਰ ਦਿੰਦਾ ਹੈ । ਕਈ ਵਾਰ ਬੱਚਾ ਆਪਣੀ ਸਾਂਝ ਹੀ ਮਾਪਿਆਂ ਨਾਲ ਘਟਾ ਦਿੰਦਾ ਹੈ।

ਜੇ ਮਾਪੇ 'ਊ ਊ'ਦਾ ਜਵਾਬੀ ਹੁੰਗਾਰਾ 'ਉ ਊ' ਜਾਂ 'ਤੂ ਰੂ' ਆਦਿ ਕਹਿ ਕੇ ਹੀ ਸਾਰ ਦੇਣ ਤਾਂ ਬੱਚਾ ਸਮਝ ਲੈਂਦਾ ਹੈ ਕਿ ਮਾਪੇ ਵੀ ਮੇਰੇ ਵਾਂਗ ਗੁੰਗੇ ਹੀ ਹਨ ,ਅੱਗੋਂ ਗੱਲ ਕਰਨ ਦਾ ਕੋਈ ਫਾਇਦਾ ਨਹੀਂ । ਜੇ ਮਾਪੇ ਇਹ ਸੁਨੇਹਾ ਸਮਝ ਕੇ ਕਹਾਣੀ ਸੁਣਾਉਣ ਲਗ ਪੈਣ ਤਾਂ ਬੱਚਾ ਜ਼ਿਆਦਾ ਸ਼ਬਦ ਸੁਣਨ ਨਾਲ ਲਾਇਕ ਬਣਨਾ ਸ਼ੁਰੂ ਹੋ ਜਾਂਦਾ ਹੈ।

ਚਾਰ ਤੋਂ ਛੇ ਮਹੀਨੇ ਦੇ ਬੱਚੇ ਦੀ ਕਹਾਣੀ ਵਿਚ ਅਵਾਜ਼ਾਂ ਹੋਣੀਆਂ ਬਹੁਤ ਜ਼ਰੂਰੀ ਹਨ ਤੇ ਇਸ਼ਾਰੇ ਵੀ । ਕਿਉਕਿ ਬੱਚਾ 'ਬਾ' 'ਮਾਂ' ਅੱਖਰ ਆਪ ਵੀ ਬੋਲਣ ਦੀ ਕੋਸ਼ਿਸ਼ ਕਰਦਾ ਹੈ ਇਸੇ ਲਈ ਕਹਾਣੀ ਵਿਚਲੇ ਬਹੁਤੇ ਅੱਖਰ ਇਨ੍ਹਾਂ ਅੱਖਰਾਂ ਤੋਂ ਸ਼ੁਰੂ ਹੋਣੇ ਚਾਹੀਦੇ ਹਨ । ਕਹਾਣੀ ਕੁਝ ਇਸ ਤਰ੍ਹਾਂ ਹੋ ਸਕਦੀ ਹੈ , " ਬਿੱਲੀ ਬੋਲੀ ਮਿਆਊਂ । ਮੰਮੀ ਵੀ ਬੋਲੀ ਮਿਆਊਂ । ਬੱਕਰੀ ਬੋਲੀ ਮੇਂ ਮੇਂ ।" ਗਾਣਾ ਸੁਣਨ ਨੂੰ ਵੀ ਬੱਚਾ ਤਰਜੀਹ ਦਿੰਦਾ ਹੈ ਤੇ ਮਾਂ ਵੱਲੋਂ ਸੁਣਾਇਆ ਗਾਣਾ ਜਾਂ ਲੋਰੀ ਵੀ ਖੁਸ਼ ਹੋ ਕੇ ਸੁਣਦਾ ਹੈ ਤੇ ਗਾਣੇ ਵਿਚ ਵੀ ਆਪਣੀ ਕੂ ਕੂ ਨਾਲ ਰਸ ਭਰ ਦਿੰਦਾ ਹੈ।

ਸੱਤ ਮਹੀਨੇ ਤੋਂ ਇਕ ਸਾਲ ਦਾ ਬੱਚਾ ਆਪਣਾ ਨਾਂ ਪਛਾਣਦਾ ਹੈ ਤੇ ਆਮ ਚੀਜ਼ਾਂ ਜਿਵੇਂ ਕੱਪ ,ਗਿਲਾਸ ,ਪਾਣੀ ਆਦਿ ਵੀ ਪਛਾਣਨ ਲਗ ਪੈਂਦਾ ਹੈ। ਉਹ 'ਆ ਜਾ' , 'ਟਾ ਟਾ , ਤੇ 'ਨਾ' ਜਾਂ 'ਹਾਂ' ਵਾਚਕ ਅੱਖਰ ਤੇ ਉਨ੍ਹਾਂ ਸ਼ਬਦਾਂ ਦੇ ਮਤਲਬ ਵੀ ਸਮਝਣ ਲੱਗ ਪੈਂਦਾ ਹੈ। ਬੱਚਾ ਮਾਪਿਆਂ ਵੱਲੋਂ ਕੱਢੀਆਂ ਅਵਾਜ਼ਾਂ ਦੁਹਰਾਉਂਦਾ ਵੀ ਹੈ।



ਨੌਂ ਕੁ ਮਹੀਨਿਆਂ ਦਾ ਬੱਚਾ ਤਾਂ "ਬਲਾ, ਵਲਾ ,ਊ,ਬਾ, ਕੀ" ਆਦਿ ਊਟਪਟਾਂਗ ਅਵਾਜ਼ਾਂ ਕੱਢ ਕੇ ਆਪਣੀ ਪੂਰੀ ਗੱਲ ਸਮਝਾ ਵੀ ਦਿੰਦਾ ਹੈ ।

ਸੱਤ ਮਹੀਨਿਆਂ ਤੋਂ ਇਕ ਸਾਲ ਦਾ ਬੱਚਾ ਕੁੱਝ ਅਜਿਹੀ ਕਹਾਣੀ ਵਿਚ ਜ਼ਿਆਦਾ ਧਿਆਨ ਦਿੰਦਾ ਹੈ ਜਿਸ ਵਿਚ ਜਾਣੀਆਂ ਪਛਾਂਣੀਆਂ ਚੀਜਾਂ ਹੋਣ ਤੇ ਅਵਾਜ਼ਾਂ ਦੀ ਖੁੱਲ੍ਹੀ ਵਰਤੋ ਕੀਤੀ ਗਈ ਹੋਵੇ । ਇਹ ਜਰੂਰੀ ਹੈ ਕਿ ਕਹਾਣੀ ਵਿਚਲੀਆਂ ਚੀਜ਼ਾਂ ਨਾਲ ਬੱਚੇ ਦੀ ਜਾਣ ਪਛਾਣ ਨਾਲ ਦੀ ਨਾਲ ਹੀ ਕੀਤੀ ਜਾਵੇ। ਜਿਵੇਂ, "ਇਕ ਚਿੜੀ ਸੀ, ਔਹ ਵੇਖ ਚਿੜੀ ਬੈਠੀ । ਚਿੜੀ ਕਹਿੰਦੀ ਚੀਂ ਚੀਂ, ਅੱਜ ਮੈਂ ਸੋਨੂੰ ਦੇ ਗਿਲਾਸ ਵਿਚੋਂ ਦੁੱਧ ਪੀ ਲੈਣਾ । ਉਹ ਵੇਖ ਬਿੱਲੀ ਆਈ, ਐਹ ਬਿੱਲੀ ਕਹਿੰਦੀ ,ਮਿਆਊਂ ਮਿਆਊਂ, ਮੈਂ ਪੀਵਾਂਗੀਂ ਸੋਨੂੰ ਦੇ ਗਿਲਾਸ ਵਿਚੋਂ ਦੁੱਧੂ । ਫੇਰ ਕੁੱਤਾ ਆ ਗਿਆ ।ਔਹ ਰਿਹਾ, ਵਾਊ, ਵਾਊ, ਕਰਦਾ । ਕੁੱਤਾ ਕਹਿੰਦਾ ਵਾਊ ਵਾਊ ਮੈਂ ਪੀਵਾਂਗਾ ਸੋਨੂੰ ਦਾ ਦੁੱਧ। ਸੋਨੂੰ ਸਭ ਤੋਂ ਤਗੜਾ ਸੀ । ਸੋਨੂੰ ਨੇ ਫਟਾਫਟ ਗਿਲਾਸ ਵਿਚੋਂ ਦੁੱਧ ਪੀ ਲਿਆ। ਚਿੜੀ ਚੀਂ ਚੀਂ ਕਰਕੇ ਉੱਡ ਗਈ । ਕੁੱਤਾ ਵਾਊ ਵਾਊ ਕਰਦਾ ਭੱਜ ਗਿਆ । ਬਿੱਲੀ ਵੀ ਮਿਆਊਂ ਮਿਆਊਂ ਕਰਦੀ ਭੱਜ ਗਈ।"

ਅਜਿਹੀ ਕਹਾਣੀ ਵਿਚ ਬੱਚਾ ਆਪਣੇ ਆਪ ਨੂੰ ਸ਼ਾਮਲ ਸਮਝਦਾ ਹੈ ਤੇ ਅਵਾਜ਼ਾਂ ਬੋਲਣ ਦੀ ਕੋਸ਼ਿਸ਼ ਵੀ ਕਰਦਾ ਹੈ । ਕਹਾਣੀ ਸਰਲ ਬੋਲੀ ਤੇ ਮਾਂ ਬੋਲੀ ਵਿਚ ਹੀ ਹੋਣੀ ਚਾਹੀਦੀ ਹੈ ਤਾਂ ਜੋ ਬੱਚੇ ਦੇ ਸਾਫ ਸਲੇਟ ਵਰਗੇ ਦਿਮਾਗ਼ ਦੇ ਕੰਪਿਊਟਰ ਵਿਚ ਠੀਕ ਚੀਜ਼ਾਂ ਭਰੀਆਂ ਜਾਂ ਸਕਣ । ਇਸ ਤਰ੍ਹਾਂ ਉਹ ਨਵੇਂ ਅੱਖਰ ਛੇਤੀ ਸਿੱਖਦਾ ਹੈ।

ਇਸ ਉਮਰ ਦੀ ਕਹਾਣੀ ਵਿਚ ਰੰਗ ਦੀ ਵਰਤੋਂ ਵੀ ਕੀਤੀ ਜਾਣੀ ਚਾਹੀਦੀ ਹੈ । ਜਿਵੇਂ, ਸੋਨੂੰ ਦੀ ਲਾਲ ਪੈਂਟ ਤੇ ਪੀਲਾ ਫੁੱਲ ਐ । ਨੀਟੂ ਕਹਿੰਦੀ ਐ ਮੈਂ ਇਹ ਫੁੱਲ ਲੈਣਾ । ਇਸ ਫੁੱਲ ਨਾਲ ਹਰੇ ਪੱਤੇ ਨੇ"ਆਦਿ।

ਕਹਾਣੀਆਂ ਵਿਚ ਗਿਣਤੀ ਵੀ ਸ਼ਾਮਲ ਕਰ ਲੈਣੀ ਚਾਹੀਦੀ ਹੈ। ਜਿਵੇਂ, ਆਪਣੀ ਇਕ ਉਂਗਲ ਚੁੱਕ ਕੇ ਵਿਖਾਉ ਤੇ ਕਹੋ, "ਸੋਨੂੰ ਐਹ ਇਕ ਗੇਂਦ'। ਇਸ ਦੇ ਨਾਲ ਹੀ ਗੇਂਦ ਨੂੰ ਚੁੱਕ ਕੇ ਵਿਖਾ ਵੀ ਦਿਉ । ਫੇਰ ਦੂਜੀ ਉਂਗਲ ਚੁੱਕ ਕੇ 'ਦੋ' ਬੋਲੋ ਆਦਿ। ਇਸ ਊਮਰ ਤੋਂ ਹੀ ਬੱਚੇ ਦੇ 'ਊ ਊ' ਦਾ ਜਵਾਬੀ ਹੁੰਗਾਰਾ ਇਸ ਤਰ੍ਹਾਂ ਹੋਣਾ ਜ਼ਰੂਰੀ ਹੈ " ਅੱਛਾ ਫੇਰ ਕੀ ਹੋਇਆ ? ਹੋਰ ਸੁਣਾ ? ਆ ਹਾ । ਸੱਚੀਂ ? ਸੋਨੂੰ ਐਨਾ ਕੁਝ ਸੁਣਾ ਰਿਹਾ ! ਇਸ ਨਾਲ ਬੱਚੇ ਨੂੰ ਹੋਰ ਬੋਲਣ ਦਾ ਉਤਸ਼ਾਹ ਮਿਲਦਾ ਹੈ ਕਿ ਸ਼ਾਇਦ ਉਹ ਵੀ ਕਹਾਣੀ ਸੁਣਾ ਸਕਦਾ ਹੈ। ਇਸ ਤਰ੍ਹਾਂ ਕਈ ਵਾਰ ਬੱਚਾ ਆਪਣੀ ਭੁੱਖ ਵੀ ਭੁੱਲ ਕੇ ਘੰਟਿਆਂ ਬੱਧੀ 'ਊ ਆ' ਹੀ ਕਰਦਾ ਰਹਿੰਦਾ ਹੈ।

ਇਕ ਤੋਂ ਦੋ ਸਾਲ ਦਾ ਬੱਚਾ ਨਿੱਕੇ ਨਿੱਕੇ ਚਾਰ ਜਾਂ ਪੰਜ ਅੱਖਰਾਂ ਦੇ ਸੌਖੇ ਗੀਤ ਸਿਖਣਾ ਤੇ ਸੁਣਨਾ ਚਾਹੁੰਦਾ ਹੈ ਜਿਵੇਂ "ਮੋਟਾ ਸੇਠ ,ਸੜਕ ਪਰ ਲੇਟ, ਆ ਗਈ ਮੋਟਰ, ਦਬ ਗਿਆ ਪੇਟ" ਆਦਿ । ਇਸ ਉਮਰ ਦੀਆਂ ਕਹਾਣੀਆਂ ਛੋਟੀਆਂ ਪਰ ਸੌਖੇ ਲਫ਼ਜ਼ਾਂ ਨਾਲ ਭਰਪੂਰ ਹੋਣੀਆਂ ਚਾਹੀਦੀਆਂ ਹਨ । ਵੱਡੇ ਅੱਖਰ ਜਿਵੇਂ ਉਨੀਂਦਰਾ, ਉੱਦਮ, ਵਧੀਕੀਆਂ, ਆਦਿ ਨਾਲ ਬੱਚੇ ਦਾ ਧਿਆਨ ਕਹਾਣੀ ਵੱਲੋਂ ਟੁੱਟਣ ਲਗ ਪੈਂਦਾ ਹੈ ਕਿਉਂਕਿ ਉਸ ਦਾ ਦਿਮਾਗ਼ ਉਸ ਨਵੇਂ ਲਫ਼ਜ਼ ਦੀ ਕੋਡਿੰਗ ਅਨਕੋਡਿੰਗ ਵਿਚ ਹੀ ਰੁੱਝਿਆ ਰਹਿ ਜਾਂਦਾ ਹੈ।

ਕਿਤਾਬ ਵਿਚੋਂ ਕਹਾਣੀ ਵਿਚਲੀ ਫੋਟੋ ਵਿਖਾ ਕੇ ਕਹਾਣੀ ਸੁਣਾਈ ਜਾਏ ਤਾਂ ਕਹਾਣੀ ਵਿਚ ਬੱਚੇ ਦਾ ਰੁਝਾਨ ਹੋਰ ਵੀ ਵਧ ਜਾਂਦਾ ਹੈ। ਦੂਜੀ ਵਾਰ ਕਹਾਣੀ ਸੁਣਾਉਣ ਲੱਗਿਆਂ ਬੱਚੇ ਤੋਂ ਤਸਵੀਰ ਉੱਤੇ ਉਂਗਲ ਲਗਵਾਉਣੀ ਚਾਹੀਦੀ ਹੈ । ਫਰਜ਼ ਕਰੋ ਜੇ ਤਸਵੀਰ ਘੋੜੇ ਦੀ ਹੈ ਤਾਂ ਬੱਚਾ ਘੋੜੇ ਦੀ ਤਸਵੀਰ ਨਾਲ ਘੋੜਾ ਸ਼ਬਦ ਵੀ ਜੋੜ ਲਵੇਗਾ ਤੇ ਨਾਲ ਦੀ ਨਾਲ ਘੋੜੇ ਦੀ ਅਵਾਜ਼ ਵੀ ਸਮਝ ਲਵੇਗਾ । ਇਹ ਉਸੇ ਦੇ ਵਧਦੇ ਦਿਮਾਗ਼ ਲਈ ਜ਼ਰੂਰੀ ਹੈ। ਇਸ ਨਾਲ ਬੱਚੇ ਦੀ ਯਾਦਾਸ਼ਤ ਵੀ ਵਧਦੀ ਹੈ ।

ਨਹਾਉਣ ਦਾ ਵਕਤ ਤਾਂ ਇਸ ਉਮਰ ਵਿਚ ਅਵਾਜ਼ਾਂ ਭਰਪੂਰ ਹੋਣਾ ਚਾਹੀਦਾ ਹੈ। ਬੱਚੇ ਨੂੰ ਪਾਣੀ ਦੀ ਅਵਾਜ਼, ਬੁਲਬੁਲੇ ਕੱਢਣ ਦੀ ਅਵਾਜ਼, ਘੜੀ ਦੀ ਟਿਕ ਟਿਕ, ਇੰਜਨ, ਹਵਾਈ ਜਹਾਜ਼, ਤੇ ਵੱਖਰੇ ਵੱਖਰੇ ਜਾਨਵਰਾਂ ਦੀਆਂ ਅਵਾਜ਼ਾ, ਪੀੜ੍ਹੀ ਘੜੀਸਣ ਦੀ ਅਵਾਜ਼, ਕੱਪ ਡਿੱਗਣ ਦੀ ਅਵਾਜ਼ ਆਦਿ ਨਾਲ ਵਾਕਫੀਅਤ ਜ਼ਰੂਰੀ ਹੈ। ਇਸ ਤਰ੍ਹਾਂ ਨਰਸਰੀ ਵਿਚ ਜਦੋਂ ਅਵਾਜ਼ਾ ਸਿਖਾਈਆਂ ਜਾਂਦੀਆਂ ਹਨ ਤਾਂ ਬੱਚਾ ਸਕਿੰਟਾ ਵਿਚ ਹੀ ਦਿਮਾਗ਼ ਵਿਚੋਂ ਅਨਕੋਡਿੰਗ ਕਰਕੇ ਸਿਖ ਲੈਂਦਾ ਹੈ ।

ਬੱਚੇ ਦੇ ਇਕ ਲਫ਼ਜ਼ ਤੋਂ ਅੱਗੇ ਕਹਾਣੀ ਘੜ ਲਈਦੀ ਹੈ । ਜਿਵੇਂ ਬੱਚੇ ਨੇ ਲਫ਼ਜ਼ ਬੋਲਿਆ ਕਾਰ । ਤਾ ਅੱਗੇ ਮਾਂ ਨੂੰ ਚਾਹੀਦਾ ਹੈ ਕਹੇ, 'ਕਾਰ ਚੱਲੀ, ਸੋਨੂੰ ਨੂੰ ਲੈ ਕੇ ਦੂਰ ਜੰਗਲ ਵਿਚ ਗਈ, ਉੱਥੇ ਸੋਨੂੰ ਨੇ ਹਾਥੀ ਵੇਖਿਆ। ਹਾਥੀ ਨੇ ਜ਼ੋਰ ਦੀ ਚਿੰਘਾੜ ਕੇ ਸੋਨੂੰ ਨੂੰ ਸਤਿ ਸ੍ਰੀ ਅਕਾਲ ਕਹੀ । ਹਾਥੀ ਕਿਵੇਂ ਚਿੰਘਾੜਿਆਂ ਵੌਂ ਓ।'

ਦੋ ਤੋਂ ਤਿੰਨ ਸਾਲ ਦੇ ਬੱਚੇ ਦੀ ਸਮਝ ਕੁਝ ਜ਼ਿਆਦਾ ਹੋ ਜਾਂਦੀ ਹੈ । ਉਹ ਦਰਵਾਜ਼ੇ ਦੀ ਘੰਟੀ, ਉੱਪਰ ਜਾਣਾ, ਥੱਲੇ ਉਤਰਨਾ ਬਾਰੇ ਪੂਰੀ ਤਰ੍ਹਾਂ ਸਮਝ ਲੈਂਦਾ ਹੈ । ਗੱਲ ਬਾਤ ਵਿਚ ਵੀ ਕ੍ਰਿਆ ਬਾਰੇ ਸਮਝਣ ਲਗ ਪੈਂਦਾ ਹੈ ਜਿਵੇਂ 'ਗੇਂਦ ਲਿਆ ਕੇ ਮੇਰੇ ਵੱਲ ਸੁੱਟ।' ਟੈਲੀਵੀਜ਼ਨ ਨਾ ਵੇਖਦੇ ਹੋਏ ਵੀ ਉਹ ਦੂਜੇ ਕਮਰੇ ਵਿਚੋਂ ਹੀ ਅਵਾਜ਼ ਸੁਣ ਕੇ ਇਸ਼ਤਿਹਾਰ ਬਾਰੇ ਦੱਸ ਸਕਦਾ ਹੈ। ਚੀਜ਼ਾਂ ਦਾ ਨਾਂ ਲੈ ਕੇ ਬੱਚਾ ਪੁੱਛਣਾ ਵੀ ਸ਼ੁਰੂ ਕਰ ਦਿੰਦਾ ਹੈ, " ਮੇਰਾ ਬਸਤਾ ਕਿੱਥੇ ?" ਜਾਂ "ਮੰਮੀ ਕਿੱਥੇ?" ਇਸ ਵੇਲੇ ਬੱਚੇ ਨੂੰ ਸਿਖਾਉਣ ਦਾ ਤਰੀਕਾ ਵੱਖਰਾ ਹੋ ਜਾਂਦਾ ਹੈ। ਫਰਜ਼ ਕਰੋ ਬੱਚੇ ਨੇ ਕਿਹਾ, "ਫੁੱਲ' ਮਾਪੇ ਕਹਿਣਗੇ, ਹਾਂ 'ਸੋਹਣਾ ਫੁੱਲ, ਲਾਲ ਰੰਗ ਦਾ ਐ। ਖੁਸ਼ਬੂ ਵੀ ਸੋਹਣੀ ਹੈ। ਮੇਰਾ ਸੋਨੂੰ ਸੁੰਘੇਗਾ ?'ਇਸ ਤਰੀਕੇ ਨਾਲ ਫੁੱਲ ਦੀ ਪੂਰੀ ਜਾਣਕਾਰੀ ਬੱਚੇ ਨੂੰ ਮਿਲ ਗਈ । ਇਹੀ ਕੁਝ ਕਹਾਣੀ ਦੀ ਕਿਤਾਬ 'ਤੇ ਲਿਖਿਆ ਹੋਣਾ ਚਾਹੀਦਾ ਹੈ।

ਜੇ ਭੈਣ ਬਾਰੇ ਕਹਿਣਾ ਹੋਵੇ ਤਾਂ ਕਿਹਾ ਜਾਂ ਸਕਦਾ ਹੈ, "ਦੀਦੀ ਕੁੜੀ, ਵੱਡੀ ਹੋ ਕੇ ਮੰਮੀ ਵਾਂਗ ਔਰਤ। ਸੋਨੂੰ ਮੁੰਡਾ ਵੱਡਾ ਹੋ ਕੇ ਪਾਪਾ ਵਾਂਗ ਆਦਮੀ ।"

ਇਸੇ ਹੀ ਤਰ੍ਹਾਂ ਕੋਈ ਚੀਜ਼ ਬਾਲਟੀ ਵਿਚ ਪਾ ਕੇ, ਬੱਚੇ ਤੋਂ ਕਢਵਾ ਕੇ ਉਸ ਚੀਜ਼ ਦਾ ਵਿਸਥਾਰ ਦੱਸਿਆ ਜਾ ਸਕਦਾ ਹੈ। ਕਹਾਣੀ ਦੀ ਕਿਤਾਬ ਚੁੱਕ ਕੇ ਉਸ ਵਿਚਲੇ ਤਰਦੇ ਹੋਏ ਬੱਚੇ ਵਲ ਇਸ਼ਾਰਾ ਕਰ ਕੇ ਕਹਾਣੀ ਸੁਣਾਈ ਜਾਂ ਸਕਦੀ ਹੈ 'ਕਾਕਾ ਤਰ ਰਿਹਾ ਹੈ ਪਾਣੀ ਵਿਚ ਪਾਪਾ ਤਰਦੇ ਨੇ । ਸੋਨੂੰ ਵੀ ਤਰੇਗਾ।"

ਬੱਚੇ ਨੂੰ ਸਵਾਲ ਵੀ ਅਜਿਹੇ ਪੁੱਛਣੇ ਚਾਹੀਦੇ ਹਨ ਜਿਸਦਾ ਉਸਨੂੰ ਦੋ ਜਾਂ ਤਿੰਨ ਸ਼ਬਦਾਂ ਵਿਚ ਜਵਾਬ ਦੇਣਾ ਪਵੇ ਨਾ ਕਿ ਸਿਰਫ਼ ਹਾਂ ਜਾਂ ਨਾਂ ਵਿਚ । ਜਿਵੇਂ 'ਦੁੱਧ ਪੀਣੈ' ਪੁੱਛਣ ਦੀ ਬਜਾਏ ਪੁੱਛੋ "ਮੰਮੀ ਕੀ ਖਾਣ ਲਈ ਲਿਆਏ? ਸੋਨੂੰ ਕੀ ਖਾਏਗਾ?"

ਬੱਚੇ ਲਈ ਲਿਖੀ ਕਹਾਣੀ ਦੀ ਕਿਤਾਬ ਵੀ ਕਹਾਣੀ ਦੇ ਅਖੀਰ ਤੇ ਅਜਿਹੇ ਹੀ ਸਵਾਲਾਂ 'ਤੇ ਖ਼ਤਮ ਹੋਣੀ ਚਾਹੀਦੀ ਹੈ, "ਸੋਨੂੰ ਵੀ ਹੁਣ ਤਰੇਗਾ,ਕਿੱਥੇ ਤਰੇਗਾ ? ਕਦੋਂ ਤਰੇਗਾ ?" ਅਜਿਹੀ ਕਿਤਾਬ ਦੇ ਇਕ ਪਾਸੇ ਖਾਲੀ ਥਾਂ ਹੋਣੀ ਚਾਹੀਦੀ ਹੈ ਜਿੱਥੇ ਘਰ ਵਾਲਿਆਂ ਦੀ ਫੋਟੋ ਲਾਈ ਜਾ ਸਕੇ । ਜਿਵੇਂ ਤਰਨ ਵਾਲੀ ਕਹਾਣੀ ਦੇ ਇਕ ਪਾਸੇ ਬੱਚੇ ਦੀ ਆਪਣੀ ਫੋਟੋ ਜਿਸ ਵਿਚ ਬੱਚਾ ਪਾਣੀ ਵਿਚ ਖੇਡ ਰਿਹਾ ਹੋਵੇ ਜਾਂ ਉਸਦੇ ਪਾਪਾ ਤਰ ਰਹੇ ਹੋਣ ਦੀ ਤਸਵੀਰ ਲਾਈ ਜਾ ਸਕੇ। ਇਸ ਉਮਰ ਵਿਚ ਬੱਚਾ 150 ਤੋਂ 900 ਨਵੇਂ ਅੱਖਰਾਂ ਨੂੰ ਸਮਝਣ ਤੇ ਯਾਦ ਰੱਖਣ ਦੀ ਸ਼ਕਤੀ ਰੱਖਦਾ ਹੈ।

ਕਹਾਣੀ ਪੱਕਿਆਂ ਕਰਨ ਲਈ ਬੱਚੇ ਨੂੰ ਬਾਅਦ ਵਿਚ ਸਵਾਲ ਪੁੱਛੇ ਜਾ ਸਕਦੇ ਹਨ,ਜਿਵੇ "ਪਾਪਾ ਕੀ ਕਰਦੇ ਸੀ? ਕੀ ਕਾਕਾ ਤਰ ਰਿਹਾ ਸੀ ? ਕਾਕਾ ਮੁੰਡਾ ਹੈ? ਕੀ ਸੋਨੂੰ ਵੀ ਮੁੰਡਾ ਹੈ ? ਸੋਨੂੰ ਦਾ ਨਾਮ ਕੀ ਹੈ ? ਕਾਕੇ ਦਾ ਨਾਮ ਕੀ ਸੀ?" ਆਦਿ ।

ਤਿੰਨ ਤੋਂ ਚਾਰ ਸਾਲ ਦਾ ਬੱਚਾ ਤਾਂ ਚਾਰ ਪੰਜ ਲਫ਼ਜ਼ਾਂ ਦੀ ਲਾਈਨ ਵੀ ਬੋਲ ਸਕਦਾ ਹੈ। ਹੁਣ ਤੱਕ ਦੇ ਸਿੱਖੇ ਹਜ਼ਾਰ ਲਫ਼ਜ਼ਾਂ ਦੇ ਨਾਲ ਨਾਲ ਬੱਚਾ ਹਜ਼ਾਰ ਹੋਰ ਲਫ਼ਜ਼ ਵੀ ਸਿੱਖ ਲੈਂਦਾ ਹੈ ਤੇ ਔਸਤਨ 4ਤੋਂ 6 ਨਵੇਂ ਲਫ਼ਜ਼ ਰੋਜ਼ ਸਿੱਖ ਸਕਦਾ ਹੈ। ਇਸ ਉਮਰ ਵਿਚ ਬੱਚਾ ਹੱਸਣ ਤੇ ਰੋਣ ਬਾਰੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਉਸਨੂੰ ਗੁੱਸਾ, ਉਦਾਸੀ ਤੇ ਡਰ ਬਾਰੇ ਵੀ ਸਮਝ ਆਉਣ ਲੱਗ ਪੈਂਦੀ ਹੈ। ਇਸੇ ਲਈ ਇਨ੍ਹਾਂ ਭਾਵਾਂ ਨੂੰ ਕਹਾਣੀ ਵਿਚ ਪਰੋਇਆ ਜਾ ਸਕਦਾ ਹੈ। ਇਸ ਉਮਰ ਵਿਚ ਬੱਚਾ ਕੁੱਝ ਲੰਮੀਆਂ ਕਵਿਤਾਵਾਂ ਤੇ ਕੁੱਝ ਲੰਮੀਆਂ ਕਹਾਣੀਆਂ ਵੀ ਸੁਣ ਲੈਂਦਾ ਹੈ । ਮਾਪਿਆਂ ਦੇ ਲੰਬੇ ਆਦੇਸ਼ ਵੀ ਉਸ ਦਾ ਦਿਮਾਗ਼ ਸਮਝਣ ਲੱਗ ਪੈਂਦਾ ਹੈ ਜਿਵੇਂ 'ਪੀਲਾ ਤੇ ਨੀਲਾ ਰੰਗ ਮਿਲਾ ਕੇ ਇਕ ਨਵਾਂ ਰੰਗ ਬਣਾਇਆ ਜਾ ਸਕਦਾ ਹੈ।'

ਚਾਰ ਤੋਂ ਪੰਜ ਸਾਲ ਦੇ ਬੱਚੇ ਥੋੜੀਆਂ ਲੰਬੀਆਂ ਕਹਾਣੀਆਂ ਵੀ ਸੁਣ ਲੈਂਦੇ ਹਨ । ਲਫ਼ਜ਼ ਏਨੇ ਔਖੇ ਨਹੀਂ ਹੋਣੇ ਚਾਹੀਦੇ ਕਿ ਬੱਚਾ ਦੁਹਰਾ ਨਾ ਸਕੇ। ਜੇ ਕੋਈ ਲਫ਼ਜ਼ ਬਹੁਤ ਔਖਾ ਹੈ ਜਿਵੇਂ 'ਗਡਰੀਆ' ਤਾਂ ਉਹ ਲਫ਼ਜ਼ ਰੋਜ਼ ਦਿਨ ਵਿਚ ਸੱਤ ਅੱਠ ਵਾਰ ਦੁਹਰਾਉ ਤੇ ਬੱਚੇ ਨੂੰ ਮਤਲਬ ਵੀ ਦਸਦੇ ਰਹੋ ਤਾਂ ਬੱਚਾ ਹੌਲੀ ਹੌਲੀ ਯਾਦ ਕਰ ਲੈਂਦਾ ਹੈ । ਇਸ ਉਮਰ ਵਿਚ ਬੱਚਾ ਭਾਰਾ,ਹਲਕਾ ,ਖੁਰਦਰਾ ,ਨਰਮ ਆਦਿ ਵਿਚ ਫਰਕ ਮਹਿਸੂਸ ਕਰਨ ਲੱਗ ਪੈਂਦਾ ਹੈ ਇਸ ਲਈ ਕਹਾਣੀ ਵਿਚ ਇਹ ਸਭ ਸ਼ਾਮਲ ਕੀਤਾ ਜਾ ਸਕਦਾ ਹੈ। ਮਸਲਨ, 'ਖਰਗੋਸ਼ ਜਦੋਂ ਸ਼ੇਰ ਕੋਲ ਗਿਆ ਤਾਂ ਉਸਨੇ ਨਰਮ ਨਰਮ ਵਾਲਾਂ ਉੱਤੇ ਆਪਣਾ ਭਾਰਾ ਤੇ ਖੁਰਦਰਾ ਹੱਥ ਰੱਖ ਦਿੱਤਾ ।'

ਪੰਜ ਸਾਲ ਤੋਂ ਪਹਿਲਾਂ ਬੱਚਾ ਮੌਤ ਬਾਰੇ ਬਹੁਤਾ ਸਮਝਦਾ ਨਹੀਂ; ਇਸ ਲਈ ਅਫ਼ਸੋਸ ਵਾਲੀਆਂ ਕਹਾਣੀਆਂ ਨਹੀਂ ਸੁਣਾਉਣੀਆਂ ਚਾਹੀਦੀਆਂ । ਬੱਚੇ ਲਈ ਮੌਤ ਇਕ ਮਜ਼ਾਕ ਜਿਹਾ ਹੁੰਦਾ ਹੈ ਕਿ ਹੁਣੇ ਕਹਾਣੀ ਦਾ ਪਾਤਰ ਫੇਰ ਉੱਠ ਪਵੇਗਾ। ਸੱਤ ਅੱਠ ਸਾਲ ਦੀ ਉਮਰ ਤੋਂ ਬਾਅਦ ਹੌਲੀ ਹੌਲੀ ਬੱਚਾ ਮੌਤ ਤੇ ਜ਼ਿੰਦਗੀ ਦੇ ਸੱਚ ਨੂੰ ਥੋੜ੍ਹਾ ਥੋੜ੍ਹਾ ਸਮਝਣਾ ਸ਼ੁਰੂ ਕਰ ਦਿੰਦਾ ਹੈ ਤੇ ਦੁੱਖ ਭਰੀ ਕਹਾਣੀ ਸੁਣ ਕੇ ਰੋਣ ਵੀ ਲਗ ਪੈਂਦਾ ਹੈ । ਅਜਿਹੀ ਕਹਾਣੀ ਜਾਂ ਤਾਂ ਬੱਚਾ ਅੱਧ ਵਿਚ ਹੀ ਸੁਣਨ ਤੋਂ ਨਾਂਹ ਕਰ ਦਿੰਦਾ ਹੈ ਜਾਂ ਦੁਬਾਰਾ ਸੁਣਨੀ ਹੀ ਨਹੀਂ ਚਾਹੁੰਦਾ ।

ਬੱਚੇ ਨੂੰ ਜਾਦੂਗਰੀ ਦੀਆ ਕਹਾਣੀਆਂ ਜਾਂ ਪਰਾਸਰੀਰਕ ਕਹਾਣੀਆਂ ਇਸ ਉਮਰ ਵਿਚ ਬਹੁਤ ਭਾਉਂਦੀਆਂ ਹਨ । ਕੁਝ ਬੱਚੇ ਡਰਾਉਣੀਆਂ ਕਹਾਣੀਆਂ ਵੇਖਣ ਜਾਂ ਸੁਣਨ ਦਾ ਸ਼ੌਕ ਪਾਲ ਲੈਂਦੇ ਹਨ। ਵੱਡੀ ਪੱਧਰ 'ਤੇ ਹਿੰਸਾ ਅਤੇ ਜਿਸਮਾਨੀ ਸ਼ੋਸ਼ਣ ਦੀਆਂ ਵਾਰਦਾਤਾਂ ਹੁੰਦੀਆਂ ਰਹਿਣ ਕਾਰਨ ਛੋਟੇ ਛੋਟੇ ਬੱਚੇ ਵੀ ਹਿੰਸਾ ਤੇ ਤਾਕਤਵਰਾਂ ਦੀਆਂ ਕਹਾਣੀਆਂ ਪਸੰਦ ਕਰਨ ਲੱਗ ਪਏ ਹਨ ।ਇਸ ਨਾਲ ਛੋਟੇ ਬੱਚਿਆਂ ਦੀ ਮਾਨਸਿਕ ਬਣਤਰ ਹਮੇਸ਼ਾ ਲਈ ਖ਼ਰਾਬ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

ਬਾਲ ਸਾਹਿਤ ਨੂੰ ਜੇ ਹਰ ਵਰਗ ਦੇ ਬੱਚਿਆਂ ਲਈ ਉਨ੍ਹਾਂ ਦੀ ਲੋੜ ਦੇ ਮੁਤਾਬਕ ਮਾਂ ਬੋਲੀ ਵਿਚ ਸੁਆਦਲੇ ਤਰੀਕੇ ਨਾਲ ਘੜ ਦਿੱਤਾ ਜਾਵੇ ਤਾਂ ਇਕ ਪਾਸੇ ਤਾਂ ਇਹ ਬੱਚਿਆਂ ਲਈ ਵਡਮੁੱਲੀ ਸੌਗਾਤ ਹੋਵੇਗੀ ਤੇ ਦੂਜੇ ਪਾਸੇ ਬੇਹਤਰ ਸਮਾਜ ਦੀ ਹੋਂਦ ਵਿਚ ਆ ਜਾਣ ਦੀ ਉਮੀਦ ਕਿਉਂਕਿ ਇਨ੍ਹਾਂ ਬਾਲਾਂ ਨੇ ਹੀ ਸਾਡਾ ਆਉਣ ਵਾਲਾ ਕੱਲ੍ਹ ਸਿਰਜਣਾ ਹੈ।

ਇਹ ਤਾਂ ਹੋਈ ਵਿਗਿਆਨਕ ਗੱਲ । ਮੈਂ ਹਰ ਬਾਲ ਸਾਹਿਤਕਾਰ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਬਾਲਾਂ ਲਈ ਸਾਹਿਤ ਘੜਨ ਵੇਲੇ ਇਹ ਗੱਲਾਂ ਯਾਦ ਰੱਖ ਸਕਣ ਤਾਂ ਊਹ ਬੱਚਿਆਂ ਵਿਚ ਮਾਂ ਬੋਲੀ ਨਾਲ ਪਿਆਰ ਵਧਾਉਣ ਵਿਚ ਵੀ ਸਹਾਈ ਸਿੱਧ ਹੋ ਸਕਦੇ ਹਨ।

## ਕੁਦਰਤ ਨਾਲ ਸੁਮੇਲ ਹੀ ਜ਼ਿੰਦਗੀ ਹੈ

# ਵਿਨਾਸ਼ ਦਾ ਦੂਜਾ ਨਾਂ- ਕੁਦਰਤ ਦਾ ਵਿਰੋਧ



ਡਾ. ਸ਼ਿਆਮ ਸੁੰਦਰ ਦੀਪਤੀ

ਮਨੁੱਖ **ਨੇ ਕੁਦਰਤ ਤੋਂ ਬਹੁਤ ਕੁਝ ਸਿੱਖਿਆ ਹੈ। ਵੈਸੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਭ ਕੁਝ ਹੀ ਕੁਦਰਤ ਦੇ ਨਿਯਮਾਂ ਵਿਚੋਂ ਲੱਭਿਆ ਹੈ ਤੇ ਵਿਕਸਿਤ ਕੀਤਾ ਹੈ। ਮਨੁੱਖ ਨੇ ਜਿੰਨਾ ਵੀ ਵਿਗਿਆਨਕ ਨਿਯਮਾਂ ਨੂੰ ਸਮਝਿਆ ਹੈ, ਉਹ ਜ਼ਰੂਰ ਉਸ ਦੀ ਬੁੱਧੀ ਦਾ ਨਤੀਜਾ ਹੈ, ਪਰ ਉਸ ਨੇ ਸਿੱਖਿਆ ਕੁਦਰਤ ਵਿਚੋਂ ਹੈ, ਕੁਦਰਤ ਕੋਲੋਂ ਹੈ।**

ਫੁੱਲ ਖਿੜਦੇ ਹਨ, ਫੱਲ ਲੱਗਦੇ ਹਨ, ਸਬਜ਼ੀਆਂ-ਫਸਲਾਂ ਉੱਗਦੀਆਂ ਹਨ, ਉਹ ਸਭ ਪਹਿਲੋਂ ਵੀ ਸਨ। ਮਨੁੱਖ ਨੇ ਇਹਨਾਂ ਨੂੰ ਤਰਤੀਬ ਵਿਚ ਕਰਨ ਦਾ ਯਤਨ ਕੀਤਾ ਹੈ। ਜੰਗਲ ਦੀ ਬੇਤਰਤੀਬੀ ਤੋਂ ਖੇਤਾਂ ਵਿਚ ਬਦਲ ਲਿਆ ਹੈ। ਕੁਦਰਤ ਦੇ ਕਾਰਜ ਨੂੰ ਹੋਰ ਵਧੇਰੇ ਵਿਉਂਤਬੱਧ ਕਰਨ ਦਾ ਯਤਨ ਕੀਤਾ ਹੈ। ਫੁੱਲਾਂ ਦੀਆਂ ਕਤਾਰਾਂ ਹੁਣ ਵੱਧ ਸੋਹਣੀਆਂ ਲੱਗਦੀਆਂ ਹਨ। ਪਰ ਇਕ ਗੱਲ ਗੌਰ ਕਰਨ ਵਾਲੀ ਹੈ ਕਿ ਜੇ ਕੋਈ ਚਾਹੇ ਕਿ ਗਰਮੀ ਦੇ ਫਲ, ਬੂਟਿਆਂ ਅਤੇ ਫਸਲਾਂ ਦੇ ਚੱਕਰ ਨੂੰ ਉਲਟਾ ਕਰ ਦੇਵੇ, ਇਹ ਨਹੀਂ ਹੋ ਸਕਦਾ। ਫਸਲ ਉਗੇਗੀ, ਕੁਦਰਤ ਦੇ ਮੁਤਾਬਕ, ਪਰ ਕਿੰਨੀ ਬੀਜਣੀ ਹੈ, ਕਿੰਨੇ ਰਕਬੇ ਵਿਚ ਬੀਜਣੀ ਹੈ, ਇਹ ਮਨੁੱਖ ਜ਼ਰੂਰ ਤੈਅ ਕਰ ਸਕਦਾ ਹੈ। ਇਸੇ ਤਰ੍ਹਾਂ ਸੇਬਾਂ ਨੂੰ ਕਮਸ਼ੀਰ ਜਾਂ ਹਿਮਾਚਲ ਦੀ ਥਾਂ ਮੱਧ ਪ੍ਰਦੇਸ਼ ਵਿਚ ਉਗਾਇਆ ਜਾਵੇ ਤੇ ਨਾਰੀਅਲ ਪੰਜਾਬ ਵਿਚ ਕਾਸ਼ਤ ਕੀਤਾ ਜਾਵੇ, ਇਹ ਔਖਾ ਹੀ ਨਹੀਂ ਅਸੰਭਵ ਵੀ ਹੈ। ਇਸ ਲਈ ਮਨੁੱਖੀ ਦਿਮਾਗ ਨੇ ਬਹੁਤ ਕੁਝ ਕੁਦਰਤ ਤੋਂ ਸਿੱਖ ਕੇ, ਇਹਨਾਂ ਨੂੰ ਇਕ ਵੱਖਰੀ ਖੂਬਸੂਰਤੀ ਪ੍ਰਦਾਨ ਕੀਤੀ ਹੈ। ਜੰਗਲ ਝਾੜੀਆਂ ਨੂੰ ਸੁਹਣਾ ਬਣਾਇਆ ਹੈ, ਅੱਜ ਕੈਕਟਸ ਵੀ ਸ਼ਿੰਗਾਰ ਦੇ ਰੂਪ ਵਿਚ ਪੇਸ਼ ਹੋਇਆ ਹੈ।

ਕੁਦਰਤ ਦੇ ਇਸ ਨਿਯਮ ਨੂੰ ਮਨੁੱਖੀ ਜ਼ਿੰਦਗੀ ਨਾਲ ਜੋੜ ਕੇ ਇਕ ਉਦਾਹਰਣ ਰਾਹੀਂ ਹੋਰ ਬਿਹਤਰ ਸਮਝਿਆ ਜਾ ਸਕਦਾ ਹੈ। ਮੂੰਗਫਲੀ ਇਕ ਸੁੱਕਾ ਮੇਵਾ ਹੈ। ਮੂੰਗਫਲੀ ਦਾ ਤੇਲ ਖਾਣਾ ਬਣਾਉਣ ਲਈ ਵਰਤਿਆ ਜਾਂਦਾ ਹੈ। ਪਰ ਇਸ ਨੂੰ ਹੋਰ ਵੀ ਕਈ ਰੂਪਾਂ ਵਿਚ ਭੁੰਨ ਕੇ ਤਲ ਕੇ ਖਾਇਆ ਜਾਂਦਾ ਹੈ। ਇਹ ਗੱਲ ਸਭ ਨੇ ਮਹਿਸੂਸ ਕੀਤੀ ਹੋਵੇਗੀ ਕਿ ਸਰਦੀ ਵਿਚ ਮੂੰਗਫਲੀ ਦੇਖਦਿਆਂ ਹੀ ਖਾਣ ਨੂੰ ਜੀਅ ਮਚਲਦਾ ਹੈ। ਇਕ ਵਾਰੀ ਖਾਣੀ ਸ਼ੁਰੂ ਕਰ ਦੇਵੋ ਫਿਰ ਆਪਣੇ ਆਪ ਨੂੰ ਰੋਕਣਾ ਮੁਸ਼ਕਿਲ ਹੋ ਜਾਂਦਾ ਹੈ। ਦੂਸਰੇ ਪਾਸੇ ਗਰਮੀ ਦੀ ਰੁੱਤ ਵਿਚ ਉਹੀ ਮੂੰਗਫਲੀ ਨਜ਼ਰ ਆ ਜਾਵੇ, ਤਾਂ ਅੱਖਾਂ ਫੇਰ ਲਈਦੀਆਂ ਹਨ। ਇਸ ਪਹਿਲੂ ਨੂੰ ਸੁਚੇਤ ਹੋ ਕੇ ਸੋਚਣ ਦੀ ਲੋੜ ਹੈ। ਤੁਸੀਂ ਦੇਖੋਗੇ ਕਿ ਕੁਦਰਤ ਦਾ ਸੁਭਾਅ ਇਸ ਤਰ੍ਹਾਂ ਦਾ ਹੈ ਜੋ ਉਸ ਦੇ ਆਲੇ ਦੁਆਲੇ ਦੇ ਹੱਕ ਵਿਚ ਭੁਗਤਦਾ ਹੈ। ਫਸਲਾਂ, ਜੀਵ, ਮੌਸਮ ਸਾਰੇ ਹੀ ਇਸ ਸੰਤੁਲਨ ਵਿਚ ਇਕ ਦੂਸਰੇ 'ਤੇ ਨਿਰਭਰ ਕਰਦੇ ਹਨ ਅਤੇ ਸਾਰੇ ਇਕ ਦੂਸਰੇ ਨੂੰ ਬਿਹਤਰ ਜ਼ਿੰਦਗੀ ਜਿਊਣ ਵਿਚ ਸਹਾਈ ਹੁੰਦੇ ਹਨ।



ਜੇ ਅਸੀਂ ਪੂਰੀ ਧਰਤੀ ਨੂੰ ਸਾਹਮਣੇ ਰੱਖੀਏ ਤਾਂ ਸਾਰੀ ਧਰਤੀ 'ਤੇ ਇਕੋ ਸਮੇਂ ਇਕੋ ਜਿਹਾ ਮੌਸਮ ਨਹੀਂ ਹੁੰਦਾ। ਮੌਸਮਾਂ ਵਿਚ ਲਗਾਤਾਰ ਤਬਦੀਲੀ ਹੁੰਦੀ ਰਹਿੰਦੀ ਹੈ। ਕਈ ਥਾਵਾਂ 'ਤੇ ਘੱਟ, ਕਈਆਂ 'ਤੇ ਵੱਧ। ਸਾਡੇ ਦੇਸ਼ ਵਿਚ ਮੌਸਮਾਂ ਦੀ ਭਿੰਨਤਾ ਵੱਧ ਹੈ। ਚਾਰ ਮੌਸਮ ਤਾਂ ਸਪੱਸ਼ਟ ਹਨ। ਕਈ ਇਨ੍ਹਾਂ ਨੂੰ ਛੇ ਮੌਸਮਾਂ ਵਿਚ ਵੀ ਵੰਡਦੇ ਹਨ। ਦੋ ਮੌਸਮ ਤਾਂ ਅਨਜਾਣ ਤੋਂ ਅਨਜਾਣ ਵੀ ਸਮਝਦਾ ਹੈ-ਗਰਮੀ, ਸਰਦੀ। ਮੌਸਮਾਂ ਅਨੁਸਾਰ ਸਭ ਦਾ ਰਹਿਣਾ ਸਹਿਣਾ ਖਾਣਾ ਪਹਿਨਣਾ ਵੱਖਰਾ ਹੈ। ਪਰ ਇਹ ਸਭ ਕੁਝ ਕੁਦਰਤ ਨਾਲ ਜੁੜਿਆ ਹੈ। ਸਾਡੇ ਆਲੇ ਦੁਆਲੇ ਵਿਚ ਪਿਆ ਹੈ। ਮੌਸਮ ਮੁਤਾਬਕ ਉਹੀ ਫਲ ਸਬਜ਼ੀਆਂ ਹੁੰਦੀਆਂ ਹਨ, ਜੋ ਉਸ ਦੇ ਆਲੇ ਦੁਆਲੇ ਦੇ ਜੀਆਂ ਲਈ ਸਿਹਤਮੰਦ ਹਨ।

ਮਨੁੱਖ ਨੇ ਕੁਦਰਤ ਤੋਂ ਖੁਰਾਕ ਅਤੇ ਪਹਿਰਾਵੇ ਤੇ ਪਹਿਲੂ ਤੋਂ ਬਹੁਤ ਕੁਝ ਸਿੱਖਿਆ ਅਤੇ ਉਸ ਨੂੰ ਸੰਵਾਰਿਆ ਹੈ।

ਕੁਦਰਤੀ ਵਰਤਾਰੇ ਦੇ ਪਹਿਲੂ ਤੋਂ ਜੇ ਖੁਰਾਕ ਨੂੰ ਦੇਖੀਏ ਤਾਂ ਗਰਮੀਆਂ ਵਿਚ ਪਸੀਨਾ ਵੱਧ ਆਉਂਦਾ ਹੈ, ਜਿਸ ਨਾਲ ਸਰੀਰ ਵਿਚੋਂ ਪਾਣੀ ਅਤੇ ਨਮਕ (ਰਸਾਇਣ ਤੱਤ) ਆਦਿ ਦੀ ਘਾਟ ਮਹਿਸੂਸ ਹੁੰਦੀ ਹੈ। ਦੂਸਰੇ ਪਾਸੇ ਜੇਕਰ ਇਸ ਰੁੱਤ ਦੇ ਫਲਾਂ ਜਿਵੇਂ ਖਰਬੂਜਾ, ਮਤੀਰਾ, ਕੱਕੜੀ ਅਤੇ ਸਲਾਦ ਵਿਚ ਖੀਰਾ, ਟਮਾਟਰ ਆਦਿ ਨੂੰ ਦੇਖੀਏ ਤਾਂ ਇਹ ਸਾਰੇ ਹੀ ਰਸ ਨਾਲ ਭਰਪੂਰ ਜੂਸ ਵਾਲੇ ਹਨ। ਇਹ ਸਿਰਫ ਪਿਆਸ ਹੀ ਨਹੀਂ ਬੁਝਾਉਂਦੇ, ਸਗੋਂ ਰਸਾਇਣਕ ਪਦਾਰਥਾਂ ਦਾ ਸੰਤੁਲਨ ਵੀ ਠੀਕ ਰੱਖਦੇ ਹਨ। ਨਿੰਬੂ ਦੀ ਸ਼ਿਕੰਜਵੀਂ ਵੀ ਗਰਮੀ ਵਿਚ ਵਰਤੀ ਜਾਂਦੀ ਹੈ। ਪੋਟਾਸ਼ੀਅਮ ਦੀ ਘਾਟ ਕਰਕੇ ਹੀ ਗਰਮੀਆਂ ਵਿਚ ਥਕਾਵਟ ਮਹਿਸੂਸ ਹੁੰਦੀ ਹੈ, ਜੋ ਕਿ ਸ਼ਿਕੰਜਵੀ ਦੀ ਵਰਤੋਂ ਲਾਲ ਤਾਜ਼ਗੀ ਵਿਚ ਬਦਲ ਜਾਂਦੀ ਹੈ। ਸਬਜ਼ੀਆਂ ਵਿਚੋਂ ਘੀਆ, ਤੋਰੀ, ਟਿੰਡਾ ਆਦਿ ਵੀ ਜਲਦੀ ਹਜ਼ਮ ਹੋਣ ਵਾਲੀਆਂ ਸਬਜ਼ੀਆਂ ਹਨ। ਗਰਮੀ ਵਿਚ ਸਰੀਰ ਦੀ ਰਸਾਇਣਕ ਪ੍ਰਕਿਰਿਆ ਤਲੀਆਂ ਭੁੰਨੀਆਂ ਚੀਜ਼ਾਂ ਨੂੰ ਹਜ਼ਮ ਕਰਨ ਵਿਚ ਔਖ ਮਹਿਸੂਸ ਕਰਦੀ ਹੈ।

ਸਰਦੀ ਵਿਚ ਸੁਕੇ ਮੇਵੇ ਖਾਧੇ ਜਾਂਦੇ ਹਨ, ਜਿਵੇਂ ਮੂੰਗਫਲੀ ਦਾ ਜ਼ਿਕਰ ਪਹਿਲਾਂ ਕੀਤਾ ਹੈ, ਉਸੇ ਤਰ੍ਹਾਂ ਤਿਲ ਆਦਿ ਦੀ ਵਰਤੋਂ ਹੁੰਦੀ ਹੈ। ਅਖਰੋਟ, ਬਦਾਮ ਵੀ ਠੰਡੇ ਇਲਾਕਿਆਂ ਦੇ ਫਲ ਹਨ। ਸੁੱਕੇ ਮੇਵੇ, ਚਰਬੀ ਨਾਲ ਭਰਪੂਰ ਹਨ ਜਾਂ ਖਜੂਰਾਂ ਆਦਿ ਵੀ ਮਿੱਠੇ ਨਾਲ ਭਰਪੂਰ ਹੋਣ ਕਰਕੇ ਵੱਧ ਊਰਜਾ ਦਾ ਸਰੋਤ ਹਨ। ਊਰਜਾ ਭਰਪੂਰ ਖਾਧ ਪਦਾਰਥ ਸਰਦੀ ਵਿਚ ਇਸ ਲਈ ਲੋੜੀਂਦੇ ਹਨ ਕਿਉਂਕਿ ਜੋ ਬਾਰਲੇ ਘੱਟ ਤਾਪਮਾਨ ਵਾਲੇ ਵਾਤਾਵਰਨ ਵਿਚ ਸਰੀਰ ਦੇ ਤਾਪਮਾਨ ਨੂੰ ਸਹਿਜ ਬਣਈ ਰੱਖਣ ਲਈ ਜ਼ਰੂਰੀ ਹਨ।

ਜੇਕਰ ਮੌਸਮ ਮੁਤਾਬਕ ਪਹਿਰਾਵੇ ਦੀ ਗੱਲ ਕਰੀਏ ਤਾਂ ਉਸ ਸੰਦਰਭ ਵਿਚ ਕੁਦਰਤ ਦਾ ਵਾਤਾਵਰਣ ਦੇਖੀਏ ਤਾਂ ਨਰਮਾ ਅਤੇ ਕਪਾਹ ਉੱਥੇ ਉਗਦੀ ਹੈ, ਜਿੱਥੇ ਗਰਮੀ ਹੁੰਦੀ ਹੈ ਅਤੇ ਸੂਤੀ ਕੱਪੜਾ ਗਰਮੀ ਵਿਚ ਸਭ ਤੋਂ ਵਧੀਆ ਅਤੇ ਕੁਦਰਤੀ ਦੇਣ ਹੈ। ਜੇਕਰ ਗਰਮ ਕੱਪੜਿਆਂ ਜਾਂ ਊਨੀ ਕੱਪੜਿਆਂ ਦੀ ਗੱਲ ਕਰੀਏ ਤਾਂ ਇਸ ਨੂੰ ਭੇਡ ਦੀ ਉਨ ਨਾਲ ਜੋੜ ਕੇ ਦੇਖੀਏ ਤਾਂ ਸਮਤਲ ਇਲਾਕੇ ਵਿਚ ਰਹਿਣ ਵਾਲੀ ਭੇਡ ਦੀ ਉਨ, ਲੇਹ ਲਦਾਖ ਵਿਚ ਰਹਿਣ ਵਾਲੀ ਭੇਡ ਤੋਂ ਕਾਫੀ ਫਰਕ ਵਾਲੀ ਹੁੰਦੀ ਹੈ। ਮਤਲਬ ਬਰਫੀਲੇ ਇਲਾਕਿਆਂ ਵਿਚ ਭੇਡ, ਜਾਨਵਰਾਂ ਦੀ ਉਨ ਵਿਚ ਵੱਧ ਗਰਮੀ ਅਤੇ ਨਿੱਘ ਹੁੰਦਾ ਹੈ।

ਇਸੇ ਤਰ੍ਹਾਂ ਮਕਾਨਾਂ ਦੀ ਬਣਤਰ ਹੈ। ਇਹ ਚਾਹੇ ਇਗਲੂ (ਬਰਫ ਦੇ ਮਕਾਨ) ਹੋਣ ਜਾਂ ਗਾਰੇ ਮਿੱਟੀ ਦੇ। ਇਸ ਦਾ ਭਾਵ ਇਹ ਹੈ ਕਿ ਮੌਸਮ ਦੀਆਂ ਆਫਤਾਂ ਤੋਂ ਬਚਿਆ ਜਾ ਸਕੇ। ਕੁਦਰਤ ਦੇ ਮੁਤਾਬਕ, ਆਲੇ ਦੁਆਲੇ ਦੇ ਸੰਤੁਲਨ ਵਾਲਾ, ਮਤਲਬ ਇਹ ਕਿ ਕੁਦਰਤ ਨੇ ਆਪਣੇ ਪੱਖੋਂ ਆਪਣੇ ਜੀਵਾਂ ਦੇ ਜਿੰਦਾ ਰਹਿਣ, ਵਧਣ ਫੁੱਲਣ ਲਈ, ਉਹਨਾਂ ਦੇ ਆਲੇ ਦੁਆਲੇ ਮੁਤਾਬਕ ਹੀ ਜੀਵਾਂ ਨੂੰ ਰੱਖਿਆ ਹੈ ਜਾਂ ਕਹਿ ਲਈਏ ਕਿ ਜੀਵਾਂ ਨੂੰ ਉਸ ਕੁਦਰਤ ਦੇ ਮੁਤਾਬਕ ਆਪਣੇ ਆਪ ਨੂੰ ਢਾਲ ਲਿਆ ਹੈ ਤਾਂ ਜੋ ਜਿਊਂਦੇ ਰਹਿ ਸਕਣ। ਇਸ ਨੂੰ ਆਪਾਂ ਜੀਵ ਅਤੇ ਕੁਦਰਤ ਦਾ ਆਪਸੀ ਸੰਤੁਲਨ ਵੀ ਕਹਿ ਸਕਦੇ ਹਾਂ। ਪਰ ਹੁਣ ਜੇਕਰ ਅਸੀਂ ਅੱਜ ਦੇ ਦ੍ਰਿਸ਼ 'ਤੇ ਨਜ਼ਰ ਮਾਰੀਏ ਤਾਂ ਖਾਣ ਪੀਣ ਤੇ ਪਹਿਨਣ ਰਹਿਣ ਆਦਿ ਸਭ ਕੁਝ ਰਲਗੱਡ ਹੋ ਰਿਹਾ ਹੈ।

ਖਾਣ-ਪੀਣ ਦੇ ਪਹਿਲੂ ਨੂੰ ਕੁਦਰਤ ਦੇ ਅਧਿਐਨ ਤੋਂ ਸਮਝੀਏ ਤਾਂ ਜੀਵ ਜਗਤ ਵਿਚੋਂ ਸਿਰਫ਼ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜੋ ਮਿੱਠਾ, ਨਮਕ ਅਤੇ ਘੀ ਦਾ ਸਿੱਧਾ ਪ੍ਰਯੋਗ ਕਰਦਾ ਹੈ, ਭਾਵ ਪੌਦਿਆਂ ਵਿਚੋਂ ਨਿਚੋੜ ਕੇ ਉਹਨਾਂ ਨੂੰ ਵਰਤਦਾ ਹੈ। ਕੁਦਰਤ ਦੇ ਸਾਰੇ ਜੀਵ ਕੁਦਰਤ ਵਿਚ ਮੌਜੂਦ ਖੁਰਾਕ 'ਤੇ ਜਿਊਂਦੇ ਹਨ। ਫਲ, ਸਬਜ਼ੀ, ਪੱਤੇ ਜਾਂ ਦੂਸਰੇ ਜਾਨਵਰ ਦਾ ਮਾਸ ਖਾ ਕੇ। ਇਸ ਤੋਂ ਬਾਅਦ ਮਨੁੱਖ ਸਬਜ਼ੀਆਂ ਦਾਲਾਂ, ਚਾਵਲ, ਕਣਕ ਆਦਿ ਦੇ ਨਾਲ ਇਹਨਾਂ ਨੂੰ ਸਵਾਦਲਾ ਬਣਾਉਣ ਲਈ ਘੀ ਅਤੇ ਮਿੱਠੇ ਦਾ ਇਸਤੇਮਾਲ ਕਰਦਾ ਹੈ। ਜੇਕਰ ਇਸ ਤੱਥ ਨੂੰ ਆਪਾਂ ਇਸ ਗੱਲ ਨਾਲ ਜੋੜੀਏ ਕਿ ਦਿਲ ਦੀਆਂ ਬਿਮਾਰੀਆਂ, ਪਿੱਤੇ ਦੀ ਪਥਰੀ ਆਦਿ ਘੀ ਦੀ ਵਾਧੂ ਵਰਤੋਂ ਨਾਲ ਜੁੜੇ ਹਨ, ਨਮਕ ਦਾ ਸਬੰਧ ਬਲੱਡ ਪ੍ਰੈਸ਼ਰ ਦੇ ਵਾਧੇ ਨਾਲ ਹੈ। ਵਾਧੂ ਘੀ ਤੇ ਮਿੱਠੇ ਦਾ ਸਬੰਧ ਮੋਟਾਪੇ ਨਾਲ ਹੈ, ਮੋਟਾਪੇ ਦਾ ਸ਼ੂਗਰ ਰੋਗ ਅਤੇ ਜੋੜਾਂ ਦੇ ਦਰਦ ਨਾਲ। ਅਸੀਂ ਦੇਖਦੇ ਹਾਂ ਕਿ ਕਿਸੇ ਨਾ ਕਿਸੇ ਅਵਸਥਾ 'ਤੇ ਜਾ ਕੇ ਇਹ ਕੁਦਰਤ ਤੋਂ ਨਿਚੋੜੇ ਪਦਾਰਥ ਛੱਡਣੇ ਪੈਂਦੇ ਹਨ ਜਾਂ ਘੱਟ ਕਰਨੇ ਪੈਂਦੇ ਹਨ।

ਇਸੇ ਤਰ੍ਹਾਂ ਦੁੱਧ ਬਾਰੇ ਕਈ ਖੋਜਾਂ ਹੋਈਆਂ ਹਨ ਕਿ ਦੁੱਧ ਦੀ ਲੋੜ ਬੱਚੇ ਨੂੰ ਵੱਧ ਤੋਂ ਵੱਧ ਅਠਾਰਾਂ ਮਹੀਨੇ ਤੱਕ ਹੁੰਦੀ ਹੈ, ਉਹ ਵੀ ਮਾਂ ਦੇ ਦੁੱਧ ਦੀ। ਇਸ ਤੋਂ ਬਾਅਦ ਦੁੱਧ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਜੀਵ ਜਗਤ ਦਾ ਹਰ ਕੋਈ ਜਾਨਵਰ ਬਚਪਨ ਵਿਚ ਜਿੰਨੇ ਕੁ ਵੀ ਦਿਨ ਮਾਂ ਨਾਲ ਰਹਿੰਦਾ ਹੈ, ਦੁੱਧ ਪੀਂਦਾ ਹੈ, ਫਿਰ ਨਹੀਂ। ਪਰ ਅੱਜ ਕੱਲ੍ਹ ਖਾਣ ਪੀਣ ਵਿਚ ਘੀ ਅਤੇ ਮਿੱਠੇ ਦੇ ਰੁਝਾਨ ਨਾਲ, ਦੁੱਧ, ਕਰੀਮ ਦਾ ਰੁਝਾਨ ਵੀ ਵਧ ਗਿਆ ਹੈ। ਦੁੱਧ ਤੋਂ ਕਈ ਤਰ੍ਹਾਂ ਦੇ ਸ਼ੇਕ, ਕਰੀਮ ਤੋਂ ਆਈਸ ਕ੍ਰੀਮ ਰੋਲ ਆਦਿ ਪਦਾਰਥ ਬਣਾਏ ਜਾਂਦੇ ਹਨ। ਜਿਨ੍ਹਾਂ ਵਿਚ ਚਰਬੀ ਦੀ ਮਾਤਰਾ ਵੱਧ ਹੁੰਦੀ ਹੈ। ਇਸ ਗੱਲ ਦਾ ਅੰਦਾਜ਼ਾ ਅਮੀਰ ਲੋਕਾਂ ਵਿਚ ਵਿਕਸਿਤ ਦੇਸ਼ਾਂ ਵਿਚ ਮੋਟਾਪੇ ਦੀ ਵਧ ਰਹੀ ਦਰ ਤੋਂ ਵੀ ਲਗਾਇਆ ਜਾ ਸਕਦਾ ਹੈ।

ਇਸ ਦੇ ਨਾਲ ਹੀ ਖਾਣੇ ਨੂੰ ਸੁਆਦਲਾ ਬਣਾਉਣ ਅਤੇ ਦਿੱਖ ਪੱਖੋਂ ਚੰਗਾ ਲੱਗਣ ਲਈ ਕਈ ਗੈਰ ਕੁਦਰਤੀ ਰੰਗਾਂ ਸਵਾਦਾ ਦੇ ਹਵਾਲੇ ਕੀਤਾ ਜਾਂਦਾ ਹੈ। ਅੱਜ ਇਕ ਹੋਰ ਵਰਤਾਰਾ ਦੇਖਿਆ ਜਾ ਰਿਹਾ ਹੈ ਕਿ ਡੱਬਾ ਬੰਦਾ ਚੀਜ਼ਾਂ ਦਾ ਰੁਝਾਨ ਵੀ ਵਧਿਆ ਹੈ, ਇਹ ਚਾਹੇ ਆਈਸ ਕ੍ਰੀਮ ਹੋਵੇ, ਚਾਹੇ ਆਲੂ ਚਿਪਸ, ਚਾਕਲੇਟ ਅਤੇ ਹੋਰ ਬਣੀਆਂ ਬਣਾਈਆਂ ਸਬਜ਼ੀਆਂ। ਇਹਨਾਂ ਚੀਜ਼ਾਂ ਨੂੰ ਵੱਧ ਸਮਾਂ ਰੱਖਣ ਲਈ ਰਸਾਇਣਕ ਤੱਤਾਂ ਦੀ ਵਰਤੋਂ ਹੁੰਦੀ ਹੈ ਜੋ ਸਰਦੀ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਕਰਦੇ ਹਨ। ਇਸੇ ਲੜੀ ਵਿਚ ਕੋਕ, ਪੈਪਸੀ ਆਦਿ ਵਿਚ ਵਰਤੇ ਜਾਂਦੇ ਗੈਰ ਕੁਦਰਤੀ ਤੱਤਾਂ ਉੱਪਰ ਕਈ ਵਾਰ ਹਾਨੀਕਾਰਕ ਹੋਣ ਦਾ ਦੋਸ਼ ਵੀ ਲੱਗ ਚੁੱਕਾ ਹੈ ਅਤੇ ਸਿੱਧ ਵੀ ਹੋਇਆ ਹੈ। ਇਨ੍ਹਾਂ ਵਿਚ ਇਸਤੇਮਾਲ ਹੁੰਦੇ ਬੀ ਟੀ ਓ ਨੂੰ ਤਾਂ ਕੈਂਸਰ ਕਰਨ ਵਾਲੇ ਤੱਤ ਵਜੋਂ ਪਛਾਣਿਆ ਗਿਆ, ਜਿਸ ਦੀ ਬਾਅਦ ਵਿਚ ਰੋਕ ਲਗਾਉਣੀ ਪਈ। ਇਹਨਾਂ ਉੱਪਰ ਸਪੱਸ਼ਟ ਲਿਖਿਆ ਹੁੰਦਾ ਹੈ ਕਿ ਇਹ ਕੋਈ ਰਸ ਨਹੀਂ ਇਹ ਕੋਈ ਖੁਰਾਕ ਦੇ ਤੱਤ ਨਹੀਂ। ਇਸ ਦੇ ਨਾਲ ਹੀ ਖਾਣ ਪੀਦ ਦੇ ਇਨ੍ਹਾਂ ਵਰਤਾਰਿਆਂ ਦਾ ਗਲਤ ਪਹਿਲੂ ਇਹ ਹੈ ਕਿ ਇਹ ਕੁਦਰਤ ਨਾਲ ਮੇਲ ਨਹੀਂ ਖਾਂਦੇ। ਗਰਮੀ ਵਿਚ ਪਾਣੀ ਅਤੇ ਨਮਕ ਦੇ ਘੋਲ ਦੀ ਬਜਾਏ ਬਰਫ ਅਤੇ ਫੈਂਟ (ਦੁੱਧ ਦੇ ਬਣੇ ਸ਼ੇਕ) ਦੀ ਵਰਤੋਂ ਕੋਈ ਸਾਰਥਕ ਪੇਅ ਪਦਾਰਥ ਨਹੀਂ।

ਖਾਣ-ਪੀਣ ਦੇ ਪਹਿਲੂ ਤੋਂ ਅਸੀਂ ਇਹ ਵੀ ਦੇਖਦੇ ਹਾਂ ਕਿ ਗਰਮੀ-ਸਰਦੀ ਦੀਆਂ ਵੱਖ ਵੱਖ ਸਬਜ਼ੀਆਂ, ਫਲਾਂ ਵਾਲੀ ਗੱਲ ਵੀ ਮੁੱਕਦੀ ਜਾ ਰਹੀ ਹੈ। ਇਕ ਤਾਂ ਆਵਾਜਾਈ ਦੇ ਸਾਧਨ ਆਦਿ ਵਧ ਜਾਣ ਕਾਰਨ, ਇਕ ਦੂਸਰੇ ਖਿੱਤੇ ਦੀਆਂ ਵਸਤੂਆਂ ਗੈਰ ਮੌਸਮੀ ਇਲਾਕੇ ਵਿਚ ਵੀ ਪਹੁੰਚ ਜਾਂਦੀਆਂ ਹਨ। ਦੂਸਰਾ, ਕੋਲਡ ਸਟੋਰਾਂ ਰਾਹੀਂ ਵੀ ਸਬਜ਼ੀਆਂ, ਫਲਾਂ ਨੂੰ ਸੰਭਾਲ ਕੇ ਰੱਖਣ ਦਾ ਤਰੀਕਾ ਆਮ ਹੁੰਦਾ ਜਾ ਰਿਹਾ ਹੈ। ਫਲਾਂ ਨੂੰ ਪਕਾ ਲੈਣ ਲਈ ਵੀ ਕਈ ਤਰ੍ਹਾਂ ਦੇ ਰਸਾਇਣਕ ਤੱਤ ਵਰਤੇ ਜਾਣ ਲੱਗੇ ਹਨ। ਇਹਨਾਂ ਨਾਲ ਸਿਹਤ ਨੂੰ ਜੋ ਨੁਕਸਾਨ ਹੁੰਦਾ ਹੈ, ਉਸ ਦੇ ਨਾਲ ਇਨ੍ਹਾਂ ਕੁਦਰਤੀ ਅਤੇ ਮੌਸਮੀ ਸੌਗਾਤਾਂ ਨੂੰ ਸਿਰਫ ਅਮੀਰਾਂ ਤੱਕ ਹੀ ਸੀਮਤ ਕਰ ਦੇਣ ਦੀ ਗੱਲ ਵੀ ਹੋਈ ਹੈ। ਇਸ ਤਰ੍ਹਾਂ ਸਮਾਜ ਦਾ ਇਕ ਵਰਗ ਉਹਨਾਂ ਤੋਂ ਵਾਂਝਾ ਰਹਿ ਕੇ ਨੁਕਸਾਨ ਉਠਾਉਂਦਾ ਹੈ ਤੇ ਦੂਸਰਾ ਵਰਗ ਗੈਰ ਕੁਦਰਤੀ ਢੰਗ ਨਾਲ ਸੰਭਾਲੇ, ਪਕਾਏ, ਫਲ ਸਬਜ਼ੀਆਂ ਖਾ ਕੇ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ।

ਅਸੀਂ ਸਲਾਦ, ਫਲਾਂ ਆਦਿ ਖਾਸ ਕਰਕੇ ਲਾਲ ਪੀਲੇ ਰੰਗਾਂ ਵਾਲੇ ਫਲ ਅਤੇ ਸਬਜ਼ੀਆਂ ਬਾਰੇ ਜਾਣਦੇ ਹਾਂ ਕਿ ਇਨ੍ਹਾਂ ਵਿਚ ਐਂਟੀ ਆਕਸੀਡੈਂਟ ਹੁੰਦੇ ਹਨ, ਜੋ ਕਿ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਤਾਕਤ ਦਿੰਦੇ ਹਨ। ਇਸ ਤੋਂ ਇਲਾਵਾ ਟਮਾਟਰ ਵਿਚ ਅਲਫਾ ਹਾਇਡਰੋਕਸੀ ਐਸਿਡ ਹੁੰਦਾ ਹੈ ਜੋ ਚਮੜੀ ਉਪਰ ਬੇਵਕਤੀ ਝੁਰੜੀਆਂ ਨਹੀਂ ਪੈਣ ਦਿੰਦਾ। ਸੇਬ ਵਿਚ ਚਮੜੀ ਦੀਆਂ ਬੇਜਾਨ ਕੋਸ਼ਿਕਾਵਾਂ ਨੂੰ ਹਟਾਉਣ ਅਤੇ ਚਮੜੀ ਨੂੰ ਨਿਖਾਰਨ ਦੀ ਸਮਰੱਥਾ ਹੈ। ਹਰ ਫਲ, ਸਬਜ਼ੀ ਜੋ ਅਸੀਂ ਖਾਂਦੇ ਹਾਂ, ਕਿਸੇ ਨਾ ਕਿਸੇ ਵਿਸ਼ੇਸ਼ ਹੁਣ ਦੀ ਧਾਰਨੀ ਹੈ। ਪਰ ਸਵਾਲ ਉਦੋਂ ਪੈਦਾ ਹੁੰਦਾ ਹੈ, ਜਦੋਂ ਲਾਲ ਲਾਲ ਰੰਗ ਦਾ ਦਿਲ ਨੂੰ ਖਿੱਚ ਪਾਉਣ ਵਾਲਾ ਟਮਾਟਰ ਸਪਰੇ ਅਤੇ ਹੋਰ ਦਵਾਈਆਂ ਨਾਲ ਵੱਡਾ ਕੀਤਾ ਜਾਂਦਾ ਹੈ, ਜੋ ਚਮੜੀ ਦੀਆਂ ਝੁਰੜੀਆਂ ਰੋਕਣ ਦੀ ਬਜਾਏ ਦਿਲ ਦਿਮਾਗ 'ਤੇ ਬੁਰਾ ਅਸਰ ਕਰਦਾ ਹੈ।

ਪਹਿਰਾਵੇ ਜਾਂ ਕੱਪੜਿਆਂ ਦੀ ਵਰਤੋਂ ਦੇ ਪਹਿਲੂ ਤੋਂ ਵੀ ਗੈਰ ਕੁਦਰਤੀ ਤੰਤੂਆਂ ਜਿਵੇਂ ਪੋਲੀਅਸਟਰ, ਅਕਰੈਲਿਕ ਅਤੇ ਨਾਈਲੋਨ ਆਦਿ ਤੋਂ ਬਣੇ ਹੋਏ ਵਰਤੇ ਜਾਂਦੇ ਹਨ ਜੋ ਕਿ ਗਰਮੀ ਵਿਚ ਆਏ ਪਸੀਨੇ ਨੂੰ ਸੋਖਣ ਦੀ ਸਮਰੱਥਾ ਨਹੀਂ ਰੱਦੇ ਅਤੇ ਕਈ ਤਰ੍ਹਾਂ ਦੀਆਂ ਚਮੜੀ ਦੀਆਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ।

ਖਾਣ-ਪੀਣ ਤੇ ਪਹਿਨਣ ਦੇ ਢੰਗ ਤਰੀਕਿਆਂ ਵਿਚ ਤਬਦੀਲੀ ਲਿਆ ਕੇ ਮਨੁੱਖ ਨੇ ਜਿੱਥੇ ਸਿੱਧੇ ਤੌਰ 'ਤੇ ਆਪਣੇ ਸਰੀਰ ਨਾਲ ਖਿਲਵਾੜ ਕੀਤਾ ਹੈ, ਉੱਥੇ ਇਨ੍ਹਾਂ ਸਾਧਨਾਂ ਨੂੰ ਜੁਟਾਉਣ ਲਈ ਲਗਾਈਆਂ ਫੈਕਟਰੀਆਂ ਰਾਹੀਂ ਮਨੁੱਖ ਨੇ ਆਪਣੇ ਆਲੇ ਦੁਆਲੇ ਵਿਚ ਫੈਲੀ ਕੁਦਰਤ ਨੂੰ ਵੀ ਅਸੰਤੁਲਿਤ ਕੀਤਾ ਹੈ।

ਇਸ ਸਾਰੀ ਗੱਲ ਨੂੰ ਸਮਝਣ ਤੋਂ ਬਾਅਦ, ਇਹ ਗੱਲ ਸਮਝਣ ਦੀ ਲੋੜ ਹੈ ਕਿ ਸਾਡੇ ਮੁਲਕ ਵਿਚ ਫਲਾਂ, ਸਬਜ਼ੀਆਂ ਦੀ ਅਥਾਹ ਦੌਲਤ ਹੈ। ਇਨ੍ਹਾਂ ਦੀਆਂ ਅਨੇਕ ਕਿਸਮਾਂ ਹਨ। ਸਾਡੇ ਹੱਥ ਵਧਾਉਣ ਦੀ ਦੇਰ ਹੈ ਕਿ ਅਸੀਂ ਹਰ ਚੀਜ਼ ਧਰਤੀ ਵਿਚੋਂ ਤਾਜ਼ੀ ਲੈ ਸਕਦੇ ਹਾਂ ਤੇ ਫਿਰ ਵੀ ਅਸੀਂ ਬਹੁ ਰਾਸ਼ਟਰੀ ਕੰਪਨੀਆਂ ਦੇ ਦਬਾਅ, ਉਹਨਾਂ ਦੇ ਮਸਾਲਿਆਂ ਅਤੇ ਬੰਦ ਗੁਬਾਰੇ ਵਰਗੇ ਲਿਫਾਫਿਆਂ ਵਿਚ ਫਸ ਕੇ ਉਹਨਾਂ ਨੂੰ ਵਰਤ ਰਹੇ ਹਾਂ। ਇਹ ਸਮੱਸਿਆ ਉਹਨਾਂ ਮੁਲਕਾਂ ਲਈ ਤਾਂ ਮੰਨੀ ਜਾ ਸਕਦੀ ਹੈ, ਜਿਥੇ ਸਾਲ ਵਿਚ ਛੇ ਮਹੀਨੇ ਤੋਂ ਵੀ ਵੱਧ ਬਰਫ ਰਹਿੰਦੀ ਹੈ ਤੇ ਖਾਣ ਨੂੰ ਕੁਝ ਵੀ ਨਹੀਂ ਲੱਭਦਾ। ਭਲਾ ਸਾਡੇ ਲਈ ਕੀ ਮੁਸ਼ਕਿਲ ਹੈ? ਵੈਸੇ ਤਾਂ ਚਾਹੀਦਾ ਇਹ ਹੈ ਕਿ ਕੁਦਰਤ ਨੇ ਜੇ ਉੱਥੇ ਬੰਦ ਵਸਾਏ ਹਨ ਤਾਂ ਯਕੀਨਨ ਹੀ ਉੱਥੇ ਕੁਦਰਤ ਦਾ ਕੋਈ ਨਾ ਕੋਈ ਅਜਿਹਾ ਸਰਮਾਇਆ ਜ਼ਰੂਰ ਹੋਵੇਗਾ ਜੋ ਜੀਵ ਜਗਤ ਦੇ ਪ੍ਰਾਣੀਆਂ ਵਿਚ ਦਿਲ ਧੜਕਾਉਣ ਲਈ ਬਣਿਆ ਹੋਵੇਗਾ।

ਮੁੱਕਦੀ ਗੱਲ ਇਹ ਹੈ ਕਿ ਕੁਦਰਤ ਨਾਲ ਸੁਮੇਲ ਹੀ ਜ਼ਿੰਦਗੀ ਹੈ। ਮਨੁੱਖ ਨੂੰ ਕੁਦਰਤ ਦੇ ਵਿਰੋਧ ਵਿਚ ਖੜ੍ਹੋ ਕੇ ਆਪਣਾ ਵਿਨਾਸ਼ ਨਹੀਂ ਕਰਨਾ ਚਾਹੀਦਾ।

*"We Had Dinner along with my friends family, it was really nice, pure Indian taste...... I will recommend this to any-one who like REAL Indian food."*



"Service was prompt friendly. Food was hot and tasty. Loved it!"





**"quite authentic Indian Food"**

# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

# ਪਹਿਲਵਾਨਾਂ ਦੀਆਂ ਦਫਾਂ

**■ ਬਲਬੀਰ ਸਿੰਘ ਕੰਵਲ**

ਭਾਰਤ ਵਿਚ ਮੱਲ-ਯੁੱਧ ਜਾਂ ਕੁਸ਼ਤੀ ਕਲਾ ਬੜੇ ਪ੍ਰਾਚੀਨ ਸਮੇਂ ਤੋਂ ਪ੍ਰਚਲਤ ਹੈ। ਮੁਸਲਮਾਨ ਧਾੜਵੀਆਂ ਨੇ ਸਾਡੇ ਦੇਸ਼ ਵਿਚ ਆ ਕੇ ਮੱਲ-ਯੁੱਧ ਲਈ ਫ਼ਾਰਸੀ ਦਾ ਇੱਕ ਸ਼ਬਦ 'ਕੁਸ਼ਤੀ' ਦੇ ਦਿੱਤਾ। ਇੰਝ ਪ੍ਰਤੀਤ ਹੁੰਦਾ ਹੈ ਕਿ ਕੁਸ਼ਤੀ ਨਾਲੋਂ 'ਮੁਸ਼ਤੀ' (ਮੁੱਕੇਬਾਜ਼ੀ ਜਾਂ ਬੌਕਸਿੰਗ) ਪਹਿਲਾਂ ਪ੍ਰਚਲਤ ਹੋਈ, ਜਿਸਦਾ ਸੂਖ਼ਮ ਰੂਪ ਕੁਸ਼ਤੀ ਹੋ ਗਿਆ ਅਤੇ ਇਸ ਦੀਆਂ ਅਗਾਂਹ ਤਿੰਨ ਜਾਂ ਚਾਰ ਸ਼ਾਖ਼ਾਂ ਬਣ ਗਈਆਂ, ਜਿਨ੍ਹਾਂ ਵਿਚੋਂ ਕੇਵਲ ਪਹਿਲੀਆਂ ਤਿੰਨ ਹੀ ਵਧੇਰੇ ਪ੍ਰਚਲਤ ਹੋ ਸਕੀਆਂ-ਭੀਮ ਸੈਨੀ, ਹਨੁਮੰਤੀ ਅਤੇ ਜਾਮਵੰਤੀ। ਭੀਮ ਸੈਨੀ ਕਿਸਮ ਵਿਚ ਜਿੱਤ ਕੇਵਲ ਤਾਕਤ ਤੇ ਬਲ ਨਾਲ ਪ੍ਰਾਪਤ ਕੀਤੀ ਜਾਂਦੀ ਸੀ। ਹਨੁਮੰਤੀ ਦੀ ਬੁਨਿਆਦ ਢੇਰ ਕਰਕੇ ਦਾਅਵਾਂ-ਪੇਚਾਂ ਦੇ ਸਿਰ 'ਤੇ ਸੀ, ਜ਼ਾਮਵੰਤੀ ਵਿਚ ਵਿਰੋਧੀ ਨੂੰ ਵਧੇਰੇ ਦੁਖਦਾਈ ਦਾਅਵਾਂ ਜਿਵੇਂ ਨਮਾਜ਼ਬੰਦ ਅਤੇ ਕਮਰਘੋੜਾ ਆਦਿ ਨਾਲ ਨਿੱਸਲ ਕਰਕੇ ਢਾਇਆ ਜਾਂਦਾ ਸੀ। ਚੌਥੀ ਕਿਸਮ ਜਰਾਬੰਧੀ ਵਿਚ ਨੌਬਤ ਕਈ ਵੇਰ ਮਰਨ ਮਾਰਨ ਤੱਕ ਅੱਪੜ ਜਾਂਦੀ ਸੀ। ਇਸੇ ਲਈ ਇਹ ਬਹੁਤੀ ਹਰਮਨਪਿਆਰੀ ਨਾ ਹੋ ਸਕੀ।

ਸਾਡੀ ਵਰਤਮਾਨ ਕੁਸ਼ਤੀ ਦਾ ਮੋਢੀ ਉਸਤਾਦ ਨੂਰਉਦੀਨ (1835-1910) ਨੂੰ ਮੰਨਿਆ ਜਾਂਦਾ ਹੈ ਜਿਸਨੇ ਕਿ 361 ਦਾਅ ਪੇਚ ਅਤੇ ਉਨਾਂ ਦੇ ਤੋੜ ਈਜਾਦ ਕੀਤੇ । ਭਲਵਾਨੀ ਦੇ




ਰੁਸਤਮੇ ਜਹਾਨ- ਗਾਮਾ ਪਹਿਲਵਾਨ

ਬੜ੍ਹਾਵੇ ਲਈ ਉਸਨੇ ਤਿੰਨ ਵਖੋ ਵੱਖਰੇ ਦਲ ਜਾਂ ਟੋਲੇ ਬਣਾ ਦਿੱਤੇ ਜਿਹੜੇ ਕਿ ਪਿਛੋਂ ਦਫਾਂ ਅਖਵਾਏ। ਇਹ ਇਸਤਰ੍ਹਾਂ ਸਨ- ਨੂਰੇਵਾਲੇ, ਕੋਟਵਾਲੇ ਅਤੇ ਕਾਲੂਵਾਲੇ। ਇਨ੍ਹਾਂ ਸਭਨਾਂ ਦੀ ਲੜੰਤ ਦੀ ਅਪਣੀ ਅਪਣੀ ਵਿਸ਼ੇਸ਼ਤਾ ਜਾਂ ਵਿਲੱਖਣਤਾ ਸੀ।

### *ਨੂਰੇਵਾਲੇ ਪਹਿਲਵਾਨ*

ਨੂਰੇਵਾਲੇ ਅਰਥਾਤ ਪਹਿਲਾ ਟੋਲਾ ਉਸਤਾਦ ਦੇ ਅਪਣੇ ਨਾਂ 'ਤੇ ਨਾਮਿਆ ਗਿਆ ਸੀ। ਸ਼ੁਰੂ ਤੋਂ ਹੀ ਇਸਦੀ ਮੁੱਖ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਸਦੇ ਭਲਵਾਨ ਕੁਸ਼ਤੀ ਨੂੰ ਹਮੇਸ਼ਾ ਬੜੀ ਬਰੀਕੀ ਨਾਲ ਲੈਂਦੇ ਰਹੇ ਹਨ ਅਤੇ ਪੈਰ ਤੇ ਪੈਰ ਦਾਅ ਮਾਰਨ ਦੇ ਮਾਹਿਰ ਹੁੰਦੇ ਸਨ। ਚਿਰਾਗ ਅਲੀਵਾਲਾ ( ਜਿਹੜਾ ਗੁਲਾਮ ਰੁਸਤਮੇ-ਜਹਾਨ ਨਾਲ ਜੋਧਪੁਰ ਵਿਖੇ ਬੁਢਾਪੇ ਦੇ ਆਲਮ ਵਿਚ ਵੀ ਇੱਕ ਵੇਰ ਦੋ ਘੰਟੇ ਬਰਾਬਰ ਲੜ ਗਿਆ ਸੀ) ਖ਼ਲੀਫ਼ਾ ਮੇਰਾਜਦੀਨ, ਖ਼ਲੀਫ਼ਾ ਗੁਲਾਮ ਮਹੱਈਉਦੀਨ, ਬੂਟਾ ਮੱਲ, ਕਰੀਮ ਬਖਸ਼ ਪੇਲੜਾ, ਵਿਦੋ ਬ੍ਰਾਹਮਣ ਅਤੇ ਸਾਲਾ ਰਾਜ ਆਦਿ ਇਸ ਦਫਾ ਦੇ ਕੁਝ ਪ੍ਰਤੀਨਿਧ ਪਹਿਲਵਾਨ ਸਨ। ਇਸ ਦਲ ਦੇ ਖ਼ਲੀਫ਼ਾ ਮਹੱਈਉਦੀਨ (1866-1963) ਗਾਮੇ ਨਾਲ ਹੋਈਆਂ ਦੋ ਕੁਸ਼ਤੀਆਂ ਅਤੇ ਇਮਾਮ ਬਖਸ਼ ਨਾਲ ਟੱਕਰਾਂ ਸਾਡੀ ਕੁਸ਼ਤੀ ਦੇ ਇਤਿਹਾਸ ਦਾ ਸਰਮਾਇਆ ਹਨ। ਯਾਦ ਰਹੇ ਕਿ ਜਦੋਂ ਉਹ ਇਮਾਮ ਬਖਸ਼ ਵਰਗੇ ਬਬਰ ਸ਼ੇਰ ਨਾਲ ਘੁਲਿਆ ਤਾਂ ਇਮਾਮ ਦੀਆਂ ਲਗਾਤਾਰ ਛੇ ਪੁੱਠੀਆਂ ਖ਼ਲੀਫ਼ੇ ਦਾ ਕੁਝ ਨਹੀਂ ਸੀ ਵਿਗਾੜ ਸਕੀਆਂ। ਇਮਾਮ ਹਰ ਵੇਰ ਜ਼ੋਰਦਾਰ ਅਤੇ ਧਮਾਕੇਦਾਰ ਪੁੱਠੀ ਮਾਰਦਾ ਰਿਹਾ ਪਰ ਵਾਰੇ ਜਾਈਏ ਖ਼ਲੀਫ਼ੇ ਦੀ ਲੜੰਤ ਦੇ ਕਿ ਹਰ ਵੇਰ ਪੰਜਿਆਂ ਦੇ ਬਲ ਉਹ ਜ਼ਮੀਨ 'ਤੇ ਇਸ ਤਰ੍ਹਾਂ ਡਿਗਦਾ ਰਿਹਾ ਜਿਵੇਂ ਉਹ ਕੋਈ ਬਿੱਲਾ ਹੋਵੇ।

ਸ: ਹਰਬੰਸ ਸਿੰਘ ਰੁਸਤਮੇ ਹਿੰਦ ਰਾਏਪੁਰ ਡੱਬਾ ਦੇ ਬੇਟੇ ਪ੍ਰਿੰਸੀਪਲ ਕਸ਼ਮੀਰਾ ਸਿੰਘ ਨੇ ਮੈਨੂੰ ਇਹ ਗੱਲ ਸੁਣਾਈ ਸੀ ਕਿ ਇੱਕ ਵੇਰ ਦੁਆਬੇ ਦੇ ਦੋ ਪ੍ਰਸਿੱਧ ਪਹਿਲਵਾਨ ਖੜਕਾ ਤੇ ਬਸੰਤਾ ਜੰਡਿਆਲਾ ਵਾਲੇ ਰਿਆਸਤ ਕੋਹਲਾਪੁਰ ਗਏ ਜਿਥੇ ਖ਼ਲੀਫ਼ਾ ਆਪਣੇ ਅਖਾੜੇ ਦੁਆਲੇ ਘੁੰਮ ਰਿਹਾ ਸੀ। ਉਨ੍ਹਾਂ ਖ਼ਲੀਫ਼ਾ ਜੀ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਖ਼ਲੀਫ਼ੇ ਨੇ ਘੇਸਲ ਵੱਟ ਲਈ ਅਤੇ ਇਹ ਨਾ ਦੱਸਿਆ ਕਿ ਮੈਂ ਹੀ ਗੁਲਾਮ ਮਹੀਉਦੀਨ ਹਾਂ।

***'ਜੁਆਨੋ, ਉਸ ਨਾਲ ਕੀ ਕੰਮ ਹੈ ਭਈ ?'***
***'ਓ ਜੀ ਅਸੀਂ ਉਸ ਨਾਲ ਜ਼ਰਾ ਜ਼ੋਰ ਕਰਨਾ ਚਾਹੁੰਦੇ ਹਾਂ।'***
***'ਆ ਜਾਓ ਫਿਰ ਜ਼ਰਾ।'***

ਦੱਸਿਆ ਜਾਂਦਾ ਹੈ ਕਿ ਉਸਨੇ ਉਨ੍ਹਾਂ ਦੋਹਾਂ ਦਾ ਹੀ ਆਸਾਨੀ ਨਾਲ ਜ਼ੋਰ ਕਰਾ ਕੇ ਉਨ੍ਹਾਂ ਨੂੰ ਅਖਾੜਿਉਂ ਬਾਹਰ ਕੱਢ ਦਿੱਤਾ ਸੀ। ਬਾਹਰੋਂ ਆਏ ਉਹਦੇ ਸ਼ਾਗਿਰਦਾਂ ਨੇ ਜਦੋਂ ਉਨ੍ਹਾਂ ਨੂੰ ਇਹ ਗੱਲ ਦੱਸੀ ਕਿ ਇਹ ਤਾਂ ਖ਼ਲੀਫ਼ਾ ਹਨ ਤਾਂ ਪੰਜਾਬ ਤੋਂ ਆਏ ਇਨ੍ਹਾਂ ਪਹਿਲਵਾਨਾਂ ਨੇ ਸਤਿਕਾਰ ਵਿਚ ਉਸ ਅੱਗੇ ਸਿਰ ਝੁਕਾ ਦਿੱਤਾ ਸੀ।

ਉਸਤਾਦ ਨੂਰਉਦੀਨ ਕੁਤਬੇ ਜ਼ਨਾ ਦੇ ਬੰਸ ਨਾਲ ਸਿੱਧਾ ਸਬੰਧ ਰੱਖਣ ਵਾਲੇ ਇਸ ਖ਼ਲੀਫ਼ੇ ਨੇ ਇੱਕ ਵੇਰ ਲੇਖਕ ਨੂੰ ਉਨ੍ਹਾਂ ਬਾਰੇ ਇਹ ਗੱਲ ਵੀ ਦੱਸੀ ਕਿ ਉਨ੍ਹਾਂ ਨੇ ਇੱਕ ਕਿੱਸਾ 'ਮੱਲਾਂ ਦਾ ਬਾਰਾ ਮਾਹ' ਜਿਹੜਾ ਕਿ ਭਲਵਾਨੀ ਜ਼ਬਾਨ ਵਿਚ ਸਾਲ ਦੇ ਬਾਰਾਂ ਮਹੀਨਿਆਂ ਦੇ ਜੁਦੇ ਜੁਦੇ ਬਾਰਾਂ ਪਾਣੀਆਂ (ਖਾਣ ਪੀਣ ਦੀਆਂ ਚੀਜ਼ਾਂ) ਦੇ ਸਲਾਹ ਮਸ਼ਵਰੇ 'ਤੇ ਆਧਾਰਤ ਸੀ- ਅਥਵਾ ਭਲਵਾਨ ਨੂੰ ਕਿਹੜੀ ਉਮਰੇ, ਕਿਹੜੀ ਰੁੱਤੇ ਕਿਹੜੀ ਖ਼ੁਰਾਕ ਕਿੰਨੀ ਮਿਕਦਾਰ ਵਿਚ ਖਾਣੀ ਚਾਹੀਦੀ ਹੈ। ਮਿਸਾਲ ਲਈ ਸਵੇਰੇ ਡੰਡ ਬੈਠਕਾਂ ਲਾਉਣ ਪਿਛੋਂ ਆਉਲੇ ਦੇ ਮੁਰੱਬੇ ਨੂੰ ਕੁੱਟਕੇ ਲੈਚੀਆਂ ਤੇ ਤਬਾਸੀਰ ਸਣੇ ਚਾਂਦੀ ਦੇ ਵਰਕ ਮਿਲਾ ਕੇ ਖਾਣਾ। ਇਹ ਮੁਰੱਬਾ ਇਸ ਲਈ ਦਿੰਦੇ ਸਨ ਤਾਂ ਜੋ ਮਿਹਨਤ ਦੀ ਗਰਮੀ ਤੋਂ ਜਿਗਰ ਤੇ ਦਿਮਾਗ਼ ਨੂੰ ਬਚਾਇਆ ਜਾ ਸਕੇ ਅਤੇ ਤਾਅ ਵਗੈਰਾ ਨਾ ਲੱਗ ਜਾਵੇ। ਜੇਕਰ ਤਾਅ ਲੱਗ ਜਾਵੇ ਤਾਂ ਦਿਲ ਧੜਕਣ ਦੀ ਬੀਮਾਰੀ ਲੱਗ ਜਾਂਦੀ ਹੈ, ਸਿਰ ਵਿਚ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਦਿਲ ਹਰ ਵੇਲੇ ਕਾਹਲਾ ਜਿਹਾ ਪੈਣ ਲੱਗ ਜਾਂਦਾ ਹੈ। ਉਸ ਪਿੱਛੋਂ ਲੰਗਰ ਜਾਂ ਜਾਂਘੀਆ ਖੋਲ੍ਹਕੇ ਟਹਿਲਣਾ ਤਾਂ ਜੋ ਸਾਹ ਵਗੈਰਾ ਜ਼ਰਾ ਨੌਰਮਲ ਜਾਂ ਠੀਕ ਹੋ ਜਾਵੇ। ਮੁੜ੍ਹਕਾ ਸੁਕਾਉਣ ਪਿਛੋਂ ਬਦਾਮਾਂ ਦੀ ਠੰਡਿਆਈ, ਸਰਦਾਈ ਆਦਿ ਜਿਸ ਵਿਚ ਅੱਧ ਪਾਉ ਬਦਾਮਾਂ ਦੀਆਂ ਗਿਰੀਆਂ, ਦਸ ਦਾਣੇ ਨਿੱਕੀ ਲੈਚੀ ਤੇ ਅੱਠ ਦਸ ਕਾਲੀਆਂ ਮਿਰਚਾਂ ਸੁੜ੍ਹਕਾ ਲਾ ਕੇ ਪੀਣੀ ਤਾਂ ਜੋ ਤ੍ਰੇਹ ਆਦਿ ਬੁਝ ਜਾਵੇ ਅਤੇ ਸਟੈਮਨਾ ਵੀ ਵਧੇ। ਡੇਢ ਦੋ ਘੰਟੇ ਬਾਅਦ ਲੋੜ ਮੂਜਬ ਦੁੱਧ ਘਿਓ ਪੀਣਾ ਅਤੇ ਫਿਰ ਆਰਾਮ ਕਰਕੇ ਕੁਝ ਘੰਟਿਆਂ ਬਾਅਦ ਮੀਟ ਮੱਛੀ ਜਾਂ ਦੂਜੀ ਖ਼ੁਰਾਕ ਦਾ ਸੇਵਨ।

ਉਸਤਾਦ ਕੁਝ ਇਹੋ ਜਹੇ ਖਿਆਲਾਂ ਦਾ ਵੀ ਧਾਰਨੀ ਸੀ ਕਿ ਬਹੁਤਾ ਦੁੱਧ, ਬਹੁਤਾ ਅੰਨ ਅਤੇ ਬਹੁਤੇ ਬਦਾਮ ਵੀ ਭਲਵਾਨਾਂ ਦੇ ਮੇਹਦੇ ਬੋਝਲ ਜਾਂ ਗਲੀਜ਼ ਕਰਦੇ ਹਨ । ਪਹਿਲਵਾਨ ਦੀ ਜਿਉਂ ਜਿਉਂ ਉਮਰ ਜਾਂ ਮਿਹਨਤ ਵਧਦੀ ਜਾਂਦੀ ਹੈ, ਤਿਉਂ ਤਿਉਂ ਉਹਦੀ ਖ਼ੁਰਾਕ ਵੀ। ਹਫ਼ਤੇ ਵਿਚ ਇੱਕ ਦਿਨ ਖਾਸ ਕਰਕੇ ਜੁਮੇਰਾਤ (ਵੀਰਵਾਰ) ਨੂੰ ਗਜ਼ਾ ਖਾਣ ਦਾ ਨਾਗਾ ਕਰਨਾ ਤੇ ਸਿਰਫ਼ ਸਾਧਾਰਨ ਰੋਟੀ, ਪਾਣੀ ਪੀਣਾ, ਮਿਹਨਤ ਰਿਆਜਲ ਤੋਂ ਵੀ ਨਾਗ਼ਾ ਪਾਉਣਾ ਆਦਿ- ਉਸ ਵਿਚ ਇਹੋ ਜਹੀਆਂ ਹਦਾਇਤਾਂ ਸਨ।

### *ਕੋਟਵਾਲੇ ਪਹਿਲਵਾਨ*

ਉਸਤਾਦ ਨੂਰਉਦੀਨ ਪਿਛੋਂ ਅਜੋਕੀ ਕੁਸ਼ਤੀ ਦੇ ਮੋਢੀਆਂ ਜਾਂ ਥੰਮਾਂ ਵਿਚ ਅਮਰ ਸਿੰਘ ਨੂੰ ਦੂਜਾ ਦਰਜਾ ਪ੍ਰਾਪਤ ਹੈ। ਇਹੀ ਵਜ੍ਹਾ ਹੈ ਕਿ ਉਸਦੇ ਨਾਂ 'ਤੇ ਅਜੇ ਤੀਕ ਵੀ ਇੱਕ ' ਕੋਟ ਵਾਲਿਆਂ' ਦੀ ਦਫ ਚਲਦੀ ਆ ਰਹੀ ਹੈ। ਗਾਮਾ ਪਹਿਲਵਾਨ ਰੁਸਤਮੇ ਜਹਾਨ ਕੋਟ ਵਾਲਿਆਂ ਵਿਚੋਂ ਹੀ ਸਨ। ਉਸ ਟੋਲੀ ਦੇ ਸਾਰੇ ਪਹਿਲਵਾਨ ਕਿਉਂਕਿ ਭਾਟੀ ਦਰਵਾਜ਼ੇ ਲਾਹੌਰ ਦੇ ਬਾਹਰ ਵਾਲੀ ਥਾਂ ਮਾਮੇ ਭਾਣਜੇ ਦੇ ਪਿੱਪਲ ਹੇਠ ਜ਼ੋਰ ਕਰਦੇ ਹੁੰਦੇ ਸਨ ਅਤੇ ਸ਼ਾਹੀ ਕਿਲ੍ਹੇ ਦੀ ਕੰਧ ਬਿਲਕੁਲ ਨਾਲ ਹੀ ਸੀ, ਇਸ ਲਈ ਉਨ੍ਹਾਂ ਮੱਲਾਂ ਨੂੰ ਕੋਟ ਵਾਲੇ ਕਿਹਾ ਜਾਣ ਲੱਗ ਪਿਆ। ਕੋਟ ਪੰਜਾਬੀ ਸ਼ਬਦ ਹੈ ਜਿਸਦਾ ਭਾਵ ਕਿਸੇ ਕਿਲ੍ਹੇ ਜਾਂ ਕੰਧ ਤੋਂ ਹੈ। ਕੋਟ ਵਾਲੀ ਦਫ ਦਾ ਮੋਢੀ ਅਮਰ ਸਿੰਘ ਪਹਿਲਵਾਨ ਹੈ। ਕੁਝ ਮੁਸਲਮਾਨਾਂ ਦੇ ਵਿਸ਼ਵਾਸ਼ ਅਨੁਸਾਰ ਇਸ ਦਫ ਦਾ ਮੋਢੀ ਇਲਾਹੀ ਬਖ਼ਸ਼ ਪਹਿਲਵਾਨ ਸੀ, ਜਿਹੜੀ ਸਰਾਸਰ ਗ਼ਲਤ ਗੱਲ ਹੈ। ਕੋਟ ਵਾਲੇ ਪਹਿਲਵਾਨਾਂ ਦਾ ਸਿਰਤਾਜ ਤਾਂ ਏਹੀ ਅਮਰ ਸਿੰਘ ਸੀ ਜਿਸ ਦਾ ਸਾਰੇ ਭਾਰਤ ਵਿਚ ਉਸ ਵੇਲੇ ਕੋਈ ਜੋੜ ਨਹੀਂ ਸੀ। ਉਹ ਗੁਜਰਾਂਵਾਲਾ ਦਾ ਜੰਮਪਲ ਸੀ ਪਰ ਬਹੁਤੀ ਦੇਰ ਲਾਹੌਰ ਹੀ ਰਿਹਾ। ਉਂਝ ਵੀ ਦੂਰੋਂ ਨੇੜਿਉਂ ਉਹ ਮਹਾਰਾਜਾ ਰਣਜੀਤ ਸਿੰਘ ਹੋਰਾਂ ਦੇ ਪਰਿਵਾਰ ਵਿਚੋਂ ਹੀ ਸੀ।

ਇਹ ਵੀ ਸੁਣਿਆ ਹੈ ਕਿ ਇੱਕ ਵੇਰ ਉਸਦੀ ਮਹਿਮਾ ਸੁਣਕੇ ਮਹਾਰਾਜਾ ਬੜੋਦਾ ਨੇ ਵੀ ਉਸਨੂੰ ਅਪਣੀ ਰਿਆਸਤ ਵਿਚ ਇਸ ਲਈ ਸੱਦਿਆ ਸੀ ਤਾਂ ਜੋ ਉਹ ਏਥੇ ਆ ਕੇ ਇਥੋਂ ਦੇ ਮੱਲ ਅਖਾੜਿਆਂ ਵਿਚ ਪਹਿਲਵਾਨਾਂ ਨੂੰ ਤਰਬੀਅਤ ਦੇ ਸਕੇ। ਰੱਬ ਜਾਣੇ ਕਿ ਉਹ ਫਿਰ ਇਥੇ ਕਿੰਨੇ ਕੁ ਸਾਲ ਰਿਹਾ।

ਪਹਿਲਵਾਨਾਂ ਅਤੇ ਪੰਜਾਬ ਦੇ ਪਹਿਲਵਾਨੀ ਸ਼ਹਿਰਾਂ ਦੀ ਤਾਰੀਖ ਬੜੀ ਦਿਲਚਸਪ ਹੈ। ਮੁਗ਼ਲ ਦੌਰ ਦੀਆਂ ਕਿਤਾਬਾਂ ਵਿਚ ਇਹਦਾ ਕਿਧਰੇ ਕੋਈ ਨਾਂ ਨਹੀਂ ਮਿਲਦਾ। ਅਕਬਰ ਦੇ ਅਹਿਦ ਵਿਚ ਏਥੇ ਐਮਨਾਬਾਦ ਅਤੇ ਹਾਫਜ਼ਆਬਾਦ ਵਸਾਏ ਗਏ ਸਨ ਜਦ ਕਿ ਗੁਜਰਾਂਵਾਲਾ ਵਾਲੀ ਥਾਂ ਵੀਰਾਨ ਸੀ। ਆਖਦੇ ਨੇ ਕਿ ਅਠ੍ਹਾਰਵੀਂ ਸਦੀ ਪਿਛੋਂ ਅੰਮ੍ਰਿਤਸਰ ਦੇ ਸਾਂਸੀ ਜੱਟਾਂ ਨੇ ਗੁਜਰਾਂ ਨੂੰ ਅਪਣੇ ਸ਼ਹਿਰ ਅੰਮ੍ਰਿਤਸਰ ਵਿਚੋਂ ਕੱਢਕੇ ਏਥੇ ਆਬਾਦ ਕਰ ਦਿੱਤਾ ਅਤੇ ਇਸ ਤਰ੍ਹਾਂ ਇਸ ਸ਼ਹਿਰ ਦਾ ਨਾਂ ਗੁਜਰਾਂਵਾਲਾ ਪੈ ਗਿਆ ਜਿਸਨੂੰ ਕਿ ਪਿਛੋਂ ਭਲਵਾਨਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਰਿਹਾ। ਰੁਸਤਮੇ-ਜਹਾਨ ਗਾਮਾ ਪਹਿਲਵਾਨ ਨਾਲ ਸਿੱਧੀਆਂ ਟੱਕਰਾਂ ਲੈਣ ਵਾਲੇ ਪ੍ਰਸਿੱਧ ਪਹਿਲਵਾਨ ਰਹੀਮ ਸੁਲਤਾਨੀਵਾਲਾ, ਜਿਹੜੇ ਕਿ ਗੁਲਾਮ ਪਹਿਲਵਾਨ ਅਮ੍ਰਿਤਸਰੀ ਦੇ ਸ਼ਾਗਿਰਦ ਸਨ, ਵੀ ਇਸੇ ਸ਼ਹਿਰ ਦੇ ਜੰਮਪਲ ਸਨ।



ਲੇਖਕ ਬਲਬੀਰ ਸਿੰਘ ਕੰਵਲ ਇਮਾਮ ਬਖ਼ਸ਼ ਨਾਲ ਜੋ ਗਾਮੇ ਦੇ ਛੋਟੇ ਭਾਈ ਸਨ।

ਅਪਣੀਆਂ ਅਪਣੀਆਂ ਦਫਾਂ ਦੇ ਉਂਝ ਤਾਂ ਸਾਰੇ ਹੀ ਅਖਾੜੇ ਬੜੇ ਹਰਮਨ ਪਿਆਰੇ ਸਨ ਪਰ ਕੋਟ ਵਾਲਿਆਂ ਦਾ ਇਹ ਅਖਾੜਾ ਜਿਹੜਾ ਕਿ ਗੁਰੂ ਰਾਮਦਾਸ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਤੋਂ ਵੀ ਬਹੁਤਾ ਦੂਰ ਨਹੀਂ ਸੀ ਖ਼ਬਰੇ ਇਸ ਲਈ ਵੀ ਵੱਧ ਆਕ੍ਰਸ਼ਿਤ ਸੀ ਕਿ ਇਸ ਥਾਂ ਤੇ ਤਿੰਨ ਚਰਖੜੀਆਂ ਵਾਲੇ ਖੂਹ ਦੇ ਪਾਣੀ ਦੀ ਇਹ ਅਸੀਰ ਸੀ ਕਿ ਉਹ ਗਲਾ ਫੁੱਲ ਕੇ ਗਿਲੜ ਹੋ ਜਾਣ ਵਾਲੀ ਬੀਮਾਰੀ ਲਈ, ਜਿਹੜੀ ਉਨ੍ਹੀਂ ਦਿਨੀਂ ਲਾਹੌਰੀ ਬੱਚਿਆਂ ਨੂੰ ਆਮ ਹੋ ਜਾਂਦੀ ਹੁੰਦੀ ਸੀ, ਬੜਾ ਲਾਭਦਾਇਕ ਸੀ। ਲੋਕੀ ਬੀਮਾਰ ਬੱਚੇ ਨੂੰ ਇਸਦਾ ਪਾਣੀ ਪਿਆ ਦਿੰਦੇ ਜਾਂ ਏਥੋਂ ਦੀ ਮਿੱਟੀ ਨੂੰ ਉਹਦੇ ਗਲ ਦੁਆਲੇ ਬੰਨ੍ਹ ਦਿੰਦੇ ਜਿਸ ਨਾਲ ਬੱਚਾ ਬਿਲਕੁਲ ਠੀਕ ਹੋ ਜਾਂਦਾ ਸੀ। ਇਥੇ ਦੀ ਮਿੱਟੀ ਕੰਨਾਂ ਵਿਚ ਸੋਜ ਪੈ ਜਾਣ ਦੇ ਇਲਾਜ ਲਈ ਵੀ ਬੜੀ ਕਾਰਗਰ ਸਿੱਧ ਹੁੰਦੀ ਸੀ। ਉਸ ਥਾਂ ਭਾਵੇਂ ਅੱਜ ਨਾ ਕੋਈ ਖੂਹ ਰਿਹਾ ਤੇ ਨਾ ਹੀ ਅਖਾੜਾ, ਤਾਂ ਵੀ ਉਥੇ ਦੀ ਇਸ ਮਾਨਤਾ ਵਿਚ ਲੋਕਾਂ ਦਾ ਵਿਸ਼ਵਾਸ ਅੱਜ ਵੀ ਉਂਝ ਹੀ ਕਾਇਮ ਹੈ। ਇਸ ਦਫ ਵਿਚੋਂ ਗੁਲਾਮ ਪਹਿਲਵਾਨ ਰੁਸਤਮੇ ਜਹਾਨ ਕੱਲੂ, ਗਾਮਾ, ਇਮਾਮ ਬਖਸ਼,ਅਰਜਣ ਸਿੰਘ ਢੱਟੀ ਸਭ ਤੋਂ ਤਕੜੇ ਪਹਿਲਵਾਨ ਹੋ ਗੁਜ਼ਰੇ ਹਨ।

### *ਕਾਲੂ ਵਾਲੇ ਪਹਿਲਵਾਨ*

ਉਸਤਾਦ ਨੂਰਉਦੀਨ ਦਾ ਇੱਕ ਸਮਕਾਲੀ ਅਤੇ ਸ਼ਾਗਿਰਦ ਕਾਲੂ ਪਹਿਲਵਾਨ ਰੁਸਤਮੇ ਹਿੰਦ ਸੀ ਜਿਸਦੇ ਨਾਂ 'ਤੇ ਪਹਿਲਵਾਨਾਂ ਦੀ ਤੀਜੀ ਦਫ ਨਾਮੀ ਗਈ ਸੀ। ਲਾਹੌਰ ਵਿਚ ਇਸ ਦਾ ਸਭ ਤੋਂ ਵੱਡਾ ਅਖਾੜਾ ਖਾਈਵਾਲਾ ਸੀ ਜਿਹੜਾ ਕਿ ਸ਼ਾਹੀ ਕਿਲ੍ਹੇ ਦੇ ਦੱਖਣ ਵੱਲ ਦੇ ਪਾਸੇ ਲੀਲਾ ਪਾਰਕ ਵਲ ਬਿਜਲੀ ਘਰ ਦੇ ਨੇੜੇ ਸਥਿਤ ਹੈ। ਇਸ ਦਫ ਦੇ ਮੱਲਾਂ ਦੀ ਲੜੰਤ ਦੀ ਇਹ ਵਿਸ਼ੇਸ਼ਤਾ ਸੀ ਕਿ ਕੁਸ਼ਤੀ ਲੜਨ ਲੱਗੇ ਇਹ ਮਾਰ ਧਾੜ ਤੋਂ ਵਧੇਰੇ ਕੰਮ ਲੈਂਦੇ ਸਨ, ਪਰ ਇਸਦੀਆਂ ਬਾਰੀਕੀਆਂ ਵਲਾਂ ਬਹੁਤਾ ਧਿਆਨ ਨਹੀਂ ਸਨ ਦਿੰਦੇ। ਹਰਬੋਂਗ ਕਰਨੀ ਫਾਊਲ ਹੈ ਤਾਂ ਫਾਊਲ ਹੀ ਸਹੀ, ਰੱਫੜ ਪਾਈ ਜਾਣਾ, ਨੇਸਤੀ ਕਰਨੀ ਆਦਿ ਇਨ੍ਹਾਂ ਦੇ ਕੁਝ ਮੁੱਖ ਲੱਛਣ ਹੁੰਦੇ ਸਨ। ਬੂਟਾ ਪਹਿਲਵਾਨ ਰੁਸਤਮੇ ਹਿੰਦ, ਚੂਹਾ, ਕਿੱਕਰ ਸਿੰਘ, ਗਾਮੂਦ ਬਾਲੀਵਾਲਾ, ਚੰਨਣ ਕਸਾਈ, ਮੁੰਨੀ ਰੈਣੀਵਾਲਾ, ਗੁੰਗਾ ਪਹਿਲਵਾਨ ਅਤੇ ਜਮਾਲ ਚੰਗੜ ਆਦਿ ਇਸ ਦਫ ਦੇ ਕੁਝ ਕੁ ਬਹੁਤ ਮਸ਼ਹੂਰ ਭਲਵਾਨ ਹੋ ਗੁਜ਼ਰੇ ਹਨ।

ਇਹ ਗੱਲ ਏਥੇ ਜ਼ਿਹਨ ਵਿਚ ਖਾਸ ਤੌਰ 'ਤੇ ਵਸਾਉਣ ਵਾਲੀ ਹੈ ਕਿ ਮੱਲਾਂ ਦੀਆਂ ਦਫਾਂ ਦੀ ਇਹ ਵੰਡ ਮੋਟੇ ਠੁਲ੍ਹੇ ਰੂਪ 'ਚ ਹੀ ਇਵੇਂ ਕੀਤੀ ਗਈ ਸੀ। ਨਹੀਂ ਤਾਂ ਕੁਝ ਕਾਲੂ ਵਾਲੇ, ਜਾਂ ਕੋਈ ਹੋਰ, ਅਪਣੀ ਅਪਣੀ ਰੁਚੀ ਜਾਂ ਸੁਭਾਅ ਅਨੁਸਾਰ ਅਜਿਹਾ ਵੀ ਘੁਲ ਗਏ ਕਿ ਜਿਨ੍ਹਾਂ ਤੇ ਨੂਰੇਵਾਲੀਆ ਦੀ ਪਈ ਛਾਪ ਦਾ ਝਾਉਲਾ ਵੀ ਪੈਂਦਾ ਸੀ। ਮਿਸਾਲ ਵਜੋਂ ਬੂਟਾ ਭਲਵਾਨ ਸਾਰੀ ਉਮਰ ( ਛੁਟ ਉਸਦੀ ਰਮਜ਼ੀ ਨਾਲ ਹੋਈ ਰਫੜੀ ਰੌਲੇ ਗੌਲੇ ਵਾਲੀ ਇੱਕ ਕੁਸ਼ਤੀ ਦੇ) ਐਨਾ ਸਾਫ ਸੁਥਰਾ ਘੁਲ ਗਿਆ ਜਿਵੇਂ ਕੋਈ ਨੂਰੇਵਾਲਾ ਹੋਵੇ। ਉਸਤਾਦ ਨੂਰਉਦੀਨ ਦਾ ਇਹ ਫਰਮਾਨ ਸੀ ਕਿ ਕੋਟਵਾਲੇ ਅਤੇ ਕਾਲੂਵਾਲੇ ਆਪਸ ਵਿਚ ਕਦੇ ਵੀ ਸਿੱਧੀ ਟੱਕਰ ਨਾ ਲੈਣ ਬਲਕਿ ਇਨ੍ਹਾਂ ਦੋਹਾਂ ਦਫਾਂ ਦੇ ਭਲਵਾਨ ਹਮੇਸ਼ਾ ਨੂਰੇਵਾਲਿਆਂ ਨਾਲ ਲੜ ਲਿਆ ਕਰਨ। ਫੇਰ 1924 ਦੀ ਘਟਨਾ ਹੈ ਕਿ ਭਾਟੀ ਦਰਵਾਜ਼ਾ ਲਾਹੌਰ ਦੇ ਇੱਕ ਪਹਿਲਵਾਨ ਹਾਜੀ ਬਿੱਲਾ ਨੇ ਹਜ਼ਾਰਾਂ ਰੁਪਿਆ ਖਰਚ ਕਰਕੇ, ਪਿਛਲੀ ਚੱਲ ਰਹੀ ਪ੍ਰੰਪਰਾ ਨੂੰ ਤੋੜਕੇ ਇਨ੍ਹਾਂ ਦੋ ਮੁਖਾਲਫ਼ ਦਫਾਂ ਦੇ ਭਲਵਾਨਾਂ ਅਰਥਾਤ ਇਮਾਮ ਬਖ਼ਸ਼ ਕੋਟਵਾਲਾ ਅਤੇ ਗੁੰਗਾ ਕਾਲੂਵਾਲਾ ਨੂੰ ਆਪਸ ਵਿਚ ਲੜਾ ਭਿੜਾ ਦਿੱਤਾ ਸੀ ਜਿਸਦਾ ਨਤੀਜਾ ਆਮ ਕਿਆਸਰਾਈਆਂ ਦੇ ਬਿਲਕੁਲ ਉਲਟ ਨਿਕਲਿਆ ਸੀ ਜਦ ਕਿ ਗੁੰਗੇ ਨੇ ਦੁਨੀਆ ਭਰ ਦੇ ਇੱਕ ਬਹੁਤ ਵੱਡੇ ਨਾਕਾਬਲੇ ਸ਼ਿਕਸ਼ਤ ਪਹਿਲਵਾਨ ਨੂੰ ਐਨ ਤੋੜਕੇ ਢਾਹ ਲਿਆ ਸੀ। ਇਸ ਦਫ ਦੇ ਬਾਨੀ ਉਸਤਾਦ ਕਾਲੂ ਦੇ ਖੂਹ ਵਿਚੋਂ ਨਿਕਲੀ ਇੱਕ ਯਾਦਗਾਰੀ ਸਿਲ ਤੋਂ ਜ਼ਾਹਰ ਹੁੰਦਾ ਹੈ ਕਿ ਉਸਦੀ ਮੌਤ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦਸ ਸਾਲ ਪਹਿਲਾਂ ਅਰਥਾਤ 1829 ਵਿਚ ਲਾਹੌਰ ਵਿਖੇ ਹੋਈ ਸੀ। ਫਾਰਸੀ ਅੱਖਰਾਂ ਵਿਚ ਉਸ ਵਿਚ ਜੋ ਕੁਝ ਉਕਰਿਆ ਪਿਆ ਹੈ ਉਹ ਇਸ ਪ੍ਰਕਾਰ ਹੈ- ਬਾਨੀ ਈ ਚਾਹ ਕਾਲੂ ਪਹਿਲਵਾਨ ਇਬਨੇ ਮੁਸ਼ਤਾਕ ਅਜ ਕੌਮ 1243 ਹਿਜਰੀ, ਅਰਥਾਤ ਇਹ ਖੂਹ ਕੌਮ ਦੇ ਲਾਡਲੇ ਸਪੂਤ ਕਾਲੂ ਪਹਿਲਵਾਨ ਦਾ ਹੈ।



ਕਾਲੂ ਵਾਲੀ ਦਫਾ ਨਾਲ ਸੰਬੰਧਤ ਕਿੱਕਰ ਸਿੰਘ ਪਹਿਲਵਾਨ 1910 ਵਿਚ ਲੱਭੂ ਲੁਹਾਰ ਨਾਲ ਘੁਲਣ ਸਮੇਂ।

ਅਤੇ ਅੰਤ ਵਿਚ ਇਹ ਗੱਲ ਖਾਸ ਵਿਸ਼ੇਸ਼ਤਾ ਰਖਦੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਤਿੰਨੇ ਮਹਾਨ ਕੁਸ਼ਤੀਗੀਰਾਂ ਦਾ, ਜਿਨ੍ਹਾਂ ਨੇ ਇਹ ਦਫਾਂ ਚਲਾਈਆਂ, ਬੜਾ ਉਪਾਸ਼ਕ ਸੀ ਅਤੇ ਉਨ੍ਹਾਂ ਸਭਨਾਂ ਨੂੰ ਭਰਪੂਰ ਸਹਾਇਤਾ ਦਿੰਦਾ ਰਹਿੰਦਾ ਸੀ। ਉਹ ਇਨ੍ਹਾਂ ਤਿੰਨਾਂ ਦਾ ਦਿਲੋਂ ਸਤਿਕਾਰ ਕਰਦਾ ਸੀ, ਏਥੋਂ ਕਿ ਜਦ ਕਦੀ ਵੀ ਉਸਨੇ ਇਨ੍ਹਾਂ ਨੂੰ ਮਿਲਣ ਆਉਣਾ, ਉਨ੍ਹਾਂ ਦੀਆਂ ਹਵੇਲੀਆਂ ਵਿਚ ਵੜਦਿਆਂ ਹੀ ਸਤਿਕਾਰ ਸਹਿਤ ਅਪਣੇ ਜੋੜੇ ਲਾਹ ਕੇ ਬਾਹਰ ਰੱਖਣੇ, ਫਿਰ ਅੰਦਰ ਦਾਖ਼ਲ ਹੋਣਾ। 1810 ਈਸਵੀ ਵਿਚ ਜਦੋਂ ਉਸਨੇ ਉਸਤਾਦ ਨੂਰਉਦੀਨ ਦੇ ਬੀਮਾਰ ਹੋਣ ਦਾ ਸੁਣਿਆ ਤਾਂ ਉਸਦੀ ਖ਼ਬਰ ਲੈਣ ਲਈ ਕੂਚਾ ਕੋਠੀਦਾਰਾਂ ਵਿਚ ਤਿੰਨ ਵੇਰ ਉਨ੍ਹਾਂ ਦੇ ਘਰ ਆਇਆ। ਉਸਦੀ ਮੌਤ ਉਪਰੰਤ ਉਸਦੀ ਕਬਰ 'ਤੇ ਤਾਵੀਜ (ਪੱਥਰ ਤਖਤੀ) ਵੀ ਫਿਰ ਉਸਨੇ ਹੀ ਰੱਖਿਆ ਸੀ। □

# ਆਕਰਸ਼ਕ ਦਿਖਣ ਲਈ



* ਸੁੱਕੇ, ਰੁੱਖੇ ਵਾਲਾਂ ਨੂੰ ਨਰਮ ਤੇ ਮੁਲਾਇਮ ਬਣਾਉਣ ਲਈ ਹਫਤੇ ਵਿਚ ਦੋ ਵਾਰ ਵਾਲਾਂ ਨੂੰ ਸੈਂਪੂ ਕਰਨ ਤੋਂ ਬਾਅਦ ਕੰਡੀਸ਼ਨਰ ਲਗਾਓ। ਇਸ ਦੇ ਇਸਤੇਮਾਲ ਨਾਲ ਜਿਥੇ ਵਾਲਾਂ ਨੂੰ ਸੈਟ ਕਰਨਾ ਸੌਖਾ ਹੋਵੇਗਾ ਉਥੇ ਵਾਲਾਂ ਵਿਚ ਚਮਕ ਵੀ ਆਵੇਗੀ।
* ਸਾਂਵਲੀ ਸਕਿਨ ਨੂੰ ਨਿਖਾਰਣ ਲਈ ਅਤੇ ਉਸਨੂੰ ਆਕਰਸ਼ਕ ਰੂਪ ਦੇਣ ਲਈ ਸਕਿਨ 'ਤੇ ਕੇਲੇ ਦਾ ਗੁੱਦਾ ਮਲੋ। ਇਸ ਦੇ ਇਸਤੇਮਾਲ ਨਾਲ ਸਕਿਨ ਦੀ ਰੰਗਤ ਵਿਚ ਹੈਰਾਨੀਜਨਕ ਨਿਖਾਰ ਆ ਜਾਂਦਾ ਹੈ।
* ਟਮਾਟਰ ਦੇ ਰਸ ਨਾਲ ਗਾਜਰ ਦਾ ਰਸ ਮਿਲਾਕੇ ਚਿਹਰੇ ਦੀ ਸਕਿਨ 'ਤੇ ਲਗਾਓ। ਇਸਦੇ ਪ੍ਰਯੋਗ ਨਾਲ ਚਿਹਰੇ ਦੀ ਸਕਿਨ ਵਿਚ ਨਵੀਂ ਚਮਕ ਆਵੇਗੀ।
* ਚਿਹਰੇ ਦੀ ਸਕਿਨ ਜੇਕਰ ਡਰਾਈ ਹੋ ਗਈ ਹੋਵੇ ਤਾਂ ਤੁਸੀਂ ਚਿਹਰੇ ਦੀ ਸਕਿਨ 'ਤੇ ਮਲਾਈ ਵਿਚ ਨਿੰਬੂ ਦਾ ਰਸ ਮਿਲਾ ਕੇ ਲਗਾਓ।
* ਅੱਖਾਂ ਦੇ ਆਸ-ਪਾਸ ਦੀਆਂ ਝੁਰੜੀਆਂ ਅਤੇ ਕਾਲੇ ਘੇਰਿਆਂ ਨੂੰ ਖ਼ਤਮ ਕਰਨ ਲਈ ਖੀਰੇ ਦੇ ਰਸ ਵਿਚ ਬਾਦਾਮ ਦੀ ਪੇਸਟ ਮਿਲਾ ਕੇ ਅੱਖਾਂ ਦੇ ਆਸ-ਪਾਸ ਲਗਾਓ। ਇਸਦੇ ਇਸਤੇਮਾਲ ਨਾਲ ਕਾਲੇ ਘੇਰੇ ਅਤੇ ਝੁਰੜੀਆਂ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ।
* ਰਾਤ ਭਰ ਪਾਣੀ ਵਿਚ ਭਿੱਜੇ ਬਾਦਾਮਾਂ ਨੂੰ ਪੀਸ ਲਓ ਅਤੇ ਇਨ੍ਹਾਂ ਪੀਸੇ ਬਾਦਾਮਾਂ ਦੇ ਪੇਸਟ ਵਿਚ ਗੁਲਾਬ ਜਲ ਮਿਲਾ ਕੇ ਚਿਹਰੇ 'ਤੇ ਲਗਾਓ। ਇਸਦੇ ਰੋਜ਼ਾਨਾ ਇਸਤੇਮਾਲ ਨਾਲ ਸਕਿਨ ਨੂੰ ਪੋਸ਼ਣ ਤਾਂ ਮਿਲੇਗਾ ਹੀ ਨਾਲ ਹੀ ਸਕਿਨ ਦੀ ਰੰਗਤ ਵਿਚ ਵੀ ਨਿਖਾਰ ਆਵੇਗਾ।
* ਚੀਕੂ ਦਾ ਗੁੱਦਾ ਪੈਕ ਵਾਂਗ ਲਗਭਗ 20 ਮਿੰਟ ਤਕ ਲਗਾਓ। ਇਸਦੇ ਇਸਤੇਮਾਲ ਨਾਲ ਜਿਥੇ ਸਕਿਨ ਦੀ ਰੰਗਤ ਨਿਖਰੇਗੀ ਉਥੇ ਸਕਿਨ ਵਿਚ ਨਿਖਾਰ ਵੀ ਆਵੇਗਾ।
* ਸੰਤਰਾ ਆਸਾਨੀ ਨਾਲ ਮਿਲਣ ਵਾਲਾ ਫਲ ਹੈ। ਇਸ ਦੇ ਛਿਲਕਿਆਂ ਦੇ ਚੂਰਨ ਦੀ ਵਰਤੋਂ ਕਰਕੇ ਸੁੰਦਰਤਾ ਨੂੰ ਨਿਖਾਰਿਆ ਜਾ ਸਕਦਾ ਹੈ। ਸੰਤਰੇ ਦੇ ਛਿਲਕੇ ਨੂੰ ਸੁਕਾ ਕੇ ਚੂਰਨ ਬਣਾ ਲਓ। ਥੋੜ੍ਹੇ ਜਿਹੇ ਚੂਰਨ 'ਚ ਪਾਣੀ ਮਿਲਾ ਕੇ ਉਬਟਨ ਦੀ ਤਰ੍ਹਾਂ ਇਸਤੇਮਾਲ ਕਰਨ ਨਾਲ ਚਿਹਰੇ ਦਾ ਆਕਰਸ਼ਣ ਵਧਦਾ ਹੈ।
* ਕਿੱਲਾਂ-ਛਾਈਆਂ ਤੋਂ ਪ੍ਰੇਸ਼ਾਨ ਹੋ ਤਾਂ ਰਾਤ ਨੂੰ ਇੱਕ ਕੱਪ ਪਾਣੀ ਵਿੱਚ ਨਿੰਮ ਦੇ ਕੁਝ ਪੱਤੇ ਪਾ ਕੇ ਰੱਖ ਦਿਓ। ਸਵੇਰੇ ਇਸ ਨੂੰ ਪੀ ਲਓ। ਕਿੱਲਾਂ ਤੋਂ ਰਾਹਤ ਮਿਲੇਗੀ।
* ਬਿਨਾਂ ਮਿਰਚ-ਮਸਾਲੇ ਦੇ ਥੋੜ੍ਹੇ ਜਿਹੇ ਦੇਸੀ ਘਿਓ 'ਚ ਲੌਕੀ ਦੀ ਸਬਜ਼ੀ ਬਣਾ ਕੇ ਕੁਝ ਦਿਨ ਲਗਾਤਾਰ ਖਾਓ ਅਤੇ ਨਾਲ ਹੀ ਕੌੜੀ ਲੌਕੀ ਦੇ 10-15 ਮਿਲੀ ਰਸ ਵਿੱਚ ਥੋੜ੍ਹੀ ਜਿਹੀ ਮਿਸ਼ਰੀ ਮਿਲਾ ਕੇ ਪੀਣ ਨਾਲ ਚਿਹਰੇ ਦੀ ਚਮੜੀ ਚਮਕ ਉੱਠਦੀ ਹੈ।
* ਇੱਕ ਪਾਈਆ ਮਲਾਈ ਕੱਢੇ ਹੋਏ ਦੁੱਧ ਨੂੰ ਉਬਾਲੋ। ਜਦੋਂ ਦੁੱਧ ਉਬਲਣ ਲੱਗੇ ਤਾਂ ਉਸ 'ਚ ਇੱਕ ਨਿੰਬੂ ਨਿਚੋੜ ਕੇ ਘੁਮਾਉਂਦੇ ਰਹੋ। ਜਦੋਂ ਦੁੱਧ ਗਾੜ੍ਹਾ ਹੋ ਜਾਵੇ ਤਾਂ ਇਸ ਨੂੰ ਠੰਡਾ ਕਰਕੇ ਰੱਖ ਲਓ। ਇਹ ਦਵਾਈ ਸਵੇਰੇ ਬਣਾਓ ਅਤੇ ਰਾਤ ਨੂੰ ਸੌਂਦੇ ਸਮੇਂ ਚਿਹਰੇ 'ਤੇ ਮਲੋ। ਲਗਾਤਾਰ ਕੁਝ ਦਿਨ ਇਸ ਦੀ ਵਰਤੋਂ ਕਰਨ ਨਾਲ ਚਿਹਰੇ 'ਤੇ ਚਮਕ ਆਉਂਦੀ ਹੈ।
* ਗਾਜਰ ਨੂੰ ਪੀਸ ਕੇ ਥੋੜ੍ਹੇ ਪਾਣੀ 'ਚ ਉਬਾਲ ਕੇ ਚਮੜੀ 'ਤੇ ਲਗਾ ਲਓ। 20 ਮਿੰਟ ਬਾਅਦ ਕੋਸੇ ਪਾਣੀ ਨਾਲ ਚਮੜੀ ਧੋ ਲਓ। ਚਮੜੀ ਦੇ ਦਾਗ-ਧੱਬੇ ਦੂਰ ਹੋ ਕੇ ਚਮੜੀ ਆਕਰਸ਼ਕ ਹੋ ਜਾਂਦੀ ਹੈ।

***ਫੌਜ਼ੀਆ ਨਸੀਮ 'ਸ਼ਾਦ'***

# ਭਾਰ ਘਟਾਉਣ ਦੇ ਉਪਾਅ



***ਮੋਟਾਪਾ ਅੱਜ ਦੇ ਸਮੇਂ ਵਿਚ ਆਮ ਲੋਕਾਂ ਦੀ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਮੋਟਾ ਵਿਅਕਤੀ ਕਿਸੇ ਵੀ ਤਰ੍ਹਾਂ ਆਕਰਸ਼ਕ ਨਹੀਂ ਬਣ ਸਕਦਾ। ਮੋਟੇ ਲੋਕਾਂ ਨੂੰ ਖਾਂਦੇ ਸਮੇਂ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ:***

* ਪੱਕੀ ਇੱਛਾ ਸ਼ਕਤੀ ਰੱਖੋ। ਇਕ ਮਹੀਨੇ ਵਿਚ 2 ਤੋਂ 3 ਕਿਲੋਗ੍ਰਾਮ ਭਾਰ ਘਟਾਉਣ ਦਾ ਸੰਕਲਪ ਕਰੋ।
* ਭੋਜਨ ਭੁੱਖ ਮੁਤਾਬਕ ਹੀ ਖਾਓ। ਬਿਨਾਂ ਭੁੱਖ ਦੇ ਭੋਜਨ ਨਾ ਕਰੋ।
* ਵਿਹਲੇ ਨਾ ਬੈਠੇ ਰਹੋ। ਕੁਝ ਕੰਮ ਕਰੋ। ਵਿਹਲੇ ਬੈਠਣ ਨਾਲ ਵੀ ਭੁੱਖ ਵਧਦੀ ਹੈ।
* ਸਵਾਦੀ ਖਾਣੇ ਨੂੰ ਤੁੰਨ-ਤੁੰਨ ਕੇ ਨਾ ਖਾਓ। ਹੌਲੀ-ਹੌਲੀ ਚਿਥ-ਚਿਥ ਕੇ ਖਾਓ।
* ਭੋਜਨ ਦੀ ਮਾਤਰਾ 'ਤੇ ਧਿਆਨ ਰੱਖੋ। ਖਾਣ ਦੀ ਮੇਜ਼ 'ਤੇ ਰੱਖੇ ਵੱਖ-ਵੱਖ ਤਰ੍ਹਾਂ ਦੇ ਸਾਰੇ ਖਾਣਿਆਂ ਨੂੰ ਖਾਣ ਦੀ ਜਾਂ ਸਵਾਦ ਦੇਖਣ ਦੀ ਕੋਸ਼ਿਸ਼ ਨਾ ਕਰੋ।
* ਭੋਜਨ ਤੋਂ 15 ਮਿੰਟ ਪਹਿਲਾਂ ਸਲਾਦ ਖੂਬ ਚਿਥ ਕੇ ਖਾਓ। ਇਸ ਨਾਲ ਭੁੱਖ ਕੰਟਰੋਲ ਵਿਚ ਰਹਿੰਦੀ ਹੈ।
* ਮੋਟੇ ਲੋਕਾਂ ਨੂੰ ਦੁਪਹਿਰ ਨੂੰ ਸੌਣਾ ਨਹੀਂ ਚਾਹੀਦਾ।
* ਪੈਦਲ ਤੁਰਨ ਦਾ ਮੌਕਾ ਛੱਡੋ ਨਾ। ਜਦੋਂ ਵੀ ਮੌਕਾ ਮਿਲੇ ਪੈਦਲ ਤੁਰੋ।
* ਜਿਵੇਂ ਹੀ ਮਹਿਸੂਸ ਹੋਵੇ ਕਿ ਬਸ ਹੁਣ ਹੋਰ ਨਹੀਂ ਖਾਣਾ ਚਾਹੀਦਾ ਤਾਂ ਤੁਰੰਤ ਖਾਣਾ ਬੰਦ ਕਰ ਦਿਓ। ਉਸ ਤੋਂ ਬਾਅਦ ਦਾ ਖਾਣਾ ਸਰੀਰ ਨੂੰ ਸਿਰਫ ਚਰਬੀ ਤੋਂ ਇਲਾਵਾ ਹੋਰ ਕੁਝ ਨਹੀਂ ਦਿੰਦਾ।
* ਥੋੜ੍ਹੀ ਜਿਹੀ ਭੁੱਖ ਲੱਗਣ 'ਤੇ ਇਕ ਗਿਲਾਸ ਪਾਣੀ ਪੀਓ। ਪਾਣੀ ਪੀਣ ਨਾਲ ਚਰਬੀ ਖੁਰਦੀ ਹੈ ਅਤੇ ਦੂਸ਼ਿਤ ਚੀਜ਼ਾਂ ਸਰੀਰ ਵਿਚੋਂ ਨਿਕਲਣ 'ਚ ਮਦਦ ਮਿਲਦੀ ਹੈ।
* ਇਕ ਵਾਰ ਵਿਚ ਇਕ ਹੀ ਤਰ੍ਹਾਂ ਦਾ ਭੋਜਨ ਲਓ ਪਰ ਰੋਜ਼ਾਨਾ ਭੋਜਨ ਬਣਾਉਣ ਦੀ ਵਿਧੀ ਵਿਚ ਤਬਦੀਲੀ ਲਿਆਓ।
* ਰਾਤ ਨੂੰ ਭੋਜਨ ਜ਼ਿਆਦਾ ਨਾ ਖਾਓ, ਨਾ ਹੀ ਦੇਰ ਨਾਲ ਖਾਓ।
* ਵਾਰ-ਵਾਰ ਭਾਰ ਘਟਾਓ ਅਤੇ ਵਧਾਓ ਨਾ। ਇਸ ਨਾਲ ਸਰੀਰ 'ਤੇ ਉਲਟ ਪ੍ਰਭਾਵ ਪੈਂਦਾ ਹੈ। ਇਹ ਸਰੀਰ ਲਈ ਖਤਰਨਾਕ ਹੋ ਸਕਦਾ ਹੈ। ਇਸਦਾ ਦਿਲ 'ਤੇ ਪ੍ਰਭਾਵ ਪੈਂਦਾ ਹੈ।
* ਟੀ. ਵੀ. ਦੇਖਣ ਵੇਲੇ ਭੋਜਨ ਨਾ ਕਰੋ। ਅਜਿਹਾ ਕਰਨ ਨਾਲ ਤੁਸੀਂ ਪੇਟ ਦੇ ਸੰਕੇਤਾਂ ਨੂੰ ਸਮਝ ਨਹੀਂ ਸਕਦੇ ਕਿਉਂਕਿ ਤੁਹਾਡਾ ਦਿਮਾਗ ਟੀ. ਵੀ. ਵੱਲ ਹੁੰਦਾ ਹੈ।
* ਆਪਣੇ ਜੀਵਨ ਵਿਚ ਖੇਡ, ਕਸਰਤ ਅਤੇ ਸੈਰ ਨੂੰ ਸਥਾਨ ਦਿਓ।

***ਨੀਰੂ ਗੁਪਤਾ***




** ''ਇਸ ਮਕਾਨ ਦਾ ਕਿਰਾਇਆ ਕਿੰਨਾ ਹੈ?''
''2 ਹਜ਼ਾਰ ਰੁਪਏ ਮਹੀਨਾ''
''ਦੇਖੋ ਮੈਂ ਇੱਕ ਮਸ਼ਹੂਰ ਸ਼ਾਇਰ ਹਾਂ, ਕੁਝ ਤਾਂ...''
''ਫਿਰ ਤਾਂ ਮੈਂ 6 ਮਹੀਨਿਆਂ ਦਾ ਕਿਰਾਇਆ ਐਡਵਾਂਸ ਵਿੱਚ ਦੇਣਾ ਪਵੇਗਾ।''

** ਇੱਕ ਬਹੁਤ ਕੰਜੂਸ ਸੇਠ ਕਾਰ 'ਚ ਕਿਤੇ ਜਾ ਰਿਹਾ ਸੀ। ਬਾਹਰ ਦੇਖਦਿਆਂ ਉਸ ਨੂੰ ਮੂੰਗਫਲੀ ਦਾ ਇੱਕ ਦਾਣਾ ਸੜਕ 'ਤੇ ਪਿਆ ਦਿਖਾਈ ਦਿੱਤਾ। ਉਸ ਨੇ ਡਰਾਈਵਰ ਨੂੰ ਕਾਰ ਪਿੱਛੇ ਲਿਆਉਣ ਲਈ ਕਿਹਾ। ਫਿਰ ਉਸ ਨੂੰ ਕਿਹਾ, ''ਹੁਣ ਮੂੰਗਫਲੀ ਚੁੱਕ ਕੇ ਲੈ ਆ।''
ਡਰਾਈਵਰ ਮੂੰਗਫਲੀ ਦਾ ਦਾਣਾ ਲੈ ਆਇਆ। ਸੇਠ ਨੇ ਦਾਣੇ ਨੂੰ ਤੋੜ ਕੇ ਉਸ ਵਿੱਚੋਂ 2 ਗਿਰੀਆਂ ਕੱਢੀਆਂ, ਇੱਕ ਆਪਣੇ ਮੂੰਹ 'ਚ ਪਾ ਲਈ ਅਤੇ ਦੂਜੀ ਡਰਾਈਵਰ ਨੂੰ ਖਾਣ ਲਈ ਦਿੰਦਿਆਂ ਕਿਹਾ, ''ਦੇਖਿਆ, ਜਦੋਂ ਤੂੰ ਸਾਡੇ ਨਾਲ ਆਉਂਦਾ ਏਂ ਤਾਂ ਕਿੰਨੀ ਐਸ਼ ਕਰਦਾ ਏਂ।''

** ਕਮਲ (ਵਿਨੋਦ ਨੂੰ), ''ਯਾਰ, ਤੇਰੀ ਉਸ ਮੁਰਗੀ ਦਾ ਕੀ ਹਾਲ ਹੈ, ਜੋ ਪਰਸੋਂ ਤੇਰੇ ਸਾਈਕਲ ਦੇ ਥੱਲੇ ਆ ਗਈ ਸੀ?''
ਵਿਨੋਦ, ''ਮੁਰਗੀ ਤਾਂ ਠੀਕ-ਠਾਕ ਹੈ, ਬਸ ਇੰਨਾ ਫਰਕ ਪੈ ਗਿਆ ਹੈ ਕਿ ਉਹ ਆਂਡੇ ਟੁੱਟੇ ਹੋਏ ਦੇ ਰਹੀ ਹੈ।''

## ਸਿਹਤ ਦੀਆਂ ਖ਼ਬਰਾਂ

# ਮੋਟਾਪਾ ਕੈਂਸਰ ਦੀ ਸੰਭਾਵਨਾ ਵਧਾਏ

ਅਮਰੀਕਾ ਵਿਚ ਹੋਈ ਇਕ ਖੋਜ ਵਿਚ ਮਾਹਰਾਂ ਨੇ ਦੇਖਿਆ ਕਿ ਕੈਂਸਰ ਦਾ ਇਕ ਕਾਰਨ ਮੋਟਾਪਾ ਵੀ ਹੈ। ਮੋਟਾਪਾ ਕਈ ਰੋਗਾਂ ਦੀ ਜੜ੍ਹ ਹੈ। ਮੋਟਾਪੇ ਕਾਰਨ ਨਾ ਸਿਰਫ ਗਠੀਆ, ਸ਼ੂਗਰ ਅਤੇ ਦਿਲ ਦੇ ਰੋਗਾਂ ਦੀ ਸੰਭਾਵਨਾ ਵੱਧਦੀ ਹੈ ਸਗੋਂ ਕੈਂਸਰ ਦੀ ਸੰਭਾਵਨਾ ਵੀ ਵਧਦੀ ਹੈ। ਇਨ੍ਹਾਂ ਖੋਜੀਆਂ ਨੇ ਆਪਣੇ 16 ਸਾਲ ਦੇ ਅਧਿਐਨ ਵਿਚ ਦੇਖਿਆ ਕਿ ਸਿਗਰੇਟਨੋਸ਼ੀ ਅਤੇ ਅਲਕੋਹਲ ਦਾ ਸੇਵਨ ਤਾਂ ਕੈਂਸਰ ਦਾ ਮੁੱਖ ਕਾਰਨ ਹੈ ਪਰ ਮੋਟਾਪੇ ਕਾਰਨ ਵੀ ਵਿਅਕਤੀ ਕੈਂਸਰ ਦਾ ਸ਼ਿਕਾਰ ਹੋ ਸਕਦਾ ਹੈ। ਫੈਟ ਟਿਸ਼ੂਜ਼ ਕਾਫੀ ਜ਼ਿਆਦਾ ਮਾਤਰਾ 'ਚ ਐਸਟ੍ਰੋਜਨ ਅਤੇ ਸਟੇਰਾਈਡ ਹਾਰਮੋਨਸ ਪੈਦਾ ਕਰਦੇ ਹਨ ਜਿਸ ਨਾਲ ਛਾਤੀਆਂ ਦਾ ਕੈਂਸਰ ਅਤੇ ਕਈ ਤਰ੍ਹਾਂ ਦੇ ਹੋਰ ਕੈਂਸਰ ਹੋ ਸਕਦੇ ਹਨ। ਇਨ੍ਹਾਂ ਮਾਹਰਾਂ ਨੇ ਆਪਣੀ ਖੋਜ ਵਿਚ ਇਹ ਵੀ ਦੇਖਿਆ ਕਿ ਮੋਟਾਪੇ ਦਾ ਸ਼ਿਕਾਰ ਔਰਤਾਂ ਜ਼ਿਆਦਾ ਹੁੰਦੀਆਂ ਹਨ। ਮਰਦਾਂ ਵਿਚ ਵੀ ਮੋਟਾਪਾ ਦੇਖਿਆ ਗਿਆ ਹੈ ਪਰ ਆਮ ਤੌਰ 'ਤੇ ਔਰਤਾਂ ਜਲਦੀ ਹੀ ਮੋਟੀਆਂ ਹੋ ਜਾਂਦੀਆਂ ਹਨ। ਮੋਟਾਪੇ ਕਾਰਨ ਮਰਦਾਂ 'ਚ ਕੈਂਸਰ ਦੀ ਸੰਭਾਵਨਾ 42 ਫੀਸਦੀ ਅਤੇ ਔਰਤਾਂ ਵਿਚ 62 ਫੀਸਦੀ ਹੁੰਦੀ ਹੈ।



***ਦੀਪਕ ਸ਼ਰਮਾ***

# ਮਲਾਈ ਕੋਫਤਾ



**ਖਾਣਾ ਖਜ਼ਾਨਾ**

### ਕੋਫਤੇ ਦੀ ਸਮੱਗਰੀ:

ਅੱਧਾ-ਅੱਧਾ ਕੱਪ ਸਬਜ਼ੀਆਂ, ਫੁੱਲ ਗੋਭੀ, ਪੱਤਾ ਗੋਭੀ, ਸ਼ਿਮਲਾ ਮਿਰਚ ਅਤੇ ਗਾਜਰ, ਇਕ ਛੋਟਾ ਜਿਹਾ ਪਿਆਜ਼ (ਸਾਰਿਆਂ ਨੂੰ ਛੋਟੇ-ਛੋਟੇ ਟੁੱਕੜਿਆਂ 'ਚ ਕੱਟ ਕੇ ਉਬਾਲ ਲਓ, ਜ਼ਿਆਦਾ ਨਾ ਪਕਾਓ), 2 ਟੀਸਪੂਨ ਮਲਾਈ, 2 ਟੇਬਲਸਪੂਨ ਵੇਸਨ, ਚੁਟਕੀਭਰ ਬੇਕਿੰਗ ਪਾਊਡਰ, ਇਕ-ਇਕ ਟੀਸਪੂਨ ਗਰਮ ਮਸਾਲਾ, ਲਾਲ ਮਿਰਚ ਪਾਊਡਰ, ਹਲਦੀ ਪਾਊਡਰ ਅਤੇ ਅਦਰਕ-ਲਸਣ ਦਾ ਪੇਸਟ।

### ਗ੍ਰੇਵੀ ਦੇ ਲਈ ਸਮੱਗਰੀ:

ਇਕ ਵੱਡਾ ਪਿਆਜ਼, ਇਕ ਕੱਪ ਦਹੀ, ਇਕ ਕੱਪ ਮਲਾਈ, ਇਕ ਟੇਬਲਸਪੂਨ ਅਦਰਕ-ਲਸਣ ਦਾ ਪੇਸਟ, 2 ਹਰੀਆਂ ਮਿਰਚਾਂ, 1 ਟੀਸਪੂਨ ਜ਼ੀਰਾ, 8-10 ਕਰੀਪੱਤੇ, 1 ਟੀਸਪੂਨ ਲਾਲ ਮਿਰਚ ਪਾਊਡਰ, 1 ਟੀਸਪੂਨ ਹਲਦੀ, 2 ਟੀਸਪੂਨ ਧਨੀਆ ਪਾਊਡਰ, 1 ਟੀਸਪੂਨ ਗਰਮ ਮਸਾਲਾ, 2 ਟੇਬਲਸਪੂਨ ਹਰਾ ਧਨੀਆ, 2-3 ਟੇਬਲਸਪੂਨ ਤੇਲ।



### ਕੋਫਤਾ ਬਣਾਉਣ ਦੀ ਵਿਧੀ:

ਸਬਜ਼ੀਆਂ ਨੂੰ ਹਲਕਾ ਜਿਹਾ ਮੈਸ਼ ਕਰ ਲਓ। ਇਸ ਵਿਚ ਬਾਕੀ ਸਾਰੀਆਂ ਸਮੱਗਰੀਆਂ ਮਿਲਾ ਕੇ ਛੋਟੇ-ਛੋਟੇ ਗੋਲੇ ਬਣਾ ਕੇ ਪਹਿਲਾਂ ਉਨ੍ਹਾਂ ਨੂੰ ਭਾਫ 'ਤੇ ਪਕਾਓ। ਫਿਰ ਸੁਨਹਿਰਾ ਹੋਣ ਤੱਕ ਤਲ ਲਓ।

### ਗ੍ਰੇਵੀ ਬਣਾਉਣ ਦੀ ਵਿਧੀ:

ਪਿਆਜ਼, ਹਰੀ ਮਿਰਚ, ਹਰਾ ਧਨੀਆ, ਮਲਾਈ ਅਤੇ ਦਹੀ ਨੂੰ ਮਿਲਾ ਕੇ ਪੇਸਟ ਬਣਾ ਲਓ। ਪੈਨ ਵਿਚ ਤੇਲ ਗਰਮ ਕਰੋ। ਜ਼ੀਰਾ ਅਤੇ ਕਰੀ ਪੱਤੇ ਪਾਓ। ਉਪਰੋਕਤ ਪੇਸਟ, ਅਦਰਕ-ਲਸਣ ਦਾ ਪੇਸਟ ਅਤੇ ਸਾਰੇ ਮਸਾਲੇ ਪਾ ਕੇ ਭੁੰਨ ਲਓ। ਤਿੰਨ ਕੱਪ ਪਾਣੀ ਪਾ ਕੇ ਗ੍ਰੇਵੀ ਨੂੰ ਉਬਾਲੋ। ਕੋਫਤੇ ਮਿਲਾਓ ਅਤੇ ਇਕ ਉਬਾਲਾ ਆਉਣ 'ਤੇ ਮਲਾਈ ਅਤੇ ਹਰੇ ਧਨੀਏ ਨਾਲ ਸਜ਼ਾ ਕੇ ਸਰਵ ਕਰੋ।

***ਰਾਜਵੀਰ ਕੌਰ***

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

ਅਖ਼ਬਾਰੀ ਦੁਨੀਆ 'ਚ
ਸ਼ਾਨਦਾਰ ਆਗਾਜ਼

**ਨਵੀਂ ਦੁਨੀਆ**
**ਨਵਾਂ ਅੰਦਾਜ਼**

ਜੇਕਰ ਤੁਸੀਂ ਚਾਹੁੰਦੇ ਹੋ-
ਤੁਹਾਡਾ ਕੰਮ-ਕਾਰ,
ਕਾਰੋਬਾਰ, ਵਪਾਰ
ਦਿਨ ਦੂਣੀ ਤੇ ਰਾਤ
ਚੌਗੁਣੀ ਕਰੇ ਤਰੱਕੀ
ਤਾਂ
'ਨਵੀਂ ਦੁਨੀਆ'
ਨਾਲ ਜੁੜੋ ।

ਨਵੀਂ ਦੁਨੀਆ ਵਿਚ ਇਸ਼ਤਿਹਾਰ, ਖ਼ਬਰਾਂ, ਦੁਰਲੱਭ ਫੋਟੋਆਂ ਅਤੇ ਹੋਰ ਜ਼ਰੂਰੀ ਜਾਣਕਾਰੀ ਦੇਣ ਲਈ ਸੰਪਰਕ ਕਰੋ:

**Phone:** 780 465 9118
**Fax:** 780 465 0661
e-mail: **info@nawidunia.com**

## Deol Insurance & Financial Planning

| | |
|---|---|
| Life Insurance | ਲਾਈਫ ਇੰਸ਼ੋਰੈਂਸ |
| Mortgage Insurance | ਮੌਰਟਗੇਜ ਇੰਸ਼ੋਰੈਂਸ |
| Health Plans | ਹੈਲਥ ਪਲੈਨਜ਼ |
| Critical Illness Insurance | ਕਰਿਟੀਕਲ ਇਲਨੈਸ ਇੰਸ਼ੋਰੈਂਸ |
| Disability Insurance | ਡਿਸਏਬਿਲਟੀ ਇੰਸ਼ੋਰੈਂਸ |
| Travel Insurance | ਟਰੈਵਲ ਇੰਸ਼ੋਰੈਂਸ |
| Retirement Savings Plans | ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼ |

**Guaranteed Paid up Life Insurance**
Get your money back if you don't develop any critical illness

**For More Information Please Contact**

**Jasbir Deol**
Cell: 780 906 4497
Phone: 780 465 6900
Fax: 780 465 0661

2nd Floor 3448-93, Street NW,
Edmonton, AB T6E 6A4

# Classified Plus

*Your guide to every search*

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

**Ready for Possession.**

Contact: **780 965 7390** or **780 906 4497**

* * * *

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

**ਸੰਪਰਕ:** 011 91 97813 60066

* * * *

**City Estates**

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**
SCO 123, Phase 7, Mohali (Punjab)
**011 91 98147 11263** or
**011 91 98729 73304**

# Blitz Auto Canada




**Full Maintenance Service**

- Breaks
- Muffler
- Suspension
- Steering
- Lube & Oil
- Tires
- Batteries

**Contact: Umesh Amin**

3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com

# ਬਾਜ਼ਾਰ ਦਾ ਮਾਧਿਅਮ ਬਣਿਆ ਟੈਲੀਵਿਜ਼ਨ



**'ਜਨ ਸੱਤਾ' ਵਰਗੀ ਪ੍ਰਤੀਬੱਧ ਅਖ਼ਬਾਰ ਦੇ ਸੰਪਾਦਕ ਰਹੇ ਪ੍ਰਭਾਸ਼ ਜੋਸ਼ੀ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਹਿੰਦੀ ਪੱਤਰਕਾਰਤਾ ਵਿਚ ਪ੍ਰਭਾਸ਼ ਜੋਸ਼ੀ ਨਵੇਕਲੀ ਥਾਂ ਰੱਖਦੇ ਸਨ। ਇਹ ਉਨ੍ਹਾਂ ਦੀ ਆਖ਼ਰੀ ਲਿਖਤ ਹੈ ਜੋ 'ਨਵੀਂ ਦੁਨੀਆ' ਵਿਚ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ।**

– ਸੰਪਾਦਕ



**ਪ੍ਰਭਾਸ਼ ਜੋਸ਼ੀ**

ਭਾਰਤ ਵਿਚ ਟੈਲੀਵਿਜ਼ਨ ਯੂਰਪ ਤੋਂ ਕਾਫੀ ਸਮਾਂ ਬਾਅਦ ਆਇਆ। ਭਾਰਤ ਵਿਚ ਆਉਣ ਤੋਂ ਪਹਿਲਾਂ ਇਸ ਮਾਧਿਅਮ ਦੀ ਸੁਰ-ਚਾਲ ਯੂਰਪ ਵਿਚ ਹੀ ਸੈੱਟ ਕੀਤੀ ਗਈ ਸੀ। ਸ਼ੁਰੂਆਤ ਵਿਚ ਸਰਕਾਰ ਨੇ ਇਸ 'ਤੇ ਕੰਟਰੋਲ ਕੀਤਾ। ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਟੈਲੀਵਿਜ਼ਨ ਨੂੰ ਉਹਨਾਂ ਖੇਤਰਾਂ ਤੱਕ ਹੀ ਸੀਮਤ ਰੱਖਿਆ ਜਾਵੇ, ਜਿਨ੍ਹਾਂ ਵਿਚ ਸਰਕਾਰ ਦੀ ਦਿਲਚਸਪੀ ਹੈ। ਪਹਿਲਾ ਖੇਤਰ ਸੀ ਖ਼ਬਰਾਂ ਤੇ ਥੋੜ੍ਹਾ ਬਹੁਤ ਮਨੋਰੰਜਨ ਵੀ ਦਿਖਾਇਆ ਗਿਆ। ਇਸ ਮਗਰੋਂ ਸਰਕਾਰ ਦੇ ਵੱਖ ਵੱਖ ਪ੍ਰੋਗਰਾਮਾਂ ਤੇ ਯੋਜਨਾਵਾਂ ਦਾ ਪ੍ਰਚਾਰ ਕੀਤਾ ਗਿਆ।

1982 ਵਿਚ ਏਸ਼ੀਆਈ ਖੇਡਾਂ ਹੋਈਆਂ ਤੇ ਟੈਲੀਵਿਜ਼ਨ ਨੇ ਵੱਡੀ ਛਲਾਂਗ ਲਗਾਈ। ਫਿਰ ਵੀ ਇਹ ਸੀਮਤ ਮਾਧਿਅਮ ਬਣਿਆ ਰਿਹਾ ਕਿਉਂਕਿ ਵੱਡੇ ਵੱਡੇ ਸ਼ਹਿਰਾਂ ਵਿਚ ਬਹੁਤ ਘੱਟ ਟੈਲੀਵਿਜ਼ਨ ਸਨ ਤੇ ਪੇਂਡੂ ਖੇਤਰਾਂ ਵਿਚ ਤਾਂ ਨਾਮਾਤਰ ਹੀ ਸਨ। ਸਰਕਾਰ ਦੇ ਕੰਟਰੋਲ ਹੇਠ ਹੋਣ ਕਾਰਨ ਰਚਨਾਤਮਕਤਾ ਦੀ ਗੁੰਜਾਇਸ਼ ਨਹੀਂ ਸੀ। ਟੈਲੀਵਿਜ਼ਨ 'ਚ ਬਾਸੀਆਂ ਖ਼ਬਰਾਂ ਦਿਖਾਈਆਂ ਜਾਂਦੀਆਂ ਸਨ ਜਾਂ ਫਿਰ ਉਹ ਕੁਝ ਦਿਖਾਇਆ ਜਾਂਦਾ ਸੀ, ਜਿਹੜਾ ਸਰਕਾਰ ਨੂੰ ਪਸੰਦ ਸੀ।

ਪਹਿਲੀ ਵਾਰ ਟੈਲੀਵਿਜ਼ਨ ਨੇ ਉਦੋਂ ਆਪਣਾ ਪ੍ਰਭਾਵ ਛੱਡਿਆ ਜਦੋਂ ਰਮਾਇਣ ਦਿਖਾਈ ਗਈ। ਇਸ ਨਾਟਕ ਨੂੰ ਵੇਖਣ ਵਾਲੇ ਲੋਕਾਂ ਦੀ ਗਿਣਤੀ ਉਹਨਾਂ ਲੋਕਾਂ ਤੋਂ ਵੱਧ ਸੀ, ਜਿਹੜੇ ਅੱਜ ਪ੍ਰਾਈਵੇਟ ਚੈਨਲ ਵੇਖਦੇ ਹਨ। ਰਮਾਇਣ ਅਤੇ ਮਹਾਂਭਾਰਤ ਦਾ ਅਸਰ ਜ਼ਿਆਦਾ ਹੋਇਆ। ਇਨ੍ਹਾਂ ਦੋ ਨਾਟਕਾਂ ਨੇ ਭਾਰਤੀਆਂ ਦੀ ਮਾਨਸਿਕਤਾ ਨੂੰ ਨਵਾਂ ਰੂਪ ਦਿੱਤਾ। ਹਰ ਕੋਈ ਜਾਣਦਾ ਸੀ ਕਿ ਕਹਾਣੀ ਕੀ ਹੈ, ਪਰ ਫਿਰ ਵੀ ਹਰ ਕੋਈ ਇਨ੍ਹਾਂ ਨਾਟਕਾਂ ਨੂੰ ਦੇਖਣ ਲਈ ਉਤਸੁਕ ਰਹਿੰਦਾ ਸੀ। ਇਹ ਦੋਵੇਂ ਘਟਨਾਵਾਂ ਸਦੀਆਂ ਪੁਰਾਣੀਆਂ ਸਨ ਅਤੇ ਕਾਫੀ ਦੇਰ ਬਾਅਦ ਇਨ੍ਹਾਂ ਨੂੰ ਮਹਾਂਕਾਵ ਦਾ ਰੂਪ ਦਿੱਤਾ ਗਿਆ। ਮੂੰਹ ਰਾਹੀਂ ਬਿਆਨੇ ਜਾਣ ਕਾਰਨ ਇਹ ਘਟਨਾਵਾਂ ਧਾਰਮਿਕ ਰੰਗਤ ਲੈ ਗਈਆਂ। ਜਦੋਂ ਅਸੀਂ ਦੋਵੇਂ ਨਾਟਕ ਟੈਲੀਵਿਜ਼ਨ 'ਤੇ ਵੇਖੇ ਤਾਂ ਅਸੀਂ ਇਕ ਵਾਰ ਫੇਰ ਸਿਮਰਤੀਆਂ ਦਾ ਦੇਸ਼ ਬਣ ਗਏ।

1991 ਵਿਚ ਸੈਟੇਲਾਈਟ ਟੀ ਵੀ ਦੀ ਆਮਦ ਨਾਲ ਟੀ ਵੀ ਦੀ ਮਕਬੂਲੀਅਤ ਵਧਣ ਲੱਗੀ। ਖਾੜੀ ਯੁੱਧ ਲੱਗਣ ਨਾਲ ਟੈਲੀਵਿਜ਼ਨ ਵੱਡੇ ਵੱਡੇ ਸ਼ਹਿਰਾਂ ਦੇ ਹਰੇਕ ਘਰ ਵਿਚ ਪਹੁੰਚ ਗਿਆ। ਪਹਿਲੀ ਵਾਰ ਅਸੀਂ ਦੇਖਿਆ ਕਿ ਜੰਗ ਨੂੰ ਗਲੈਮਰ ਦੀ ਰੰਗਤ ਦਿੱਤੀ ਜਾ ਰਹੀ ਸੀ। ਜੰਗ ਖੌਫਨਾਕ ਵਰਤਾਰਾ ਹੁੰਦਾ ਹੈ ਪਰ ਟੈਲੀਵਿਜ਼ਨ ਨੇ ਇਸ ਵਿਚੋਂ ਡਰ ਭੈਅ ਦਾ ਤੱਤ ਕੱਢ ਦਿੱਤਾ ਸੀ। ਇਸ ਤੋਂ ਪਤਾ ਲੱਗਿਆ ਕਿ ਇਹ ਮਾਧਿਅਮ ਆਪਣੀ ਪਸੰਦ ਦੀ ਹਰ ਚੀਜ਼ ਨੂੰ ਗਲੈਮਰ ਦੀ ਰੰਗਤ ਦੇ ਸਕਦਾ ਹੈ। ਹੁਣ ਜਦੋਂ ਟੀ ਵੀ ਨਿੱਜੀ ਹੱਥਾਂ ਵਿਚ ਆ ਗਿਆ ਤੇ ਏਅਰਵੇਵ ਮੁਫਤ ਕਰ ਦਿੱਤੀ ਗਈ ਤਾਂ ਪਿਛਲੇ 15 ਸਾਲਾਂ ਤੋਂ ਦੇਸ਼ ਵਿਚ ਉਦਾਰਵਾਦੀ ਨੀਤੀਆਂ ਦਾ ਹੜ੍ਹ ਆਇਆ ਹੋਇਆ ਹੈ ਤੇ ਪੂੰਜੀਵਾਦ ਦਾ ਦੌਰ ਚੱਲ ਰਿਹਾ ਹੈ। ਖਪਤਵਾਦ ਦੇ ਫੈਲਾਅ ਲਈ ਟੈਲੀਵਿਜ਼ਨ ਔਜ਼ਾਰ ਬਣ ਚੁੱਕਾ ਹੈ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਖਬਰੀਆ ਅਤੇ ਮਨੋਰੰਜਨ ਚੈਨਲ ਖਬਰਾਂ ਅਤੇ ਲੋਕਾਂ ਦੀਆਂ ਮਨੋਰੰਜਨ ਲੋੜਾਂ ਦੀ ਪੂਰਤੀ ਕਰਨ ਲਈ ਬਹੁਤ ਹੀ ਘੱਟ ਸਮਾਂ ਦੇ ਰਹੇ ਹਨ।

ਨਵੇਂ ਚੈਨਲ ਹੁਣ ਤੁਹਾਨੂੰ ਸਿਰਲੇਖ ਦਿਖਾਉਂਦੇ ਹਨ ਤੇ ਫਿਰ ਮਨੋਰੰਜਨ ਦੇ ਪ੍ਰੋਗਰਾਮਾਂ ਵੱਲ ਰੁਖ ਕਰ ਲੈਂਦੇ ਹਨ। ਇਸ ਸਭ ਕੁਝ ਨੂੰ ਦੇਖਦਿਆਂ ਸਾਬਤ ਹੋ ਗਿਆ ਹੈ ਕਿ ਮੀਡੀਆ ਹੁਣ ਲੋਕਾਂ ਨੂੰ ਜਾਣਕਾਰੀ ਦੇਣ ਜਾਂ ਸਿੱਖਿਅਤ ਕਰਨ ਦਾ ਸਾਧਨ ਨਹੀਂ ਰਿਹਾ। ਹੁਣ ਇਹ ਸੰਚਾਰ ਅਤੇ ਮਨੋਰੰਜਨ ਦਾ ਸਾਧਨ ਬਣ ਕੇ ਰਹਿ ਗਿਆ ਹੈ। ਤੁਸੀਂ ਦੇਖਦੇ ਹੀ ਹੋ ਕਿ ਸਾਡੇ ਦੇਸ਼, ਜਿੱਥੇ 836 ਮਿਲੀਅਨ ਲੋਕਾਂ ਨੂੰ ਦਿਨ ਵਿਚ 20 ਰੁਪਏ ਵੀ ਨਹੀਂ ਮਿਲਦੇ, ਵਿਚ ਅੰਕੜਿਆਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਹਰ ਕੋਈ ਇਸ ਨੂੰ ਵੇਖਣਾ ਚਾਹੁੰਦਾ ਹੈ, ਪਰ ਇਹ ਹਰ ਕੋਈ ਕੌਣ ਹੈ?

ਇਹ ਲੋਕ ਮਹਾਂਨਗਰਾਂ ਦੇ ਮੱਧ ਵਰਗ ਤੇ ਹੇਠਲੇ ਮੱਧ ਵਰਗ ਨਾਲ ਸਬੰਧਤ ਹਨ। ਜਦੋਂ ਕਿਸੇ ਕਾਰ ਦਾ ਆਗਾਜ਼ ਹੁੰਦਾ ਹੈ ਤਾਂ ਟੀ ਵੀ ਇਸ ਨੂੰ ਅਜਿਹੇ ਢੰਗ ਨਾਲ ਪੇਸ਼ ਕਰਦਾ ਹੈ, ਜਿਵੇਂ ਕਿ ਹਰ ਕੋਈ ਇਸ ਕਾਰ ਨੂੰ ਹਾਸਲ ਕਰਨਾ ਚਾਹੁੰਦਾ ਹੈ। ਇਸ ਭਾਵ ਵਿਚ ਟੀਵੀ ਹੁਣ ਅਜਿਹਾ ਮਾਧਿਅਮ ਬਣ ਗਿਆ ਹੈ, ਜਿਹੜਾ ਦੇਸ਼ ਦੇ ਆਮ ਲੋਕਾਂ ਤੋਂ ਦੂਰ ਹੋ ਚੁੱਕਿਆ ਹੈ। ਇਹ ਤਾਂ ਬਾਜ਼ਾਰ ਲਈ ਔਜ਼ਾਰ ਬਣ ਗਿਆ ਹੈ। ਇਹ ਸਿਰਫ਼ ਮਹਾਂਨਗਰਾਂ ਦੇ ਮੱਧ ਵਰਗ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਭਾਰਤ ਵਿਚ ਖੇਤੀ ਸੰਕਟ ਐਨਾ ਡੂੰਘਾ ਹੋ ਗਿਆ ਹੈ ਪਰ ਟੈਲੀਵਿਜ਼ਨ 'ਤੇ ਇਸ ਬਾਰੇ ਕਦੇ ਕਦੇ ਹੀ ਕੁਝ ਦੇਖਣ ਨੂੰ ਮਿਲਦਾ ਹੈ। ਦੇਸ਼ ਵਿਚ ਹਰ ਅੱਠ ਘੰਟਿਆਂ ਬਾਅਦ ਕਿਸਾਨ ਖੁਦਕੁਸ਼ੀ ਕਰਦਾ ਹੈ। ਪਰ ਟੈਲੀਵਿਜ਼ਨ ਦੇਖਣ ਵਾਲੇ ਲੋਕ ਤੁਹਾਨੂੰ ਇਹ ਦੱਸ ਨਹੀਂ ਸਕਣਗੇ ਕਿ ਭਾਰਤੀ ਖੇਤੀ ਦੀ ਸਮੱਸਿਆ ਕੀ ਹੈ?

ਟੈਲੀਵਿਜ਼ਨ 'ਤੇ ਮਨੋਰੰਜਨ ਭਾਰੂ ਹੋ ਗਿਆ ਹੈ। ਇਹ ਸਾਧਨ ਸਿਆਸਤ ਨੂੰ ਕਮਜ਼ੋਰ ਕਰਨ ਦਾ ਰੁਝਾਨ ਰੱਖਦਾ ਹੈ। ਮੇਰੇ ਖਿਆਲ ਵਿਚ ਇਹ ਗੱਲ ਸਾਡੀ ਜਮਹੂਰੀਅਤ ਲਈ ਸਭ ਤੋਂ ਵੱਡਾ ਖਤਰਾ ਹੈ। ਜਮਹੂਰੀਅਤ 'ਚ ਆਮ ਲੋਕਾਂ ਦੀ ਵੋਟ ਸਦਕਾ ਹੀ ਸਰਕਾਰ ਬਣਦੀ ਹੈ। ਜੇਕਰ ਉਨ੍ਹਾਂ ਨੂੰ ਉਹਨਾਂ ਦੀ ਲੋੜ ਮੁਤਾਬਕ ਜਾਣਕਾਰੀ ਨਹੀਂ ਮਿਲੇਗੀ ਤਾਂ ਫਿਰ ਅੱਧ ਨੰਗੀਆਂ ਔਰਤਾਂ ਦੇ ਰੂਪ 'ਚ ਮਨੋਰੰਜਨ ਨਾਲ ਸੁਅਸਾਰ ਕੀਤਾ ਜਾਵੇਗਾ ਤਾਂ ਸਾਨੂੰ ਕਿਸ ਕਿਸਮ ਦੀ ਜਮਹੂਰੀਅਤ ਮਿਲੇਗੀ? ਜੇਕਰ ਤੁਹਾਡੇ ਕੋਲ ਅਸਲ ਜਮਹੂਰੀਅਤ ਨਹੀਂ ਤਾਂ ਤੁਸੀਂ ਬਾਜ਼ਾਰ ਵਿਚ ਇਸ ਔਜ਼ਾਰ ਨੂੰ ਕਿਵੇਂ ਮੌਜੂਦ ਰੱਖ ਸਕੋਗੇ? ਭਾਰਤ ਵਿਭਿੰਨਤਾਵਾਂ ਵਾਲਾ ਦੇਸ਼ ਹੈ। ਸੰਸਾਰਕ ਸਭਿਆਚਾਰ ਸਥਾਨਕ ਸਭਿਆਚਾਰਾਂ ਨੂੰ ਤਬਾਹ ਕਰਨ ਦਾ ਰੁਝਾਨ ਰੱਖਦਾ ਹੈ। ਬਾਜ਼ਾਰ ਦਾ ਸਾਧਨ ਬਣ ਕੇ ਟੈਲੀਵਿਜ਼ਨ ਜਮਹੂਰੀਅਤ, ਖੇਤਰੀ ਸਭਿਆਚਾਰਾਂ ਅਤੇ ਸਾਹਿਤ ਨੂੰ ਅਣਡਿੱਠ ਕਰ ਰਿਹਾ ਹੈ। ਇਹ ਗੱਲ ਨਾ ਤਾਂ ਦੇਸ਼ ਲਈ ਠੀਕ ਹੈ ਅਤੇ ਨਾ ਹੀ ਜਮਹੂਰੀਅਤ ਲਈ।

# ਸਾਹਿਤ ਵੱਲ ਪਰਤਦਾ ਸਿਨੇਮਾ

**ਹਰੀ ਮਰਦੂਲ**

ਥੋੜ੍ਹੀ ਹੈਰਾਨੀ ਵਾਲੀ ਗੱਲ ਹੈ, ਪਰ ਗੌਰ ਕਰਨ ਲਾਇਕ ਹੈ ਕਿ ਇਕ ਵਾਰ ਫੇਰ ਸਿਨੇਮਾ ਸਾਹਿਤ ਵੱਲ ਦੇਖ ਰਿਹਾ ਹੈ। ਹੈਰਾਨੀ ਇਸ ਲਈ ਕਿ ਜਦੋਂ ਸਾਹਿਤ ਦੀ ਆਮ ਲੋਕਾਂ ਨਾਲੋਂ ਦੂਰੀ ਵੱਧ ਰਹੀ ਹੋਵੇ, ਤਾਂ ਸਾਹਿਤਕ ਰਚਨਾਵਾਂ 'ਤੇ ਫਿਲਮ ਬਣਾਉਣ ਬਾਰੇ ਸੋਚਣਾ ਆਤਮਹਤਿਆ ਤੋਂ ਘੱਟ ਨਹੀਂ। ਪਰ ਦ੍ਰਿਸ਼ ਇਸ ਤੋਂ ਬਿਲਕੁਲ ਉਲਟ ਹੈ। ਇਧਰ ਅੱਧਾ ਦਰਜਨ ਫਿਲਮਾਂ ਸਾਹਿਤਕ ਰਚਨਾਵਾਂ 'ਤੇ ਬਣ ਰਹੀਆਂ ਹਨ ਜਾਂ ਬਣਕੇ ਖਾਸੀ ਪ੍ਰਸੰਸਾ ਖਟ ਚੁੱਕੀਆਂ ਹਨ। ਹੁਣੇ ਜਿਹੇ ਰਿਲੀਜ਼ ਹੋਈ ਫਿਲਮ ਥ੍ਰੀ ਇਡੀਅਟਸ ਅੰਗਰੇਜ਼ੀ ਦੇ ਲੋਕਪ੍ਰਿਯ ਲੇਖਕ ਚੇਤਨ ਭਗਤ ਦੇ ਨਾਵਲ 'ਫਾਈਵ ਪੁਆਇੰਟ ਸਮਵਨ' 'ਤੇ ਅਧਾਰਿਤ ਹੈ, ਤੇ ਹਿੰਦੀ ਦੇ ਮਸ਼ਹੂਰ ਵਿਅੰਗਕਾਰ ਸ਼ਰਦ ਜੋਸ਼ੀ ਦੇ ਵਿਅੰਗ ਤੁਮ ਕਬ ਜਾਓਗੇ ਅਤਿਥੀ 'ਤੇ ਇਕ ਵੱਡੇ ਬਜਟ ਦੀ ਫਿਲਮ ਬਣਨੀ ਸ਼ੁਰੂ ਹੋ ਗਈ ਹੈ।

'ਥ੍ਰੀ ਇਡੀਅਟਸ' ਵਿਚ ਆਮਿਰ ਖਾਨ ਅਤੇ ਕਰੀਨਾ ਕਪੂਰ ਵਰਗੇ ਮੈਗਾ ਸਟਾਰਾਂ ਦੀ ਜੋੜੀ ਹੈ, ਤਾਂ 'ਤੁਮ ਕਬ ਜਾਓਗੇ ਅਤਿਥੀ' ਵਿਚ ਅਜੈ ਦੇਵਗਨ ਤੇ ਕੋਂਕਨਾ ਸੇਨ ਸ਼ਰਮਾ ਵਰਗੇ ਉਘੇ ਕਲਾਕਾਰ ਹਨ। ਸ਼ੈਕਸਪੀਅਰ ਦੇ ਨਾਟਕਾਂ ਮੈਕਬੇਥ ਅਤੇ ਓਥੇਲੋ 'ਤੇ ਮਕਬੂਲ ਅਤੇ ਓਮਕਾਰਾ ਵਰਗੀਆਂ ਫਿਲਮਾਂ ਬਣਾਉਣ ਵਾਲੇ ਵਿਸ਼ਾਲ ਭਾਰਦਵਾਜ ਵੀ ਜਲਦੀ ਹੀ ਰਸਕਿਨ ਬਾਂਡ ਦੀ ਮਸ਼ਹੂਰ ਕਹਾਣੀ 'ਤੇ ਅਧਾਰਿਤ ਫਿਲਮ ਸ਼ੁਰੂ ਕਰਨ ਵਾਲੇ ਹਨ। ਉਹ ਇਸ ਤੋਂ ਪਹਿਲਾਂ ਵੀ ਰਸਕਿਨ ਬਾਂਡ ਦੇ ਬਾਲ ਨਾਵਲ 'ਬਲੂ ਅੰਬਰੇਲਾ' 'ਤੇ ਇਸੇ ਨਾਮ ਦੀ ਇਕ ਚੰਗੀ ਫਿਲਮ ਬਣਾ ਚੁੱਕੇ ਹਨ। ਕੁਝ ਮਹੀਨੇ ਪਹਿਲਾਂ ਹੀ ਹਿੰਦੀ ਦੇ ਦੋ ਚਰਚਿਤ ਸਾਹਿਤਕਾਰਾਂ ਉਦੈ ਪ੍ਰਕਾਸ਼ ਅਤੇ ਪ੍ਰਿਯੰਵਦ ਦੀਆਂ ਕਹਾਣੀਆਂ 'ਤੇ ਬਣੀਆਂ ਮੋਹਨਦਾਸ ਅਤੇ ਖਰਗੋਸ਼ ਵਰਗੀਆਂ ਸੰਵੇਦਨਸ਼ੀਲ ਫਿਲਮਾਂ ਨਾ ਕੇਵਲ ਪ੍ਰਸੰਸਾ ਹਾਸਲ ਕਰ ਚੁੱਕੀਆਂ ਹਨ, ਬਲਕਿ ਕਈ ਉਘੇ ਫਿਲਮ ਸਮਾਰੋਹਾਂ ਵਿਚ ਕੌਮੀ-ਕੌਮਾਂਤਰੀ ਪੁਰਸਕਾਰ ਵੀ ਹਾਸਲ ਕਰ ਚੁੱਕੀਆਂ ਹਨ। ਸਾਹਿਤਕ ਰਚਨਾਵਾਂ 'ਤੇ ਫਿਲਮਾਂ ਬਣਦੀਆਂ ਰਹੀਆਂ ਹਨ। ਫਿਲਮ ਇੰਡਸਟਰੀ ਨੂੰ ਉਸ ਦੇ ਸ਼ੁਰੂਆਤੀ ਦਿਨਾਂ ਵਿਚ ਸਾਹਿਤ ਨੇ ਭਰਪੂਰ ਸਹਾਰਾ ਦਿੱਤਾ। ਪ੍ਰੇਮਚੰਦ, ਰਾਜਿੰਦਰ ਸਿੰਘ ਬੇਦੀ, ਮੰਟੋ, ਖਵਾਜਾ ਅਹਿਮਦ ਅਬਾਸ, ਭਗਵਤੀ ਚਰਨ ਵਰਮਾ, ਗੋਪਾਲ ਸਿੰਘ ਨੇਪਾਲੀ, ਫਣੀਸ਼ਵਰ ਨਾਥ ਰੇਣੂ, ਸ਼ੈਲੇਂਦਰ, ਨਰਿੰਦਰ ਸ਼ਰਮਾ, ਸਰਸਵਤੀ ਕੁਮਾਰ ਦੀਪਕ ਅਤੇ ਸਾਹਿਰ ਲੁਧਿਆਣਵੀ ਵਰਗੇ ਹਿੰਦੀ-ਉਰਦੂ ਦੇ ਮਸ਼ਹੂਰ ਲੇਖਕ ਫਿਲਮਾਂ ਨਾਲ ਜੁੜੇ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਵਿਚੋਂ ਕੁਝ ਹੀ ਲੇਖਕ ਆਪਣੇ ਪੈਰ ਮਾਇਆਨਗਰੀ ਦੀ ਉਬੜ-ਖਾਬੜ ਜ਼ਮੀਨ 'ਤੇ ਟਿਕਾ ਪਾਏ। ਜ਼ਿਆਦਾਤਰ ਸਾਹਿਤਕਾਰ ਫਿਲਮ ਲੇਖਣ ਵਿਚ ਇਸ ਲਈ ਨਹੀਂ ਰਮ ਸਕੇ ਕਿਉਂਕਿ ਉਹ ਪੇਂਡੂ ਪਿਛੋਕੜ ਵਾਲੇ ਸਨ। ਚਮਕ-ਦਮਕ ਤੋਂ ਉਨ੍ਹਾਂ ਨੂੰ ਅਸਹਿਜਤਾ ਮਹਿਸੂਸ ਹੋਣ ਲੱਗੀ ਸੀ। ਇਸ ਦੇ ਬਾਵਜੂਦ ਵੱਡੇ ਸਾਹਿਤਕਾਰਾਂ ਦੀਆਂ ਰਚਨਾਵਾਂ 'ਤੇ ਫਿਲਮ ਬਣਾਉਣ ਦਾ ਸਿਲਸਿਲਾ ਜਾਰੀ ਰਿਹਾ। ਪ੍ਰੇਮਚੰਦ, ਰੇਣੂ ਸ਼ਰਚੰਦਰ, ਰਵਿੰਦਰਨਾਥ ਟੈਗੋਰ, ਬੰਕਿਮਚੰਦਰ, ਰਾਜਿੰਦਰ ਸਿੰਘ ਬੇਦੀ, ਵਿਮਲ ਮਿਤਰ, ਆਰ.ਕੇ. ਨਰਾਇਣ, ਰਸਕਿਨ ਬਾਂਡ, ਅਨੀਤਾ ਦੇਸਾਈ, ਮਨੂ ਭੰਡਾਰੀ, ਮਹਾਂਸ਼ਵੇਤਾ ਦੇਵੀ, ਵਿਜਯਦਾਨ ਦੇਥਾ, ਰਾਜਿੰਦਰ ਯਾਦਵ, ਕਮਲੇਸ਼ਵਰ, ਨਿਰਮਲ ਵਰਮਾ, ਭੀਸ਼ਮ ਸਾਹਨੀ, ਧਰਮਵੀਰ ਭਾਰਤੀ, ਯੂ.ਆਰ. ਅਨੰਤਮੂਰਤੀ, ਵਿਜਯ ਤੇਂਦੂਲਕਰ, ਸ਼ੈਵਾਲ, ਸ਼ਿਵਮੂਰਤੀ ਵਰਗੇ ਸਾਹਿਤਕਾਰਾਂ ਦੀਆਂ ਰਚਨਾਵਾਂ 'ਤੇ ਕਈ ਫਿਲਮਾਂ ਬਣੀਆਂ ਅਤੇ ਇਨ੍ਹਾਂ ਨੇ ਭਾਰਤੀ ਸਿਨੇਮਾ 'ਤੇ ਆਪਣੀ ਡੂੰਘੀ ਛਾਪ ਛੱਡੀ। ਇਨ੍ਹਾਂ ਵਿਚੋਂ ਗੋਦਾਨ, ਸਦਗਤਿ, ਸ਼ਤਰੰਜ ਕੇ ਖਿਲਾੜੀ, ਆਨੰਦ ਮਠ, ਦੇਵਦਾਸ, ਪਰਿਣੀਤਾ, ਸਾਹਬ ਬੀਬੀ ਔਰ ਗੁਲਾਮ, ਏਕ ਚਾਦਰ ਮੈਲੀ ਸੀ, ਉਮਰਾਵ ਜਾਨ, ਸਰਸਵਤੀ ਚੰਦਰ, ਰਜਨੀਗੰਧਾ, ਦੀਕਸ਼ਾ, ਹਜ਼ਾਰ ਚੌਰਾਸੀ ਕੀ ਮਾਂ, ਰੂਦਾਲੀ, ਅਸ਼ਾਡ ਕਾ ਏਕ ਦਿਨ, ਤੀਸਰੀ ਕਸਮ, ਬੰਦਿਨੀ, ਗਾਈਡ, ਕਾਬੁਲੀਵਾਲਾ, ਮਿਲਨ, ਗੀਤ ਗਾਤਾ ਚਲ, ਦੁਵਿਧਾ, ਸਾਰਾ ਆਕਾਸ਼, ਅਠਾਰਹ ਸੂਰਜ ਕੇ ਪੌਧੇ, ਮਾਇਆ ਦਰਪਣ, ਸੂਰਜ ਕਾ ਸਾਤਵਾਂ ਘੋੜਾ, ਜੁਨੂਨ, ਦਾਮੁਲ ਅਤੇ ਤਿਰਿਆ ਚਰਿਤਰ ਵਰਗੀਆਂ ਫਿਲਮਾਂ ਦਾ ਨਾਂ ਲਿਆ ਜਾ ਸਕਦਾ ਹੈ।

ਇਧਰ ਇਕ ਵੱਡਾ ਪਰਿਵਰਤਨ ਇਹ ਆਇਆ ਹੈ ਕਿ ਵੱਡੇ ਬੈਨਰਾਂ ਨੇ ਸਾਹਿਤਕ ਰਚਨਾਵਾਂ 'ਤੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਹੈ। ਆਮ ਤੌਰ 'ਤੇ ਹਿਟ ਮਸਾਲਿਆਂ ਵਾਲੀਆਂ ਹੰਗਾਮਖੋਜ ਫਿਲਮਾਂ ਦੇ ਪਿਛੇ ਭਜਣ ਵਾਲੇ ਵੱਡੇ ਨਿਰਮਾਤਾਵਾਂ ਅਤੇ ਸਟਾਰਾਂ ਦੀ ਸਮਝ ਵਿਚ ਆ ਗਿਆ ਹੈ ਕਿ ਹੁਣ ਬਾਕਸ ਆਫਿਸ ਦਾ ਮਿਜਾਜ ਬਦਲ ਚੁੱਕਾ ਹੈ। ਦਰਸ਼ਕ ਏਨੇ ਜਾਗਰੂਕ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਪੰਜ ਵਿਦੇਸ਼ੀ ਲੋਕੇਸ਼ਨਾਂ 'ਤੇ ਫਿਲਮਾਏ ਗਾਣਿਆਂ, ਚਾਰ ਮਾਰ-ਧਾੜ ਵਾਲੇ ਸੀਨ, ਤਿੰਨ ਰੌਣ-ਧੌਣ ਦੇ ਦ੍ਰਿਸ਼, ਦੋ ਆਈਟਮ ਸਾਂਗ ਅਤੇ ਇਕ ਬਲਾਤਕਾਰ ਨਾਲ ਨਹੀਂ ਲਲਚਾਇਆ ਜਾ ਸਕਦਾ। ਅਜਿਹੇ ਸਮੇਂ ਸੰਵੇਦਨਸ਼ੀਲ ਕਹਾਣੀ ਵਾਲੀ ਸਕਰਿਪਟ ਨਾਲ ਹੀ ਗੱਲ ਬਣ ਸਕਦੀ ਹੈ। ਹਾਲੀਵੁੱਡ ਦੀਆਂ ਫਿਲਮਾਂ ਦੀ ਫਰੇਮ ਦਰ ਫਰੇਮ ਨਕਲ ਨਾਲ ਵੀ ਕੰਮ ਨਹੀਂ ਬਣਨ ਵਾਲਾ, ਕਿਉਂਕਿ ਹੁਣ ਦਰਸ਼ਕ ਹਾਲੀਵੁੱਡ ਦੀਆਂ ਫਿਲਮਾਂ ਵੀ ਉਨੀਆਂ ਹੀ ਰੁਚੀ ਪੂਰਵਕ ਦੇਖਦੇ ਹਨ।

ਕਿਉਂਕਿ ਸਿਨੇਮਾ ਵੀ ਗਲੋਬਲ ਅਕਾਰ ਲੈ ਚੁੱਕਾ ਹੈ, ਇਸ ਲਈ ਬਾਲੀਵੁੱਡ ਦੀਆਂ ਫਿਲਮਾਂ 'ਤੇ ਵੀ ਹੁਣ ਵਿਦੇਸ਼ੀ ਨਿਰਮਾਣ ਕੰਪਨੀਆਂ ਦੀ ਨਜ਼ਰ ਰਹਿੰਦੀ ਹੈ। ਜੇਕਰ ਉਨ੍ਹਾਂ ਦੀਆਂ ਫਿਲਮਾਂ ਦੀ ਚੋਰੀ ਹੁੰਦੀ ਹੈ, ਤਾਂ ਉਹ ਆਸਾਨੀ ਨਾਲ ਪਕੜ ਵਿਚ ਆਉਂਦੀ ਹੈ।

# ਨਵੇਂ ਵਰ੍ਹੇ ਦੀਆਂ ਫ਼ਿਲਮੀ ਸੰਭਾਵਨਾਵਾਂ

ਮਨੋਰੰਜਨ ਦੇ ਪਟਾਰੇ ਵਿਚ ਨਵੇਂ ਵਰ੍ਹੇ ਵਿਚ ਕਈ ਵੱਡੀਆਂ ਫਿਲਮਾਂ ਦੇ ਨਾਲ ਕੁਝ ਛੋਟੇ ਬਜਟ ਦੀਆਂ ਫਿਲਮਾਂ ਵੀ ਹਨ, ਜਿਨ੍ਹਾਂ ਵਿਚੋਂ ਕੋਈ 'ਏ ਵੈਡਨਸਡੇ' ਸਿੱਧ ਹੋ ਸਕਦੀ ਹੈ। ਨਵੇਂ ਸਾਲ ਦਾ ਕੋਈ ਵੀ ਮੁਲਾਂਕਣ ਉਸ ਕਾਲੇ ਘੋੜੇ ਨੂੰ ਨਹੀਂ ਪਛਾਣ ਸਕਦਾ ਜੋ ਡੈਵਿਡ ਗੋਲਿਯਥ ਵਾਂਗ ਆਮ ਆਦਮੀ ਦੀ ਜਿੱਤ ਦੀ ਕਥਾ ਹੋਵੇ। ਆਮਿਰ ਖਾਨ ਦੀ ਨਿਰਮਾਣ ਸੰਸਥਾ ਦਾ ਰਿਕਾਰਡ ਦੇਖਦੇ ਹੋਏ ਉਮੀਦ ਕੀਤੀ ਜਾ ਸਕਦੀ ਹੈ ਕਿ ਕਿਰਨ ਰਾਓ ਦੀ 'ਧੋਬੀ ਘਾਟ' ਜਾਂ 'ਦੇਲਹੀ ਬੇਲੀ' ਹੈਰਾਨ ਕਰ ਸਕਦੀਆਂ ਹਨ। ਨਵੇਂ ਸਾਲ ਵਿਚ ਕਈ ਮਲਟੀਪਲੈਕਸ ਖੁੱਲ੍ਹਣ ਜਾ ਰਹੇ ਹਨ ਅਤੇ ਵੱਡੀਆਂ ਫਿਲਮਾਂ ਦਾ ਵਪਾਰ ਖੂਬ ਵਧ ਸਕਦਾ ਹੈ। ਸਿਨੇਮਾ ਦਾ ਅਸਲੀ ਵਿਕਾਸ ਇਸ ਗੱਲ ਤੋਂ ਹੋਵੇਗਾ ਕਿ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿਚੋਂ ਦੋ ਸੌ ਸੀਟਾਂ ਵਾਲੇ ਸਿਨੇਮਾ ਘਰਾਂ ਦੀ ਲੜੀ ਵਿਕਸਤ ਹੋਵੇ।

ਫਿਲਹਾਲ, ਅਨਿਲ ਵਰਮਾ ਦੀ ਸਲਮਾਨ ਖਾਨ ਦੀ ਅਦਾਕਾਰੀ ਨਾਲ 'ਵੀਰ' ਫਿਲਮ ਦਾ ਪ੍ਰਦਰਸ਼ਨ ਹੋਣ ਜਾ ਰਿਹਾ ਹੈ। ਸਲਮਾਨ ਦੀ ਅਦਾਕਾਰੀ ਦੇ ਨਾਲ ਗੁਲਜ਼ਾਰ ਦੇ ਗੀਤ ਅਤੇ ਸਾਜਿਦ-ਵਾਜਿਦ ਦਾ ਮਧੁਰ ਸੰਗੀਤ ਅਤੇ 'ਗਦਰ' ਫੇਮ ਅਨਿਲ ਸ਼ਰਮਾ ਦੀ ਸ਼ੈਲੀ ਇਕ ਮਨੋਰੰਜਕ ਫਿਲਮ ਦੀ ਆਸ ਜਗਾਉਂਦੀ ਹੈ। ਇਸ ਤੋਂ ਬਾਅਦ ਰਾਮ ਗੋਪਾਲ ਵਰਮਾ ਦੀ ਅਮਿਤਾਭ ਬਚਨ ਨੂੰ ਲੈ ਕੇ ਬਣਾਈ ਫਿਲਮ 'ਰਣ' ਆਏਗੀ, ਜਿਸ ਵਿਚ ਮੀਡੀਆ ਦੇ ਖੋਖਲੇਪਨ ਨੂੰ ਉਜਾਗਰ ਕੀਤਾ ਗਿਆ ਹੈ।

ਇਸ ਦੌਰਾਨ ਪ੍ਰਦਰਸ਼ਤ ਹੋਣ ਜਾ ਰਹੀ ਕਰਨ ਜੌਹਰ ਅਤੇ ਸ਼ਾਹਰੂਖ ਖਾਨ ਦੀ 'ਮਾਇ ਨੇਮ ਇਜ਼ ਖਾਨ' ਅਤਿਵਾਦ ਤੇ ਆਮ ਮੁਸਲਮਾਨ ਦੀ ਪੀੜਾ ਦੀ ਦੁਖਦਾਈ ਕਹਾਣੀ ਹੈ, ਜਿਸ ਦੇ ਕਲਾਈਮੈਕਸ ਵਿਚ ਬੇਗੁਨਾਹ ਪਰ ਪੀੜਤ ਮੁਸਲਮਾਨ ਨਾਇਕ ਅਮਰੀਕਾ ਦੇ ਰਾਸ਼ਟਰਪਤੀ ਉਬਾਮਾ ਨੂੰ ਮਿਲਦਾ ਹੈ। ਇਸ ਦੇ ਪ੍ਰਮੋਸ਼ਨ ਲਈ ਸ਼ਾਹਰੂਖ ਜ਼ਮੀਨ ਆਸਮਾਨ ਇਕ ਕਰਨ ਵਾਲੇ ਹਨ। 'ਸਟੈਪਮਾਮ' ਤੋਂ ਪ੍ਰੇਰਿਤ ਕਰਨ ਜੌਹਰ ਦੀ ਕਾਜੋਲ ਤੇ ਕਰੀਨਾ ਕਪੂਰ ਨਾਲ ਫਿਲਮ 'ਆਈ ਲਵ ਯੂ ਮਾਮ' ਦੋ ਪ੍ਰਤਿਭਾਸ਼ਾਲੀ ਕਲਾਕਾਰਾਂ ਦੀ ਟੱਕਰ ਦਾ ਵਾਅਦਾ ਕਰਦੀ ਹੈ।

ਮਣਿਰਤਨਮ ਦੀ ਅਭਿਸ਼ੇਕ ਬੱਚਨ, ਐਸ਼ਵਰਿਆ ਰਾਏ ਅਤੇ ਗੋਵਿੰਦਾ ਨਾਲ 'ਰਾਵਣ' ਦੀ ਉਡੀਕ ਫਿਲਮ ਦੇ ਨਿਰਦੇਸ਼ਕ ਕਾਰਨ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਸੰਜੇ ਲੀਲਾ ਭੰਸਾਲੀ ਦੀ ਰੀਤਿਕ ਰੌਸ਼ਨ ਅਤੇ ਐਸ਼ਵਰਿਆ ਰਾਏ ਬੱਚਨ ਨਾਲ 'ਗੁਜਾਰਿਸ਼' ਦਾ ਵੀ ਦਰਸ਼ਕ ਇੰਤਜ਼ਾਰ ਕਰ ਰਹੇ ਹਨ। 'ਸਾਂਵਰਿਆ' ਦੇ ਹਾਦਸੇ ਤੋਂ ਬਾਅਦ ਸ਼ਿਖਰ ਤੋਂ ਡਿੱਗੇ ਭੰਸਾਲੀ ਆਪਣੇ ਵੱਕਾਰ ਦੀ ਲੜਾਈ ਲੜ ਰਹੇ ਹਨ। ਰਾਕੇਸ਼ ਰੌਸ਼ਨ ਦੀ 'ਕਾਈਟਸ' ਵਿਚ ਰਿਤਿਕ ਦੇ ਨਾਲ ਵਿਦੇਸ਼ੀ ਅਦਾਕਾਰਾ ਬਾਰਬਰਾ ਮੌਰੀ ਅਤੇ ਕੰਗਨਾ ਰਾਣਾਵਤ ਹੈ ਅਤੇ ਇਸਦਾ ਅੰਗਰੇਜ਼ੀ ਸੰਸਕਰਨ ਅਮਰੀਕਾ ਵਿਚ ਪ੍ਰਦਰਸ਼ਤ ਹੋਣ ਜਾ ਰਿਹਾ ਹੈ।

'ਮ੍ਰਿਤੂਦੰਡ', 'ਗੰਗਾਜਲ' ਅਤੇ 'ਅਪਹਰਨ' ਵਰਗੀਆਂ ਸਾਰਥਕ ਫਿਲਮਾਂ ਦੇ ਨਿਰਦੇਸ਼ਕ ਪ੍ਰਕਾਸ਼ ਝਾਅ ਦੀ 'ਰਾਜਨੀਤੀ' ਵਿਚ ਪ੍ਰਤਿਭਾਵਾਂ ਦਾ ਮੇਲਾ ਲੱਗਿਆ ਹੈ। ਇਸ ਫਿਲਮ ਵਿਚ ਰਣਬੀਰ ਕਪੂਰ, ਕੈਟਰੀਨਾ ਕੈਫ, ਨਾਨਾ ਪਾਟੇਕਰ ਅਤੇ ਅਜੈ ਦੇਵਗਨ ਨਾਲ ਕਈ ਪ੍ਰਤਿਭਾਸ਼ਾਲੀ ਕਲਾਕਾਰ ਹਨ। ਜੇਕਰ ਮਣਿਰਤਨਮ ਦੀ 'ਰਾਵਣ' ਰਮਾਇਣ ਤੋਂ ਪ੍ਰੇਰਿਤ ਹੈ, ਤਾਂ ਮਹਾਂਭਾਰਤ ਤੋਂ ਪ੍ਰੇਰਿਤ ਪ੍ਰਕਾਸ਼ ਝਾਅ ਦੀ 'ਰਾਜਨੀਤੀ' ਬੇਹੱਦ ਮਹਤੱਵਪੂਰਨ ਫਿਲਮ ਸਿੱਧ ਹੋ ਸਕਦੀ ਹੈ।

ਦੱਖਣੀ ਭਾਰਤ ਦੇ ਸਫਲ ਨਿਰਦੇਸ਼ਕ ਸ਼ੰਕਰ ਦੀ ਰਜਨੀਕਾਂਤ ਅਤੇ ਐਸ਼ਵਰਿਆ ਰਾਏ ਬੱਚਨ ਨਾਲ 'ਇੰਧੀਰਨ' ਸਭ ਤੋਂ ਵੱਡੇ ਬੱਜਟ (ਸ਼ਾਇਦ 70 ਕਰੋੜ) ਦੀ ਫਿਲਮ ਹੈ, ਜਿਸ ਵਿਚ ਰਜਨੀਕਾਂਤ ਦੋਹਰੀ ਭੂਮਿਕਾ ਵਿਚ ਹਨ-ਇਕ ਰੋਬੋ ਬਣਾਉਣ ਵਾਲੇ ਵਿਗਿਆਨ ਦੇ ਪ੍ਰੋਫੈਸਰ ਅਤੇ ਦੂਸਰੀ ਇਸ ਪ੍ਰੋਫੈਸਰ ਵੱਲੋਂ ਬਣਾਏ ਗਏ ਰੋਬੋ ਦੀ। ਇਹ ਕੇਂਦਰੀ ਵਿਚਾਰ ਹੀ ਕਮਾਲ ਦਾ ਹੈ ਕਿ ਸਿਰਜਣਕਰਤਾ ਤੇ ਕ੍ਰਿਤੀ ਵਿਚਾਲੇ ਦਵੰਦ ਹੈ। ਇਸ ਫਿਲਮ ਵਿਚ ਲੱਗੇ 70 ਕਰੋੜ ਕੇਵਲ ਦੱਖਣੀ ਭਾਰਤ ਦੀ ਤਿੰਨ ਹਫਤੇ ਦੀ ਆਮਦਨ ਹੋਵੇਗੀ ਅਤੇ ਹਿੰਦੀ ਐਡੀਸ਼ਨ ਮੁਨਾਫ਼ਾ ਹੈ।

ਵੱਡੀਆਂ ਫਿਲਮਾਂ ਦੀ ਭੀੜ ਵਿਚ ਕਈ ਛੋਟੀਆਂ ਫਿਲਮਾਂ ਹਨ, ਜਿਨ੍ਹਾਂ ਵਿਚ ਆਰਤੀ ਸ਼ੇਟੀ ਦੀ ਹਾਸ-ਵਿਅੰਗ ਫਿਲਮ 'ਆਈ ਸ਼ਾਟ ਓਸਾਮਾ' ਅਮਰੀਕਾ ਦੇ ਗਰੀਨ ਹਊਏ ਦਾ ਮਾਖੌਲ ਉਡਾਉਂਦੀ ਹੈ। ਮਨੋਰੰਜਨ ਦਾ ਖੰਡਤ ਅਕਸ ਪਿਛਲੇ ਸਾਲ ਛਾਇਆ ਰਿਹਾ, ਪਰ ਨਵੇਂ ਸਾਲ ਵਿਚ ਮੁਕੰਮਲ ਸਿਨੇਮੇ ਦਾ ਚਿਹਰਾ ਸਾਹਮਣੇ ਆ ਸਕਦਾ ਹੈ।


Capital Home Renovation
Serving Since 1999
* Home Renovations * Basements
* Bathrooms * Plumbing * Electrical
* Insulation * Drywall * Taping
* Painting * Hardwood Floors
Call for FREE Estimate @
Chamkaur Sidhu
780-938-3434


A City Limos Ltd.
Ph. 780-462-4940
Toll Free. 1-888-462-4623
Edmonton-Calgary
Vancouver
Wedding
School Proms
Birthday
City Tours
Airport Service
S. Dhaliwal
Contact: 780-951-7260
e-mail: dhaliwalsd@hotmail.com, www.acitylimousine.com


Are you on 3 or more prescriptions?
Do you occasionally miss a dose?
Are you getting the most from your medications?
Accu-Pak™
The complete solution to managing your medications.
Stop by The Medicine Shoppe Pharmacy anytime for your FREE Medication Review.
Buy one Rexall product at regular price and get the second item of equal or lesser value for just a *
*Some conditions apply. Cannot be combined with other offers. See in-store for details. Offers expire October 31, 2009. Maximum $20 value.
Jasbir Bhui
B.Sc. Pharm., Pharmacist/Owner
The Medicine Shoppe® PHARMACY
Ph (780) 461-8648
127 Millbourne Road East, Edmonton, AB



Happy New Year from Millwoods Suzuki
Over 200 Pre-Owned Certified Vehicles
MILLWOODSSUZUKI.COM
WEEKEND SALE! Payments as low as $88 B/W
We finance ALL -First time buyers -New Immigrants -Challenged Credit
EXAMPLES OF VEHICLES TO CHOOSE FROM
2008 Chrysler Town & Country $26,885
2008 Nissan Rogue SL Loaded $26,995
2008 Hummer H3 #11680-0 $28,995
2007 Honda CR-V EX #T100166-1 $25,995
2007 Nissan Titan King Cab LE $25,995
2007 Chev Cobalt SS 2dr. loaded $14,995
2006 Ford Escape XLT AWD #11653-1 $16,995
2006 Pontiac Pursuit GT loaded #C300186-1 $11,995
2005 Nissan Xtrail 4x4 $17,995
2005 Acura MDX Touring Leather $26,885
2005 Smart Fortwo Passion 35k #T101829-1 $10,995
2004 Jeep Gr. Cherokee 4x4 $13,995
2004 Nissan Maxima 3.5 SE Loaded $14,995
2003 Suzuki Vitara 4x4 loaded #T100304-1 $7,995
2002 Honda Civic 2dr.SIR #11608-2 $7,995
2001 Mercedes C240 local car #C200547-2 $11,995
7 TO CHOOSE
2008 SUZUKI XL-7
#11588-0. LOADED, 7 PASS.
$18,995 REDUCED $17,995
2 TO CHOOSE
2010 TOYOTA COROLLA CE
4 CYL., AUTO, CRUISE, TILT, PDL, PW
FROM $17,995
2008 INFINITI FX35
#11681-0.LEATHER, LOADED
$35,995 REDUCED $34,995
4 TO CHOOSE
2006 NISSAN MURANO
#11655-0. LOADED
FROM $24,888
For Instant Approval Call
EMMANUEL
780-450-4500 780-908-1961
Best Service
Best Selection
Best Prices
SHOP 24/7@MILLWOODSSUZUKI.COM
780-450-4500 TOLL FREE 1-866-897-4500
Alberta Motor Vehicle Industry Council
3403-93 ST · ON THE AUTO ROW. EDMONTON




BRIDGEPORT HOMES LTD.
ਮਿਲਵਰਬੈਰੀ
ਏਰੀਏ ਵਿਚ
ਨਵਾਂ ਘਰ
ਖਰੀਦਣ ਲਈ
ਅੱਜ ਹੀ
ਡੋਲੀ ਚੌਹਾਨ
ਨੂੰ ਫੋਨ ਕਰੋ
New town homes in Silverberry (preselling)
We assure beating market price
For more information call:
Dolly Chauhan Phone: 780-935-7718
Lots available for bi-Level
homes in Sliverberry Area